ਵਿਆਖਿਆ-ਵਿਸ਼ਲੇਸ਼ਣ

ਨਰਿੰਦਰ ਸਿੰਘ ਕਪੂਰ



ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ-ਸੰਗ੍ਰਹਿ	:	ਮਾਲਾ ਮਣਕੇ
ਲੇਖ ਸੰਗ੍ਰਹਿ	:	ਡੂੰਘੀਆਂ ਸਿਖਰਾਂ ਰਾਹ-ਰਸਤੇ ਅੰਤਰ ਝਾਤ ਆਹਮੋ-ਸਾਹਮਣੇ ਬੂਹੇ-ਬਾਰੀਆਂ ਸੁਖ਼ਨ-ਸੁਨੇਹੇ ਵਿਆਖਿਆ-ਵਿਸ਼ਲੇਸ਼ਣ ਸੱਚੋ-ਸੱਚ ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ ਜੱਸਾ ਸਿੰਘ ਆਹਲੂਵਾਲੀਆ ਮਾਰਟਿਨ ਲੂਥਰ ਕਿੰਗ ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗ੍ਰੇਜ਼ੀ ਵਿਚ) ਸੁਧਾ ਮੂਰਤੀ : ਮੇਰਾ ਦੇਸ਼ ਮੇਰੇ ਲੋਕ

ਵਿਆਖਿਆ-ਵਿਸ਼ਲੇਸ਼ਣ

ਨਰਿੰਦਰ ਸਿੰਘ ਕਪੂਰ

Viakhia-Vishleshan

(A Collection of Essays)

by

Dr. Narinder Singh Kapoor
4245, Phase 2, Urban Estate,
PATIALA 147002 India

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

Produced and Bound in India

ਲੇਖ-ਸੂਚੀ

- ਮੁੱਢਲੇ ਸ਼ਬਦ 7
- ਚਿਹਰੇ 11
- ਫੜ੍ਹਾਂ 15
- ਧਮਕੀਆਂ 19
- ਦੁਰਘਟਨਾਵਾਂ 23
- ਸ਼ਰਾਬੀ ਅਤੇ ਸ਼ਰਾਬ 28
- ਬੱਚਿਆਂ ਦੀਆਂ ਸ਼ੇਖੀਆਂ 33
- ਬਹਾਦਰੀ 37
- ਸੁਪਨੇ 42
- ਬੱਚਿਆਂ ਨੂੰ ਸੁਆਉਣਾ 46
- ਗਾਲ੍ਹਾਂ 50
- ਪੱਖਪਾਤ 55
- ਕੀ ਔਰਤ ਕਮਜ਼ੋਰ ਹੈ? 59
- ਅੰਗੂਠਾ ਚੂਸਣਾ 62
- ਤਲਾਕ 66
- ਬੇਵਫ਼ਾਈ 70
- ਮਾਂ ਬਣਨਾ 75
- ਅੱਕਣਾ-ਥੱਕਣਾ 79
- ਸੜ ਗਈ ਕਿ ਸਾੜ ਦਿੱਤੀ? 83
- ਅਸੀਂ ਬੀਮਾਰ ਕਿਉਂ ਹੁੰਦੇ ਹਾਂ? 88
- ਪਤੀ-ਪਤਨੀ 92

- ਆਤਮਘਾਤ 96
- ਆਦਤਾਂ 100
- ਅਫ਼ਵਾਹਾਂ 104
- ਰੰਗ 109
- ਤੂੰ ਆਰ ਚੰਨ ਵੇ, ਮੈਂ ਪਾਰ ਚੰਨ ਵੇ.... 113
- ਮਿਹਦਾ 118
- ਮਾਰ ਕੁਟਾਈ 122
- ਜੌੜੇ ਬੱਚੇ 126
- ਨੀਂਦਰ 129
- ਪਹਿਰਾਵਾ 133
- ਅਪਰਾਧੀ 138
- ਬੱਚੇ ਦੀਆਂ ਆਦਤਾਂ 143
- ਖੇਡਾਂ 146
- ਚਾਲ੍ਹੀਵਾਂ ਸਾਲ 152
- ਪੁਲੀਸ 156
- ਡਰ ਅਤੇ ਸਹਿਮ 162
- ਬਦਲਦੇ ਸਮਾਜ ਦੀ ਔਰਤ 166
- ਗੁਆਚਣਾ ਅਤੇ ਘਰੋਂ ਦੌੜ ਜਾਣਾ 171
- ਜ਼ੁਕਾਮ 176
- ਥੱਥਲਾਉਣਾ 181

ਮੁੱਢਲੇ ਸ਼ਬਦ

ਪੰਜਾਬੀ ਵਿੱਚ ਅਨੁਭਵੀ ਅਤੇ ਉਪਦੇਸ਼ਾਤਮਕ ਸਾਹਿਤ ਦੀ ਪਰੰਪਰਾ ਬੜੀ ਪੁਰਾਣੀ ਅਤੇ ਵਿਸ਼ਾਲ ਹੈ। ਅਜਿਹੇ ਸਾਹਿਤ ਦਾ ਮੁੱਖ ਪ੍ਰੇਰਨਾ-ਸਰੋਤ ਧਰਮ ਹੋਣ ਕਰਕੇ ਅਜਿਹਾ ਸਾਹਿਤ ਜੀਵਨ ਪ੍ਰਤੀ ਆਦਰਸ਼ਵਾਦੀ ਦ੍ਰਿਸ਼ਟੀਕੋਣ ਪ੍ਰਚਾਰਦਾ ਰਿਹਾ ਹੈ। ਦੂਜੇ ਪਾਸੇ, ਬੋਲੀ ਦੇ ਸੰਤੁਲਤ ਵਿਕਾਸ ਲਈ ਗਿਆਨ-ਸਾਹਿਤ ਜਾਂ ਗਿਆਨ-ਪ੍ਰਸਾਰ-ਸਾਹਿਤ ਪ੍ਰਤੀ ਅਸੀਂ ਲਗਭਗ ਅਵੇਸਲੇ ਹੀ ਰਹੇ ਹਾਂ।

ਜਦੋਂ ਪੰਜਾਬੀ ਨੂੰ ਯੋਗ ਸਥਾਨ ਦੇਣ ਦੀ ਮੰਗ ਕੀਤੀ ਜਾਂਦੀ ਹੈ ਤਾਂ ਅਸੀਂ ਭੁੱਲ ਜਾਂਦੇ ਹਾਂ ਕਿ ਕਿਸੇ ਬੋਲੀ ਨੂੰ ਸਥਾਨ ਉਸ ਦੀ ਅੰਦਰਲੀ ਸ਼ਕਤੀ ਦੇ ਅਨੁਪਾਤ ਵਿੱਚ ਹੀ ਪ੍ਰਾਪਤ ਹੁੰਦਾ ਹੈ। ਕਿਸੇ ਬੋਲੀ ਦੀ ਇਸ ਅੰਦਰਲੀ ਸ਼ਕਤੀ ਦੇ ਦੋ ਪ੍ਰਮੁੱਖ ਸੋਮੇ ਹੁੰਦੇ ਹਨ: ਅਨੁਭਵੀ ਸਾਹਿਤ ਅਤੇ ਗਿਆਨ-ਸਾਹਿਤ।

ਅਜੋਕਾ ਯੁੱਗ ਵਿਗਿਆਨ ਦਾ ਯੁੱਗ ਹੈ, ਇਸ ਕਰਕੇ ਯੋਗ ਸਥਾਨ ਪ੍ਰਾਪਤ ਕਰਨ ਲਈ ਪੰਜਾਬੀ ਨੂੰ ਗਿਆਨ-ਵਿਗਿਆਨ ਦਾ ਮਾਧਿਅਮ ਬਣਨਾ ਪਵੇਗਾ। ਇਸ ਪਾਸੇ ਵੱਲ ਹੋਰ ਉਦਾਸੀਨਤਾ ਨਾ ਕੇਵਲ ਸਾਡੀ ਬੋਲੀ ਦੇ ਵਿਕਾਸ-ਰਾਹ ਨੂੰ ਰੋਕੇਗੀ ਸਗੋਂ ਸਾਡੇ ਅਨੁਭਵੀ ਸਾਹਿਤ ਦਾ ਘੇਰਾ ਵੀ ਸੁੰਗੜ ਜਾਵੇਗਾ। ਗਿਆਨ-ਸਾਹਿਤ-ਖੇਤਰ ਦੀ ਲਲਕਾਰ ਪ੍ਰਤੀ ਸਾਵੇਂ ਨਾ ਉਤਰ ਸਕਣ ਕਰਕੇ ਸਾਡੇ ਸਾਹਿਤਕਾਰਾਂ ਦੀ ਨਵੀਂ ਪੀੜ੍ਹੀ ਵੀ ਅਨੁਭਵੀ-ਸਾਹਿਤ ਰਚਨਾ ਵੱਲ ਹੀ ਰੁਚਿਤ ਹੋ ਰਹੀ ਹੈ ਅਰਥਾਤ ਭਰੇ ਹੋਏ ਨੂੰ ਹੋਰ ਭਰਿਆ ਜਾ ਰਿਹਾ ਹੈ ਜਦੋਂ ਕਿ ਗਿਆਨ-ਸਾਹਿਤ ਦੇ ਖਾਲੀ ਖੁਲ੍ਹੇ ਖੇਤਰਾਂ ਵਿੱਚ ਵਿਚਰਣ ਲਈ ਕੋਈ ਤਿਆਰ ਨਹੀਂ। ਅਜਿਹੀ ਸਥਿਤੀ ਵਿੱਚ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਪੰਜਾਬੀ ਪਾਠਕ ਗਿਆਨ-ਸਾਹਿਤ ਲਈ ਦੂਜੀਆਂ ਭਾਸ਼ਾਵਾਂ ਵਲ ਪ੍ਰੇਰੇ ਜਾ ਰਹੇ ਹਨ।

ਗਿਆਨ-ਸਾਹਿਤ ਦੇ ਅਨੇਕਾਂ ਖੇਤਰ ਹਨ, ਜਿਨ੍ਹਾਂ ਵਿੱਚ ਮਨੋਵਿਗਿਆਨ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੈ। ਹਥਲਾ ਲੇਖ ਸੰਗ੍ਰਹਿ ਨਿਤਾ-ਪ੍ਰਤੀ ਦੇ ਜੀਵਨ ਨਾਲ ਸਬੰਧਤ ਵਿਭਿੰਨ ਵਿਸ਼ਿਆਂ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਹੈ। ਜਿੱਥੋਂ ਤੱਕ ਸੰਭਵ ਹੋ ਸਕਿਆ ਹੈ, ਤਕਨੀਕੀ ਸ਼ਬਦਾਵਲੀ ਨੂੰ ਵਰਤਣ ਤੋਂ ਸੰਕੋਚ ਕੀਤਾ ਗਿਆ ਹੈ ਤਾਂ ਕਿ ਰਚਨਾ ਵਿੱਚ ਰੋਚਕਤਾ ਬਣੀ ਰਹੇ।

ਵਿਗਿਆਨ ਦਾ ਯੁੱਗ ਹੋਣ ਕਾਰਨ ਆਧੁਨਿਕ ਸਾਹਿਤ ਦੀ ਮੁੱਖ ਸੁਰ ਯਥਾਰਥਵਾਦ ਹੈ। ਧਰਮ, ਸਾਹਿਤ, ਸਭਿਆਚਾਰ ਆਦਿ ਇਲਾਕਾਈ ਵਰਤਾਰੇ ਹੁੰਦੇ ਹਨ ਜਦੋਂ ਕਿ ਵਿਗਿਆਨ ਵਿਸ਼ਵ-ਵਿਆਪੀ ਵਰਤਾਰਾ ਹੁੰਦਾ ਹੈ। ਕਿਉਂਕਿ ਵਿਗਿਆਨ ਆਧੁਨਿਕ ਜੀਵਨ ਦਾ ਆਧਾਰ ਹੈ, ਇਸ ਲਈ ਸਾਹਿਤ ਵਿੱਚ ਵਿਗਿਆਨਕ ਅਰਥਾਤ ਯਥਾਰਥਕ ਦ੍ਰਿਸ਼ਟੀਕੋਣ ਦਾ ਆਉਣਾ ਸੁਭਾਵਿਕ ਹੈ।

ਅੰਤਰ-ਰਾਸ਼ਟਰੀ ਦ੍ਰਿਸ਼ਟੀਕੋਣ ਸੰਭਵ ਹੀ ਤਾਂ ਹੋ ਸਕਦਾ ਹੈ ਜੇ ਸਾਡੀ ਸੋਚਣੀ ਵਿਗਿਆਨਕ ਹੋਵੇ। ਸਾਡੀਆਂ ਬਹੁਤੀਆਂ ਸਮੱਸਿਆਵਾਂ ਦਾ ਕਾਰਨ ਸਾਡੇ ਦ੍ਰਿਸ਼ਟੀਕੋਣ ਦਾ ਸੀਮਤ ਅਤੇ ਅਵਿਗਿਆਨਕ ਹੋਣਾ ਹੈ। ਜੇ ਅਸੀਂ ਆਪਣੇ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਅਰਥਾਤ ਅੰਤਰ-ਰਾਸ਼ਟਰੀ ਨਹੀਂ ਬਣਾਉਂਦੇ ਤਾਂ ਸਾਡੀ ਬੋਲੀ ਅਤੇ ਸਾਹਿਤ ਦੀ ਵਿਲੱਖਣ ਹੋਂਦ ਬਣੇ ਰਹਿਣ ਦੀ ਬਹੁਤੀ ਸੰਭਾਵਨਾ ਨਹੀਂ ਹੋਵੇਗੀ।

ਨਾ ਕੇਵਲ ਸਾਨੂੰ ਅੰਤਰ-ਰਾਸ਼ਟਰੀ ਸ਼ਬਦਾਵਲੀ ਦੇ ਤਦਭਵ ਰੂਪਾਂ ਦੀ ਲੋੜ ਹੈ, ਸਗੋਂ ਵਿਸ਼ਵ-ਗਿਆਨ ਦਾ ਤਦਭਵੀ ਰੂਪ ਉਸਾਰਨ ਦੀ ਮਜਬੂਰੀ ਵੀ ਹੈ। ਇਹ ਕੰਮ ਅਨੁਵਾਦਾਂ ਨਾਲ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅਨੁਵਾਦਿਤ ਰਚਨਾ ਸਾਨੂੰ ਗਿਆਨ ਦਾ ਸਰੀਰ ਪ੍ਰਦਾਨ ਕਰਦੀ ਹੈ, ਉਸ ਦੀ ਰੂਹ ਨਹੀਂ। ਇਨ੍ਹਾਂ ਜ਼ਿੰਮੇਵਾਰੀਆਂ ਤੋਂ ਹੁਣ ਅਸੀਂ ਬਹੁਤਾ ਚਿਰ ਕੰਨੀ ਨਹੀਂ ਕਤਰਾ ਸਕਦੇ।

ਹਥਲੇ ਲੇਖ-ਸੰਗ੍ਰਹਿ ਵਿੱਚ ਪੇਸ਼ ਕੀਤੀਆਂ ਸਮੱਸਿਆਵਾਂ ਪ੍ਰਤੀ ਦ੍ਰਿਸ਼ਟੀਕੋਣ ਵਿਗਿਆਨਕ ਹੈ, ਇਸ ਲਈ ਹੋ ਸਕਦਾ ਹੈ ਕਿ ਅਨੁਭਵੀ ਸਾਹਿਤ ਦੇ ਰੀਝਾਏ ਪਾਠਕ ਕਈ ਧਾਰਨਾਵਾਂ ਨਾਲ ਝੱਟਪੱਟ ਸਹਿਮਤ ਨਾ ਹੋਣ।

ਪੰਜਾਬੀ ਵਰਤਾਰੇ ਦਾ ਮੁਹਾਵਰਾ ਬੌਧਿਕ ਨਹੀਂ, ਸਰੀਰਕ ਹੈ। ਸਾਡੇ ਸਭਿਆਚਾਰ ਵਾਂਗ ਸਾਡੀ ਭਾਸ਼ਾ ਵੀ ਮੌਖਿਕ ਹੈ। ਇਸੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਅਜੇ ਵੀ ਬੋਲਚਾਲ ਦੀ ਬੋਲੀ ਵਿੱਚ ਹੀ ਲਿਖਿਆ ਜਾ ਰਿਹਾ ਹੈ। ਅਸੀਂ ਲਿਖਿਤ ਅਤੇ ਬੋਲਚਾਲ ਦਾ ਅੰਤਰ ਨਹੀਂ ਪਛਾਣ ਸਕੇ। ਸਾਡੀ ਸ਼ੈਲੀ ਅੱਜ ਵੀ ਵਧੇਰੇ ਕਰਕੇ ਸ਼ਰਧਾਤਮਕ ਹੈ, ਇਸ ਵਿਚ ਨਿਆਇ-ਵਿਵੇਕ ਵਾਲੀ ਨਿਰਪੱਖਤਾ ਅਤੇ ਸਪਸ਼ਟਤਾ ਨਹੀਂ ਆਈ।

ਇਹੀ ਕਾਰਨ ਹੈ ਕਿ ਸਾਡਾ ਗਿਆਨ-ਵਿਗਿਆਨ ਨਾਲ ਮੋਹ ਨਹੀਂ ਪਿਆ ਕਿਉਂਕਿ ਗਿਆਨ-ਵਿਗਿਆਨ ਦੇ ਖੇਤਰ ਵਿੱਚ ਸ਼ਬਦ-ਅਡੰਬਰ ਅਤੇ ਭਾਸ਼ਾ-ਭਾਵਕਤਾ ਦੋਹਾਂ ਲਈ ਥਾਂ ਨਹੀਂ ਹੁੰਦੀ। ਅਸੀਂ ਜਾਣੇ ਪਛਾਣੇ ਸ਼ਬਦਾਂ ਨੂੰ ਹੀ ਨਵੇਂ ਅਨੁਭਵਾਂ ਲਈ ਵਰਤ ਰਹੇ ਹਾਂ ਅਰਥਾਤ ਸ਼ਰਧਾਤਮਕ ਸ਼ੈਲੀ ਵਿੱਚ ਵਿਗਿਆਨਕ ਸਿਧਾਂਤਾਂ ਦੀ ਵਿਆਖਿਆ ਕਰ ਰਹੇ ਹਾਂ।

ਇਹ ਮੱਕੀ ਦੇ ਆਟੇ ਦੇ ਕੇਕ ਬਣਾਉਣ ਵਰਗਾ ਅਮਲ ਹੈ।

ਅਸੀਂ ਭੁੱਲ ਜਾਂਦੇ ਹਾਂ ਕਿ ਜਾਣੇ-ਪਛਾਣੇ ਸ਼ਬਦ ਜਾਣੇ-ਪਛਾਣੇ ਗਿਆਨ ਨੂੰ ਪ੍ਰਗਟਾਉਣ ਲਈ ਹੀ ਸਹਾਈ ਹੋ ਸਕਦੇ ਹਨ। ਨਵੇਂ ਗਿਆਨ ਦੇ ਪ੍ਰਗਟਾਵੇ ਲਈ ਨਵੀਂ ਵਾਕ-ਬਣਤਰ ਅਤੇ ਨਵੀਂ ਸ਼ਬਦਾਵਲੀ ਦੀ ਲੋੜ ਪਵੇਗੀ।

ਅਜਿਹੀ ਸ਼ਬਦਾਵਲੀ ਨਿਸ਼ਚਿਤ ਅਰਥਾਂ ਵਾਲੀ ਹੋਣ ਕਾਰਨ ਸਾਡੇ ਸਾਹਿਤ ਵਿੱਚ ਸ਼ਬਦ-ਖਿਲਾਰੇ ਨੂੰ ਘਟਾਉਣ ਦਾ ਸਾਧਨ ਬਣੇਗੀ।

ਸ਼ਬਦ-ਅਡੰਬਰ ਅਤੇ ਭਾਸ਼ਾ-ਭਾਵਕਤਾ ਤੋਂ ਮੁਕਤ ਹੋਣ ਦੇ ਉਦੇਸ਼ ਅਧੀਨ ਹੀ ਇਸ ਸੰਗ੍ਰਹਿ ਵਿਚਲੇ ਲੇਖਾਂ ਦਾ ਆਕਾਰ ਛੋਟਾ ਰੱਖਿਆ ਗਿਆ ਹੈ।

ਭਾਵਕਤਾ ਪੰਜਾਬੀ ਸਾਹਿਤ ਦਾ ਵਿਸ਼ੇਸ਼ ਲੱਛਣ ਹੈ, ਜਿਸ ਦਾ ਅਤਿ ਸਫਲ ਰੂਪ ਵਿਰਲਾਪ ਹੈ। ਪੰਜਾਬੀ ਸਾਹਿਤ ਦੀਆਂ ਉਹੀ ਰਚਨਾਵਾਂ ਹਰਮਨ ਪਿਆਰੀਆਂ ਹੋਈਆਂ ਹਨ ਜਿਨ੍ਹਾਂ ਵਿੱਚ ਵਿਰਲਾਪ ਦੀ ਸੁਰ ਉੱਚੀ ਹੈ। ਆਧੁਨਿਕ ਯੁਗ ਵਿੱਚ ਭਾਵਕਤਾ ਸਾਨੂੰ ਅੱਗੇ ਲੈ ਜਾਣ ਦੀ ਥਾਂ ਪਿੱਛੇ ਵੱਲ ਮੋੜ ਰਹੀ ਹੈ।

ਗਿਆਨ-ਵਿਗਿਆਨ ਦੇ ਖੇਤਰ ਵਿੱਚ ਭਾਵਕਤਾ ਲਈ ਕੋਈ ਸਥਾਨ ਨਹੀਂ। ਇਸ ਸਥਿਤੀ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਹਥਲੇ ਲੇਖ-ਸੰਗ੍ਰਹਿ ਦੇ ਵੱਖ-ਵੱਖ ਲੇਖਾਂ ਵਿਚਲੀਆਂ ਕਈ ਧਾਰਨਾਵਾਂ ਭਾਵਕਤਾ-ਮੁਕਤ ਹੋਣ ਕਾਰਨ ਸ਼ਾਇਦ ਇਹ ਪ੍ਰਭਾਵ ਪਾਉਣ ਕਿ ਲੇਖਕ ਮਹੱਤਵਪੂਰਣ ਸਮਝੀਆਂ ਜਾਣ ਵਾਲੀਆਂ ਗੱਲਾਂ ਨੂੰ ਨਿਗੂਣਾ ਬਣਾ ਕੇ ਪੇਸ਼ ਕਰ ਰਿਹਾ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਬੜੀਆਂ ਗੁੰਝਲਦਾਰ ਸਮੱਸਿਆਵਾਂ ਦੀ ਤਹਿ ਵਿੱਚ ਬੜੇ ਸਾਧਾਰਣ ਪਰ ਮਹੱਤਵਪੂਰਣ ਵਿਰੋਧ ਅਤੇ ਅੰਤਰ-ਵਿਰੋਧ ਕੰਮ ਕਰ ਰਹੇ ਹੁੰਦੇ ਹਨ, ਜਿਨ੍ਹਾਂ ਦੇ ਸਮਝਣ ਨਾਲ ਹੀ ਸਮੱਸਿਆ ਦੇ ਸਹੀ ਸਰੂਪ ਨੂੰ ਜਾਣਿਆ ਜਾ ਸਕਦਾ ਹੈ।

ਪੰਜਾਬੀ ਸਾਹਿਤ ਖੇਤਰ ਵਿੱਚ ਸੱਚੇ ਅਰਥਾਂ ਵਿੱਚ ਵਾਰਤਕ ਦਾ ਯੁਗ ਅਜੇ ਆਉਣਾ ਹੈ। ਵਾਰਤਕ-ਸਾਹਿਤ ਦੇ ਸਰਵੋਤਮ ਰੂਪ, ਲੇਖ ਜਾਂ ਨਿਬੰਧ ਦੀਆਂ ਉੱਚੀ ਪੱਧਰ ਦੀਆਂ ਵੰਨਗੀਆਂ ਅਜੇ ਅਸੀਂ ਸਥਾਪਤ ਕਰਨੀਆਂ ਹਨ।

ਧਰਮ ਅਤੇ ਆਦਰਸ਼ਵਾਦ ਆਪਣੀਆਂ ਸੰਭਾਵਨਾਵਾਂ ਹੰਢਾ ਚੁੱਕੇ ਹਨ, ਸੋ ਹੁਣ ਪੰਜਾਬੀ ਸਾਹਿਤ ਦੇ ਸਰਬਪੱਖੀ ਵਿਕਾਸ ਲਈ ਯਥਾਰਥਕ ਵਿਸ਼ਿਆਂ ਅਤੇ ਵਿਵੇਕਸ਼ੀਲ ਵਾਰਤਕ ਸ਼ੈਲੀਆਂ ਦੀ ਲੋੜ ਹੈ। ਜਦੋਂ ਵਿਸ਼ੇ ਅਤੇ ਸ਼ੈਲੀ ਵਿਚ ਨਿਆਇਸ਼ੀਲਤਾ ਆ ਜਾਵੇਗੀ ਤਾਂ ਸਾਡੇ ਸਾਹਿਤ ਦੀਆਂ ਕਈ ਅਸੰਗਤੀਆਂ ਆਪੇ ਦੂਰ ਹੋ ਜਾਣਗੀਆਂ। ਉਦਾਹਰਣ ਵਜੋਂ ਜਦੋਂ ਵਿਚਾਰਾਂ ਵਿਚ ਪ੍ਰਮਾਣਿਕਤਾ ਆ ਜਾਵੇਗੀ ਤਾਂ ਪ੍ਰਮਾਣਿਕ ਅੱਖਰ-ਜੋੜਾਂ ਦੀ ਸਮੱਸਿਆ ਵੀ ਹੱਲ ਹੋ ਜਾਵੇਗੀ।

ਹੱਥਲਾ ਲੇਖ-ਸੰਗ੍ਰਹਿ ਵਿਭਿੰਨ ਯਥਾਰਥਕ ਵਿਸ਼ਿਆਂ ਰਾਹੀਂ ਜੀਵਨ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਪੇਸ਼ ਕਰਨ ਦੇ ਉਦੇਸ਼ ਨਾਲ ਪਾਠਕਾਂ ਨੂੰ ਭੇਟ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਪਰੰਪਰਾ ਅਤੇ ਆਦਤ ਵੱਸ, ਪੰਜਾਬੀ ਪਾਠਕ ਲੇਖਕ ਤੋਂ ਹਰ ਸਮੱਸਿਆ ਦੇ ਹੱਲ ਦੀ ਮੰਗ ਕਰਦੇ ਹਨ। ਅਜਿਹੇ ਪਾਠਕ ਮਨੋਵਿਗਿਆਨਕ ਪੱਖ ਤੋਂ ਆਪ ਸੋਚਣ ਦੀ ਮਜਬੂਰੀ ਤੋਂ ਮੁਕਤ ਹੋਣ ਦਾ ਬਹਾਨਾ ਹੀ ਲਾ ਰਹੇ ਹੁੰਦੇ ਹਨ।

ਇਸ ਸੰਗ੍ਰਹਿ ਵਿਚਲੇ ਲੇਖਾਂ ਦਾ ਉਦੇਸ਼ ਸਮੱਸਿਆ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨਾ ਹੀ ਹੈ। ਹਰ ਪਾਠਕ ਨੇ ਅਪਣੀ ਮਨੋਸਥਿਤੀ, ਵਿਦਿਅਕ ਯੋਗਤਾ, ਅਨੁਭਵ, ਜੀਵਨ ਪ੍ਰਤੀ ਦ੍ਰਿਸ਼ਟੀਕੋਣ ਆਦਿ ਦੇ ਆਧਾਰ 'ਤੇ ਆਪਣੇ ਨਿਰਣੇ ਆਪ ਕਰਨੇ ਹਨ। ਜੇ ਕੋਈ ਲੇਖਕ ਕੋਈ ਸੇਧ ਦੇਣ ਦਾ ਦਾਅਵਾ ਕਰਦਾ ਵੀ ਹੈ ਤਾਂ ਇਹ ਉਸ ਦੇ ਆਪਣੇ ਸੰਦਰਭ ਵਿਚ ਹੀ ਸਾਰਥਕ ਹੁੰਦੀ ਹੈ, ਸਮੁੱਚੇ ਸਮਾਜ ਜਾਂ ਪਾਠਕ ਵਰਗ ਉਤੇ ਇਸ ਨੂੰ ਨਾ ਤਾਂ ਲਾਗੂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਰਨਾ ਚਾਹੀਦਾ ਹੈ।

ਪਾਠਕਾਂ ਦੇ ਪ੍ਰਤੀਕਰਮ, ਟਿੱਪਣੀਆਂ ਅਤੇ ਸੁਝਾਓ ਧੰਨਵਾਦ ਸਹਿਤ ਸਵੀਕਾਰ ਕੀਤੇ ਜਾਣਗੇ।

- ਨਰਿੰਦਰ ਸਿੰਘ ਕਪੂਰ
ਸਾਬਕਾ ਪ੍ਰੋਫੈਸਰ, ਜਰਨਲਿਜ਼ਮ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਆਖਿਆ-ਵਿਸ਼ਲੇਸ਼ਣ

ਨਰਿੰਦਰ ਸਿੰਘ ਕਪੂਰ



ਚਿਹਰੇ

ਜਦੋਂ ਤੁਸੀਂ ਕੋਈ ਗਰੁੱਪ-ਫੋਟੋ ਵੇਖਦੇ ਹੋ ਤਾਂ ਸਭ ਤੋਂ ਪਹਿਲਾਂ ਕਿਹੜਾ ਚਿਹਰਾ ਵੇਖਣਾ ਪਸੰਦ ਕਰਦੇ ਹੋ ? ਸੁਭਾਵਿਕ ਹੀ ਸਭ ਤੋਂ ਪਹਿਲਾਂ ਤੁਸੀਂ ਆਪਣਾ ਚਿਹਰਾ ਲੱਭੋਗੇ।

ਯਾਦ ਕਰਕੇ ਵੇਖ ਤੁਹਾਨੂੰ ਕਿਤਨੇ ਕੁ ਚਿਹਰੇ ਯਾਦ ਹਨ ? ਸੁਭਾਵਿਕ ਹੀ ਤੁਸੀਂ ਆਪਣੇ ਘਰ ਤੋਂ ਸ਼ੁਰੂ ਕਰੋਗੇ।

ਸਾਨੂੰ ਸਾਰਿਆਂ ਨੂੰ ਭਰਮ ਹੈ ਕਿ ਸਾਨੂੰ ਹਜ਼ਾਰਾਂ ਹੀ ਚਿਹਰੇ ਯਾਦ ਹਨ।

ਸੱਚ ਤਾਂ ਇਹ ਹੈ ਕਿ ਸਾਨੂੰ ਬੜੇ ਥੋੜ੍ਹੇ ਚਿਹਰੇ ਯਾਦ ਹੁੰਦੇ ਹਨ ਪਰ ਇਨ੍ਹਾਂ ਕੁਝ ਚਿਹਰਿਆਂ ਦੇ ਆਧਾਰ ਉਤੇ ਅਸੀਂ ਅਣਗਿਣਤ ਚਿਹਰੇ ਯਾਦ ਰੱਖਦੇ ਹਾਂ ਜਾਂ ਯਾਦ ਕਰ ਸਕਦੇ ਹਾਂ।

ਹਰ ਚਿਹਰੇ ਨਾਲ ਅਸੀਂ ਕੁਝ ਜੋੜ ਲੈਂਦੇ ਹਾਂ ਤੇ ਉਨ੍ਹਾਂ ਗੱਲਾਂ ਦੇ ਸੰਦਰਭ ਵਿਚ ਉਹ ਚਿਹਰਾ ਯਾਦ ਰੱਖ ਸਕਦੇ ਹਾਂ। ਉਦਾਹਰਣ ਵਜੋਂ ਕਿਸੇ ਦੀ ਟੇਢੀ-ਮੇਢੀ ਪੱਗ, ਸਿਰ ਦਾ ਗੰਜ, ਕੱਟੀ ਹੋਈ ਬਾਂਹ, ਮੋਟਾ ਸਰੀਰ, ਸੋਹਣੇ ਦੰਦ, ਮੋਟੀਆਂ ਅੱਖਾਂ, ਕਾਲਾ ਰੰਗ, ਮਿੱਠੀ ਆਵਾਜ਼, ਲੰਮਾ ਕੱਦ ਆਦਿ ਵੱਖ ਵੱਖ ਵਿਅਕਤੀਆਂ ਦੀ ਪਛਾਣ ਦੇ ਵੱਖ ਵੱਖ ਢੰਗ ਹਨ। ਕਿਸੇ ਲੰਗੜੇ ਵਿਅਕਤੀ ਦੇ ਚਿਹਰੇ ਨੂੰ ਅਸੀਂ ਉਸ ਦੇ ਲੰਗੜੇਪਣ ਰਾਹੀਂ ਯਾਦ ਕਰਦੇ ਹਾਂ।

ਕਿਸੇ ਮਕੈਨਿਕ ਦੇ ਚਿਹਰੇ ਨੂੰ ਅਸੀਂ ਆਪਣੇ ਮੋਟਰ-ਸਾਈਕਲ ਜਾਂ ਸਕੂਟਰ ਜਾਂ ਕਾਰ ਨਾਲ ਜੋੜ ਕੇ ਯਾਦ ਰਖਦੇ ਹਾਂ।

ਔਰਤਾਂ ਦੇ ਚਿਹਰੇ ਯਾਦ ਰੱਖਣ ਵੇਲੇ ਅਸੀਂ ਆਪਣੀ ਮਾਂ ਦੇ ਚਿਹਰੇ ਨੂੰ ਇਕ ਮਾਡਲ ਮਿਥ ਕੇ ਚਲਦੇ ਹਾਂ, ਇਵੇਂ ਹੀ ਪੁਰਸ਼ਾਂ ਦੇ ਚਿਹਰੇ ਸਮੇਂ ਆਪਣੇ ਪਿਤਾ ਦਾ ਚਿਹਰਾ ਸਾਡਾ ਮਾਡਲ ਹੁੰਦਾ ਹੈ। ਹਮ-ਉਮਰ ਪੁਰਸ਼ ਦਾ ਚਿਹਰਾ ਤਾਂ ਹੀ ਯਾਦ ਰਹੇਗਾ ਜਿਸ ਵਿਚ ਅਸੀਂ ਆਪਣਾ ਝਲਕਾਰਾ ਵੇਖੀਏ ਜਾਂ ਜਿਹੜਾ ਸਾਡਾ ਦੁਸ਼ਮਣ ਹੋਵੇ ਜਾਂ ਸਾਡਾ ਦੋਸਤ ਹੋਵੇ। ਜੇ ਕੋਈ ਵਿਅਕਤੀ ਸਾਡਾ ਕੁਝ ਨਹੀਂ ਲਗਦਾ ਤਾਂ ਉਸ ਨੂੰ ਯਾਦ ਰਖਣ ਦੀ ਸੰਭਾਵਨਾ ਵੀ ਬਹੁਤੀ ਨਹੀਂ ਹੁੰਦੀ। ਤੁਹਾਨੂੰ ਬਹੁਤ ਸਾਰੀਆਂ ਇਕੱਠੀਆਂ ਜਾ ਰਹੀਆਂ ਮੱਝਾਂ ਜਾਂ ਗਊਆਂ ਇੱਕੋ ਜਿਹੀਆਂ ਪ੍ਰਤੀਤ ਹੋਣਗੀਆਂ ਪਰ ਮੱਝਾਂ ਜਾਂ ਗਊਆਂ ਚਾਰਨ ਵਾਲੇ ਉਨ੍ਹਾਂ ਦੇ ਵੱਖਰੇਵੇਂ ਨੂੰ ਜਾਣਦੇ ਹੁੰਦੇ ਹਨ। ਇਵੇਂ ਹੀ ਆਪਣੇ ਬੱਚਿਆਂ ਤੋਂ ਇਲਾਵਾ ਸਾਰੇ ਬੱਚੇ ਸਮੋਸਿਆਂ ਵਾਂਗ ਇਕੋ ਜਿਹੇ ਪ੍ਰਤੀਤ ਹੋਣਗੇ ਪਰ ਉਨ੍ਹਾਂ ਦੇ ਮਾਪੇ ਅਤੇ ਅਧਿਆਪਕ ਉਨ੍ਹਾਂ ਵਿਚਲੇ ਵੱਖਰੇਵੇਂ ਨੂੰ ਭਲੀ-ਭਾਂਤ ਜਾਣਦੇ ਹਨ।

ਆਪਣੇ ਹੀ ਨਾਂ ਵਾਲੇ ਕਿਸੇ ਹੋਰ ਵਿਅਕਤੀ ਨੂੰ ਯਾਦ ਰੱਖਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਹ ਹੋ ਹੀ ਨਹੀਂ ਸਕਦਾ ਕਿ ਤੁਹਾਡੇ ਹੀ ਨਾਂ ਵਾਲਾ ਵਿਅਕਤੀ ਤੁਹਾਡਾ ਧਿਆਨ ਨਾ ਖਿੱਚੇ।

ਜੇ ਕਿਸੇ ਨੇ ਪਿਆਰ ਕੀਤਾ ਹੈ ਤਾਂ ਉਸ ਨੂੰ ਕੋਈ ਹੋਰ ਲੜਕੀ ਚੰਗੀ ਹੀ ਤਾਂ ਲੱਗੇਗੀ ਅਰਥਾਤ ਉਹ ਉਸ ਚਿਹਰੇ ਨੂੰ ਤਾਂ ਹੀ ਧਿਆਨ ਨਾਲ ਵੇਖੇਗਾ ਜੇ ਉਸ ਵਿਚ, ਉਸ ਦੀ ਮਹਿਬੂਬਾ ਵਾਲੀ ਕੋਈ ਖ਼ੂਬੀ ਹੋਵੇ।

ਪ੍ਰੇਮਿਕਾ ਦੇ ਆਧਾਰ ਤੇ ਪੁਰਸ਼ ਤਿੰਨ ਪ੍ਰਕਾਰ ਦੀਆਂ ਇਸਤਰੀਆਂ ਨੂੰ ਪਸੰਦ ਕਰਦਾ ਹੈ: ਪ੍ਰੇਮਿਕਾ ਨੂੰ, ਪ੍ਰੇਮਿਕਾ ਵਰਗੀ ਨੂੰ ਅਤੇ ਉਸ ਨੂੰ ਜਿਸ ਤੋਂ ਪ੍ਰੇਮਿਕਾ ਦਾ ਭੁਲੇਖਾ ਪਵੇ।

ਜੇ ਮਹਿਬੂਬਾ ਦਾ ਚਿਹਰਾ ਗੋਲ ਹੈ ਤਾਂ ਸਾਰੇ ਗੋਲ ਚਿਹਰੇ ਸਾਡਾ ਵਧੇਰੇ ਧਿਆਨ ਖਿੱਚਣਗੇ। ਜਦੋਂ ਸਾਡੀ ਕਿਸੇ ਨਾਲ ਅਣਬਣ ਹੋ ਜਾਵੇ ਤਾਂ ਉਸ ਚਿਹਰੇ ਨੂੰ ਭੁੱਲਣ ਲਈ ਅਸੀਂ ਕਈ ਢੰਗ ਵਰਤਦੇ ਹਾਂ। ਉਸ ਚਿਹਰੇ ਦੇ ਔਗੁਣ ਸਾਹਮਣੇ ਰੱਖਦੇ ਹਾਂ, ਉਸ ਵੱਲੋਂ ਕੀਤੀਆਂ ਵਧੀਕੀਆਂ ਯਾਦ ਕਰਦੇ ਹਾਂ, ਜੇਕਰ ਕੋਈ ਐਲਬਮ ਵੇਖ ਰਹੇ ਹੋਈਏ ਤਾਂ ਉਸ ਦੀ ਫੋਟੋ ਨੂੰ ਪਰਾਇਆਂ ਵਾਂਗ ਵੇਖ ਕੇ ਅਗਲੀ ਫੋਟੋ ਵੱਲ ਧਿਆਨ ਦੇਵਾਂਗੇ ਅਤੇ ਜੇ ਐਲਬਮ ਹੀ ਉਸ ਵਿਅਕਤੀ ਸੰਬੰਧੀ ਹੈ ਤਾਂ ਉਸ ਨੂੰ ਅਣਵੇਖਿਆਂ ਹੀ ਪਰਤਾ ਦੇਣ ਦੀ ਰੁਚੀ ਬਲਵਾਨ ਹੋਵੇਗੀ।

ਜੇ ਤੁਸੀਂ ਸਕੂਟਰ ਵੇਚ ਕੇ ਕਾਰ ਲੈ ਲਈ ਹੈ ਤਾਂ ਸਕੂਟਰ ਦੇ ਮਕੈਨਿਕ ਨੂੰ ਭੁੱਲਣ ਦੀ ਕਿਰਿਆ ਸ਼ੁਰੂ ਹੋ ਜਾਏਗੀ ਅਤੇ ਕਾਰ ਦੇ ਮਕੈਨਿਕ ਦੇ ਚਿਹਰੇ ਨੂੰ ਯਾਦ ਰੱਖਿਆ ਜਾਵੇਗਾ।

ਕਿਸੇ ਚਿਹਰੇ ਦੇ ਯਾਦ ਰਹਿਣ ਦੀ ਸੰਭਾਵਨਾ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਸ ਚਿਹਰੇ ਨਾਲ ਤੁਸੀਂ ਪਰੀਚਿਤ ਕਿਹੜੇ ਹਾਲਾਤ ਵਿਚ ਹੋਏ ਹੋ।

ਜਿਸ ਡਾਕਟਰ ਨੇ ਤੁਹਾਡਾ ਓਪਰੇਸ਼ਨ ਕੀਤਾ, ਜਿਸ ਵਿਅਕਤੀ ਦੇ ਮੁੱਕੇ ਨਾਲ ਤੁਹਾਡਾ ਜਬਾੜ੍ਹਾ ਹਿੱਲ ਗਿਆ, ਜਿਸ ਵਿਅਕਤੀ ਨੇ ਸੰਕਟ ਵਿਚ ਤੁਹਾਡੀ ਮਦਦ ਕੀਤੀ, ਜਿਸ ਨਾਲ ਤੁਹਾਡੀ ਮੰਗਣੀ ਹੋਈ ਪਰ ਟੁੱਟ ਗਈ ਜਾਂ ਜਿਸ ਨੇ ਤੁਹਾਡੇ ਨਾਲ ਦੁਰ-ਵਿਵਹਾਰ ਕੀਤਾ, ਅਜਿਹੇ ਸਾਰੇ ਚਿਹਰੇ ਯਾਦ ਰਹਿਣਗੇ ਪਰ ਸਿੱਧੇ ਤੌਰ ਉਤੇ ਨਹੀਂ, ਸਗੋਂ ਓਪਰੇਸ਼ਨ, ਜਬਾੜ੍ਹੇ, ਸੰਕਟ, ਮੰਗਣੀ ਅਤੇ ਦੁਰਵਿਵਹਾਰ ਦੇ ਸੰਦਰਭ ਵਿਚ।

ਬਹੁਤ ਸੁੰਦਰ ਚਿਹਰੇ (ਕਿਉਂਕਿ ਅਸੀਂ ਆਪ ਉਹੋ ਜਿਹੇ ਬਣਨਾ ਚਾਹੁੰਦੇ ਹਾਂ) ਅਤੇ ਬਹੁਤ ਬਦਸੂਰਤ ਚਿਹਰੇ (ਕਿਉਂਕਿ ਅਸੀਂ ਉਹੋ ਜਿਹੇ ਬਣਨ ਤੋਂ ਬਚਣਾ ਚਾਹੁੰਦੇ ਹਾਂ) ਸਾਧਾਰਣ ਚਿਹਰਿਆਂ ਦੇ ਮੁਕਾਬਲੇ ਵਧੇਰੇ ਯਾਦ ਰਹਿੰਦੇ ਹਨ।

ਕਿਸੇ ਆਗੂ, ਖਿਡਾਰੀ ਜਾਂ ਫਿਲਮ ਐਕਟਰ ਨੂੰ ਅਸੀਂ ਇਸ ਲਈ ਪਛਾਣ ਲੈਂਦੇ ਹਾਂ ਕਿਉਂਕਿ ਜਾਂ ਤਾਂ ਸਾਨੂੰ ਉਸ ਚਿਹਰੇ ਨਾਲ ਲਗਾਓ ਹੁੰਦਾ ਹੈ ਜਾਂ ਨਫ਼ਰਤ।

ਜੇ ਕਿਸੇ ਨਾਲ ਬਹਿ ਕੇ ਤੁਸੀਂ ਖਾਣਾ ਖਾਓ ਤਾਂ ਇਹ ਨਹੀਂ ਹੋ ਸਕਦਾ ਕਿ ਉਹ ਵਿਅਕਤੀ ਜ਼ਿੰਦਗੀ ਵਿਚ ਤੁਹਾਨੂੰ ਮਿਲੇ ਅਤੇ ਤੁਸੀਂ ਉਸ ਨੂੰ ਪਛਾਣੋ ਨਾ।

ਕੁਝ ਖਾਣ ਸਮੇਂ ਹਰ ਇਕ ਵਿਅਕਤੀ ਅਨੇਕਾਂ ਹੀ ਪੋਜ਼ ਬਣਾਉਂਦਾ ਹੈ ਅਤੇ ਪੋਜ਼ਾਂ ਦੀ ਇਹ ਅਨੇਕਤਾ ਹੀ ਸਾਨੂੰ ਯਾਦ ਰਹਿੰਦੀ ਹੈ। ਨਾਲ ਹੀ ਅਸੀਂ ਉਸ ਨਵੇਂ ਚਿਹਰੇ ਨੂੰ ਪਹਿਲੇ ਜਾਣੇ-ਪਛਾਣੇ ਚਿਹਰਿਆਂ ਵਿਚ ਯੋਗ ਸਥਾਨ ਉਤੇ ਟਿਕਾ ਲੈਂਦੇ ਹਾਂ।

ਹਰ ਚਿਹਰੇ ਦਾ ਆਪਣਾ ਇਕ ਅੰਦਾਜ਼ ਹੁੰਦਾ ਹੈ, ਅਸੀਂ ਉਸ ਚਿਹਰੇ ਨੂੰ ਯਾਦ ਕਰਨ ਲਈ ਉਸ ਅੰਦਾਜ਼ ਨੂੰ ਯਾਦ ਰੱਖਦੇ ਹਾਂ।

ਜੇ ਤੁਸੀਂ ਵੱਖ-ਵੱਖ ਅੰਦਾਜ਼ ਸਮਝਣਾ ਚਾਹੁੰਦੇ ਹੋ ਤਾਂ ਉਨ੍ਹਾਂ ਅਧਿਆਪਕਾਂ ਨੂੰ ਯਾਦ ਕਰੋ, ਜਿਨ੍ਹਾਂ ਤੋਂ ਤੁਸੀਂ ਪੜ੍ਹੇ ਹੋ, ਹਰੇਕ ਅਧਿਆਪਕ ਦਾ ਅੰਦਾਜ਼ ਵੱਖਰਾ ਹੁੰਦਾ ਹੈ।

ਹਰ ਵਿਅਕਤੀ ਦਾ ਇਕ ਵਿਸ਼ੇਸ਼ ਸੁਭਾਅ ਹੁੰਦਾ ਹੈ, ਉਸ ਦੇ ਸੁਭਾਅ ਰਾਹੀਂ ਅਸੀਂ ਉਸ ਨੂੰ ਪਛਾਣਦੇ ਹਾਂ।

ਚਿਹਰੇ ਰਾਹੀਂ ਫੋਟੋ ਪਛਾਣੀ ਜਾ ਸਕਦੀ ਹੈ ਪਰ ਫੋਟੋ ਰਾਹੀਂ ਚਿਹਰਾ ਨਹੀਂ, ਕਿਉਂਕਿ ਜਦੋਂ ਅਸੀਂ ਕੋਈ ਚਿਹਰਾ ਵੇਖਦੇ ਹਾਂ ਤਾਂ ਉਸ ਦੇ ਅਨੇਕਾਂ ਪੋਜ਼ ਕਿਆਸਦੇ ਹਾਂ, ਇਹ ਇਵੇਂ ਹੱਸਦਾ ਹੋਵੇਗਾ, ਇਵੇਂ ਰੋਂਦਾ ਹੋਵੇਗਾ ਆਦਿ। ਨਾਲੇ ਫੋਟੋ ਵਿਚ ਅਸੀਂ ਆਪਣੀ ਸੁਭਾਵਿਕਤਾ ਨਹੀਂ ਵਿਸ਼ੇਸ਼ਤਾ ਦਾ ਅਤੇ ਉਚੇਚ ਦਾ ਪ੍ਰਦਰਸ਼ਨ ਕਰਦੇ ਹਾਂ।

ਸਾਨੂੰ ਕਿਸੇ ਚਿਹਰੇ ਦਾ ਉਚੇਚ ਨਹੀਂ, ਉਸ ਦੀ ਸੁਭਾਵਿਕਤਾ ਪ੍ਰਭਾਵਿਤ ਕਰਦੀ ਹੈ।

ਜਿਸ ਨਾਲ ਸਾਡਾ ਸੁਆਰਥ ਹੋਵੇ, ਉਸ ਚਿਹਰੇ ਨੂੰ ਅਸੀਂ ਉਦੋਂ ਤਕ ਯਾਦ ਰੱਖਾਂਗੇ ਜਦੋਂ ਤਕ ਸੁਆਰਥ ਪੂਰਾ ਨਹੀਂ ਹੁੰਦਾ।

ਇਸ ਦੇ ਨਾਲ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਚਿਹਰਿਆਂ ਦੀ ਵੰਨ-ਸੁਵੰਨਤਾ ਦੇ ਬਾਵਜੂਦ ਵੰਨਗੀਆਂ ਬੜੀਆਂ ਸੀਮਤ ਹਨ।

ਪੁਲੀਸ ਮੁਜਰਿਮ ਨੂੰ ਕਿਵੇਂ ਲੱਭਦੀ ਹੈ ?

ਪੁਲੀਸ ਤਫਤੀਸ਼ ਕਰਦੀ ਹੈ : ਮੁਜਰਿਮ ਕਾਲਾ ਸੀ ਕਿ ਗੋਰਾ (ਜੇ ਉੱਤਰ ਗੋਰਾ ਹੈ ਤਾਂ ਸਾਰੇ ਕਾਲੇ ਖਾਰਜ ਹੋ ਗਏ), ਮੁਜਰਿਮ ਲੰਮਾ ਸੀ ਕਿ ਮੱਧਰਾ (ਮੱਧਰਾ ਹੈ ਤਾਂ ਸਾਰੇ ਲੰਮੇ ਖਾਰਜ ਹੋ ਗਏ), ਬੁੱਢਾ ਸੀ ਕਿ ਜਵਾਨ (ਜੇਕਰ ਜਵਾਨ ਤਾਂ ਬੁੱਢੇ ਖਾਰਜ ਹੋ ਗਏ), ਹਿੰਦੂ ਸੀ ਕਿ ਸਿੱਖ (ਜੇ ਹਿੰਦੂ ਤਾਂ ਸਾਰੇ ਸਿੱਖ ਖਾਰਜ ਹੋ ਗਏ), ਮੋਟਾ ਸੀ ਕਿ ਪੱਤਲਾ (ਜੇਕਰ ਪੱਤਲਾ ਤਾਂ ਸਾਰੇ ਮੋਟੇ ਖਾਰਜ ਹੋ ਗਏ), ਗਰੀਬ ਸੀ ਜਾਂ ਖਾਂਦੇ ਪੀਂਦੇ ਘਰ ਦਾ, ਪੜ੍ਹਿਆ ਲਿਖਿਆ ਲਗਦਾ ਸੀ ਕਿ ਅਨਪੜ੍ਹ ਆਦਿ ਅਤੇ ਪੁਲੀਸ ਇਸ ਢੰਗ ਨਾਲ ਮੁਜਰਿਮ ਦੇ ਚਿਹਰੇ ਦੀ ਫਰਜ਼ੀ ਤਸਵੀਰ ਬਣਾ ਸਕਦੀ ਹੈ।

ਨਾ ਕੇਵਲ ਚਿਹਰੇ ਸਗੋਂ ਅਨੇਕਾਂ ਚੀਜ਼ਾਂ ਦੀ ਪਛਾਣ ਵੀ ਅਸੀਂ ਉਪਰੋਕਤ ਆਧਾਰ ਉੱਤੇ ਕਰਦੇ ਹਾਂ। ਜੇਕਰ ਤੁਹਾਡੀਆਂ ਅੱਖਾਂ ਬੰਨ੍ਹ ਕੇ ਤੁਹਾਨੂੰ ਆਪਣੇ ਸੌਣ ਵਾਲੇ ਕਮਰੇ ਵਿਚ ਲੈ ਜਾਈਏ ਤਾਂ ਤੁਸੀਂ ਸੁੰਘ ਕੇ ਅਤੇ ਆਪਣੇ ਕਦਮਾਂ ਰਾਹੀਂ ਦੱਸ ਸਕੋਗੇ ਕਿ ਉਹ ਕਮਰਾ ਤੁਹਾਡਾ ਹੈ ਕਿ ਨਹੀਂ।

ਹਰ ਚਿਹਰੇ ਨੂੰ ਯਾਦ ਰੱਖਣ ਲਈ ਅਸੀਂ ਕਿਸੇ ਨਾ ਕਿਸੇ ਜੁਗਤ ਨੂੰ ਵਰਤਦੇ ਹਾਂ।

ਜੇ ਤੁਸੀਂ ਅਧਿਆਪਕ ਹੋ ਤਾਂ ਆਪਣੇ ਅਨੁਭਵ ਨਾਲ ਹੀ ਵੇਖ ਕੇ ਦੱਸ ਦਿਓਗੇ ਕਿ ਦੂਜਾ ਵਿਅਕਤੀ ਅਧਿਆਪਕ ਹੈ ਕਿ ਨਹੀਂ, ਕਿਉਂਕਿ ਤੁਹਾਨੂੰ ਪਤਾ ਹੈ ਕਿ ਅਧਿਆਪਕਾਂ ਦੇ ਚਿਹਰੇ ਕਿਹੋ ਜਿਹੇ ਹੁੰਦੇ ਹਨ।

ਕੰਮ ਨਾ ਕੇਵਲ ਸਾਡੇ ਚਿਹਰੇ ਉੱਤੇ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ, ਸਗੋਂ ਸਾਡਾ ਸਾਰਾ ਵਰਤਾਰਾ ਹੀ ਬਦਲ ਦਿੰਦਾ ਹੈ।

ਭਾਵੇਂ ਸਾਦੇ ਕੱਪੜਿਆਂ ਵਿਚ ਹੀ ਕਿਉਂ ਨਾ ਹੋਣ, ਫੌਜੀ ਝੱਟ ਪਛਾਣੇ ਜਾਂਦੇ ਹਨ।

ਜੇ ਤੁਹਾਡੇ ਸਾਹਮਣੇ ਕਾਰ, ਬੱਸ ਅਤੇ ਟਰੱਕ ਦੇ ਡਰਾਈਵਰ ਖੜ੍ਹੇ ਕਰ ਦੇਈਏ ਤੇ ਕਹੀਏ, ਕਾਰ ਦਾ ਡਰਾਈਵਰ ਕਿਹੜਾ ਹੈ, ਤਾਂ ਤੁਸੀਂ ਸਹਿਜੇ ਹੀ ਪਛਾਣ ਲਵੋਗੇ।

ਇਵੇਂ ਹੀ ਕਿਸੇ ਦੀ ਜਾਣ-ਪਛਾਣ ਜਾਂ ਕਿਸੇ ਬਾਰੇ ਜਾਣ-ਪਛਾਣ ਦਿੰਦਿਆਂ ਅਸੀਂ ਕਹਿੰਦੇ ਹਾਂ ਕਿ ਵੇਖਣ ਨੂੰ ਤਾਂ ਉਹ ਦੁਕਾਨਦਾਰ ਲਗਦਾ ਸੀ ਜਾਂ ਵੱਡਾ ਅਫਸਰ ਲਗਦਾ ਸੀ ਜਾਂ ਵਿਦੇਸ਼ ਤੋਂ ਆਇਆ ਪ੍ਰਤੀਤ ਹੁੰਦਾ ਸੀ।

ਜਿਤਨੀ ਤੁਹਾਡੀ ਵਧੇਰੇ ਜਾਣ-ਪਛਾਣ ਹੋਵੇਗੀ, ਉਤਨੀਆਂ ਹੀ ਤੁਹਾਡੇ ਕੋਲ ਚਿਹਰਿਆਂ ਦੀਆਂ ਵਧੇਰੇ ਵੰਨਗੀਆਂ ਹੋਣਗੀਆਂ ਅਤੇ ਇਹ ਵੰਨਗੀਆਂ ਅਨੇਕਾਂ ਹੋਰ ਚਿਹਰਿਆਂ ਨੂੰ ਸਹਿਜੇ ਹੀ ਯਾਦ ਰੱਖਣ ਦੀ ਸੋਖ ਪ੍ਰਦਾਨ ਕਰਦੀਆਂ ਹਨ।

ਜਿਹੜਾ ਵਿਅਕਤੀ ਕਹਿੰਦਾ ਹੈ, ਮੈਨੂੰ ਚਿਹਰੇ ਯਾਦ ਨਹੀਂ ਰਹਿੰਦੇ, ਸਮਝੋ ਉਹ ਡੂੰਘੇ ਵਿਸ਼ਵਾਸ ਦੇ ਯੋਗ ਨਹੀਂ, ਕਿਉਂਕਿ ਉਹ ਸੁਆਰਥ ਨਾਲ ਭਰਿਆ ਪਿਆ ਹੈ ਅਤੇ ਕੇਵਲ ਆਪਣੇ ਆਪ ਨੂੰ ਹੀ ਪਛਾਣਦਾ ਹੈ।

***

ਫੜ੍ਹਾਂ

ਜਦੋਂ ਕੋਈ ਵਿਅਕਤੀ ਨਿਰੰਤਰ ਯਤਨਾਂ ਦੇ ਬਾਵਜੂਦ ਆਪਣੀ ਸਮਕਾਲੀ ਸਥਿਤੀ ਨਾਲ ਇਕ-ਸੁਰ ਹੋਣ ਵਿਚ ਅਸਫਲ ਹੋ ਜਾਂਦਾ ਹੈ ਤਾਂ ਆਮ ਕਰ ਕੇ ਉਸ ਵਿਚ ਦੋ ਪ੍ਰਵਿਰਤੀਆਂ ਉਤਪੰਨ ਹੁੰਦੀਆਂ ਹਨ, ਜਾਂ ਤਾਂ ਉਹ ਹਰ ਵੇਲੇ ਸ਼ਿਕਵੇ-ਸ਼ਿਕਾਇਤਾਂ ਕਰਦਾ ਰਹੇਗਾ ਜਾਂ ਫੜ੍ਹਾਂ ਮਾਰਨ ਲੱਗ ਜਾਵੇਗਾ।

ਇਹ ਦੋਵੇਂ ਪ੍ਰਵਿਰਤੀਆਂ ਵਰਤਮਾਨ ਹਾਲਤ ਪ੍ਰਤੀ ਬੇਮੁੱਖਤਾ ਦਾ ਪ੍ਰਗਟਾਵਾ ਹੁੰਦੀਆਂ ਹਨ। ਆਤਮਘਾਤ, ਸ਼ਿਕਵੇ-ਸ਼ਿਕਾਇਤ ਦਾ ਅੰਤਲਾ ਰੂਪ ਹੁੰਦਾ ਹੈ, ਜਦੋਂ ਕਿ ਕਤਲ ਫੜ੍ਹ ਮਾਰਨ ਦੀ ਅਖੀਰਲੀ ਕੜੀ ਹੁੰਦਾ ਹੈ।

ਸਮਾਜ ਵਿਚ ਵੱਸਦੇ ਲੋਕਾਂ ਦੀ ਬਹੁਗਿਣਤੀ ਸਥਿਤੀ ਨੂੰ ਆਪਣੇ ਅਨੁਸਾਰ ਜਾਂ ਆਪਣੇ ਆਪ ਨੂੰ ਸਥਿਤੀ ਅਨੁਸਾਰ ਢਾਲ ਲੈਂਦੀ ਹੈ ਪਰ ਸਮਾਜ ਕਿੰਨਾ ਵੀ ਆਦਰਸ਼ਕ ਕਿਉਂ ਨਾ ਹੋਵੇ ਕੁਝ ਲੋਕ ਉਸ ਤੋਂ ਅਸੰਤੁਸ਼ਟ ਰਹਿ ਹੀ ਜਾਂਦੇ ਹਨ।

ਸਮਾਜ ਨੂੰ ਬਹੁਤੀ ਦੇਣ ਇਹ ਅਸੰਤੁਸ਼ਟ ਵਿਅਕਤੀ ਹੀ ਦਿੰਦੇ ਹਨ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੀ ਅਸੰਤੁਸ਼ਟਤਾ ਕਿਸ ਪੱਧਰ ਦੀ ਹੈ ਅਤੇ ਉਹ ਆਪ ਕਿਸ ਪ੍ਰਕਾਰ ਦੇ ਹਨ।

ਕਲਪਨਾਸ਼ੀਲ ਵਿਅਕਤੀ ਦੀ ਅਸੰਤੁਸ਼ਟਤਾ ਉਸ ਨੂੰ ਸਾਹਿਤਕਾਰ ਬਣਾ ਦਿੰਦੀ ਹੈ ਜਦੋਂ ਕਿ ਬੇਸਮਝ ਵਿਅਕਤੀ ਦੀ ਅਸੰਤੁਸ਼ਟਤਾ ਉਸ ਨੂੰ ਮੁਜਰਿਮ ਬਣਾ ਦਿੰਦੀ ਹੈ।

ਪਾਗਲਪਣ ਨੂੰ ਵੀ ਉਪਰੋਕਤ ਅਰਥਾਂ ਵਿਚ ਪ੍ਰਗਟਾਇਆ ਜਾ ਸਕਦਾ ਹੈ।

ਇਕ ਸਫਲ ਪਾਗਲ, ਕਲਾਕਾਰ ਜਾਂ ਸਾਹਿਤਕਾਰ ਅਖਵਾਉਂਦਾ ਹੈ, ਜਦੋਂ ਕਿ ਇਕ ਅਸਫਲ ਕਲਾਕਾਰ ਜਾਂ ਸਾਹਿਤਕਾਰ, ਪਾਗਲ ਅਖਵਾਉਂਦਾ ਹੈ।

ਕਲਾ, ਅਸਾਧਾਰਨਤਾ ਦਾ ਇਕ ਨਮੂਨਾ ਹੁੰਦੀ ਹੈ ਪਰ ਕਲਾ ਵਿਚ ਪ੍ਰਗਟਾਈ ਅਸਾਧਾਰਨਤਾ ਦੀ ਪੱਧਰ ਬੜੀ ਉੱਚੀ ਹੁੰਦੀ ਹੈ। ਸਾਰੇ ਮਹਾਨ ਵਿਅਕਤੀ ਅਸਲ ਵਿਚ ਆਪਣੀ ਅਸਾਧਾਰਨਤਾ ਕਾਰਨ ਹੀ ਸਾਨੂੰ ਪ੍ਰਭਾਵਿਤ ਕਰਦੇ ਹਨ।

ਫੜ੍ਹਾਂ ਮਾਰਨ ਵਾਲਾ ਵਿਅਕਤੀ ਵਿਚਿੱਤਰ ਅਤੇ ਅਸਾਧਾਰਨ ਤਾਂ ਹੁੰਦਾ ਹੈ ਪਰ ਉਸ ਦੀ ਅਸਾਧਾਰਨਤਾ ਦੀ ਪੱਧਰ ਬੜੀ ਨੀਵੀਂ ਅਤੇ ਤੰਗ ਅਤੇ ਉਸ ਦੀ ਸੋਚ ਖੁਦਗਰਜ਼ੀ ਉੱਤੇ ਉਸਰੀ ਹੋਣ ਕਾਰਨ ਸਾਨੂੰ ਪ੍ਰਭਾਵਿਤ ਕਰਨ ਦੀ ਥਾਂ ਘਿਰਣਾ ਉਪਜਾਉਂਦੀ ਹੈ।

ਫੜ੍ਹਾਂ ਮਾਰਨ ਵਾਲੇ ਵਿਅਕਤੀ ਦਾ ਸਰੀਰਕ ਵਰਤਾਰਾ ਵੀ ਸਾਧਾਰਨ ਨਹੀਂ ਹੁੰਦਾ। ਜਦੋਂ ਕੋਈ ਵਿਅਕਤੀ ਕੜਾਕੇ ਦੀ ਸਰਦੀ ਵਿਚ ਵੀ ਕੇਵਲ ਕਮੀਜ਼ ਪਾ ਕੇ ਘੁੰਮਦਾ ਫਿਰੇ ਤਾਂ ਸਮਝ ਲਓ ਉਸ ਦਾ ਸਰੀਰ ਫੜ੍ਹ ਮਾਰ ਰਿਹਾ ਹੈ।

ਫੁਕਰਾਪਣ, ਫੜ੍ਹ ਮਾਰਨ ਦਾ ਗਰੀਬ-ਰੂਪ ਹੁੰਦਾ ਹੈ।

ਫੜ੍ਹਾਂ ਮਾਰਨ ਵਾਲੇ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਹ ਵਿਲੱਖਣ ਹੈ, ਸਰਬਗਿਆਤਾ ਅਤੇ ਸਰਬ-ਸ਼ਕਤੀਮਾਨ ਹੈ, ਇਸੇ ਲਈ ਉਹ ਹਰ ਜਗ੍ਹਾ ਸਰੋਤੇ ਦੀ ਥਾਂ ਬੁਲਾਰਾ ਬਣਨ ਦਾ ਯਤਨ ਕਰੇਗਾ ਅਤੇ ਆਪਣੀ ਮਹਿਮਾ ਆਪ ਕਰੇਗਾ। ਇਸ ਦੇ ਨਾਲ ਹੀ ਉਸ ਨੂੰ ਭੁਲੇਖਾ ਹੁੰਦਾ ਹੈ ਕਿ ਉਹ ਮਹਾਨ ਹੈ ਅਤੇ ਲੋਕ ਸਪਸ਼ਟ ਰੂਪ ਵਿਚ ਉਸ ਦੀ ਮਹਾਨਤਾ ਨੂੰ ਸਵੀਕਾਰ ਨਹੀਂ ਕਰਦੇ, ਇਸ ਲਈ ਆਪਣੀ ਮਹਾਨਤਾ ਨੂੰ ਉਹ ਆਪ ਹੀ ਸਥਾਪਿਤ ਕਰਨ ਦੇ ਕਾਰਜ ਵਿਚ ਰੁੱਝ ਜਾਂਦਾ ਹੈ।

ਫੜ੍ਹ ਮਾਰਨਾ ਦਿਮਾਗੀ ਗਰੀਬੀ ਦੀ ਨਿਸ਼ਾਨੀ ਹੈ। ਇਸੇ ਲਈ ਫੜ੍ਹ ਮਾਰਨ ਵਾਲਾ ਆਪਣੀਆਂ ਸਾਧਾਰਨ ਪ੍ਰਾਪਤੀਆਂ ਨੂੰ ਵੀ ਮਸਾਲੇ ਲਾ ਕੇ ਸੁਣਾਵੇਗਾ।

ਫੜ੍ਹਾਂ ਮਾਰਨ ਵਾਲੇ ਵਿਅਕਤੀ ਦੀ ਇਕ ਸਿੱਧੀ ਪਛਾਣ ਇਹ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਪਿਆਰ ਕਰਦਾ ਹੈ।

ਅਜਿਹਾ ਵਿਅਕਤੀ ਸ਼ੀਸ਼ੇ ਸਾਹਮਣੇ ਵਧੇਰੇ ਸਮਾਂ ਗੁਜ਼ਾਰੇਗਾ। ਸ਼ੀਸ਼ੇ ਸਾਹਮਣੇ ਨੰਗਾ ਹੋ ਕੇ ਆਪਣੇ ਆਪ ਨੂੰ ਨਿਹਾਰੇਗਾ। ਮਨੋਵਿਗਿਆਨ ਵਿਚ ਇਸ ਰੁਚੀ ਨੂੰ ਨਾਰਸੀ ਰੁਚੀ ਕਹਿੰਦੇ ਹਨ। ਹਰ ਇਕ ਵਿਅਕਤੀ ਜੀਵਨ ਵਿਚ ਕਿਸੇ ਨਾ ਕਿਸੇ ਵੇਲੇ ਅਜਿਹੀ ਰੁਚੀ ਦਾ ਸ਼ਿਕਾਰ ਹੋ ਜਾਂਦਾ ਹੈ। ਇਸੇ ਰੁਚੀ ਅਧੀਨ ਕਈ ਲੋਕ ਆਪਣੇ ਹੀ ਘਰ ਆਪਣੀਆਂ ਤਸਵੀਰਾਂ ਸਜਾ ਕੇ ਰਖਦੇ ਹਨ।

ਫੜ੍ਹਾਂ ਮਾਰਨਾ ਇਕ ਮਨੋਵਿਗਿਆਨਕ ਰੋਗ ਹੈ। ਅਜਿਹਾ ਵਿਅਕਤੀ ਮੈਂ, ਮੇਰਾ, ਸਾਡਾ, ਮੈਨੂੰ ਆਦਿ ਦੀ ਵਰਤੋਂ ਵਧੇਰੇ ਕਰਦਾ ਹੈ, ਕਿਉਂਕਿ ਅਜਿਹੇ ਵਿਅਕਤੀ ਵਿਚ ਹਰ ਥਾਂ, ਹਰ ਸਥਿਤੀ ਵਿਚ ਹਾਜ਼ਰ ਰਹਿਣ ਦੀ ਇੱਛਾ ਹੁੰਦੀ ਹੈਂ, ਇਸ ਲਈ ਅਜਿਹਾ ਵਿਅਕਤੀ ਕਿਧਰੇ ਵੀ ਟਿਕ ਕੇ ਨਹੀਂ ਬਹਿ ਸਕਦਾ।

ਅਜਿਹਾ ਵਿਅਕਤੀ ਸਰੋਤਿਆਂ ਵਿਚ ਬੈਠਾ ਵੀ ਸਭਾ ਦੀ ਪ੍ਰਧਾਨਗੀ ਕਰ ਰਿਹਾ ਪ੍ਰਤੀਤ ਹੋਵੇਗਾ। ਅਜਿਹੇ ਵਿਅਕਤੀ ਨੂੰ ਨਜ਼ਰ-ਅੰਦਾਜ਼ ਕਰਨਾ ਬੜਾ ਮਹਿੰਗਾ ਪੈ ਸਕਦਾ ਹੈ। ਕਿਸੇ ਸਭਾ-ਸਮਾਗਮ ਵਿਚ ਅਜਿਹਾ ਵਿਅਕਤੀ ਇੰਜ ਬਣ-ਠਣ ਕੇ ਜਾਵੇਗਾ, ਜਿਵੇਂ ਸਾਰੇ ਲਾਈਨ ਬਣਾ ਕੇ ਉਸ ਦੇ ਸਵਾਗਤ ਲਈ ਖੜ੍ਹੇ ਹੋਣਗੇ। ਅਜਿਹਾ ਵਿਅਕਤੀ ਬਾਹਵਾਂ ਫੈਲਾ ਕੇ ਟੁਰੇਗਾ ਅਰਥਾਤ ਉਹ ਲੋੜ ਨਾਲੋਂ ਵਧੇਰੇ ਥਾਂ ਘੇਰੇਗਾ।

ਸਖਤ ਮਿਹਨਤ ਸਾਡੇ ਵਿਚ ਹਲੀਮੀ ਦੀ ਭਾਵਨਾ ਉਜਾਗਰ ਕਰਦੀ ਹੈ।

ਫੜ੍ਹਾਂ ਮਾਰਨ ਵਾਲੇ ਵਿਚ ਹੋਰ ਭਾਵੇਂ ਕੁਝ ਹੋਵੇ, ਨਿਮਰਤਾ ਨਹੀਂ ਹੋਵੇਗੀ, ਕਿਉਂਕਿ ਉਸ ਨੂੰ ਕਿਸੇ ਵੀ ਪ੍ਰਕਾਰ ਦੀ ਮਿਹਨਤ ਦੀ ਆਦਤ ਨਹੀਂ ਹੁੰਦੀ, ਇਸ ਲਈ ਉਸ ਵਿਚ ਨਿਮਰਤਾ ਵੀ ਨਹੀਂ ਹੁੰਦੀ।

ਕਿਉਂਕਿ ਨਿਮਰਤਾ ਨਹੀਂ ਹੁੰਦੀ, ਉਸ ਵਿਚ ਕਿਸੇ ਪ੍ਰਕਾਰ ਦੀ ਸੇਵਾ ਦੀ ਭਾਵਨਾ ਵੀ ਨਹੀਂ ਹੁੰਦੀ। ਸੇਵਾ ਦੀ ਭਾਵਨਾ ਦੀ ਅਣਹੋਂਦ ਕਾਰਨ, ਉਸ ਵਿਚ ਨੁਕਸ ਕੱਢਣ ਦੀ ਪ੍ਰਵਿਰਤੀ ਬਲਵਾਨ ਹੁੰਦੀ ਹੈ।

ਕਿਉਂਕਿ ਅਜਿਹੇ ਵਿਅਕਤੀ ਦੇ ਸਰੀਰ ਦਾ ਸਭ ਤੋਂ ਚੁਸਤ ਭਾਗ ਉਸ ਦਾ ਮੂੰਹ ਹੁੰਦਾ ਹੈ, ਇਸ ਲਈ ਉਹ ਨਸੀਹਤ ਦੇਣ ਨੂੰ ਆਪਣਾ ਜਨਮਜਾਤ ਅਧਿਕਾਰ ਸਮਝਦਾ ਹੈ।

ਇਸ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਉਸ ਨੂੰ ਆਪਣੀ ਹੀ ਆਵਾਜ਼ ਸੁਣ ਕੇ ਆਨੰਦ ਮਿਲਦਾ ਹੈ, ਜਿਸ ਕਾਰਨ ਉਹ ਸਭ ਥਾਂ ਉੱਚਾ ਬੋਲ ਕੇ ਆਪਣੀ ਨਿਪੁੰਨਤਾ ਦਾ ਢੰਡੋਰਾ ਪਿਟਦਾ ਰਹਿੰਦਾ ਹੈ।

ਫੜ੍ਹਾਂ ਮਾਰਨਾ ਸ਼ਬਦਾਂ ਰਾਹੀਂ ਨਸ਼ਈ ਹੋਣ ਦੀ ਆਦਤ ਦਾ ਨਾਂ ਹੈ। ਚਾਪਲੂਸੀ ਵੀ ਫੜ੍ਹ ਦਾ ਹੀ ਇਕ ਰੂਪ ਹੁੰਦੀ ਹੈ। ਫੜ੍ਹਾਂ ਮਾਰਨ ਵਾਲੇ ਦਾ ਨਾ ਕੇਵਲ ਦਿਮਾਗ ਸੁੱਜਿਆ ਹੁੰਦਾ ਹੈ, ਸਗੋਂ ਉਸ ਦੇ ਸ਼ਬਦ ਵੀ ਆਫਰੇ ਹੋਏ ਅਤੇ ਆਕੜੇ ਹੋਏ ਹੁੰਦੇ ਹਨ।

ਜਿਸ ਦੀ ਜ਼ਬਾਨ ਨੂੰ ਪਾਗਲਪਣ ਹੋ ਜਾਵੇ ਉਹ ਕੁਝ ਵੀ ਠੀਕ ਅਨੁਪਾਤ ਵਿਚ ਬਿਆਨ ਨਹੀਂ ਕਰ ਸਕਦਾ। ਜਦੋਂ ਕਲਪਨਾ ਬੇਮੁਹਾਰੀ ਹੋ ਜਾਵੇ ਤਾਂ ਇਹ ਅਤਿਕਥਨੀ ਅਲੰਕਾਰ ਰਾਹੀਂ ਪ੍ਰਗਟ ਹੁੰਦੀ ਹੈ। ਫੜ੍ਹਾਂ ਮਾਰਨ ਵਾਲਾ ਟਿੱਬੇ ਨੂੰ ਹਿਮਾਲਾ ਪਰਬਤ ਜਾਂ ਹਿਮਾਲਾ ਪਰਬਤ ਨੂੰ ਟਿੱਬਾ, ਇਕ ਛੱਪੜ ਨੂੰ ਸਮੁੰਦਰ ਜਾਂ ਸਮੁੰਦਰ ਨੂੰ ਛੱਪੜ ਦਸੇਗਾ। ਅਰਥਾਤ ਉਹ ਤੋਪ ਨਾਲ ਮੱਖੀ ਮਾਰਨ ਦੀਆਂ ਗੱਲਾਂ ਕਰੇਗਾ।

ਫੜ੍ਹਾਂ ਮਾਰਨ ਵਾਲੇ ਦੀ ਸੋਚ ਵਿਚ ਅਨੁਪਾਤ ਨਹੀਂ ਹੁੰਦਾ ਅਤੇ ਨਾ ਹੀ ਇਕਸੁਰਤਾ ਹੁੰਦੀ ਹੈ। ਜਦੋਂ ਜੀਭ ਦੌੜਨ ਲਗਦੀ ਹੈ ਤਾਂ ਮੂੰਹ ਫੜ੍ਹਾਂ ਦੀ ਟਕਸਾਲ ਬਣ ਜਾਂਦਾ ਹੈ। ਕਿਸੇ ਦੇ ਵਿਆਹ ਸਮੇਂ ਪੜ੍ਹਿਆ ਜਾਣ ਵਾਲਾ ਸਿਹਰਾ ਫੜ੍ਹਾਂ ਮਾਰਨ ਦਾ ਕਾਵਿਕ ਰੂਪ ਹੁੰਦਾ ਹੈ।

ਕਿਸੇ ਮਰ ਗਏ ਸਾਧਾਰਨ ਵਿਅਕਤੀ ਨੂੰ, ਫੜ੍ਹਾਂ ਮਾਰਨ ਵਾਲਾ ਅਦੁੱਤੀ ਸ਼ਖ਼ਸੀਅਤ ਅਤੇ ਚਾਨਣ-ਮੁਨਾਰਾ ਦੱਸੇਗਾ।

ਇਵੇਂ ਫੜ੍ਹਾਂ ਮਾਰਨ ਵਾਲਾ ਵਿਸ਼ੇਸ਼ਣਾਂ ਦੀ ਖੁਲ੍ਹੀ ਵਰਤੋਂ ਕਰਦਾ ਹੈ।

ਭਾਰਤੀਆਂ ਦੇ ਚਰਿੱਤਰ ਵਿਚ ਫੜ੍ਹ ਮਾਰਨ ਦੀ ਵਿਸ਼ੇਸ਼ ਪ੍ਰਵਿਰਤੀ ਹੈ।

ਜੇ ਅਸੀਂ ਕੋਈ ਮੈਚ ਜਿੱਤਦੇ ਹਾਂ ਤਾਂ ਬੋਤਲ ਦੇ ਡਾਟ ਵਾਂਗ ਉਛਲਦੇ ਹਾਂ ਅਤੇ ਜਦੋਂ ਹਾਰਦੇ ਹਾਂ ਤਾਂ ਆਪਣੇ ਹੀ ਖਿਡਾਰੀਆਂ ਨੂੰ ਵੱਟੇ ਮਾਰਦੇ ਹਾਂ।

ਪਾਕਿਸਤਾਨੀਆਂ ਵਿਚ ਵੀ ਇਹ ਪ੍ਰਵਿਰਤੀ ਹੈ। ਭੁੱਟੋ ਨੇ ਭਾਰਤ ਨਾਲ ਇਕ ਹਜ਼ਾਰ ਸਾਲ ਜੰਗ ਕਰਨ ਦੀ ਫੜ੍ਹ ਮਾਰੀ ਸੀ, ਪਰ ਚੌਦਾਂ ਦਿਨਾਂ ਵਿਚ ਹੀ ਪਾਕਿਸਤਾਨੀ ਫੌਜਾਂ ਨੂੰ ਆਪਣੀ ਸਮਰੱਥਾ ਦਾ ਅਹਿਸਾਸ ਹੋ ਗਿਆ ਸੀ।

ਫਰਾਂਸੀਸੀ ਵਿਸ਼ੇਸ਼ ਕਰਕੇ ਅਤੇ ਅੰਗਰੇਜ਼ ਆਮ ਕਰਕੇ ਫੜ੍ਹ ਨਹੀਂ ਮਾਰਦੇ, ਸਗੋਂ ਆਪਣੀਆਂ ਪ੍ਰਾਪਤੀਆਂ ਨੂੰ ਕੁਝ ਘਟਾ ਕੇ ਹੀ ਦੱਸਦੇ ਹਨ।

ਜਰਮਨ ਅਤੇ ਅਮਰੀਕੀ ਖੁਲ੍ਹ ਕੇ ਫੜ੍ਹਾਂ ਮਾਰਦੇ ਹਨ।

ਜਿਹੜੇ ਪਤੀ, ਆਪਣੀਆਂ ਪਤਨੀਆਂ ਅੱਗੇ ਫੜ੍ਹਾਂ ਮਾਰਦੇ ਹਨ, ਉਹ ਬਿਸਤਰੇ ਵਿਚ ਤਰਸ ਦੇ ਪਾਤਰ ਬਣ ਕੇ ਰਹਿ ਜਾਂਦੇ ਹਨ।

ਅਰਬਾਂ ਦੇ ਚਰਿੱਤਰ ਵਿਚ ਫੜ੍ਹ ਮਾਰਨ ਦੀ ਪ੍ਰਵਿਰਤੀ ਬੜੀ ਪੁਰਾਣੀ ਹੈ।

ਉਨ੍ਹਾਂ ਨੇ ਕਈ ਵਾਰੀ ਦਾਅਵਾ ਕੀਤਾ ਹੈ ਕਿ ਇਜ਼ਰਾਈਲ ਵਿਰੁੱਧ ਲੜਾਈ ਵਿਚ ਉਹ ਖ਼ੂਨ ਦਾ ਆਖ਼ਰੀ ਕਤਰਾ ਤਕ ਵਹਾ ਦੇਣਗੇ।

ਕਿਸੇ ਵੀ ਦੋ ਦੇਸ਼ਾਂ ਦੀ ਜਦੋਂ ਜੰਗ ਹੁੰਦੀ ਹੈ ਤਾਂ ਸਾਰੀ ਕੌਮ ਇਕ-ਸੁਰ ਹੋ ਕੇ ਫੜ੍ਹ ਮਾਰਦੀ ਹੈ। ਦੂਜੇ ਵਿਸ਼ਵ ਯੁਧ ਵਿਚ ਜਰਮਨੀ ਨੇ ਗੋਇਬਲਜ਼ ਰਾਹੀਂ ਸੰਸਾਰ ਨੂੰ ਕੰਬਾ ਦੇਣ ਵਾਲੀਆਂ ਫੜ੍ਹਾਂ ਮਾਰੀਆਂ ਸਨ।

ਸਪਸ਼ਟ ਸ਼ਬਦਾਂ ਵਿਚ ਫੜ੍ਹ ਮਾਰਨਾ ਝੂਠ ਬੋਲਣ ਦਾ ਹੀ ਬਦਲਵਾਂ ਰੂਪ ਹੈ। ਜੇਕਰ ਫੜ੍ਹ ਕਿਸੇ ਢੰਗ ਤਰਕੀਬ ਨਾਲ ਨਾ ਮਾਰੀ ਜਾਵੇ ਤਾਂ ਇਹ ਪੁੱਠਾ ਵਾਰ ਕਰਦੀ ਹੈ।

ਨਿਰਸੰਦੇਹ ਫੜ੍ਹਾਂ ਮਾਰਨ ਵਾਲੇ ਅੰਤਾਂ ਦੇ ਉਦਾਸ ਅਤੇ ਦੁੱਖੀ ਵਿਅਕਤੀ ਹੁੰਦੇ ਹਨ। ਕਿਉਂਕਿ ਉਨ੍ਹਾਂ ਨੂੰ ਮਾਨਤਾ ਨਹੀਂ ਮਿਲਦੀ, ਸੋ ਉਹ ਆਪਣੀ ਪ੍ਰਸ਼ੰਸਾ ਆਪ ਕਰਦੇ ਹਨ। ਫੜ੍ਹ ਮਾਰਨਾ ਕੁਚੱਜੇਪਣ ਦੀ ਨੁਮਾਇਸ਼ ਅਤੇ ਅਭਿਮਾਨ ਦਾ ਕੋਝਾ ਵਿਖਾਲਾ ਹੁੰਦਾ ਹੈ।

ਫੜ੍ਹ ਮਾਰਨ ਵਾਲੇ ਦਾ ਉਦੇਸ਼ ਆਪਣੇ ਆਪ ਨੂੰ ਉੱਤਮ ਅਤੇ ਦੂਜਿਆਂ ਨੂੰ ਨੀਵਾਂ ਸਿੱਧ ਕਰਨਾ ਹੁੰਦਾ ਹੈ।

ਰਲ ਕੇ ਕੰਮ ਕਰਨ ਜਾਂ ਖੇਡਣ ਨਾਲ ਕੇਵਲ ਸਿਹਤ ਹੀ ਚੰਗੀ ਨਹੀਂ ਰਹਿੰਦੀ ਸਗੋਂ ਪੱਖਪਾਤ ਵੀ ਘਟਦੇ ਹਨ, ਮਿਲਵਰਤਣ ਦੀ ਜਾਚ ਆਉਂਦੀ ਹੈ, ਇਨਸਾਫ਼ ਦਾ ਅਨੁਭਵ ਪ੍ਰਾਪਤ ਹੁੰਦਾ ਹੈ, ਹਾਰਨ ਦਾ ਜਿਗਰਾ ਵਿਗਸਦਾ ਹੈ, ਜਿੱਤਣ ਦੀ ਬਹਾਦਰੀ ਅਤੇ ਜਿੱਤ ਨੂੰ ਹਜ਼ਮ ਕਰਨ ਦੀ ਜਾਚ ਆਉਂਦੀ ਹੈ।

ਸਖ਼ਤ ਮਿਹਨਤ ਦੇ ਰਾਹ ਪਾ ਕੇ ਅਤੇ ਉਸਾਰੂ ਕੰਮਾਂ ਵਿਚ ਰੁਝਾ ਕੇ ਹਰ ਇਕ ਵਿਅਕਤੀ ਵਿਚੋਂ ਫੜ੍ਹ ਮਾਰਨ ਦਾ ਰੋਗ ਦੂਰ ਕੀਤਾ ਜਾ ਸਕਦਾ ਹੈ।

***

ਧਮਕੀਆਂ

ਧਮਕੀ ਇਕ ਸ਼ਾਬਦਿਕ ਹਥਿਆਰ ਹੁੰਦੀ ਹੈ, ਜਿਸ ਦੀ ਵਰਤੋਂ ਜੀਵਨ ਵਿਚ ਬੱਚਪਨ ਤੋਂ ਬੁਢਾਪੇ ਤਕ ਨਿਰੰਤਰ ਹੁੰਦੀ ਰਹਿੰਦੀ ਹੈ।

ਧਮਕਾਉਣ ਵਾਲੇ ਅਤੇ ਧਮਕਾਏ ਗਏ ਵਿਅਕਤੀ ਦੀ ਨਬਜ਼-ਗਤੀ, ਸਾਹ ਲੈਣ ਦੀ ਰਫਤਾਰ, ਸ਼ਬਦਾਵਲੀ ਅਤੇ ਹਰ ਪ੍ਰਕਾਰ ਦੀ ਸਰੀਰਕ ਕਿਰਿਆ ਵਿਚ ਇਕ ਦਮ ਤਬਦੀਲੀ ਆ ਜਾਂਦੀ ਹੈ।

ਅਨੇਕਾਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਪਰ ਉਨ੍ਹਾਂ ਵਿਚੋਂ ਬਹੁਤ ਘੱਟ ਨੂੰ ਅਮਲੀ ਰੂਪ ਦਿੱਤਾ ਜਾਂਦਾ ਹੈ।

ਇਸੇ ਕਰਕੇ ਕਿਹਾ ਜਾਂਦਾ ਹੈ 'ਜੋ ਗਰਜਦੇ ਹਨ ਉਹ ਬਰਸਦੇ ਨਹੀਂ'।

ਬਹੁਤ ਸਾਰੇ ਕੰਮ ਕੇਵਲ ਧਮਕੀ ਦੇਣ ਨਾਲ ਹੀ ਹੋ ਜਾਂਦੇ ਹਨ ਪਰ ਜੇ ਇਵੇਂ ਨਹੀਂ ਹੁੰਦਾ ਤਾਂ ਧਮਕਾਉਣ ਵਾਲਾ ਬੰਦਾ, ਧਮਕਾਏ ਹੋਏ ਵਿਅਕਤੀ ਨਾਲੋਂ ਵੀ ਵਧੇਰੇ ਬੇਚੈਨੀ ਅਨੁਭਵ ਕਰਦਾ ਹੈ।

ਬੇਤਰਤੀਬੀ ਨਾਲ ਅਤੇ ਸਮੇਂ, ਸਥਾਨ ਅਤੇ ਵਿਅਕਤੀ ਨੂੰ ਧਿਆਨ ਵਿਚ ਰੱਖੇ ਬਿਨਾਂ, ਦਿੱਤੀ ਧਮਕੀ ਦਾ ਅਸਰ ਕਈ ਵਾਰ ਉਲਟਾ ਹੁੰਦਾ ਹੈ।

ਕੇਵਲ ਸ਼ਕਤੀਸ਼ਾਲੀ ਵਿਅਕਤੀ ਨੂੰ ਹੀ ਧਮਕੀ ਦੇਣੀ ਚਾਹੀਦੀ ਹੈ ਪਰ ਆਮ ਕਰਕੇ ਧਮਕੀਆਂ ਡਰਪੋਕ ਹੀ ਦਿੰਦੇ ਹਨ। ਧਮਕੀ ਦੇਣੀ ਸੌਖੀ ਹੁੰਦੀ ਹੈ ਪਰ ਇਸ ਨੂੰ ਅਮਲੀ ਰੂਪ ਦੇਣਾ ਬੜਾ ਕਠਿਨ ਹੁੰਦਾ ਹੈ।

ਧਮਕੀ ਦਾ ਮਹੱਤਵ ਇਸ ਗੱਲ ਤੋਂ ਵੀ ਲਾਇਆ ਜਾਂਦਾ ਹੈ ਕਿ ਧਮਕੀ ਦਿੱਤੀ ਕਿਸ ਨੂੰ ਗਈ ਹੈ। ਉਦਾਹਰਨ ਵਜੋਂ ਸਹੁਰੇ ਦੀ ਆਪਣੇ ਜੁਆਈ ਨੂੰ ਦਿੱਤੀ ਧਮਕੀ ਦਾ ਅਸਰ ਸਦਾ ਉਲਟਾ ਹੁੰਦਾ ਹੈ।

ਪਤਨੀ ਵੱਲੋਂ ਪਤੀ ਨੂੰ ਦਿੱਤੀ ਧਮਕੀ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ।

ਕੇਵਲ ਗੁੱਸੇ ਵਿਚ ਦਿੱਤੀ ਹੋਈ ਧਮਕੀ, ਧਮਕਾਉਣ ਵਾਲੇ ਦੀ ਕਮਜ਼ੋਰੀ ਦਾ ਪ੍ਰਮਾਣ ਹੁੰਦੀ ਹੈ।

ਜੇ ਭਾਰਤ ਅਮਰੀਕਾ ਨੂੰ ਧਮਕੀ ਦੇਵੇ ਤਾਂ ਗੱਲ ਹਾਸੋ-ਹੀਣੀ ਹੋਵੇਗੀ ਪਰ ਜੇ ਅਮਰੀਕਾ ਚੀਨ ਨੂੰ ਧਮਕਾਏ ਤਾਂ ਸਾਰੀ ਦੁਨੀਆਂ ਦੇ ਕੰਨ ਖੜ੍ਹੇ ਹੋ ਜਾਣਗੇ। ਬਹੁਤ ਸ਼ਕਤੀਸ਼ਾਲੀ ਵਿਅਕਤੀ ਜਾਂ ਦੇਸ਼, ਕਿਸੇ ਕਮਜ਼ੋਰ ਵਿਅਕਤੀ ਜਾਂ ਦੇਸ਼ ਨੂੰ ਧਮਕਾ ਕੇ ਆਪਣੀ ਹੀ

ਬੇਇਜ਼ਤੀ ਕਰਵਾਉਂਦੇ ਹਨ। ਅਜਿਹੀ ਸਥਿਤੀ ਵਿਚ ਧਮਕਾਇਆ ਗਿਆ ਵਿਅਕਤੀ ਜਾਂ ਦੇਸ਼, ਮਰਨ-ਮਾਰਨ ਲਈ ਤਿਆਰ ਹੋ ਕੇ, ਸ਼ਕਤੀਸ਼ਾਲੀ ਦੇਸ਼ ਦੇ ਮਾਣ-ਸਤਿਕਾਰ ਨੂੰ ਸੱਟ ਮਾਰਦਾ ਹੈ। ਵੀਅਤਨਾਮ ਯੁੱਧ ਦੌਰਾਨ ਹਰ ਅਮਰੀਕੀ ਧਮਕੀ ਨਾਲ ਵੀਅਤਨਾਮੀਆਂ ਦੇ ਹੌਸਲੇ ਉੱਚੇ ਹੁੰਦੇ ਸਨ।

ਇਕ ਨਿਸ਼ਚਿਤ ਅਤੇ ਦ੍ਰਿੜ੍ਹ ਆਦਰਸ਼ ਲਈ ਜੂਝ ਰਹੇ ਵਿਅਕਤੀ ਜਾਂ ਦੇਸ਼ ਨੂੰ ਧਮਕਾਇਆ ਨਹੀਂ ਜਾ ਸਕਦਾ, ਕਿਉਂਕਿ ਉਸ ਦਾ ਸਰਮਾਇਆ ਸਰੀਰਕ ਬਲ ਜਾਂ ਹਥਿਆਰ ਨਹੀਂ, ਸਗੋਂ ਆਤਮ-ਵਿਸ਼ਵਾਸ ਹੁੰਦਾ ਹੈ।

ਸਿੱਖ ਇਤਿਹਾਸ ਵਿਚਲੀਆਂ ਵਚਿੱਤਰ ਕੁਰਬਾਨੀਆਂ ਦੇ ਸੰਭਵ ਹੋਣ ਦਾ ਕਾਰਨ ਉਪਰੋਕਤ ਤੱਥ ਸੀ। ਮੀਰ ਮੰਨੂ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਅਤੇ ਸਿੱਖ ਕੌਮ ਦਾ ਮਲੀਆਮੇਟ ਕਰਨ ਦੀ ਧਮਕੀ ਦਿੱਤੀ ਅਤੇ ਅਸੀਂ ਜਾਣਦੇ ਹਾਂ ਕਿ ਸਿੱਖਾਂ ਨੇ ਉਸ ਦੀ ਧਮਕੀ ਦਾ ਉੱਤਰ ਕਿਵੇਂ ਦਿੱਤਾ ਸੀ।

ਅਸਰਦਾਰ ਧਮਕੀ ਦੇਣਾ ਇਕ ਕਲਾ ਹੈ ਅਤੇ ਇਸ ਕਲਾ ਦੇ ਕਈ ਪੱਖ ਹਨ।

ਧਮਕਾਉਣ ਵਾਲੇ ਬਾਰੇ ਇਹ ਗੱਲ ਪੱਕੀ ਹੋਣੀ ਚਾਹੀਦੀ ਹੈ ਕਿ ਭੂਤਕਾਲ ਵਿਚ ਉਸ ਨੇ ਧਮਕੀਆਂ ਨੂੰ ਅਮਲੀ ਰੂਪ ਦਿੱਤਾ ਸੀ।

ਇਸ ਦੇ ਨਾਲ ਹੀ ਧਮਕੀ ਨੂੰ ਅਮਲੀ ਰੂਪ ਦੇਣ ਲਈ ਢੁੱਕਵੀਂ ਸਮਰੱਥਾ ਅਤੇ ਸਾਧਨ ਪ੍ਰਤੱਖ ਹੋਣੇ ਚਾਹੀਦੇ ਹਨ। ਇਸ ਪ੍ਰਤੱਖ ਨੁਮਾਇਸ਼ ਕਾਰਨ ਧਮਕੀ ਨੂੰ ਅਮਲੀ ਰੂਪ ਦਿੱਤੇ ਬਿਨਾਂ ਹੀ ਮਨ-ਇੱਛਿਤ ਨਤੀਜੇ ਪ੍ਰਾਪਤ ਕੀਤੇ ਜਾਂਦੇ ਹਨ।

ਨੈਪੋਲੀਅਨ ਇਹ ਨੀਤੀ ਸਫਲਤਾ ਨਾਲ ਵਰਤਦਾ ਰਿਹਾ ਹੈ।

ਹਿਟਲਰ ਨੇ ਵੀ ਦੂਜੇ ਵਿਸ਼ਵ ਯੁੱਧ ਵਿਚ ਧਮਕੀ ਦੀ ਕਲਾ ਨੂੰ ਬੜੀ ਸਫਲਤਾ ਨਾਲ ਵਰਤਿਆ ਸੀ। ਉਹ ਕਿਸੇ ਸ਼ਹਿਰ ਉੱਤੇ ਹਮਲਾ ਕਰਕੇ, ਕਬਜ਼ਾ ਕਰਕੇ ਸਥਿਤੀ ਉੱਤੇ ਪੂਰਾ ਕਾਬੂ ਪਾ ਲੈਂਦਾ ਸੀ ਅਤੇ ਉਸ ਮਗਰੋਂ ਐਲਾਨ ਕਰਦਾ ਸੀ ਕਿ ਮੇਰੀਆਂ ਫੌਜਾਂ ਸ਼ਾਮ ਨੂੰ ਚਾਰ ਵਜੇ ਉਸ ਸ਼ਹਿਰ ਉੱਤੇ ਹਮਲਾ ਕਰਨਗੀਆਂ ਅਤੇ ਸ਼ਾਮ ਨੂੰ ਸਤ ਵਜੇ ਸੰਸਾਰ ਭਰ ਦੇ ਖਬਰ-ਨਵੀਸਾਂ ਦੇ ਟਰੱਕ ਭਰ ਕੇ, ਉਨ੍ਹਾਂ ਨੂੰ 'ਤਿੰਨ ਘੰਟੇ' ਵਿਚ ਕੀਤੀ ਕਾਰਵਾਈ ਵਿਖਾ ਕੇ ਉਹ ਹੈਰਾਨ ਕਰ ਦਿੰਦਾ ਸੀ।

ਜੇ ਧਮਕੀ ਦੇਣ ਵਾਲੇ ਦੀ ਮਾਨਸਿਕ ਅਵਸਥਾ ਚੜ੍ਹਦੀ ਕਲਾ ਵਾਲੀ ਨਹੀਂ ਤਾਂ ਉਹ ਬਹੁਤਾ ਚਿਰ ਸਥਿਤੀ ਉੱਤੇ ਕਾਬੂ ਨਹੀਂ ਪਾ ਸਕਦਾ।

ਗੁਰੂ ਗੋਬਿੰਦ ਸਿੰਘ ਰਚਿਤ 'ਜ਼ਫਰਨਾਮਾ' ਔਰੰਗਜ਼ੇਬ ਨੂੰ ਧਮਕੀ ਸੀ, ਜਿਸ ਨੂੰ ਅਮਲੀ ਰੂਪ ਦੇਣ ਲਈ ਗੁਰੂ ਸਾਹਿਬ ਨੇ ਜਾਨ ਦੀ ਬਾਜ਼ੀ ਲਾਉਣੀ ਸੀ।

ਸਾਰੇ ਲੋਕ ਉਸ ਵਿਅਕਤੀ ਦਾ ਸਤਿਕਾਰ ਕਰਦੇ ਹਨ ਜੋ ਧਮਕੀ ਦੇ ਕੇ, ਲੋੜ ਪੈਣ 'ਤੇ ਉਸ ਨੂੰ ਅਮਲੀ ਰੂਪ ਦੇਵੇ।

ਆਮ ਕਰਕੇ ਵੇਖਿਆ ਗਿਆ ਹੈ ਕਿ ਲੋਕਾਂ ਦੀ ਵਧੇਰੇ ਹਮਦਰਦੀ ਧਮਕਾਏ ਹੋਏ ਵਿਅਕਤੀ ਨਾਲ ਹੁੰਦੀ ਹੈ ਪਰ ਇਹ ਹੁੰਦੀ ਤਾਂ ਹੀ ਹੈ ਜੇ ਉਹ ਮਰਦ ਦਾ ਬੱਚਾ ਹੋਵੇ ਅਤੇ

ਅੜ ਖਲੋਵੇ। ਕੁਝ ਦਹਾਕੇ ਪਹਿਲਾਂ ਅਰਜਨਟਾਈਨਾ ਨੇ ਫਾਕਲੈਂਡ ਦੇ ਟਾਪੂਆਂ ਉੱਤੇ ਆਪਣਾ ਕਬਜ਼ਾ ਮੁੜ ਸਥਾਪਤ ਕੀਤਾ ਤਾਂ ਬਰਤਾਨੀਆਂ ਨੇ ਉਸ ਨੂੰ ਲਲਕਾਰਿਆ ਪਰ ਦੁਨੀਆ ਭਰ ਦੇ ਪਹਿਲਾਂ ਗੁਲਾਮ ਰਹਿ ਚੁਕੇ ਪਰ ਹੁਣ ਆਜ਼ਾਦ ਮੁਲਕਾਂ ਦੀ ਹਮਦਰਦੀ ਅਰਜਨਟਾਈਨਾ ਨਾਲ ਸੀ।

ਸਾਡੀ ਧਮਕੀ ਵਿਚ ਸਾਡੇ ਚਰਿੱਤਰ, ਜੀਵਨ-ਅਨੁਭਵ, ਜੀਵਨ-ਆਦਰਸ਼ ਆਦਿ ਦੀ ਸਮੁੱਚੀ ਸ਼ਕਤੀ ਪ੍ਰਗਟ ਹੁੰਦੀ ਹੈ। ਧਮਕੀ ਦਾ ਸਾਹਮਣਾ ਕਰਨ ਲਈ ਧਮਕਾਉਣ ਵਾਲੇ ਨਾਲੋਂ ਉਚੇਰੇ ਚਰਿੱਤਰ, ਵਧੇਰੇ ਸ਼ਕਤੀਸ਼ਾਲੀ ਸੋਚ ਅਤੇ ਵਧੇਰੇ ਅਟੱਲ ਵਿਸ਼ਵਾਸ ਵਾਲੇ ਜੀਵਨ ਆਦਰਸ਼ ਦੀ ਲੋੜ ਹੁੰਦੀ ਹੈ।

ਆਧੁਨਿਕ ਯੁਗ ਵਿਚ ਸਮਾਜਵਾਦ, ਸਾਮਰਾਜਵਾਦ ਲਈ ਇਕ ਸ਼ਕਤੀਸ਼ਾਲੀ ਧਮਕੀ ਬਣਿਆ ਰਿਹਾ ਹੈ ਅਤੇ ਸਾਮਰਾਜਵਾਦੀ ਪ੍ਰਬੰਧ ਵਿਚ ਜੋ ਕੁਝ ਵੀ ਚੰਗਾ ਹੋ ਰਿਹਾ ਹੈ, ਜਿਵੇਂ ਕੰਮ ਦੇ ਨਿਸ਼ਚਿਤ ਘੰਟੇ, ਪੈਨਸ਼ਨ, ਡਾਕਟਰੀ ਸਹਾਇਤਾ ਅਤੇ ਹੋਰ ਸਹੂਲਤਾਂ ਆਦਿ, ਉਹ ਸਮਾਜਵਾਦ ਦੀ ਨਿਰੰਤਰ ਧਮਕੀ ਸਦਕਾ ਹੀ ਹੈ।

ਜਦੋਂ ਧਮਕੀ ਦੇਣ ਵਾਲੇ ਦੀ ਨੀਅਤ ਸਾਫ ਨਾ ਹੋਵੇ ਤਾਂ ਧਮਕੀ ਠੁੱਸ ਹੋ ਜਾਂਦੀ ਹੈ।

ਸਰਕਾਰ ਹਰ ਰੋਜ਼ ਵਪਾਰੀਆਂ, ਕਾਰਖਾਨੇਦਾਰਾਂ ਆਦਿ ਨੂੰ ਧਮਕੀਆਂ ਦਿੰਦੀ ਹੈ ਪਰ ਅਸਰ ਕੋਈ ਨਹੀਂ ਹੁੰਦਾ।

ਜਿਹੜੇ ਲੋਕ ਸੱਚ ਦੀ ਸਰਹੱਦ ਉੱਤੇ ਲੜਦੇ ਹਨ, ਉਹ ਕਿਸੇ ਵੀ ਧਮਕੀ ਦੀ ਪ੍ਰਵਾਹ ਨਹੀਂ ਕਰਦੇ। ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਨੂੰ ਧਮਕੀ ਦਿੱਤੀ ਸੀ ਪਰ ਅਸਰ ਉਲਟਾ ਹੋਇਆ ਸੀ ਅਤੇ ਬੜੇ ਦ੍ਰਿੜ੍ਹ ਇਰਾਦੇ ਵਾਲੇ ਵਿਅਕਤੀ ਪੈਦਾ ਹੋਏ ਸਨ।

ਵੀਹਵੀਂ ਸਦੀ ਦੇ ਮੁੱਢ ਵਿਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਬੱਬਰ ਅਕਾਲੀਆਂ ਨੇ ਅੰਗਰੇਜ਼ੀ ਸਰਕਾਰ ਦੇ ਟੋਡੀਆਂ ਨੂੰ ਖਤਮ ਕਰਨ ਦੀ ਧਮਕੀ ਦਿੱਤੀ ਸੀ ਅਤੇ ਕਈ ਟੋਡੀ, ਬੱਬਰਾਂ ਦੀ ਨਿਰਭੈਤਾ ਤੋਂ ਸਹਿਮ ਕੇ ਦਮ ਤੋੜ ਗਏ ਸਨ।

ਜਦੋਂ ਅਸੂਲ ਉੱਤੇ ਲੜ ਰਹੇ ਕਿਸੇ ਵਿਅਕਤੀ ਨੂੰ ਧਮਕੀ ਦਿੱਤੀ ਜਾਂਦੀ ਹੈ ਤਾਂ ਉਸ ਵਿਅਕਤੀ ਦੀ ਹਿੰਮਤ ਅਤੇ ਦਲੇਰੀ ਵੱਧ ਜਾਂਦੀ ਹੈ।

ਪੁਰਾਣੀਆਂ ਲੜਾਈਆਂ ਵਿਚ ਕਿਲ੍ਹਿਆਂ ਵਿਚ ਘਿਰ ਜਾਣ ਵਾਲੇ ਯੋਧੇ ਆਪਣੇ ਅਸੂਲਾਂ ਦੇ ਬਲ ਨਾਲ ਕਿੰਨਾ ਹੀ ਚਿਰ ਭੁੱਖ ਦਾ ਸਾਹਮਣਾ ਕਰਿਆ ਕਰਦੇ ਸਨ।

ਇਜ਼ਰਾਈਲ, ਅਰਬ ਦੇਸ਼ਾਂ ਵੱਲੋਂ ਨਿਰੰਤਰ ਧਮਕੀ ਕਾਰਨ ਸਦਾ ਸੁਚੇਤ ਰਹਿੰਦਾ ਹੈ।

ਧਮਕੀ ਦਾ ਉਦੇਸ਼ ਧਮਕਾਏ ਵਿਅਕਤੀ ਨੂੰ ਸਮਝੌਤੇ ਲਈ ਮਜਬੂਰ ਕਰਨਾ ਹੁੰਦਾ ਹੈ।

ਧਮਕੀ ਆਮ ਕਰਕੇ ਉਦੋਂ ਦਿੱਤੀ ਜਾਂਦੀ ਹੈ, ਜਦੋਂ ਸਮੱਸਿਆ ਦਾ ਹੋਰ ਕੋਈ ਹੱਲ ਸੰਭਵ ਨਹੀਂ ਹੁੰਦਾ। ਜਦੋਂ ਕਿਸੇ ਦਾ ਮਾਣ ਅਤੇ ਅਣਖ ਖਤਰੇ ਵਿਚ ਹੋਣ ਤਾਂ ਉਸ ਦੇ ਸਾਧਾਰਣ ਬੋਲ ਵੀ ਧਮਕੀ ਵਰਗੇ ਹੁੰਦੇ ਹਨ। ਜਦੋਂ ਕੋਈ ਵਿਅਕਤੀ ਆਪਣੀ ਮੰਗ ਮੰਨਵਾਉਣ ਲਈ ਮਰਨ, ਕੋਠੇ ਤੋਂ ਛਾਲ ਮਾਰਨ, ਨਹਿਰ ਵਿਚ ਡੁੱਬਣ ਆਦਿ ਦੀ ਧਮਕੀ

ਦਿੰਦਾ ਹੈ ਤਾਂ ਉਸ ਦਾ ਅਸਰ ਉਸੇ ਅਨੁਪਾਤ ਵਿਚ ਹੁੰਦਾ ਹੈ, ਜਿਸ ਗੰਭੀਰਤਾ ਨਾਲ ਅਜਿਹੀ ਧਮਕੀ ਦਿੱਤੀ ਜਾਂਦੀ ਹੈ।

ਜਦੋਂ ਕੋਈ ਗੁਮਨਾਮ ਜਿਹਾ ਵਿਅਕਤੀ ਵੀ ਆਪਣੀ ਗੱਲ ਮੰਨਵਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਾਉਣ ਦੀ ਧਮਕੀ ਦਿੰਦਾ ਹੈ ਤਾਂ ਉਸ ਨਾਲ ਸੰਬੰਧਿਤ ਸਾਰੇ ਵਿਅਕਤੀ ਪ੍ਰਭਾਵਿਤ ਹੁੰਦੇ ਹਨ। ਭਗਤ ਸਿੰਘ ਦੀ ਸ਼ਹੀਦੀ, ਦਰਸ਼ਨ ਸਿੰਘ ਫੇਰੂਮਾਨ ਦਾ ਮਰਨ-ਵਰਤ ਇਕ ਵਿਅਕਤੀ ਦੀ ਜ਼ਿੰਦਗੀ ਦਾ ਸੁਆਲ ਨਹੀਂ ਰਹਿੰਦਾ, ਸਗੋਂ ਸਮੁੱਚੀ ਕੌਮ ਅਤੇ ਸੂਬੇ ਦਾ ਸਵਾਲ ਬਣ ਜਾਂਦਾ ਹੈ।

ਇਕੱਲੇ-ਦੁਕੱਲੇ ਵਿਅਕਤੀ ਨੂੰ ਧਮਕਾਉਣਾ ਸੌਖਾ ਹੁੰਦਾ ਹੈ ਪਰ ਕਿਸੇ ਜਥੇਬੰਦਕ ਸ਼ਕਤੀ ਨੂੰ ਧਮਕਾਉਣਾ ਬਹੁਤ ਹੀ ਕਠਿਨ ਹੁੰਦਾ ਹੈ।

ਇਕ ਦੋ ਭਰਿੰਡਾਂ ਨੂੰ ਮਾਰਨਾ ਸੌਖਾ ਹੁੰਦਾ ਹੈ ਪਰ ਭਰਿੰਡਾਂ ਜਾਂ ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਨੂੰ ਹੱਥ ਪਾਉਣਾ ਬਹੁਤ ਹੀ ਕਠਿਨ ਕੰਮ ਹੁੰਦਾ ਹੈ।

ਜਾਨਵਰਾਂ ਵਿਚ ਵੀ ਧਮਕੀ ਦੀ ਖੁਲ੍ਹੀ ਵਰਤੋਂ ਕੀਤੀ ਜਾਂਦੀ ਹੈ।

ਮਨੁੱਖ ਨੇ ਧਮਕੀ ਦੀ ਆਦਤ ਸਿੱਖੀ ਹੀ ਜਾਨਵਰਾਂ ਤੋਂ ਹੈ। ਬਿੱਲੀ ਨੂੰ ਦੇਖ ਕੇ ਕਬੂਤਰ ਵੱਲੋਂ ਅੱਖਾਂ ਬੰਦ ਕਰਨੀਆਂ, ਬਿੱਲੀ ਦੀ ਧਮਕੀ ਸਾਹਮਣੇ ਗੋਡੇ ਟੇਕਣ ਦੀ ਹੀ ਪ੍ਰਕ੍ਰਿਆ ਹੈ।

ਜਿਨ੍ਹਾਂ ਲੋਕਾਂ, ਕੌਮਾਂ ਜਾਂ ਜਥੇਬੰਦੀਆਂ ਵਿਚ ਆਪਣੀ ਧਮਕੀ ਨੂੰ ਅਮਲੀ ਰੂਪ ਦੇਣ ਦੀ ਸਮਰੱਥਾ ਨਹੀਂ ਹੁੰਦੀ, ਉਹ ਧਮਕੀ ਦੇ ਕੇ ਆਪਣਾ ਮਾਣ-ਸਤਿਕਾਰ ਆਪ ਹੀ ਜ਼ਖਮੀ ਕਰਦੀਆਂ ਹਨ।

ਧਮਕੀ ਨਾ ਦੇਣੀ ਉੱਚੇ ਚਰਿੱਤਰ ਦੀ ਨਿਸ਼ਾਨੀ ਹੈ ਪਰ ਧਮਕੀ ਦੇ ਕੇ ਉਸ ਨੂੰ ਪੂਰਾ ਕਰਨਾ, ਦ੍ਰਿੜ੍ਹ ਇਰਾਦੇ ਦਾ ਪ੍ਰਮਾਣ ਹੁੰਦਾ ਹੈ।

ਜਦੋਂ ਵੀ ਧਮਕੀ ਦੇਣੀ ਹੋਵੇ, ਪਹਿਲਾਂ ਮਾਪ ਤੋਲ ਲਵੋ ਕਿ ਲੋੜ ਪੈਣ ਉੱਤੇ ਕੀ ਤੁਸੀਂ ਉਸ ਨੂੰ ਅਮਲੀ ਰੂਪ ਦੇ ਸਕੋਗੇ ?

***

ਦੁਰਘਟਨਾਵਾਂ

'ਦੁਰਘਟਨਾ' ਜਿਵੇਂ ਕਿ ਨਾਂ ਤੋਂ ਸਪਸ਼ਟ ਹੈ, ਅਜਿਹੀ ਘਟਨਾ ਨੂੰ ਕਹਿੰਦੇ ਹਨ, ਜਿਹੜੀ ਸਾਡੀ ਇੱਛਾ ਦੇ ਵਿਰੁੱਧ ਵਾਪਰਦੀ ਹੈ ਅਤੇ ਹਾਨੀਕਾਰਕ ਹੁੰਦੀ ਹੈ।

ਪੌੜੀਆਂ ਚੜ੍ਹਦਿਆਂ ਪੈਰ ਫਿਸਲਣਾ, ਸੜਕ ਪਾਰ ਕਰਦਿਆਂ ਟਰੱਕ ਥੱਲੇ ਆ ਜਾਣਾ, ਦੋ ਬੱਸਾਂ, ਗੱਡੀਆਂ ਦਾ ਆਪਸ ਵਿਚ ਟਕਰਾ ਜਾਣਾ, ਆਦਿ ਜਾਣੀਆਂ-ਪਛਾਣੀਆਂ ਦੁਰਘਟਨਾਵਾਂ ਹਨ।

ਕਈ ਲੋਕ ਕਹਿੰਦੇ ਹਨ ਕਿ ਦੁਰਘਟਨਾ ਤਾਂ ਬਸ ਐਵੇਂ ਹੋ ਜਾਂਦੀ ਹੈ।

ਕੋਈ ਸਮਾਂ ਸੀ ਜਦੋਂ ਕਿਸੇ ਵੀ ਦੁਰਘਟਨਾ ਨੂੰ ਰੱਬ ਦੀ ਕਰੋਪੀ ਦਾ ਨਾਂ ਦਿੱਤਾ ਜਾਂਦਾ ਸੀ ਪਰ ਆਧੁਨਿਕ ਮਨੋਵਿਗਿਆਨ ਨੇ ਸਿੱਧ ਕੀਤਾ ਹੈ ਕਿ ਹਰ ਦੁਰਘਟਨਾ ਅਤੇ ਘਟਨਾ ਪਿਛੇ ਕੁਝ ਨਿਸ਼ਚਿਤ ਕਾਰਨ ਹੁੰਦੇ ਹਨ, ਜਿਨ੍ਹਾਂ ਦਾ ਆਧਾਰ ਵਿਸ਼ੇਸ਼ ਸਮਾਜਿਕ ਪਰਿਸਥਿਤੀਆਂ ਵਿਚਲੀ ਮਨੁੱਖੀ ਸੋਚ ਅਤੇ ਸੰਬੰਧਿਤ ਧਿਰਾਂ ਦੀ ਮਾਨਸਿਕ ਹਾਲਤ ਹੁੰਦੀ ਹੈ।

ਹਰ ਇਕ ਦੁਰਘਟਨਾ ਦੇ ਕੁਝ ਸਮਾਜਿਕ ਕਾਰਨ ਹੁੰਦੇ ਹਨ, ਜਿਵੇਂ ਇਕਲੌਤੇ ਪੁੱਤਰ ਦੀ ਮੌਤ ਦੇ ਵਿਯੋਗ ਵਿਚ ਪਿਤਾ ਬੀਮਾਰ ਪੈਂਦਾ ਹੈ ਪਰ ਹੌਲੀ-ਹੌਲੀ ਆਪਣੇ ਨਿੱਤ ਦੇ ਕੰਮਾਂ ਵਿਚ ਰੁੱਝ ਜਾਂਦਾ ਹੈ। ਇਕ ਦਿਨ ਅਚਾਨਕ ਪਤਾ ਲਗਦਾ ਹੈ ਕਿ ਪੌੜੀਆਂ ਤੋਂ ਪੈਰ ਤਿਲ੍ਹਕਣ ਨਾਲ ਉਹ ਮਰ ਗਿਆ ਹੈ। ਫੌਰੀ ਕਾਰਨ ਭਾਵੇਂ ਪੈਰ ਤਿਲ੍ਹਕਣਾ ਹੈ ਪਰ ਅਸਲ ਕਾਰਨ ਪੁੱਤਰ ਦੀ ਮੌਤ ਉਪਰੰਤ ਉਸ ਦੀ ਸੋਚ ਵਿਚ ਆਈ ਅਸੰਤੁਲਨ ਦੀ ਭਾਵਨਾ ਹੈ।

ਆਧੁਨਿਕ ਸੰਸਾਰ ਵਿਚ ਲਗਭਗ ਪੈਂਤੀ ਵਰ੍ਹੇ ਦੀ ਉਮਰ ਤਕ ਮੌਤ ਦਾ ਵੱਡਾ ਕਾਰਨ ਕੋਈ ਨਾ ਕੋਈ ਦੁਰਘਟਨਾ ਹੀ ਹੁੰਦੀ ਹੈ। ਵੱਡੇ ਸ਼ਹਿਰਾਂ ਵਿਚ ਅਤੇ ਸ਼ਾਹ ਰਾਹਾਂ ਉਤੇ ਟੱਕਰਾਂ ਵਿਚ ਹਜ਼ਾਰਾਂ ਹੀ ਵਿਅਕਤੀ ਮਰਦੇ ਹਨ।

ਅਮਰੀਕਾ ਵਿਚ ਹਰ ਇਕ ਲੱਖ ਵਿਅਕਤੀਆਂ ਪਿਛੇ ਹਰ ਸਾਲ ਬਵੰਜਾ ਵਿਅਕਤੀ ਵੱਖ ਵੱਖ ਦੁਰਘਟਨਾਵਾਂ ਵਿਚ ਮਰਦੇ ਹਨ। ਭਾਰਤੀ ਰੇਲਾਂ ਵਿਚ ਹਰ ਇਕ ਲੱਖ ਸਵਾਰੀਆਂ ਪਿਛੇ ਇਕ ਸਵਾਰੀ ਕਿਸੇ ਦੁਰਘਟਨਾ ਦੀ ਭੇਟ ਚੜ੍ਹਦੀ ਹੈ।

ਕਿਸੇ ਥਾਂ ਇਕੱਠ ਹੋਣ ਦੀ ਸੂਰਤ ਵਿਚ ਲਗਭਗ ਇਕ ਲੱਖ ਵਿਅਕਤੀਆਂ ਪਿਛੇ ਔਸਤ ਇਕ ਬੰਦਾ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ। ਕੁੰਭ ਦੇ ਮੇਲੇ ਤੇ ਲੱਖਾਂ ਲੋਕ ਪੁਜਦੇ ਹਨ ਪਰ ਜੇ ਮੇਲੇ ਉਤੇ ਮਰਨ ਵਾਲਿਆਂ ਦੇ ਅੰਕੜੇ ਵੇਖੇ ਜਾਣ ਤਾਂ ਉਪਰੋਕਤ ਅਨੁਪਾਤ ਵਾਲੇ ਤੱਥਾਂ ਦੀ ਸਹਿਜੇ ਹੀ ਪੁਸ਼ਟੀ ਹੋ ਜਾਵੇਗੀ।

ਇਹ ਠੀਕ ਹੈ ਕਿ ਸਟੋਵ ਫੱਟਣ ਨਾਲ ਮਰਨ ਵਾਲੀਆਂ ਬਹੁਤੀਆਂ ਨੂੰਹਾਂ ਅਸਲ ਵਿਚ ਸਾੜੀਆਂ ਜਾਂਦੀਆਂ ਹਨ ਪਰ ਜਿਉਂ-ਜਿਉਂ ਸਟੋਵ ਦੀ ਵਰਤੋਂ ਵਧੇਗੀ ਤਿਉਂ-ਤਿਉਂ ਸਟੋਵ ਫੱਟਣ ਨਾਲ ਮੌਤਾਂ ਦੀ ਗਿਣਤੀ ਵੀ ਵਧੇਗੀ। ਘਰਾਂ ਵਿਚ ਹੋਣ ਵਾਲੀਆਂ ਦੁਰਘਟਨਾਵਾਂ ਵਿਚ ਬਹੁਗਿਣਤੀ ਅੱਗ ਨਾਲ ਸਬੰਧਿਤ ਹੁੰਦੀ ਹੈ ਅਤੇ ਮਰਨ ਵਾਲਿਆਂ ਵਿਚ ਲਗਭਗ ਸਾਰੀਆਂ ਹੀ ਔਰਤਾਂ ਹੁੰਦੀਆਂ ਹਨ।

ਜੇ ਔਰਤ ਅਕਸਰ ਘਰ ਅੰਦਰ ਅੱਗ ਨਾਲ ਜਲ ਕੇ ਜਾਂ ਕਿਸੇ ਹੋਰ ਦੁਰਘਟਨਾ ਕਾਰਨ ਘਰ ਦੇ ਅੰਦਰ ਮਰਦੀ ਹੈ ਤਾਂ ਪੁਰਸ਼ ਆਮ ਕਰਕੇ ਸੜਕ ਉਤੇ ਜਾਂ ਬਾਹਰ ਕਿਸੇ ਹੋਰ ਹਾਦਸੇ ਦਾ ਸ਼ਿਕਾਰ ਹੁੰਦਾ ਹੈ।

ਵੱਖ-ਵੱਖ ਉਮਰਾਂ ਨਾਲ ਵੱਖ ਵੱਖ ਪ੍ਰਕਾਰ ਦੀਆਂ ਦੁਰਘਟਨਾਵਾਂ ਜੁੜੀਆਂ ਹੁੰਦੀਆਂ ਹਨ। ਪੰਜ ਸਾਲ ਤੱਕ ਦੇ ਬੱਚੇ ਆਮ ਕਰਕੇ ਅੱਗ ਨਾਲ ਝੁਲਸੇ ਜਾਂਦੇ ਹਨ ਜਾਂ ਡੁੱਬਦੇ ਹਨ ਜਾਂ ਸੱਟ-ਫੇਟ ਲਗਣ ਕਾਰਨ ਮਰਦੇ ਹਨ।

ਕਾਰਾਂ, ਟਰੱਕਾਂ ਦੀਆਂ ਦੁਰਘਟਨਾਵਾਂ ਵਿਚ ਮਰਨ ਵਾਲੇ ਆਮ ਕਰਕੇ ਜਵਾਨ ਵਿਅਕਤੀ ਹੁੰਦੇ ਹਨ, ਕਿਉਂਕਿ ਉਨ੍ਹਾਂ ਵਿਚ ਹੀ ਲੋੜ ਨਾਲੋਂ ਤੇਜ਼ ਰਫਤਾਰ ਚਲਾਉਣ ਦੀ ਪ੍ਰਵਿਰਤੀ ਬਲਵਾਨ ਹੁੰਦੀ ਹੈ।

ਤਿਲ੍ਹਕ ਕੇ ਮਰਨ ਦੀ ਬਹੁਤੀ ਸੰਭਾਵਨਾ ਬੁਢਾਪੇ ਵਿਚ ਹੁੰਦੀ ਹੈ।

ਰੇਲ ਅਤੇ ਬੱਸ ਹਾਦਸੇ ਆਮ ਕਰਕੇ ਡਰਾਈਵਰ ਦੀ ਅਣਗਹਿਲੀ ਕਾਰਨ ਹੁੰਦੇ ਹਨ। ਅਜਿਹੇ ਹਾਦਸਿਆਂ ਵਿਚ ਸਭ ਉਮਰਾਂ ਦੇ ਵਿਅਕਤੀ ਮਰਦੇ ਹਨ।

ਵੱਖ-ਵੱਖ ਉਮਰਾਂ ਵੱਖ-ਵੱਖ ਮਨੋਵਿਗਿਆਨਕ ਸਥਿਤੀਆਂ ਦੀਆਂ ਲਖਾਇਕ ਹੁੰਦੀਆਂ ਹਨ। ਵੱਖ-ਵੱਖ ਧੰਦਿਆਂ ਵਿਚ ਰੁੱਝੇ ਲੋਕ ਵੱਖ-ਵੱਖ ਹਾਦਸਿਆਂ ਅਤੇ ਦੁਰਘਟਨਾਵਾਂ ਦਾ ਸ਼ਿਕਾਰ ਹੁੰਦੇ ਹਨ।

ਡਰਾਈਵਰ, ਖਾਣਾਂ ਵਿਚ ਕੰਮ ਕਰਨ ਵਾਲੇ, ਮਸ਼ੀਨਮੈਨ, ਇਮਾਰਤਸਾਜ਼ ਆਦਿ ਸਦਾ ਹੀ ਮੌਤ ਦੇ ਨੇੜੇ ਹੁੰਦੇ ਹਨ ਪਰ ਦੂਜੇ ਪਾਸੇ ਦੁਕਾਨਦਾਰ, ਦਰਜ਼ੀ, ਸੁਨਿਆਰੇ, ਅਧਿਆਪਕ, ਚੌਕੀਦਾਰ ਆਦਿ ਆਪਣੇ ਕੰਮ ਦੀ ਪ੍ਰਕਾਰ ਕਾਰਨ ਵਧੇਰੇ ਸੁਰੱਖਿਅਤ ਰਹਿੰਦੇ ਹਨ। ਜਿਸ ਕੰਮ ਵਿਚ ਸਾਡੀ ਦਿਲਚਸਪੀ ਹੋਵੇ ਜਾਂ ਸਾਡਾ ਮਨ ਲੱਗੇ, ਉਸ ਕੰਮ ਵਿਚ ਦੁਰਘਟਨਾ ਦੀ ਸੰਭਾਵਨਾ ਘੱਟ ਹੁੰਦੀ ਹੈ।

ਜੇ ਕਿਸੇ ਡਰਾਈਵਰ ਨੂੰ ਉਸ ਦੀ ਮਰਜ਼ੀ ਦੇ ਉਲਟ ਕਿਸੇ ਰੂਟ ਉਤੇ ਭੇਜਿਆ ਜਾਵੇ ਤਾਂ ਦੁਰਘਟਨਾ ਦੀ ਸੰਭਾਵਨਾ ਕਈ ਗੁਣਾਂ ਵੱਧ ਜਾਂਦੀ ਹੈ।

ਕੁਝ ਵਿਅਕਤੀ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀ ਸੋਚ ਉਨ੍ਹਾਂ ਦੇ ਹੱਥਾਂ ਨਾਲ ਇਕਸੁਰ ਨਹੀਂ ਹੁੰਦੀ ਅਤੇ ਕਈ ਪੂਰੇ ਧਿਆਨ ਨਾਲ ਕੰਮ ਨਹੀਂ ਕਰਦੇ।

ਅਜਿਹੇ ਵਿਅਕਤੀ ਵਧੇਰੇ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ ਅਤੇ ਵਧੇਰੇ ਹਾਦਸਿਆਂ ਨੂੰ ਜਨਮ ਦਿੰਦੇ ਹਨ।

ਉਦਾਹਰਣ ਵਜੋਂ ਕਈ ਡਰਾਈਵਰ ਖਾਲੀ ਸੜਕ ਉਤੇ ਵੀ ਲਗਾਤਾਰ ਅਤੇ ਮੁੜ-ਮੁੜ ਹਾਰਨ ਵਜਾਉਂਦੇ ਹਨ। ਉਨ੍ਹਾਂ ਦੇ ਮਨ ਵਿਚਲਾ ਤਣਾਓ ਉਨ੍ਹਾਂ ਦੇ ਹਾਰਨ ਵਜਾਉਣ ਦੀ ਆਦਤ ਵਿਚ ਪ੍ਰਗਟ ਹੁੰਦਾ ਹੈ।

ਜਦੋਂ ਸਵਾਰੀਆਂ ਡਰਾਈਵਰ ਨਾਲ ਲੜ ਪੈਣ ਤਾਂ ਡਰਾਈਵਰ ਦਾ ਮਾਨਸਿਕ ਸੰਤੁਲਨ ਵਿਗੜ ਜਾਣ ਕਾਰਨ ਦੁਰਘਟਨਾ ਦਾ ਡਰ ਬਣਿਆ ਰਹਿੰਦਾ ਹੈ।

ਕਾਮ-ਅਤ੍ਰਿਪਤੀ, ਗੁੱਸੇ ਨੂੰ ਜਨਮਦੀ ਹੈ, ਗੁੱਸਾ ਸਾਡੇ ਮਾਨਸਿਕ ਸੰਤੁਲਨ ਨੂੰ ਵਿਗਾੜਦਾ ਹੈ ਅਤੇ ਵਿਗੜਿਆ ਮਾਨਸਿਕ ਸੰਤੁਲਨ ਸਾਡੇ ਵਿਚ ਕਾਹਲ, ਚਿੜਚਿੜਾਪਣ ਅਤੇ ਨਫ਼ਰਤ ਉਪਜਾਉਂਦਾ ਹੈ।

ਇਹ ਸਾਰੀਆਂ ਗੱਲਾਂ ਰਲ ਕੇ ਡਰਾਈਵਰ ਨੂੰ ਇਕ ਅਸਾਧਾਰਨ ਵਿਅਕਤੀ ਬਣਾਉਂਦੀਆਂ ਹਨ ਅਤੇ ਅਜਿਹੇ ਵਿਅਕਤੀ ਦਾ ਅਸਾਧਾਰਨ ਵਰਤਾਰਾ ਕਿਸੇ ਦੁਰਘਟਨਾ ਨਾਲ ਸਾਡੇ ਸਾਹਮਣੇ ਆਉਂਦਾ ਹੈ।

ਟਰੱਕ ਦੀ ਟੱਕਰ ਜਾਂ ਤਵੇ ਉੱਤੇ ਰੋਟੀ ਦਾ ਸੜ ਜਾਣਾ ਜਾਂ ਬੱਚੇ ਵੱਲੋਂ ਕਪੜਿਆਂ ਉਤੇ ਸਿਆਹੀ ਡੁਲ੍ਹ ਜਾਣੀ ਆਦਿ ਪਿਛੇ ਕਾਰਨ ਮਨੋਵਿਗਿਆਨਕ ਹੀ ਹੁੰਦੇ ਹਨ।

ਵੇਖਿਆ ਗਿਆ ਹੈ ਕਿ ਧੀਆਂ ਦੇ ਬਾਪ-ਡਰਾਈਵਰ ਕੇਵਲ ਪੁੱਤਰਾਂ ਦੇ ਬਾਪ-ਡਰਾਈਵਰਾਂ ਦੇ ਮੁਕਾਬਲੇ ਵਧੇਰੇ ਚੌਕਸੀ ਵਰਤਦੇ ਹਨ। ਜਵਾਨ ਡਰਾਈਵਰ, ਪ੍ਰੌੜ੍ਹ ਉਮਰ ਦੇ ਡਰਾਈਵਰਾਂ ਨਾਲੋਂ ਵਧੇਰੇ ਖਤਰੇ ਮੁੱਲ ਲੈਂਦੇ ਹਨ।

ਦੋ ਬੱਸਾਂ ਵਿਚ ਅੱਗੇ ਲੰਘਣ ਦੀ ਦੌੜ ਦਾ ਇਕ ਕਾਰਨ, ਦੋਹਾਂ ਡਰਾਈਵਰਾਂ ਦੀ ਇਕੋ ਜਿਹੀ ਉਮਰ ਹੁੰਦੀ ਹੈ।

ਵੱਡੀ ਕੰਪਨੀ ਦਾ ਡਰਾਈਵਰ ਛੋਟੀ ਕੰਪਨੀ ਦੇ ਡਰਾਈਵਰ ਨੂੰ ਪਿੱਛੇ ਛੱਡਣਾ ਚਾਹੁੰਦਾ ਹੈ ਪਰ ਛੋਟੀ ਕੰਪਨੀ ਦਾ ਡਰਾਈਵਰ ਆਪਣੀ ਕੰਪਨੀ ਦੇ ਛੋਟੇਪਣ ਨੂੰ ਅੱਗੇ ਰਹਿ ਕੇ ਵੱਡੇਪਣ ਵਿਚ ਬਦਲਣ ਦਾ ਇੱਛਕ ਹੁੰਦਾ ਹੈ। ਇਵੇਂ ਹੀ ਨਵੀਂ ਲਈ ਕਾਰ ਦਾ ਮਾਲਕ, ਪੁਰਾਣੀ ਕਾਰ ਨੂੰ ਪਿੱਛੇ ਛੱਡਣਾ ਆਪਣਾ ਹੱਕ ਸਮਝਦਾ ਹੈ।

ਜਿਹੜੇ ਡਰਾਈਵਰ ਕਾਰ ਜਾਂ ਬੱਸ ਬਹੁਤ ਹੀ ਤੇਜ਼ ਚਲਾਉਂਦੇ ਹਨ, ਉਨ੍ਹਾਂ ਵਿਚ ਜੂਏਬਾਜ਼ੀ ਅਤੇ ਬਲਾਤਕਾਰੀ ਰੁਚੀਆਂ ਪ੍ਰਬਲ ਹੁੰਦੀਆਂ ਹਨ ਅਤੇ ਸਮੁੱਚੇ ਜੀਵਨ ਵਿਚ ਵੀ ਉਹ ਵੱਧ ਖਤਰੇ ਸਹੇੜਦੇ ਹਨ।

ਚੁਸਤ-ਬੁੱਧੀ ਵਾਲੇ ਵਿਅਕਤੀ ਦੁਰਘਟਨਾ ਹੋਣ ਦੀ ਸੂਰਤ ਵਿਚ ਵੀ ਅੰਤ ਤੱਕ ਸੁਚੇਤ ਰਹਿੰਦੇ ਹਨ। ਢਿੱਲੇ ਡਰਾਈਵਰਾਂ ਨੂੰ ਸੱਟਾਂ ਲੱਗਣ ਮਗਰੋਂ ਬੇਹੋਸ਼ੀ ਨਹੀਂ ਹੁੰਦੀ, ਸਗੋਂ ਬਹੁਤੀਆਂ ਸੱਟਾਂ ਉਨ੍ਹਾਂ ਨੂੰ ਲਗਦੀਆਂ ਹੀ ਬੇਹੋਸ਼ੀ ਉਪਰੰਤ ਜਾਂ ਮਰਨ ਉਪਰੰਤ ਹਨ। ਗੱਡੀ ਅਤੇ ਬਸ ਉਲਟਣ ਦੀਆਂ ਬਹੁਤੀਆਂ ਹਾਲਤਾਂ ਵਿਚ ਅਤੇ ਵਿਸ਼ੇਸ਼ ਕਰਕੇ ਰੇਲ-ਦੁਰਘਟਨਾਵਾਂ ਵਿਚ ਵਿਅਕਤੀ ਮਰ ਪਹਿਲਾਂ ਜਾਂਦੇ ਹਨ ਅਤੇ ਉਨ੍ਹਾਂ ਦੇ ਸਰੀਰਾਂ ਨੂੰ ਸੱਟਾਂ ਅਕਸਰ ਮਗਰੋਂ ਲਗਦੀਆਂ ਹਨ।

ਸੁਭਾਵਿਕ ਹੀ ਜਿੰਨੀਆਂ ਕਿਸੇ ਨੂੰ ਜ਼ਿੰਮੇਵਾਰੀਆਂ ਘੱਟ ਹੋਣਗੀਆਂ ਉਤਨਾ ਹੀ ਉਹ ਵਧੇਰੇ ਲਾਪ੍ਰਵਾਹ ਹੋਵੇਗਾ। ਜਿਹੜੇ ਮਾਪੇ ਲੋੜ ਬਿਨਾਂ ਹੀ ਆਪਣੇ ਮੁੰਡਿਆਂ ਨੂੰ ਮੋਟਰ ਸਾਈਕਲ ਜਾਂ ਕਾਰ ਲੈ ਦਿੰਦੇ ਹਨ, ਅਜਿਹੇ ਮੋਟਰ ਸਾਈਕਲਾਂ ਅਤੇ ਕਾਰਾਂ ਦੀ ਦੁਰਵਰਤੋਂ ਕਾਰਨ ਹਾਦਸਿਆਂ ਦੀ ਗਿਣਤੀ ਵਧੇਰੇ ਹੁੰਦੀ ਹੈ।

ਆਮ ਜੀਵਨ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਸਾਡੇ ਜੀਵਨ ਵਿਚ ਦੁਰਘਟਨਾਵਾਂ ਦੇ ਘੱਟ-ਵੱਧ ਹੋਣ ਦਾ ਕਾਰਨ ਹੁੰਦਾ ਹੈ।

ਝੱਟਪੱਟ ਗੁੱਸੇ ਹੋਣ, ਰੁੱਸ ਜਾਣ ਅਤੇ ਲੜ ਪੈਣ ਵਾਲੇ ਵਿਅਕਤੀਆਂ ਨੇ ਹਰ ਵੇਲੇ ਕਿਧਰੇ ਨਾ ਕਿਧਰੇ ਪੱਟੀ ਬੰਨ੍ਹੀ ਹੁੰਦੀ ਹੈ।

ਅਜਿਹੇ ਵਿਅਕਤੀ ਲੋੜ ਨਾਲੋਂ ਉੱਚਾ ਬੋਲਦੇ ਹਨ, ਵਧੇਰੇ ਹਰਕਤਾਂ ਕਰਦੇ ਹਨ ਅਤੇ ਕਾਹਲੇ ਹੁੰਦੇ ਹਨ।

ਜਿਹੜੇ ਲੋਕ ਵਧੇਰੇ ਹੀ ਫੈਸ਼ਨ ਵਾਲੇ ਕਪੜੇ ਪਹਿਨਦੇ ਹਨ, ਸ਼ੀਸ਼ੇ ਸਾਹਮਣੇ ਵਧੇਰੇ ਸਮਾਂ ਗੁਜ਼ਾਰਦੇ ਹਨ ਅਤੇ ਮੈਂ, ਮੈਂ ਵਧੇਰੇ ਉਚਾਰਦੇ ਹਨ, ਉਹ ਹਰ ਸਥਿਤੀ 'ਚ ਅੱਗੇ ਰਹਿਣ ਦੀ ਭੁੱਖ ਕਾਰਨ ਵਧੇਰੇ ਹਾਦਸੇ ਕਰਦੇ ਹਨ।

ਵੇਖਿਆ ਗਿਆ ਹੈ ਕਿ ਧਾਰਮਿਕ ਬਿਰਤੀ ਵਾਲੇ ਵਿਅਕਤੀ ਹਰ ਇਕ ਚੀਜ਼ ਨੂੰ ਵਧੇਰੇ ਸਹਿਜ ਅਤੇ ਸਬਰ-ਸੰਤੋਖ ਨਾਲ ਵਰਤਦੇ ਹਨ ਅਤੇ ਆਮ ਕਰਕੇ ਗੰਭੀਰ ਦੁਰਘਟਨਾਵਾਂ ਤੋਂ ਬਚੇ ਰਹਿੰਦੇ ਹਨ।

ਇਵੇਂ ਹੀ ਬਾਲ-ਬੱਚੇਦਾਰ ਡਰਾਈਵਰ, ਅਣਵਿਆਹੇ ਡਰਾਈਵਰ ਨਾਲੋਂ ਵਧੇਰੇ ਸਾਵਧਾਨੀ ਨਾਲ ਡਰਾਈਵਿੰਗ ਕਰਦੇ ਹਨ।

ਖੁਦਗਰਜ਼ ਜਾਂ ਸੌੜੀ ਅਤੇ ਸਾੜੇ-ਭਰੀ ਸੋਚ ਵਾਲਾ ਵਿਅਕਤੀ ਆਪਣੀ ਹਉਮੈ ਕਾਰਨ ਆਪਣਾ ਅਤੇ ਦੂਜਿਆਂ ਦਾ ਵਧੇਰੇ ਨੁਕਸਾਨ ਕਰਦਾ ਹੈ।

ਕਿਉਂਕਿ ਔਰਤਾਂ ਦੇ ਮੁਕਾਬਲੇ ਪੁਰਸ਼ਾਂ ਦਾ ਜੀਵਨ ਵਧੇਰੇ ਤਣਾਓ ਭਰਿਆ, ਤੇਜ਼ੀ ਅਤੇ ਕਾਹਲੀ ਵਾਲਾ ਹੁੰਦਾ ਹੈ, ਇਸੇ ਕਰਕੇ ਦੁਰਘਟਨਾਵਾਂ ਵਿਚ ਮਰਨ ਵਾਲਿਆਂ ਵਿਚੋਂ ਤਿੰਨ-ਚੌਥਾਈ ਪੁਰਸ਼ ਹੁੰਦੇ ਹਨ। ਜਿਹੜੀਆਂ ਦੁਰਘਟਨਾਵਾਂ ਵਿਚ ਔਰਤਾਂ ਮਰਦੀਆਂ ਹਨ, ਉਨ੍ਹਾਂ ਘਟਨਾਵਾਂ ਦੇ ਵੀ ਸਿੱਧੇ ਜ਼ਿੰਮੇਵਾਰ ਪੁਰਸ਼ ਹੀ ਹੁੰਦੇ ਹਨ।

ਉਂਜ ਵੀ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਹਰ ਕੰਮ ਵਧੇਰੇ ਚੌਕਸੀ ਨਾਲ ਕਰਦੀਆਂ ਹਨ ਅਤੇ ਉਨ੍ਹਾਂ ਵਿਚ ਖਤਰੇ ਮੁੱਲ ਲੈਣ ਦੀ ਬਿਰਤੀ ਵੀ ਘੱਟ ਹੁੰਦੀ ਹੈ।

ਇਥੇ ਇਹ ਦੱਸਣਾ ਯੋਗ ਪ੍ਰਤੀਤ ਹੁੰਦਾ ਹੈ ਕਿ ਦੁਰਘਟਨਾਵਾਂ ਸਾਡੇ ਜੀਵਨ ਦਾ ਅੰਗ ਹਨ। ਕਦੇ ਵੀ ਅਜਿਹੀ ਸਥਿਤੀ ਨਹੀਂ ਆਵੇਗੀ, ਜਦੋਂ ਦੁਰਘਟਨਾਵਾਂ ਬਿਲਕੁਲ ਖਤਮ ਹੋ ਜਾਣਗੀਆਂ।

ਸਾਨੂੰ ਸਾਰਿਆਂ ਨੂੰ ਅਚਾਨਕ ਵਾਪਰਨ ਵਾਲੀ ਦੁਰਘਟਨਾ ਬਰਦਾਸ਼ਤ ਕਰਨ ਦੀ ਯੋਗਤਾ ਪੈਦਾ ਕਰਨੀ ਚਾਹੀਦੀ ਹੈ।

ਵੇਖਿਆ ਗਿਆ ਹੈ ਕਿ ਦੁਰਘਟਨਾ ਨਾਲ ਉਤਨਾ ਨੁਕਸਾਨ ਨਹੀਂ ਹੁੰਦਾ, ਜਿੰਨਾ ਘਬਰਾਹਟ ਨਾਲ ਹੁੰਦਾ ਹੈ। ਥਕਾਵਟ, ਬੀਮਾਰੀ, ਨਸ਼ਾ ਆਦਿ ਸਾਡੇ ਵਿਚ ਦੁਰਘਟਨਾ ਨੂੰ ਸਹਾਰ ਸਕਣ ਦੀ ਸਮਰੱਥਾ ਘਟਾਉਂਦੇ ਹਨ।

ਚੰਗਾ ਇਹੀ ਹੈ ਕਿ ਜਦੋਂ ਅਸੀਂ ਬਹੁਤ ਥੱਕੇ, ਮਾਯੂਸ, ਗੁੱਸੇ, ਖੁਸ਼ ਜਾਂ ਆਪਣੇ ਲੋਰ ਵਿਚ ਹੋਈਏ ਤਾਂ ਘਰ ਹੀ ਰਹੀਏ, ਕਿਉਂਕਿ ਅਜਿਹੀ ਅਸਾਧਾਰਨ ਸਥਿਤੀ ਵਿਚ ਹੀ ਵਧੇਰੇ ਹਾਦਸੇ ਹੁੰਦੇ ਹਨ।

ਨਿਰਾਸ਼ ਅਤੇ ਮਾਯੂਸ ਵਿਅਕਤੀ ਖਤਰੇ ਤੋਂ ਬਚਣ ਦੀ ਥਾਂ ਖਤਰੇ ਨੂੰ ਮੁੱਲ ਲੈਣ ਵਾਲੇ ਪਾਸੇ ਤੁਰ ਪੈਂਦਾ ਹੈ।

ਇਵੇਂ ਹੀ ਬਹੁਤ ਖੁਸ਼ ਵਿਅਕਤੀ ਖਤਰੇ ਨੂੰ ਖਤਰਾ ਨਹੀਂ ਸਮਝਦਾ।

ਜਿਵੇਂ ਦੁਰਘਟਨਾਵਾਂ ਦਾ ਕੋਈ ਇਕ ਕਾਰਨ ਨਹੀਂ ਹੁੰਦਾ, ਇਵੇਂ ਹੀ ਇਨ੍ਹਾਂ ਤੋਂ ਬਚਣ ਦਾ ਵੀ ਕੋਈ ਇਕ ਢੰਗ ਨਹੀਂ ਹੁੰਦਾ।

ਜਦੋਂ ਆਲੇ-ਦੁਆਲੇ ਅਤੇ ਵਿਅਕਤੀ ਵਿਚ ਸੰਤੁਲਨ ਨਹੀਂ ਰਹਿੰਦਾ ਤਾਂ ਉਦੋਂ ਹੀ ਕੋਈ ਹਾਦਸਾ ਜਨਮ ਲੈਂਦਾ ਹੈ।

ਚੰਗੀਆਂ ਦੋਹਰੀਆਂ ਸੜਕਾਂ, ਸੁਰੱਖਿਅਤ ਕਾਰਾਂ, ਬੱਸਾਂ, ਬੈਠਣ ਦਾ ਠੀਕ ਢੰਗ, ਬੱਸ ਦੀ ਬਾਡੀ ਦਾ ਡੀਜ਼ਾਈਨ ਆਦਿ ਵੱਲ ਤਾਂ ਧਿਆਨ ਦੇਣ ਦੀ ਲੋੜ ਹੈ ਹੀ ਪਰ ਵਿਅਕਤੀਗਤ ਤੌਰ ਉਤੇ ਸਾਨੂੰ ਲੋੜੀਂਦੀ ਨੀਂਦ ਪ੍ਰਾਪਤ ਕਰਨੀ ਚਾਹੀਦੀ ਹੈ।

ਬਹੁਤੇ ਟਰੱਕ ਹਾਦਸੇ ਡਰਾਈਵਰ ਦੇ ਉਨੀਂਦਰੇਪਣ ਕਾਰਨ ਜਾਂ ਟਰੱਕ ਚਲਾਉਂਦੇ ਸਮੇਂ ਸੌਂ ਜਾਣ ਕਾਰਨ ਹੁੰਦੇ ਹਨ।

ਕਿਸੇ ਨਸ਼ੇ ਅਧੀਨ ਕੋਈ ਵੀ ਕੰਮ ਠੀਕ ਨਹੀਂ ਹੋ ਸਕਦਾ।

ਸੰਤੁਲਤ ਸੋਚ ਅਤੇ ਤੰਦਰੁਸਤ ਸਰੀਰ, ਦੁਰਘਟਨਾਵਾਂ ਤੋਂ ਬੱਚਣ ਦੇ ਦੋ ਮੁੱਖ ਸਾਧਨ ਮੰਨੇ ਗਏ ਹਨ।

ਸਰੀਰ ਅਤੇ ਸੋਚ ਦੀ ਤੰਦਰੁਸਤੀ ਹੀ ਸਭ ਤੋਂ ਵੱਡਾ ਬਚਾਓ ਹੁੰਦੀ ਹੈ।

ਭਾਵੇਂ ਤੁਸੀਂ ਕੰਵਾਰੇ ਹੋ ਭਾਵੇਂ ਵਿਆਹੇ ਹੋਏ, ਬੇਮੁਹਾਰੀ ਤੇਜ਼ ਰਫਤਾਰ ਨੂੰ ਤਲਾਕ ਦੇ ਦਿਓ, ਬੜੇ ਸੁਖੀ ਅਤੇ ਸੁਰੱਖਿਅਤ ਰਹੋਗੇ।

***

ਸ਼ਰਾਬੀ ਅਤੇ ਸ਼ਰਾਬ

ਸ਼ਰਾਬੀ ਦੇ ਅਰਥ ਉਸ ਵਿਅਕਤੀ ਤੋਂ ਹਨ, ਜਿਹੜਾ ਲੋੜ ਅਤੇ ਸਮਰੱਥਾ ਅਨੁਸਾਰ ਨਹੀਂ, ਸਗੋਂ ਆਦਤ ਵੱਸ ਸ਼ਰਾਬ ਪੀਂਦਾ ਹੈ।

ਹਰ ਸ਼ਰਾਬੀ ਆਪਣੇ ਸ਼ਰਾਬ ਪੀਣ ਸਬੰਧੀ ਕਈ ਦਲੀਲਾਂ ਦੇ ਸਕਦਾ ਹੈ।

ਕੰਮ ਦੀ ਬੋਰੀਅਤ, ਇਕੱਲਤਾ, ਇਸ਼ਕ ਵਿਚ ਅਸਫਲਤਾ ਕਾਰਨ ਗਮ, ਸੰਗੀਤਕਾਰ, ਕਲਾਕਾਰ ਜਾਂ ਕਵੀ ਹੋਣ ਦੀ ਸਥਿਤੀ, ਪਤਨੀ ਤੋਂ ਅਸੰਤੁਸ਼ਟਤਾ, ਕਿਸੇ ਦੁੱਖ ਜਾਂ ਖੁਸ਼ੀ ਦਾ ਮੌਕਾ ਆਦਿ ਉਸ ਦੇ ਕੁਝ ਬਹਾਨੇ ਹੋ ਸਕਦੇ ਹਨ ਪਰ ਇਹ ਸਭ ਬਹਾਨੇ ਮਾਤਰ ਹੀ ਹਨ।

ਅਸਲ ਸਮੱਸਿਆ ਸ਼ਰਾਬੀ ਵਲੋਂ ਸਮਾਜਿਕ ਰੋਲ ਅਦਾ ਕਰਨ ਦੀ ਅਸਮਰੱਥਾ ਤੋਂ ਉਪਜੀ ਦੋਸ਼-ਭਾਵਨਾ ਹੁੰਦੀ ਹੈ।

ਨਿਰਾਸਤਾ ਜਾਂ ਉਪਰਾਮਤਾ ਅਤੇ ਆਪਣੇ ਕੰਮ ਪ੍ਰਤੀ ਅਰੁਚੀ ਉਸ ਨੂੰ ਇਕ ਸਾਧਾਰਨ ਵਿਅਕਤੀ ਨਹੀਂ ਰਹਿਣ ਦਿੰਦੀ ਅਤੇ ਉਸ ਦਾ ਵਰਤਾਰਾ ਵੀ ਅਸਾਧਾਰਨ ਹੋ ਨਿਬੜਦਾ ਹੈ ਅਤੇ ਕਿਉਂਕਿ ਖਾਣ-ਪੀਣ ਜ਼ਿੰਦਗੀ ਦਾ ਇਕ ਮਹੱਤਵਪੂਰਣ ਅਮਲ ਹੈ, ਇਸ ਲਈ ਸਭ ਤੋਂ ਪਹਿਲਾਂ ਇਸ ਅਮਲ ਵਿਚ ਤਬਦੀਲੀ ਆਉਂਦੀ ਹੈ। ਅਜਿਹੇ ਵਿਅਕਤੀ ਦੀ ਗੱਲਬਾਤ, ਕਮਾਉਣ, ਖਰਚਣ, ਪਹਿਨਣ, ਦੂਜਿਆਂ ਪ੍ਰਤੀ ਸਤਿਕਾਰ ਆਦਿ ਸਭ ਪ੍ਰਕਾਰ ਦੀਆਂ ਆਦਤਾਂ ਵਿਚ ਵੀ ਤਬਦੀਲੀ ਆਉਂਦੀ ਹੈ।

ਨਿਰਸੰਦੇਹ ਸ਼ਰਾਬ ਦੀ ਆਦਤ ਮਹਿੰਗੀ ਹੋਣ ਕਾਰਨ ਅਤੇ ਸਰੀਰ ਉੱਤੇ ਇਸ ਦੇ ਸਪਸ਼ਟ ਮਾਰੂ ਪ੍ਰਭਾਵਾਂ ਕਾਰਨ ਆਲੇ-ਦੁਆਲੇ ਦੇ ਲੋਕਾਂ ਦਾ ਇਹ ਵਧੇਰੇ ਧਿਆਨ ਖਿੱਚਦੀ ਹੈ ਅਰਥਾਤ ਸੰਬੰਧੀਆਂ ਦੀ ਚਿੰਤਾ ਦਾ ਕਾਰਨ ਬਣਦੀ ਹੈ।

ਇਹ ਸਮੱਸਿਆ ਬੜੀ ਗੁੰਝਲਦਾਰ ਹੈ।

ਹਰ ਸ਼ਰਾਬੀ ਦੀ ਵਿਲੱਖਣ ਸ਼ਖਸੀਅਤ ਅਤੇ ਉਸ ਦੀ ਮਾਨਸਿਕ ਪੱਧਰ ਰਲ ਕੇ ਸਥਿਤੀ ਨੂੰ ਇਸ ਹੱਦ ਤਕ ਗੰਭੀਰ ਅਤੇ ਗੁੰਝਲਦਾਰ ਬਣਾ ਦਿੰਦੀਆਂ ਹਨ ਕਿ ਕਿਸੇ ਵੀ ਦੋ ਸ਼ਰਾਬੀਆਂ ਉਤੇ ਇਕੋ ਫਾਰਮੂਲਾ ਲਾਗੂ ਨਹੀਂ ਹੋ ਸਕਦਾ।

ਮਹੱਤਵਪੂਰਣ ਗੱਲ ਇਹ ਜਾਣਨਾ ਹੁੰਦੀ ਹੈ ਕਿ ਸ਼ਰਾਬੀ ਨੂੰ ਸ਼ਰਾਬ ਪੀਣ ਦੀ ਆਦਤ ਕਿਨ੍ਹਾਂ ਹਾਲਤਾਂ ਵਿਚ ਅਤੇ ਕਿਹੜੀ ਉਮਰ ਵਿਚ ਪਈ ਸੀ।

ਵੀਹ ਸਾਲ ਤੋਂ ਪਹਿਲਾਂ ਜਾਂ ਇਸ ਦੇ ਨੇੜੇ-ਤੇੜੇ ਪੈਣ ਵਾਲੀ ਆਦਤ ਸ਼ਰਾਬੀ ਦੇ ਸਰੀਰ ਨੂੰ ਇਸ ਹੱਦ ਤਕ ਸ਼ਰਾਬ ਉਤੇ ਆਸਰਿਤ ਕਰ ਦਿੰਦੀ ਹੈ ਕਿ ਇਹੀ ਉਸ ਦੀ ਮੁੱਖ ਖੁਰਾਕ ਬਣ ਜਾਂਦੀ ਹੈ।

ਜਵਾਨੀ ਦੇ ਜੋਸ਼ ਵਿਚ ਭਾਵੇਂ ਅਜਿਹਾ ਵਿਅਕਤੀ ਮਹਿਸੂਸ ਨਾ ਕਰੇ ਪਰ ਹੌਲੀ ਹੌਲੀ ਉਸ ਦਾ ਸਮਾਜਿਕ ਰਿਸ਼ਤਿਆਂ ਪ੍ਰਤੀ ਮੋਹ ਘੱਟ ਜਾਂਦਾ ਹੈ।

ਅਜਿਹਾ ਸ਼ਰਾਬੀ ਉਨ੍ਹਾਂ ਵਿਅਕਤੀਆਂ ਪ੍ਰਤੀ ਅਵੇਸਲਾ ਹੋ ਜਾਂਦਾ ਹੈ, ਜਿਹੜੇ ਉਸ ਦੀ ਆਦਤ-ਬਦਲੀ ਵਿਚ ਰੋਲ ਅਦਾ ਕਰ ਸਕਦੇ ਹਨ।

ਨਤੀਜਾ ਇਹ ਹੁੰਦਾ ਹੈ ਕਿ ਸ਼ਰਾਬੀ ਅਤੇ ਉਸ ਨਾਲ ਸੰਬੰਧਿਤ ਵਿਅਕਤੀਆਂ ਵਿਚਲਾ ਰਿਸ਼ਤਾ ਧੁੰਦਲਾ ਹੋਈ ਜਾਂਦਾ ਹੈ।

ਦੂਜੇ ਪਾਸੇ ਅਜਿਹਾ ਸ਼ਰਾਬੀ ਆਪਣੀ ਹੀ ਆਦਤ ਵਾਲੇ ਦੂਜੇ ਲੋਕਾਂ ਨਾਲ ਰਿਸ਼ਤਾ ਗੰਢਦਾ ਹੈ। ਇਵੇਂ ਘਰ ਪ੍ਰਤੀ ਅਜਨਬੀਪਣ, ਉਸ ਦੀ ਬਾਹਰੀ ਜਾਣ-ਪਛਾਣ ਅਤੇ ਅਪਣੱਤ ਵਿਚ ਪ੍ਰਗਟ ਹੁੰਦਾ ਹੈ ਅਤੇ ਹੌਲੀ-ਹੌਲੀ ਸ਼ਰਾਬੀ ਨੂੰ ਬਾਹਰਲੇ ਆਪਣੇ ਅਤੇ ਆਪਣੇ ਘਰ-ਪਰਿਵਾਰ ਦੇ ਜੀਅ, ਪਰਾਏ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਉਸ ਦੇ ਨਵੇਂ ਬਣੇ 'ਆਪਣੇ' ਉਸ ਨਾਲ ਹਰ 'ਮੁਸ਼ਕਿਲ' ਵਿਚ ਸਾਥ ਦਿੰਦੇ ਹਨ ਅਤੇ ਸ਼ਰਾਬ ਪੀਣ ਦੀ ਆਦਤ ਪੱਕਦੀ ਅਤੇ ਰੱਸਦੀ ਰਹਿੰਦੀ ਹੈ।

ਭਾਵੇਂ ਕੋਈ ਵੀ ਖੇਤਰ ਹੋਵੇ, ਉਸ ਖੇਤਰ ਵਿਚ ਰੁੱਝੇ ਲੋਕ ਇਕ ਦੂਜੇ ਤੋਂ ਅੱਗੇ ਨਿਕਲਣ ਲਈ ਸਦਾ ਤਤਪਰ ਰਹਿੰਦੇ ਹਨ। ਨਾ ਕੇਵਲ ਉਹ ਉਸ ਖੇਤਰ ਦਾ ਡੂੰਘਾ ਅਤੇ ਵਿਸ਼ਾਲ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਨ ਸਗੋਂ ਉਸ ਖੇਤਰ ਵਿਚ ਮਾਨਤਾ ਪ੍ਰਾਪਤ ਕਰਕੇ ਆਪਣੀ ਪ੍ਰਤਿਸ਼ਠਾ ਵੀ ਸਥਾਪਤ ਕਰਨੀ ਚਾਹੁੰਦੇ ਹਨ।

ਸ਼ਰਾਬ, ਜੂਆ, ਸਮਗਲਿੰਗ ਅਤੇ ਅਜਿਹੇ ਸਾਰੇ ਕਾਲੇ ਧੰਦਿਆਂ ਵਿਚ ਇਸ ਗੱਲ ਦੀ ਸਾਂਝ ਹੈ ਕਿ ਇਨ੍ਹਾਂ ਵਿਚ ਨਤੀਜਾ ਝੱਟਪੱਟ ਸਾਹਮਣੇ ਆ ਜਾਂਦਾ ਹੈ, ਅਰਥਾਤ ਅਜਿਹੇ ਧੰਦਿਆਂ ਵਿਚ ਜਾਂ ਅਜਿਹੀਆਂ ਆਦਤਾਂ ਵਾਲੇ ਲੋਕ ਉਨ੍ਹਾਂ ਕੰਮਾਂ ਤੋਂ ਉਪਰਾਮ ਹੋ ਜਾਂਦੇ ਹਨ, ਜਿਨ੍ਹਾਂ ਵਿਚ ਲੰਮੇ ਅਭਿਆਸ ਜਾਂ ਨਤੀਜੇ ਦੀ ਉਡੀਕ ਕਰਨ ਦੀ ਲੋੜ ਹੁੰਦੀ ਹੈ।

ਸ਼ਰਾਬੀ ਵਿਚ ਵੱਡਾ ਸ਼ਰਾਬੀ ਬਣਨ, ਸ਼ਰਾਬ ਦਾ ਵਿਸ਼ੇਸ਼ੱਗ ਪ੍ਰਤੀਤ ਹੋਣ ਅਤੇ ਸ਼ਰਾਬ ਦੇ ਵੱਖ-ਵੱਖ ਸਾਧਨਾਂ ਅਤੇ ਵਸੀਲਿਆਂ ਦਾ ਮਾਹਿਰ ਹੋਣ ਦੀ ਇੱਛਾ ਉਪਜਦੀ ਹੈ।

ਅਜਿਹਾ ਵਿਅਕਤੀ ਚੋਰੀ ਕਰ ਸਕਦਾ ਹੈ, ਘਰ ਦੀਆਂ ਚੀਜ਼ਾਂ ਵੇਚ ਸਕਦਾ ਹੈ ਅਤੇ ਕਿਸੇ ਦਾ ਕੁਟਾਪਾ ਕਰ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਆਮਦਨ ਝੱਟਪੱਟ ਹੋਣੀ ਚਾਹੀਦੀ ਹੈ ਅਤੇ ਜੇ ਦੇਰੀ ਹੋਵੇ ਵੀ ਤਾਂ ਇਤਨੀ ਕੁ ਹੀ ਜਿਤਨੀ ਸ਼ਰਾਬ ਪੀਣ ਅਤੇ ਨਸ਼ਾ ਚੜ੍ਹਨ ਵਿਚਕਾਰ ਹੁੰਦੀ ਹੈ।

ਅਜਿਹੇ ਵਿਅਕਤੀ ਵਿਚ ਨਾ ਕੇਵਲ ਉਪਰੋਕਤ ਤਬਦੀਲੀਆਂ ਆਉਂਦੀਆਂ ਹਨ ਸਗੋਂ ਉਸ ਦੀ ਸੋਚ ਦਾ ਪੈਮਾਨਾ ਬੋਤਲ, ਅਧੀਆ, ਪਊਆ ਜਾਂ ਵਲੈਤੀ ਜਾਂ ਦੇਸੀ ਆਦਿ ਬਣ ਜਾਂਦੇ ਹਨ।

ਸ਼ਰਾਬੀ ਜਦੋਂ ਕਿਸੇ ਖੂਬਸੂਰਤ ਔਰਤ ਦੀ ਗੱਲ ਕਰੇਗਾ ਤਾਂ ਇਵੇਂ ਕਹੇਗਾ, "ਉਸ ਨੂੰ ਦੇਖ ਕੇ ਤਾਂ ਬੋਤਲ ਦਾ ਨਸ਼ਾ ਚੜ੍ਹਦੈ।" ਜੇ ਕਿਸੇ ਸ਼ਟਲ ਟਰੇਨ ਦੀ ਗੱਲ ਕਰੇਗਾ ਤਾਂ ਕਹੇਗਾ "ਪਊਆ ਜਾ ਰਿਹਾ ਹੈ" ਆਦਿ।

ਜਦੋਂ ਕਿਸੇ ਵਿਅਕਤੀ ਦੀ ਸੋਚ, ਆਦਤਾਂ, ਦ੍ਰਿਸ਼ਟੀਕੋਣ ਆਦਿ ਦਾ ਆਧਾਰ ਹੀ ਸ਼ਰਾਬ ਹੋ ਜਾਵੇ ਤਾਂ ਅਜਿਹੇ ਵਿਅਕਤੀ ਲਈ ਸ਼ਰਾਬ ਛੱਡਣਾ ਜਾਂ ਜੀਵਨ ਤਿਆਗਣਾ ਇਕ ਹੀ ਗੱਲ ਬਣ ਜਾਂਦੀ ਹੈ।

ਕੋਈ ਵੀ ਵਿਅਕਤੀ ਇਸ ਸੰਸਾਰ ਵਿਚ ਇਕੱਲਾ ਨਹੀਂ ਰਹਿ ਸਕਦਾ।

ਹਰ ਇਕ ਵਿਅਕਤੀ ਦੇ ਦੋਸਤ, ਗੁਆਂਢੀ, ਰਿਸ਼ਤੇਦਾਰ ਆਦਿ ਹੁੰਦੇ ਹਨ। ਦੋਸਤ ਸਾਡੀ ਆਪਣੀ ਚੋਣ ਹੁੰਦੇ ਹਨ ਜਦੋਂ ਕਿ ਰਿਸ਼ਤੇਦਾਰੀਆਂ ਸਾਡੇ ਜਨਮ ਨਾਲ ਹੀ ਸਾਡੇ ਉਤੇ ਠੋਸ ਦਿੱਤੀਆਂ ਜਾਂਦੀਆਂ ਹਨ। ਦੋਸਤ ਉਸ ਨੂੰ ਕਹਿੰਦੇ ਹਨ ਜਿਸ ਦੀਆਂ ਆਦਤਾਂ, ਪਸੰਦਗੀਆਂ ਅਤੇ ਨਾਪਸੰਦਗੀਆਂ ਸਾਡੇ ਜਿਹੀਆਂ ਹੋਣ।

ਸੁਭਾਵਕ ਹੀ ਸ਼ਰਾਬੀ ਦੇ ਦੋਸਤ ਸ਼ਰਾਬੀ ਹੀ ਹੁੰਦੇ ਹਨ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਸ਼ਰਾਬੀ ਵਧੇਰੇ ਸੌਖਾ ਆਪਣੇ ਸ਼ਰਾਬੀ ਦੋਸਤਾਂ ਵਿਚ ਹੀ ਅਨੁਭਵ ਕਰੇਗਾ। ਦੂਜੇ ਲੋਕਾਂ ਨਾਲ ਉਸ ਦਾ ਰਿਸ਼ਤਾ ਨਾ ਤਾਂ ਡੂੰਘਾ ਅਤੇ ਨਾ ਹੀ ਵਿਸ਼ਾਲ ਹੋਵੇਗਾ।

ਅਜਿਹੀ ਹਾਲਤ ਵਿਚ ਸ਼ਰਾਬੀ ਜੇ ਸ਼ਰਾਬ ਛੱਡਣੀ ਵੀ ਚਾਹੇ ਤਾਂ ਉਸ ਦੇ ਦੋਸਤ ਇਸ ਆਦਤ ਨੂੰ ਨਹੀਂ ਛੱਡਣ ਦੇਣਗੇ ਅਤੇ ਅਜਿਹੀ ਸਥਿਤੀ ਵਿਚ ਸ਼ਰਾਬੀ ਆਪ ਵੀ ਸੋਚਦਾ ਹੈ, "ਉਹ ਕੀ ਕਹਿਣਗੇ, ਧੋਖਾ ਦੇ ਗਿਆ!"

ਜੇਕਰ ਸ਼ਰਾਬੀ ਆਪਣੀਆਂ ਆਦਤਾਂ ਨੂੰ ਛੱਡਦਾ ਹੈ ਤਾਂ ਉਸ ਨੂੰ ਆਪਣੇ ਦੋਸਤ ਵੀ ਛੱਡਣੇ ਪੈਂਦੇ ਹਨ।

ਅਸੁਰੱਖਿਆ ਦੀ ਭਾਵਨਾ ਉਸ ਨੂੰ ਦੋਵੇਂ ਚੀਜ਼ਾਂ ਛੱਡਣ ਤੋਂ ਰੋਕਦੀ ਹੈ। ਨਵੀਆਂ ਦੋਸਤੀਆਂ ਪੈ ਨਹੀਂ ਸਕਦੀਆਂ, ਸਭ ਲੋਕ ਸ਼ਰਾਬੀ ਦੇ ਸੁਭਾਅ ਨੂੰ ਜਾਣਦੇ ਹੁੰਦੇ ਹਨ, ਉਸ ਦਾ ਸਾਧਾਰਨ ਵਿਅਕਤੀਆਂ ਨਾਲ ਤਾਲ-ਮੇਲ ਟੁੱਟਦਾ-ਟੁੱਟਦਾ ਟੁੱਟ ਗਿਆ ਹੁੰਦਾ ਹੈ, ਵਾਪਸ ਆਉਣਾ ਸੰਭਵ ਨਹੀਂ ਹੁੰਦਾ ਅਤੇ ਆਦਤ ਨੂੰ ਬਣਾਈ ਰੱਖਣਾ ਕੋਈ ਔਖਾ ਨਹੀਂ ਹੁੰਦਾ, ਇਸ ਲਈ ਸ਼ਰਾਬੀ ਸੁਰੱਖਿਅਤ ਖੇਤਰ ਨੂੰ ਛੱਡ ਕੇ ਅਸੁਰੱਖਿਅਤ ਖੇਤਰ ਵਿਚ ਵਿਚਰਨਾ ਨਹੀਂ ਚਾਹੁੰਦਾ, ਸੋ ਉਹ ਕਈ ਵਾਰੀ ਕੋਸ਼ਿਸ਼ ਕਰਨ ਦੇ ਬਾਵਜੂਦ ਜਦੋਂ ਆਪਣੇ ਇਰਾਦੇ ਵਿਚ ਸਫਲ ਨਹੀਂ ਹੁੰਦਾ ਤਾਂ ਉਹ, ਉਹ ਕੁਝ ਕਰਨਾ ਹੀ ਛੱਡ ਦਿੰਦਾ ਹੈ, ਜਿਸ ਵਿਚ ਉਹ ਸਫਲ ਨਹੀਂ ਹੋ ਸਕਦਾ।

ਬਹੁਤੇ ਸ਼ਰਾਬੀ ਵਧੇਰੇ ਕੰਮ ਕਰਨ ਕਰਕੇ ਸ਼ਰਾਬ ਨਹੀਂ ਪੀਂਦੇ, ਸਗੋਂ ਸ਼ਰਾਬ ਪੀਣ ਲਈ ਵਧੇਰੇ ਕੰਮ ਕਰਦੇ ਹਨ। ਅਜਿਹੇ ਵਿਅਕਤੀ ਕਿਸੇ ਨਿਰਾਸਤਾ ਦਾ ਸ਼ਿਕਾਰ ਹੁੰਦੇ ਹਨ, ਜਿਵੇਂ ਸੰਤਾਨ ਨਾ ਹੋਣਾ, ਪਤਨੀ ਜਾਂ ਸਹੁਰਿਆਂ ਨਾਲ ਅਣਬਣ, ਜੀਵਨ ਤੋਂ ਅਸੰਤੁਸ਼ਟੀ ਆਦਿ ਕੁਝ ਉਦਾਹਰਣਾਂ ਹਨ।

ਸ਼ਰਾਬੀ ਸਰੀਰਕ ਅਤੇ ਮਾਨਸਿਕ ਪੱਖੋਂ ਇਸ ਹੱਦ ਤੱਕ ਨਿਰਬਲ ਹੋ ਜਾਂਦਾ ਹੈ ਕਿ ਉਹ ਆਪਣੇ ਹੀ ਕੀਤੇ ਫੈਸਲਿਆਂ ਨੂੰ ਲਾਗੂ ਕਰਨ ਦੀ ਹਿੰਮਤ ਨਹੀਂ ਰੱਖਦਾ।

ਸ਼ਰਾਬ ਦੇ ਨਿੱਤ ਮਹਿੰਗੇ ਹੋਣ ਅਤੇ ਸ਼ਰਾਬ ਵਿਚਲੀ ਮਿਲਾਵਟ ਆਦਿ ਤੋਂ ਸ਼ਰਾਬੀ ਪੀੜਤ ਹੁੰਦਾ ਹੈ, ਪਰ ਮਜਬੂਰੀ ਦੀ ਹਾਲਤ ਵਿਚ ਉਹ ਸ਼ਰਾਬ ਦੀ ਮਿਕਦਾਰ ਘਟਾਉਣ ਤੋਂ ਅਸਮਰੱਥ ਹੋਣ ਕਾਰਨ, ਸ਼ਰਾਬ ਦਾ ਦਰਜਾ ਨੀਵਾਂ ਕਰ ਲੈਂਦਾ ਹੈ ਅਰਥਾਤ ਘਟੀਆ ਸ਼ਰਾਬ ਪੀਣ ਲੱਗ ਪੈਂਦਾ ਹੈ। ਸਭ ਤੋਂ ਭੈੜੀ ਸਥਿਤੀ ਉਹ ਹੁੰਦੀ ਹੈ ਜਦੋਂ ਸ਼ਰਾਬੀ ਇਕੱਲਾ ਹੀ ਸ਼ਰਾਬ ਪੀਣ ਲਗ ਪਵੇ।

ਸ਼ਰਾਬੀ ਲਈ ਗੁਜ਼ਾਰੇ ਦੇ ਅਰਥ ਸ਼ਰਾਬ ਨਾਲ ਜੁੜ ਜਾਂਦੇ ਹਨ। ਉਹ ਉਨ੍ਹਾਂ ਠੇਕਿਆਂ ਦੀ ਭਾਲ ਕਰਦਾ ਹੈ, ਜਿਥੋਂ ਸ਼ਰਾਬ ਸੱਸਤੀ ਮਿਲਦੀ ਹੋਵੇ ਜਾਂ ਦੋ ਸ਼ਰਾਬੀ ਪੂਰੀ ਬੋਤਲ ਖਰੀਦ ਕੇ ਉਸ ਦਾ ਅੱਧ-ਅੱਧ ਕਰਕੇ ਕੁਝ ਪੈਸੇ ਬਚਾ ਲੈਂਦੇ ਹਨ। ਅਜਿਹੇ ਸ਼ਰਾਬੀ ਉਨ੍ਹਾਂ ਲੋਕਾਂ ਨੂੰ ਮਿਲਣਾ ਬੰਦ ਕਰ ਦਿੰਦੇ ਹਨ, ਜਿਹੜੇ ਉਨ੍ਹਾਂ ਨੂੰ ਸ਼ਰਾਬ ਛੱਡਣ ਦੀ ਮੱਤ ਦੇਣ। ਇਵੇਂ ਸ਼ਰਾਬੀ ਆਪਣੇ ਆਪ ਵਿਚ ਸੁੰਗੜ ਜਾਂਦਾ ਹੈ।

ਕੱਪੜੇ, ਜੁੱਤੇ ਆਦਿ ਸੱਸਤੇ ਪਾ ਕੇ ਅਤੇ ਸੱਸਤੀਆਂ ਚੀਜ਼ਾਂ ਖਰੀਦ ਕੇ ਸ਼ਰਾਬੀ ਵਿਚ ਗੁਜ਼ਾਰਾ ਕਰਨ ਦੀ ਪ੍ਰਵਿਰਤੀ ਜਾਗਦੀ ਹੈ ਅਰਥਾਤ ਉਹ ਜੀਵਨ ਦੀਆਂ ਸਾਧਾਰਨ ਲੋੜਾਂ ਪ੍ਰਤੀ ਬੇਮੁੱਖ ਹੋਣ ਲੱਗ ਪੈਂਦਾ ਹੈ।

ਜੇ ਸ਼ਰਾਬੀ ਗ੍ਰਹਿਸਤੀ ਹੈ ਤਾਂ ਪਤਨੀ ਦੀ ਮਾਰਕੁੱਟ, ਬੱਚਿਆਂ ਦਾ ਕੁਟਾਪਾ, ਗੁਆਂਢੀਆਂ ਨਾਲ ਲੜਾਈ, ਮਾਲਕ ਮਕਾਨ ਨਾਲ ਝਗੜਾ, ਪੈਸੇ ਲੈ ਕੇ ਵਾਪਸ ਨਾ ਦੇਣ, ਦੁਕਾਨਦਾਰ ਤੋਂ ਉਧਾਰ ਲੈਣ ਆਦਿ ਦੀਆਂ ਅਲਾਮਤਾਂ ਸਾਹਮਣੇ ਆਉਂਦੀਆਂ ਹਨ। ਇਸ ਸਥਿਤੀ ਵਿਚ ਸ਼ਰਾਬੀ ਦਾ ਸ਼ਰਾਬ ਛੁਡਾਉਣ ਦਾ ਹਰ ਯਤਨ ਅਸਫਲ ਹੁੰਦਾ ਹੈ।

ਸ਼ਰਾਬ ਪੀਣ ਨਾਲ ਵਿਅਕਤੀ ਵਿਚ ਕੰਮ ਕਰਨ ਦੀ ਸਮਰੱਥਾ ਘੱਟਦੀ ਹੈ ਅਤੇ ਨਤੀਜੇ ਵਜੋਂ ਬਹਾਨੇ ਲਾਉਣ ਅਤੇ ਝੂਠ ਬੋਲਣ ਦੀ ਆਦਤ ਵੱਧਦੀ ਹੈ ਅਰਥਾਤ ਜ਼ਿੰਦਗੀ ਨਾਲ ਲੁਕਣਮੀਚੀ ਖੇਡਣ ਦੀ ਆਦਤ ਪਲਦੀ ਹੈ।

ਅਜਿਹੇ ਵਿਅਕਤੀਆਂ ਦੇ ਬੱਚੇ ਬੜੀਆਂ ਕਠਿਨਾਈਆਂ ਦਾ ਸਾਹਮਣਾ ਕਰਦੇ ਹਨ ਅਤੇ ਉਨ੍ਹਾਂ ਵਿਚ ਆਪਣੀ ਸਮਰੱਥਾ ਅਨੁਸਾਰ ਆਪਣੇ ਸੰਬੰਧੀ ਸਹੀ-ਗਲਤ ਫੈਸਲੇ ਕਰਨ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ।

ਅਜਿਹੇ ਵਿਅਕਤੀਆਂ ਦੀਆਂ ਧੀਆਂ ਘਰ ਵਿਚ ਖਾਣ-ਹੰਢਾਉਣ ਦੀ ਘਾਟ ਨੂੰ ਬਾਹਰੋਂ ਪੂਰਾ ਕਰਨ ਦਾ ਯਤਨ ਕਰਦੀਆਂ ਹਨ ਅਤੇ ਪੁੱਤਰ ਅਕਸਰ ਬੜੀ ਛੋਟੀ ਉਮਰ ਵਿਚ ਹੀ ਖੁਦਮੁਖਤਾਰ ਅਤੇ ਲਾਪ੍ਰਵਾਹ ਹੋ ਜਾਂਦੇ ਹਨ।

ਵੇਖਿਆ ਗਿਆ ਹੈ ਕਿ ਬਹੁਤੀਆਂ ਹਾਲਤਾਂ ਵਿਚ ਸ਼ਰਾਬੀ ਪਿਓ ਦੀ ਸੰਤਾਨ ਆਮ ਕਰਕੇ ਸਿਆਣੀ ਅਤੇ ਸਾਊ ਹੁੰਦੀ ਹੈ। ਇਸ ਪ੍ਰਕਾਰ ਦੇ ਸੁਭਾਅ ਦੇ ਵੀ ਮਨੋਵਿਗਿਆਨਕ ਕਾਰਨ ਹਨ।

ਸ਼ਰਾਬੀ ਦੇ ਬੱਚੇ ਆਪਣੇ ਪਿਓ ਦੀਆਂ ਘਾਟਾਂ ਨੂੰ ਆਪਣੇ ਸਾਊ ਵਿਹਾਰ ਨਾਲ ਢੱਕਦੇ ਹਨ ਅਤੇ ਸ਼ਰਾਬ ਦੇ ਭੈੜੇ ਅਸਰਾਂ ਨੂੰ ਨਿਰੰਤਰ ਵੇਖਦੇ ਰਹਿਣ ਕਰਕੇ, ਉਨ੍ਹਾਂ ਨੂੰ ਜੀਵਨ ਦੀ ਸੋਝੀ ਜਲਦੀ ਆ ਜਾਂਦੀ ਹੈ।

ਅਜਿਹੇ ਸ਼ਰਾਬੀ ਵਿਅਕਤੀ ਦੀ ਪਤਨੀ ਨਾ ਸੁਹਾਗਣ ਹੁੰਦੀ ਹੈ ਨਾ ਵਿਧਵਾ।

ਅਜਿਹੀ ਪਤਨੀ ਦੀ ਗੱਲਬਾਤ ਅਤੇ ਵਿਹਾਰ ਪੁਰਸ਼ਾਂ ਵਾਲਾ ਹੋ ਜਾਂਦਾ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਪਤੀ ਵਿਰੁੱਧ ਜਥੇਬੰਦ ਕਰਕੇ ਦਿਨ-ਕਟੀ ਕਰਦੀ ਹੈ।

ਜੀਵਨ ਵਿਚ ਲਗਾਤਾਰ ਸੰਘਰਸ਼ ਕਾਰਨ ਅਜਿਹੀਆਂ ਪਤਨੀਆਂ ਵਿਚ ਨਿਸ਼ੰਗਤਾ ਅਤੇ ਮਰਦਾਊਪਣ ਆ ਜਾਂਦਾ ਹੈ ਅਤੇ ਕੰਮ ਕਰਦੇ ਰਹਿਣ ਕਾਰਨ, ਸਰੀਰਕ ਪੱਖੋਂ ਉਹ ਬਲਵਾਨ ਅਤੇ ਚੁੱਸਤ ਹੁੰਦੀਆਂ ਹਨ।

ਸ਼ਰਾਬੀ ਲਈ ਸ਼ਾਮ ਗੁਜ਼ਾਰਨਾ ਹੀ ਸਭ ਤੋਂ ਵੱਡਾ ਸੰਕਟ ਹੁੰਦਾ ਹੈ।

ਉਧਾਰ ਲੈ ਕੇ ਜਾਂ ਕਿਸੇ ਦੀ ਮਿੰਨਤ ਕਰਕੇ, ਕੋਈ ਚੀਜ਼ ਗਿਰਵੀ ਰੱਖ ਕੇ ਜਾਂ ਕਿਸੇ ਹੋਰ ਬਹਾਨੇ ਨਾਲ, ਕਿਵੇਂ ਨਾ ਕਿਵੇਂ ਢਾਣੀ ਜੁੜ ਹੀ ਬੈਠਦੀ ਹੈ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਸ਼ਰਾਬੀ ਦਾ ਸੂਰਜ ਚੜ੍ਹਦਾ ਹੀ ਸ਼ਾਮ ਨੂੰ ਹੈ।

ਸ਼ਰਾਬੀ ਦੀ ਸਥਿਤੀ ਉਸ ਸਮੇਂ ਬੜੀ ਤਰਸਯੋਗ ਹੁੰਦੀ ਹੈ ਜਦੋਂ ਸ਼ਰਾਬ ਤਾਂ ਉਸ ਕੋਲ ਹੋਵੇ, ਪਰ ਪੀਣ ਦੀ ਕੋਈ ਦਲੀਲ ਨਾ ਹੋਵੇ।

ਸ਼ਰਾਬੀ ਦੀ ਰੁਚੀ ਕੰਮ-ਕਾਜ ਜਾਂ ਆਲੇ-ਦੁਆਲੇ ਵਿਚ ਇਸ ਹੱਦ ਤੱਕ ਘੱਟ ਜਾਂਦੀ ਹੈ ਕਿ ਉਹ ਹਰ ਥਾਂ 'ਤੇ ਉਖੜਿਆ ਹੋਇਆ ਅਤੇ ਹਰ ਸਮੇਂ ਵਿਹਲਾ ਅਤੇ ਪਰੇਸ਼ਾਨ ਪ੍ਰਤੀਤ ਹੁੰਦਾ ਹੈ।

ਵੇਖਿਆ ਗਿਆ ਹੈ ਕਿ ਹਰ ਆਦਤਨ ਸ਼ਰਾਬੀ ਆਪਣੇ ਆਪ ਨੂੰ, ਆਪਣੇ ਸੰਗੀਆਂ ਸਾਥੀਆਂ ਨੂੰ, ਆਪਣੇ ਆਲੇ ਦੁਆਲੇ ਨੂੰ ਕੋਸਦਾ ਅਤੇ ਭੰਡਦਾ ਹੈ, ਪਰ ਇਸ ਦੇ ਬਾਵਜੂਦ ਉਹ ਅਜਿਹੇ ਖੇਤਰ ਨੂੰ ਛੱਡਣ ਲਈ ਆਪਣੇ ਆਪ ਨੂੰ ਤਿਆਰ ਨਹੀਂ ਕਰ ਸਕਦਾ।

ਸ਼ਰਾਬੀ, ਸ਼ਰਾਬ ਨੂੰ ਛੱਡਣਾ ਚਾਹੁੰਦਾ ਹੈ ਪਰ ਸ਼ਰਾਬ, ਸ਼ਰਾਬੀ ਨੂੰ ਨਹੀਂ ਛੱਡਦੀ ਅਤੇ ਅੰਤ ਨੂੰ ਸ਼ਰਾਬ ਉਸ ਨੂੰ ਆਪਣੇ ਨਾਲ ਲੈ ਜਾਂਦੀ ਹੈ।

+++

ਬੱਚਿਆਂ ਦੀਆਂ ਸ਼ੇਖੀਆਂ

ਮੈਂ ਦੋ ਰੋਟੀਆਂ ਖਾਵਾਂਗਾ।

ਮੈਂ ਦੱਸ ਰੋਟੀਆਂ ਖਾਵਾਂਗਾ।

ਮੈਂ ਸੌ ਰੋਟੀਆਂ ਖਾਵਾਂਗਾ।

ਇਹ ਖਾਣੇ ਦੇ ਮੇਜ਼ 'ਤੇ ਖਾਣਾ ਉਡੀਕ ਰਹੇ ਬੱਚਿਆਂ ਦੀ ਗੱਲਬਾਤ ਦਾ ਇਕ ਅੰਸ਼ ਹੈ।

ਸਾਰੇ ਬੱਚੇ ਸ਼ੇਖੀਆਂ ਮਾਰ ਰਹੇ ਹਨ।

ਜਦੋਂ ਮਾਂ ਖਾਣਾ ਲਿਆਵੇਗੀ ਤਾਂ ਕਿਸੇ ਨੇ ਅੱਧੀ ਅਤੇ ਕਿਸੇ ਨੇ ਇਕ ਰੋਟੀ ਖਾ ਕੇ ਕਹਿਣ ਲੱਗ ਜਾਣਾ ਹੈ: ਸਬਜ਼ੀ ਵਿਚ ਮਿਰਚ ਜ਼ਿਆਦਾ ਹੈ, ਜਾਂ ਮੈਨੂੰ ਤਾਂ ਭੁੱਖ ਹੀ ਨਹੀਂ ਜਾਂ ਮੈਂ ਇਹ ਸਬਜ਼ੀ ਨਹੀਂ ਖਾਣੀ ਆਦਿ।

ਸਾਰੇ ਬੱਚੇ ਸ਼ੇਖੀਆਂ ਮਾਰਦੇ ਹਨ ਪਰ ਚਾਰ ਤੋਂ ਛੇ ਸਾਲ ਦੀ ਉਮਰ ਤਕ ਦੇ ਬੱਚੇ ਵਿਸ਼ੇਸ਼ ਤੌਰ ਉਤੇ ਵਧੇਰੇ ਸ਼ੇਖੀਆਂ ਮਾਰਦੇ ਹਨ।

ਸ਼ੇਖੀ ਮਾਰਨ ਲਈ ਬੱਚੇ ਕਈ ਢੰਗ ਵਰਤਦੇ ਹਨ, ਜਿਵੇਂ ਆਪਣੇ ਮਾਪਿਆਂ ਦੇ ਜੁੱਤੇ ਪਹਿਨ ਕੇ ਟੁਰਨ ਰਾਹੀਂ, ਆਪਣੇ ਮਾਪਿਆਂ ਦੀ ਨਕਲ ਲਾ ਕੇ ਜਾਂ ਮੰਜੇ ਉਤੇ ਕੁਰਸੀ ਰੱਖ ਕੇ ਉਪਰ ਚੜ੍ਹ ਕੇ ਆਪਣੇ ਉੱਚੇ ਜਾਂ ਵੱਡੇ ਹੋਣ ਦਾ ਭਰਮ ਉਪਜਾ ਕੇ ਆਦਿ।

ਜਦੋਂ ਵੀ ਕਿਸੇ ਸਕੂਲ ਵਿਚ ਛੁੱਟੀ ਹੁੰਦੀ ਹੈ ਤਾਂ ਕਈ ਬੱਚੇ ਇਕ ਦੂਸਰੇ ਨਾਲ ਖਹਿਬੜਦੇ ਹਨ ਅਤੇ ਉੱਚੀਆਂ ਉੱਚੀਆਂ ਡੀਂਗਾਂ ਮਾਰਦੇ ਹਨ।

ਜਿਉਂ-ਜਿਉਂ ਮਨੁੱਖ ਨੂੰ ਅਸਫਲਤਾਵਾਂ ਦਾ ਅਨੁਭਵ ਹੁੰਦਾ ਹੈ, ਉਸ ਵਿਚ ਡੀਂਗਾਂ ਮਾਰਨ ਦੀ ਆਦਤ ਘਟਦੀ ਰਹਿੰਦੀ ਹੈ।

ਹਰ ਬੱਚਾ ਆਪਣੇ ਆਪ ਨੂੰ ਦੂਜੇ ਨਾਲੋਂ ਵੱਡਾ ਸਮਝਦਾ ਹੈ।

ਛੋਟੀ ਉਮਰ ਵਿਚ ਹੀ ਉਸ ਨੂੰ ਸ਼ਬਦਾਂ ਦੀ ਜਾਦੂਗਰੀ ਦਾ ਅਨੁਭਵ ਹੁੰਦਾ ਹੈ। ਉਹ ਮੰਮੀ ਸ਼ਬਦ ਬੋਲਦਾ ਹੈ ਤਾਂ ਮੰਮੀ ਉਸ ਕੋਲ ਆ ਜਾਂਦੀ ਹੈ। ਉਹ 'ਪਾਣੀ' ਉਚਾਰਦਾ ਹੈ ਤਾਂ ਉਸ ਨੂੰ ਪਾਣੀ ਦਾ ਗਲਾਸ ਮਿਲ ਜਾਂਦਾ ਹੈ ਅਤੇ ਜਦੋਂ ਦੁੱਧ ਪੁਕਾਰਦਾ ਹੈ ਤਾਂ ਮਾਂ ਉਸ ਨੂੰ ਦੁੱਧ ਲਿਆ ਦਿੰਦੀ ਹੈ।

ਬੱਚੇ ਨੂੰ ਇਕ ਮਾਸੂਮ ਜਿਹਾ ਭਰਮ ਹੋ ਜਾਂਦਾ ਹੈ ਕਿ ਉਸ ਦੇ ਕਹਿਣ ਦੀ ਦੇਰੀ ਹੈ, ਗੱਲ ਪੂਰੀ ਹੋ ਜਾਵੇਗੀ।

ਉਹ ਨਹੀਂ ਜਾਣਦਾ ਕਿ ਉਸ ਦੇ ਪਾਪਾ ਦੀ ਜੇਬ ਵਿਚ ਪੈਸੇ ਕਿਥੋਂ ਆਉਂਦੇ ਹਨ ਜਾਂ ਘਰ ਦੀਆਂ ਚੀਜ਼ਾਂ ਕਿਵੇਂ ਦੁਕਾਨਦਾਰ ਝੱਟਪੱਟ ਤੋਲ ਕੇ ਹਵਾਲੇ ਕਰਦੇ ਹਨ।

ਬੱਚਿਆਂ ਵੱਲੋਂ ਘਰ ਦੇ ਪੈਸੇ ਚੋਰੀ ਕਰਨ ਦੀ ਆਦਤ 'ਛੂ-ਮੰਤਰ' ਵਾਲੀ ਸ਼ਕਤੀ ਪ੍ਰਾਪਤ ਕਰਨ ਲਈ ਹੀ ਹੁੰਦੀ ਹੈ।

ਪੈਸੇ ਦੀ ਪ੍ਰਾਪਤੀ ਰਾਹੀਂ ਬੱਚੇ ਦਾ ਜਾਦੂ-ਚੱਕਰ ਫੈਲਦਾ ਹੈ। ਸ਼ੇਖੀ ਮਾਰਨਾ ਸ਼ਾਬਦਿਕ ਸ਼ਕਤੀ ਦਾ ਕਲਪਨਾਤਮਿਕ ਜਾਦੂਮਈ ਪ੍ਰਗਟਾਵਾ ਹੁੰਦਾ ਹੈ।

ਜਦੋਂ ਬੱਚਾ ਕਹਿੰਦਾ ਹੈ 'ਮੈਂ ਸ਼ੇਰ ਨੂੰ ਮਾਰ ਦਿਆਂਗਾ' ਤਾਂ ਉਹ ਆਪਣੇ ਆਪ ਨੂੰ ਵੱਡਾ ਅਤੇ ਸ਼ਕਤੀਸ਼ਾਲੀ ਸਮਝ ਰਿਹਾ ਹੁੰਦਾ ਹੈ।

ਸ਼ੇਖੀਆਂ ਬੱਚੇ ਵੱਲੋਂ ਵੱਡਾ, ਸ਼ਕਤੀਵਰ ਅਤੇ ਸਰਬ-ਸਮਰੱਥ ਹੋਣ ਦੀ ਇੱਛਾ ਦਾ ਪ੍ਰਗਟਾਵਾ ਹੁੰਦੀਆਂ ਹਨ।

ਸ਼ੇਖੀਆਂ ਮਾਰਨ ਦਾ ਇਕ ਹੋਰ ਵੀ ਪੱਖ ਹੈ।

ਚਾਰ ਤੋਂ ਛੇ ਸਾਲ ਦਾ ਬੱਚਾ ਕਿਸੇ ਵੀ ਹੋਰ ਉਮਰ ਦੇ ਮੁਕਾਬਲੇ ਸੰਸਾਰ ਨੂੰ ਖੋਜਣ ਦੇ ਕਾਰਜ ਵਿਚ ਵਧੇਰੇ ਰੁੱਝਿਆ ਹੁੰਦਾ ਹੈ। ਉਸ ਨੂੰ ਆਪਣੇ ਬਾਰੇ ਵੀ ਬੜਾ ਕੁਝ ਨਵਾਂ ਪਤਾ ਲਗਦਾ ਹੈ। ਉਹ ਆਪਣੇ ਆਪ ਨੂੰ ਆਪਣੇ ਪਾਪਾ ਜਿੰਨਾ ਵੱਡਾ ਸਮਝਣ ਲੱਗ ਪੈਂਦਾ ਹੈ ਅਤੇ ਸ਼ੇਖੀਆਂ ਅਜਿਹੇ ਵਡੱਪਣ ਦੀ ਘੋਸ਼ਣਾ ਹੁੰਦੀਆਂ ਹਨ।

ਜਦੋਂ ਉਹ ਕਹਿੰਦਾ ਹੈ 'ਮੈਂ ਸਭ ਨਾਲੋਂ ਬਹਾਦਰ ਹਾਂ' ਤਾਂ ਉਸ ਦਾ ਵਧੇਰੇ ਜ਼ੋਰ 'ਮੈਂ' ਉਤੇ ਹੁੰਦਾ ਹੈ। ਬਾਕੀ ਦਾ ਵਾਕ ਇਸ 'ਮੈਂ' ਦੀ ਹੀ ਵਿਆਖਿਆ ਹੋ ਨਿਬੜਦਾ ਹੈ।

ਇਸ ਉਮਰ ਵਿਚ ਇਹ ਆਦਤ ਸੁਭਾਵਿਕ ਹੁੰਦੀ ਹੈ ਪਰ ਜਦੋਂ ਸ਼ੇਖੀਆਂ ਮਾਰਨ ਦੀ ਆਦਤ ਮਗਰਲੇ ਸਾਲਾਂ ਵਿਚ ਵੀ ਬਣੀ ਰਹੇ ਤਾ ਇਹ ਇਕ ਸਮੱਸਿਆ ਦਾ ਆਰੰਭ ਸਮਝੀ ਜਾਣੀ ਚਾਹੀਦੀ ਹੈ।

ਦੱਸ ਕੁ ਸਾਲ ਦੇ ਬੱਚੇ ਵਿਚ ਸ਼ੇਖੀਆਂ ਮਾਰਨ ਦੀ ਆਦਤ ਅਸਲ ਵਿਚ ਉਸ ਵੱਲੋਂ ਆਪਣੀ ਹੀਣਤਾ, ਆਲਸ ਅਤੇ ਘਾਟ ਛੁਪਾਉਣ ਦਾ ਉਪਰਾਲਾ ਬਣਦੀ ਹੈ।

ਇਸ ਆਦਤ ਵੱਲ ਮਾਪਿਆਂ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਬੱਚੇ ਨੂੰ ਮਾਰ ਕੁੱਟ ਕੇ ਇਹ ਆਦਤ ਬਿਲਕੁਲ ਨਹੀਂ ਹਟਾਈ ਜਾ ਸਕਦੀ।

ਉਸ ਨੂੰ ਕੁਝ ਅਮਲੀ ਕੰਮ ਦੇਣਾ ਚਾਹੀਦਾ ਹੈ, ਜਿਸ ਵਿਚ ਜਦੋਂ ਉਸ ਨੂੰ ਕਈ ਅਸਫਲਤਾਵਾਂ ਮਗਰੋਂ ਸਫਲਤਾ ਮਿਲੇਗੀ ਤਾਂ ਉਸ ਦੀ ਸ਼ਖ਼ਸੀਅਤ ਵਿਚ ਸੰਤੁਲਨ ਅਤੇ ਸਾਵਾਂਪਣ ਆਵੇਗਾ।

ਅਮਲੀ ਕੰਮ ਤੋਂ ਪ੍ਰਾਪਤ ਹੋਈ ਸਫਲਤਾ ਨਾਲ ਬੱਚੇ ਵਿਚ ਵਿਸ਼ਵਾਸ ਜਾਗੇਗਾ ਅਤੇ ਉਸ ਨੂੰ ਕਿਸੇ ਸਾਹਮਣੇ ਸ਼ੇਖੀਆਂ ਮਾਰ ਕੇ ਆਪਣੀ ਮਹਾਨ ਜਾਂ ਵਡੇਰੀ ਸ਼ਕਤੀ ਦਾ ਪ੍ਰਗਟਾਵਾ ਨਹੀਂ ਕਰਨਾ ਪਵੇਗਾ।

ਬੱਚੇ ਆਮ ਕਰਕੇ ਬੱਚਿਆਂ ਸਾਹਮਣੇ ਹੀ ਸ਼ੇਖੀਆਂ ਮਾਰਦੇ ਹਨ ਅਤੇ ਛੋਟੇ ਭੈਣ-ਭਰਾਵਾਂ ਦੀ ਹਾਜ਼ਰੀ ਵਿਚ ਇਹ ਆਦਤ ਵੱਧ ਜਾਂਦੀ ਹੈ।

ਕਈ ਵਾਰੀ ਛੋਟਾ ਮੁੰਡਾ ਆਪਣੀ ਵੱਡੀ ਭੈਣ ਨੂੰ ਕੁੱਟ ਧਰਦਾ ਹੈ ਅਤੇ ਮਾਪੇ ਮੁੰਡੇ ਨੂੰ ਡਾਂਟਣ ਦੀ ਥਾਂ ਕੁੜੀ ਨੂੰ ਚੁੱਪ ਕਰਾ ਦਿੰਦੇ ਹਨ, ਇਸ ਅਮਲ ਨਾਲ ਉਹ ਦੋਹਾਂ ਲਈ ਸਮੱਸਿਆ ਪੈਦਾ ਕਰਦੇ ਹਨ। ਉਹ ਦੋਵੇਂ ਸ਼ੇਖੀਆਂ ਮਾਰਦੇ ਰਹਿੰਦੇ ਹਨ, ਮੁੰਡਾ ਅਭਿਮਾਨ ਰਾਹੀਂ ਅਤੇ ਕੁੜੀ ਹੀਣ ਭਾਵਨਾ ਰਾਹੀਂ।

ਆਮ ਕਰਕੇ ਸ਼ੇਖੀ ਮਾਰਨ ਦੀ ਆਦਤ ਆਪਣੇ ਆਪ ਦੀ ਕਿਸੇ ਨਾਲ ਤੁਲਨਾ ਕਰਨ ਦੀ ਪ੍ਰਵਿਰਤੀ ਵਿਚੋਂ ਜਨਮਦੀ ਹੈ।

ਅਜਿਹਾ ਬੱਚਾ ਸਕੂਲ ਵਿਚ, ਪੜ੍ਹਨ ਵਿਚ ਧਿਆਨ ਲਾਉਣ ਦੀ ਥਾਂ, ਉਨ੍ਹਾਂ ਸਥਿਤੀਆਂ ਨੂੰ ਚਿਤਰਦਾ ਰਹੇਗਾ, ਜਿਨ੍ਹਾਂ ਵਿਚ ਉਹ ਹਰ ਕਿਸੇ ਨੂੰ ਆਪਣੇ ਬਾਹੂ-ਬਲ ਦੇ ਚਮਤਕਾਰ ਦਿਖਾ ਸਕੇ।

ਕਈ ਵਾਰ ਇਹੀ ਸੋਚਣੀ ਉਸ ਵਿਚ ਅਪਰਾਧੀ ਰੁਚੀਆਂ ਨੂੰ ਜਨਮ ਦਿੰਦੀ ਹੈ ਅਤੇ ਬੱਚੇ ਨੂੰ ਪਹਿਲਾਂ ਰਹਿ ਚੁੱਕੇ ਸ਼ੇਖੀ ਮਾਰਾਂ ਦੀ ਸੰਗਤ ਵਿਚ ਲਿਆ ਖਲ੍ਹਾਰਦੀ ਹੈ।

ਦਾਦਾ-ਗਿਰੀ ਸ਼ੇਖੀ ਮਾਰਨ ਦਾ ਹੀ ਵਿਗਾੜਿਆ ਹੋਇਆ ਰੂਪ ਹੁੰਦੀ ਹੈ।

ਸਾਰੇ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸਹਿ-ਹੋਂਦ ਦੀ ਭਾਵਨਾ ਪੈਦਾ ਕਰਨ ਪਰ ਉਹ ਬੱਚੇ ਵੱਲੋਂ ਸ਼ੇਖੀ ਮਾਰਨ ਦੀ ਆਦਤ ਦਾ ਕਾਰਨ ਲੱਭਣ ਦਾ ਯਤਨ ਨਹੀਂ ਕਰਦੇ। ਸ਼ੁਰੂ ਵਿਚ ਸਕੂਲ ਵਿਚ ਆਪਣੇ ਨਾਲ ਹੋਈ ਵਧੀਕੀ ਦਾ ਬਦਲਾ ਅਜਿਹਾ ਬੱਚਾ ਆਪਣੇ ਤੋਂ ਛੋਟੇ ਬੱਚਿਆਂ ਸਾਹਮਣੇ ਆਪਣੀ ਹਨੂੰਮਾਨੀ ਤਾਕਤ ਦਾ ਪ੍ਰਗਟਾਵਾ ਕਰਕੇ ਲੈਂਦਾ ਹੈ।

ਬੱਚੇ ਨੂੰ ਖਿਡੌਣੇ ਅਜਿਹੇ ਦੇਣੇ ਚਾਹੀਦੇ ਹਨ, ਜਿਨ੍ਹਾਂ ਨਾਲ ਖੇਡਣ ਲਈ ਉਸ ਨੂੰ ਦੂਜਿਆਂ ਦੀ ਲੋੜ ਪਵੇ।

ਇਵੇਂ ਉਸ ਵਿਚ ਦੂਜਿਆਂ ਨਾਲ ਬਣਾ ਕੇ ਰੱਖਣ ਦੀ ਆਦਤ ਪੈਂਦੀ ਹੈ।

ਕੋਈ ਬੱਚਾ ਉਦੋਂ ਤੱਕ ਹੀ ਸ਼ੇਖੀਆਂ ਮਾਰੇਗਾ, ਜਦੋਂ ਤਕ ਉਸ ਨੂੰ ਆਪਣੇ ਮਹੱਤਵ ਦਾ ਵਿਸ਼ਵਾਸ ਨਹੀਂ ਹੋ ਜਾਂਦਾ।

ਬੱਚਾ ਕਈ ਗੱਲਾਂ ਵਿਚ ਮਾਪਿਆਂ ਦੀ ਨਕਲ ਕਰਦਾ ਹੈ।

ਕੇਵਲ ਹੁਕਮ ਚਲਾਉਣ ਵਾਲੀ ਆਲਸ ਦੀ ਮਾਰੀ ਮਾਂ ਅਤੇ ਹਰ ਵੇਲੇ ਰੋਹਬ ਜਮਾਉਣ ਵਾਲੇ ਜਾਬਰ ਬਾਪ ਦੇ ਬੱਚਿਆਂ ਵਿਚ ਲਾਪ੍ਰਵਾਹ ਹੋਣ ਅਤੇ ਸ਼ੇਖੀਆਂ ਮਾਰਨ ਦੀ ਆਦਤ ਵਧੇਰੇ ਹੁੰਦੀ ਹੈ।

ਜਿਨ੍ਹਾਂ ਲੋਕਾਂ ਨੂੰ ਆਪਣੀ ਮਿਹਨਤ ਦੇ ਮੁਕਾਬਲੇ ਵਧੇਰੇ ਆਮਦਨ ਹੋਣ ਲੱਗ ਪਏ, ਉਨ੍ਹਾਂ ਦੇ ਬੱਚਿਆਂ ਵਿਚ ਅਜਿਹੀ ਆਦਤ ਦੀ ਸਭ ਤੋਂ ਵਧੇਰੇ ਸੰਭਾਵਨਾ ਹੁੰਦੀ ਹੈ।

ਅਜਿਹੇ ਬੱਚੇ ਪੜ੍ਹਾਈ ਛੱਡ ਦਿੰਦੇ ਹਨ।

ਕਾਰਨ ਇਹ ਹੁੰਦਾ ਹੈ ਕਿ ਉਹ ਸੌਖੀਆਂ ਜਿੱਤਾਂ ਦੇ ਅਭਿਲਾਸ਼ੀ ਹੋ ਜਾਂਦੇ ਹਨ ਅਤੇ ਉਹ ਕਿਸੇ ਵੀ ਮੁਕਾਬਲੇ ਦੀ ਸਥਿਤੀ ਵਿਚ ਵਿਚਰ ਨਹੀਂ ਸਕਦੇ।

ਅਜਿਹੇ ਬੱਚਿਆਂ ਦੇ ਪ੍ਰਗਟਾਵੇ ਦਾ ਮੁਹਾਵਰਾ ਦਿਮਾਗੀ ਜਾਂ ਬੌਧਿਕ ਹੋਣ ਦੀ ਥਾਂ ਸਰੀਰਕ ਹੋ ਜਾਂਦਾ ਹੈ ਅਤੇ ਉਹ ਜੀਵਨ ਭਰ ਫੜ੍ਹਾਂ ਅਤੇ ਸ਼ੇਖੀਆਂ ਮਾਰਦੇ, ਮਾਰਦੇ-ਕੁੱਟਦੇ ਅਤੇ ਮਾਰ ਖਾਂਦੇ ਰਹਿੰਦੇ ਹਨ।

ਬੱਚਿਆਂ ਵਿਚ ਸ਼ੇਖੀਆਂ ਮਾਰਨ ਦੀ ਆਦਤ ਘਟਾਉਣ ਲਈ ਉਨ੍ਹਾਂ ਨੂੰ ਨਿੱਕੀਆਂ-ਨਿੱਕੀਆਂ ਜ਼ਿੰਮੇਵਾਰੀਆਂ ਦੇਣੀਆਂ ਚਾਹੀਦੀਆਂ ਹਨ ਜਾਂ ਉਨ੍ਹਾਂ ਨੂੰ ਕਿਸੇ ਥਕਾਉਣ ਵਾਲੀ ਖੇਡ ਵਿਚ ਲਾਉਣਾ ਚਾਹੀਦਾ ਹੈ।

ਜਦੋਂ ਬੱਚਾ ਵੇਖੇਗਾ ਕਿ ਸਭ ਕੁਝ ਉਸ ਦੀ ਮਰਜ਼ੀ ਅਨੁਸਾਰ ਨਹੀਂ ਹੁੰਦਾ ਜਾਂ ਉਹ ਹਰੇਕ ਵਾਰੀ ਜਿੱਤ ਨਹੀਂ ਸਕਦਾ ਤਾਂ ਉਹ ਆਪਣੀ ਸਮਰੱਥਾ-ਯੋਗਤਾ ਦਾ ਆਪ ਹੀ ਮੁਲਾਂਕਣ ਕਰੇਗਾ।

ਕਈ ਬੱਚੇ ਉਦੋਂ ਤੱਕ ਹੀ ਖੇਡਦੇ ਹਨ ਜਦੋਂ ਤੱਕ ਉਹ ਜਿੱਤਦੇ ਰਹਿੰਦੇ ਹਨ, ਹਾਰਨ ਕਾਰਨ ਉਹ ਹਿੰਸਕ ਹੋ ਜਾਂਦੇ ਹਨ।

ਅਜਿਹੇ ਬੱਚਿਆਂ ਦੇ ਵਿਹਾਰ ਨੂੰ ਬਦਲਣਾ ਸੌਖਾ ਨਹੀਂ ਹੁੰਦਾ ਪਰ ਧੀਰਜ ਨਾਲ ਇਨ੍ਹਾਂ ਨੂੰ ਹੋਰ ਖੇਡਾਂ ਵਿਖਾ ਕੇ ਦਰਸਾਇਆ ਜਾ ਸਕਦਾ ਹੈ ਕਿ ਜਿੱਤਣ ਵਾਂਗ, ਹਾਰਨਾ ਵੀ ਜੀਵਨ ਦਾ ਸਾਧਾਰਣ ਵਰਤਾਰਾ ਹੈ।

ਇਵੇਂ ਬੱਚਾ ਆਪਣੇ ਅਨੁਭਵ ਤੋਂ ਸਹਿਜੇ ਹੀ ਜਾਣ ਜਾਂਦਾ ਹੈ ਕਿ ਡੀਂਗਾਂ ਜਾਂ ਸ਼ੇਖੀਆਂ ਮਾਰਨ ਨਾਲੋਂ ਚੁੱਪ-ਚੁਪੀਤੇ ਕੀਤੀ ਤਿਆਰੀ ਅਤੇ ਪ੍ਰਾਪਤ ਕੀਤੀ ਜਿੱਤ ਵਧੇਰੇ ਮਾਣ-ਸਤਿਕਾਰ ਵਾਲੀ ਹੁੰਦੀ ਹੈ।

ਵੇਖਿਆ ਗਿਆ ਹੈ ਕਿ ਸ਼ੇਖੀਆਂ ਮਾਰਨ ਦੀ ਆਦਤ ਲੜਕੀਆਂ ਦੇ ਮੁਕਾਬਲੇ ਲੜਕਿਆਂ ਵਿਚ ਵਧੇਰੇ ਹੁੰਦੀ ਹੈ ਅਤੇ ਲੜਕੀਆਂ ਦੇ ਸੰਪਰਕ ਵਿਚ ਆ ਕੇ ਲੜਕਿਆਂ ਵਿਚ ਅਕਸਰ ਸ਼ਾਬਦਿਕ-ਸ਼ੇਖੀਆਂ ਦੀ ਆਦਤ ਜਾਂਦੀ ਰਹਿੰਦੀ ਹੈ।

***

ਬਹਾਦਰੀ

ਬਹੁਤ ਘੱਟ ਲੋਕ ਜਮਾਂਦਰੂ ਬਹਾਦਰ ਹੁੰਦੇ ਹਨ।

ਅਸੀਂ ਅਕਸਰ ਉਸ ਨੂੰ ਬਹਾਦਰ ਕਹਿੰਦੇ ਹਾਂ ਜਿਸ ਵਿਚ ਡਰ ਘੱਟ ਹੁੰਦਾ ਹੈ।

ਜਿਨ੍ਹਾਂ ਨੂੰ ਅਸੀਂ ਬਹਾਦਰ ਕਹਿੰਦੇ ਹਾਂ ਉਹ ਸਿਖਲਾਈ, ਦ੍ਰਿੜ੍ਹਤਾ ਅਤੇ ਸਵੈ-ਕਾਬੂ ਰਾਹੀਂ ਆਪਣੇ ਡਰ ਉੱਤੇ ਕਾਬੂ ਪਾ ਲੈਂਦੇ ਹਨ।

ਹਰ ਕੋਈ ਆਪਣੇ ਆਪ ਨੂੰ ਬਹਾਦਰ ਅਖਵਾਉਣਾ ਪਸੰਦ ਕਰਦਾ ਹੈ।

ਅਚਾਨਕ ਖਤਰੇ ਸਾਹਮਣੇ ਹਰ ਵਿਅਕਤੀ ਘੱਟ ਜਾਂ ਵੱਧ ਮਾਤਰਾ ਵਿਚ ਡਰ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਧਾਰਨਾ ਹੈ ਕਿ ਫੌਜੀ ਬਹਾਦਰ ਹੁੰਦੇ ਹਨ ਪਰ ਲੰਮੀ ਸਿਖਲਾਈ ਦੇ ਬਾਵਜੂਦ ਤਿੰਨ ਚੌਥਾਈ ਫੌਜੀ, ਲੜਾਈ ਸਮੇਂ ਆਪਣੇ ਹਥਿਆਰਾਂ ਦਾ ਸਹੀ ਪ੍ਰਯੋਗ ਨਹੀਂ ਕਰ ਸਕਦੇ।

ਹਨੇਰੇ ਵਿਚ ਫੌਜੀ ਲਈ ਆਪਣੀ ਕਾਇਰਤਾ ਛੁਪਾਉਣੀ ਸੌਖੀ ਹੁੰਦੀ ਹੈ।

ਸਾਰੇ ਬਹਾਦਰ ਲੋਕਾਂ ਨੂੰ ਫੌਜ ਵਿਚ ਭਰਤੀ ਕਰ ਸਕਣਾ ਸੰਭਵ ਨਹੀਂ ਹੁੰਦਾ।

ਇਕ ਸਥਿਤੀ ਦਾ ਬਹਾਦਰ, ਦੂਜੀ ਸਥਿਤੀ ਵਿਚ ਡਰਪੋਕ ਸਿੱਧ ਹੋ ਸਕਦਾ ਹੈ।

ਫੌਜੀ ਆਮ ਕਰਕੇ ਦੁਸ਼ਮਣ ਨੂੰ ਮਾਰਨ ਲਈ ਨਹੀਂ, ਆਪਣੀ ਜਾਨ ਬਚਾਉਣ ਲਈ ਦੁਸ਼ਮਣ ਵਿਰੁਧ ਲੜਦੇ ਹਨ।

ਆਮ ਹਾਲਤਾਂ ਵਿਚ ਫੌਜੀ ਵੀ ਆਮ ਲੋਕਾਂ ਜਿੰਨੇ ਹੀ ਡਰਪੋਕ ਹੁੰਦੇ ਹਨ।

ਉਹ ਬਹਾਦਰ ਇਸ ਲਈ ਪ੍ਰਤੀਤ ਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੇ ਡਰ ਉੱਤੇ ਕਾਬੂ ਪਾਉਣ ਲਈ ਨਿਰੰਤਰ ਸਿਖਲਾਈ ਦਿੱਤੀ ਜਾਂਦੀ ਹੈ।

ਬਹਾਦਰੀ ਦੇ ਅਰਥ ਅਕਸਰ ਡਰ ਦੀ ਅਣਹੋਂਦ ਤੋਂ ਲਏ ਜਾਂਦੇ ਹਨ।

ਨੀਵੀਂ ਪੱਧਰ ਦੇ ਡਰ ਨੂੰ ਭੈਅ ਦਾ ਨਾਂ ਦਿੱਤਾ ਗਿਆ ਹੈ।

ਮਨੁੱਖ ਦਾ ਪਹਿਲਾ ਅਤੇ ਵਿਸ਼ੇਸ਼ ਡਰ ਮੌਤ ਦਾ ਹੁੰਦਾ ਹੈ।

ਘਬਰਾਹਟ ਵੀ ਡਰ ਤੋਂ ਪੈਦਾ ਹੁੰਦੀ ਹੈ। ਘਬਰਿਆ ਹੋਇਆ ਫੌਜੀ ਵੀ ਛੁੱਪ ਜਾਣ ਜਾਂ ਭੱਜ ਜਾਣ ਦੇ ਉਪਰਾਲੇ ਕਰਦਾ ਹੈ।

ਡਰਿਆ ਹੋਇਆ ਫੌਜੀ ਆਪਣੇ ਵਿਹਾਰ ਉੱਤੇ ਕਾਬੂ ਨਹੀਂ ਰਖ ਸਕਦਾ, ਜਿਸ ਕਾਰਨ ਉਸ ਵੱਲੋਂ ਦੌੜ ਜਾਣਾ, ਛੁੱਪ ਜਾਣ ਨਾਲੋਂ ਅਧਿਕ ਸੁਰੱਖਿਅਤ ਸਮਝਿਆ ਜਾਂਦਾ

ਹੈ। ਫੌਜੀ ਲਈ ਮੁੱਖ ਡਰ ਲੜਾਈ ਵਿਚ ਮੌਤ, ਲੜਾਈ ਵਿਚ ਹਾਰ, ਬੰਦੀ ਬਣਾਏ ਜਾਣ, ਅੰਗਹੀਣ ਹੋ ਜਾਣ, ਲੜਾਈ ਮਗਰੋਂ ਅਨਿਸ਼ਚਿਤ ਭਵਿੱਖ ਆਦਿ ਹੁੰਦੇ ਹਨ।

ਬਹਾਦਰੀ ਦਾ ਮੁੱਖ ਦੁਸ਼ਮਣ ਡਰ ਹੈ ਅਤੇ ਅਨੁਸ਼ਾਸਨ ਬਹਾਦਰੀ ਦਾ ਸਭ ਤੋਂ ਵੱਡਾ ਸਹਾਇਕ ਹੁੰਦਾ ਹੈ। ਅਨੁਸ਼ਾਸਨ ਡਰ ਉੱਤੇ ਕਾਬੂ ਪਾਉਣ ਦੀ ਸਮਰੱਥਾ ਪੈਦਾ ਕਰਦਾ ਹੈ। ਵਿਅਕਤੀਗਤ ਯੋਗਤਾ ਅਤੇ ਭਰੋਸਾ ਮਿਲ ਕੇ, ਟੋਲੇ ਦੀ ਸਮੁੱਚੀ ਯੋਗਤਾ ਅਤੇ ਭਰੋਸਾ ਵਧਾਉਂਦੇ ਹਨ।

ਅਨੁਸ਼ਾਸਨ ਦੀ ਅਣਹੋਂਦ, ਟੋਲੇ ਨੂੰ ਭੀੜ ਵਿਚ ਬਦਲ ਦਿੰਦੀ ਹੈ ਅਤੇ ਭੀੜ ਵਿਚ ਹਰ ਵਿਅਕਤੀ ਨਿੱਜੀ ਸੁਰੱਖਿਆ ਵੱਲ ਪ੍ਰੇਰਿਆ ਜਾਂਦਾ ਹੈ, ਜਦੋਂ ਕਿ ਟੋਲੇ ਵਿਚ ਸਾਥੀ ਦੀ ਹਾਜ਼ਰੀ ਭਰੋਸਾ ਉਪਜਾਉਂਦੀ ਹੈ।

ਟੋਲੇ ਦੀ ਭਾਵਨਾ ਉਪਜਾਉਣ ਲਈ ਹਰ ਕਿਸੇ ਵੱਲੋਂ ਇਕੋ ਜਿਹੀ ਵਰਦੀ ਪਹਿਨੀ ਜਾਂਦੀ ਹੈ, ਜਿਸ ਕਾਰਨ ਸਾਰੇ ਇਕ-ਦੂਜੇ ਨੂੰ ਇਕੋ-ਜਿਹੇ ਪ੍ਰਤੀਤ ਹੁੰਦੇ ਹਨ।

ਇਸੇ ਆਧਾਰ ਉਤੇ ਲੜਾਈ ਸਮੇਂ ਫੌਜੀ, ਦੁਸ਼ਮਣ ਵਿਚ ਘਿਰੇ ਆਪਣੇ ਸਾਥੀਆਂ ਨੂੰ ਛੁਡਾਉਣ ਲਈ ਹਰ ਹੀਲਾ ਵਰਤਦੇ ਹਨ।

ਆਪਣੇ ਜ਼ਖਮੀ ਸਾਥੀ ਨੂੰ ਚੁੱਕ ਲਿਆਉਣ ਲਈ ਵੱਡੇ ਖਤਰੇ ਇਸੇ ਲਈ ਮੁੱਲ ਲੈਣੇ ਪੈਂਦੇ ਹਨ ਕਿਉਂਕਿ ਜ਼ਖਮੀ ਹੋਇਆ ਫੌਜੀ, ਬਾਕੀ ਟੁਕੜੀ ਦਾ ਇਕ ਮੁੱਲਵਾਨ ਅੰਗ ਸਮਝਿਆ ਜਾਂਦਾ ਹੈ।

ਦੌੜੇ ਜਾਂਦੇ ਬੰਦਿਆਂ ਦੀ ਭੀੜ ਵਿਚ ਇਕ ਵਿਅਕਤੀ ਦੇ ਡਰ ਦੀ ਦੂਜਿਆਂ ਨੂੰ ਲਾਗ ਲੱਗ ਜਾਂਦੀ ਹੈ ਅਤੇ ਘਬਰਾਹਟ ਫੈਲ ਜਾਣ ਕਾਰਨ ਸਵੈ-ਮਾਣ ਅਤੇ ਸਨਮਾਨ ਦੇ ਸਾਰੇ ਖਿਆਲ ਅਚਾਨਕ ਉੱਡ ਜਾਂਦੇ ਹਨ।

ਅਨੁਸ਼ਾਸਨ ਦੀ ਅਣਹੋਂਦ ਜਿੱਤ ਰਹੀ ਫੌਜ ਨੂੰ ਵੀ ਹਾਰ ਵੱਲ ਧੱਕ ਦਿੰਦੀ ਹੈ।

ਡਰ ਵਾਂਗ, ਅਗਿਆਨਤਾ ਵੀ ਮਾਰੂ ਸਾਬਤ ਹੁੰਦੀ ਹੈ।

ਆਪਣੇ ਦੁਸ਼ਮਣ ਦੀ ਵਰਤਮਾਨ ਹਾਲਤ ਪ੍ਰਤੀ ਅਗਿਆਨਤਾ, ਕਿਸੇ ਵੱਡੇ ਅਤੇ ਬਹਾਦਰ ਵਿਅਕਤੀ ਨੂੰ ਵੀ ਡਰਪੋਕ ਸਿੱਧ ਕਰ ਦਿੰਦੀ ਹੈ।

ਸਾਡੇ ਬਹੁਤੇ ਡਰ, ਵਿਹਲ ਜਾਂ ਕੰਮ ਦੀ ਅਣਹੋਂਦ ਵਿਚ ਪਲਦੇ ਹਨ।

ਫੌਜੀ ਜਵਾਨਾਂ ਨੂੰ ਦਿਮਾਗੀ ਅਤੇ ਸਰੀਰਕ ਕੰਮ ਵਿਚ ਰੁਝਾਈ ਰੱਖਣ ਨਾਲ ਉਨ੍ਹਾਂ ਨੂੰ ਸੋਚਣ, ਫਿਕਰ ਕਰਨ ਜਾਂ ਭੈ-ਭੀਤ ਹੋਣ ਦਾ ਸਮਾਂ ਹੀ ਨਹੀਂ ਦਿਤਾ ਜਾਂਦਾ।

ਪਰੇਡ, ਖੇਡਾਂ, ਮੁਕਾਬਲੇ, ਹਥਿਆਰ, ਗੋਲੇ-ਬਾਰੂਦ ਦੀ ਸਫਾਈ ਅਤੇ ਸਾਂਭ-ਸੰਭਾਲ ਆਦਿ ਫੌਜੀਆਂ ਨੂੰ ਰੁਝਾਈ ਰੱਖਣ ਦੇ ਢੰਗ ਹੁੰਦੇ ਹਨ।

ਸਫਾਈ ਕਰਨ ਨਾਲ ਫੌਜੀਆਂ ਦਾ ਆਪਣੇ ਆਪ ਅਤੇ ਆਪਣੇ ਹਥਿਆਰਾਂ ਵਿਚ ਭਰੋਸਾ ਵੱਧਦਾ ਹੈ।

ਵਰਦੀ ਦੀ ਸ਼ਾਨ, ਝੰਡੇ ਦੀ ਆਨ, ਕੌਮੀ ਵਿਰਸੇ ਦੀ ਯਾਦ, ਰਜਮੈਂਟ ਦਾ ਇਤਿਹਾਸ ਅਤੇ ਜਿੱਤ ਮਗਰੋਂ ਮਿਲਣ ਵਾਲੀ ਪ੍ਰਸ਼ੰਸਾ ਵੀ ਆਮ ਫੌਜੀਆਂ ਨੂੰ ਚੜ੍ਹਦੀ ਕਲਾ ਵਿਚ ਰੱਖਦੀ ਹੈ।

ਬਹਾਦਰੀ ਅਤੇ ਕਾਇਰਤਾ ਵਿਚ ਬਹੁਤ ਪਤਲਾ ਜਿਹਾ ਅੰਤਰ ਹੁੰਦਾ ਹੈ।

ਕੋਈ ਵੀ ਡਰ ਤੋਂ ਮੁਕਤ ਨਹੀਂ ਹੁੰਦਾ ਪਰ ਡਰ ਨੂੰ ਕਾਬੂ ਵਿਚ ਰੱਖਣ ਵਾਲਾ ਬਹਾਦਰ ਅਤੇ ਦੂਜਾ ਕਾਇਰ ਅਖਵਾਉਂਦਾ ਹੈ।

ਫੌਜੀ ਅਫਸਰ ਵੱਲੋਂ ਆਪਣੇ ਅਧੀਨ ਫੌਜੀਆਂ ਦੇ ਨਾਂਵਾਂ ਦੀ ਜਾਣਕਾਰੀ ਅਤੇ ਉਨ੍ਹਾਂ ਦੀਆਂ ਘਰੇਲੂ ਸਮੱਸਿਆਵਾਂ ਵਿਚ ਦਿਲਚਸਪੀ, ਜਵਾਨਾਂ ਵਿਚ ਬਹਾਦਰੀ ਦਾ ਵਿਸ਼ਵਾਸ ਜਗਾਉਂਦੀ ਹੈ।

ਫੌਜੀ ਹਰ ਸਮੇਂ ਕੰਮ ਵਿਚ ਰੁਝੇ ਨਹੀਂ ਰਖੇ ਜਾ ਸਕਦੇ, ਇਸ ਲਈ ਉਨ੍ਹਾਂ ਵਿਚ ਸਹਿਯੋਗੀ ਮੁਕਾਬਲਿਆਂ ਰਾਹੀਂ, ਆਪਣੀ ਟੋਲੀ ਦੇ ਜਵਾਨਾਂ ਨਾਲ ਉਸਾਰੂ ਅਤੇ ਸੁਚਾਰੂ ਸਬੰਧ ਪੈਦਾ ਕਰਨ ਦੀ ਯੋਗਤਾ ਉਪਜਾਉਣ ਦੇ ਯਤਨ ਕੀਤੇ ਜਾਂਦੇ ਹਨ।

ਹਰ ਫੌਜੀ ਦੀ ਸ਼ਖ਼ਸੀਅਤ ਟੋਲੀ ਦੀ ਸ਼ਖ਼ਸੀਅਤ ਵਿਚ ਘੁਲ ਜਾਣ ਕਾਰਨ ਹਰ ਫੌਜੀ ਆਪਣੀ ਟੋਲੀ ਬਾਰੇ ਹੀ ਸੋਚਦਾ ਹੈ ਅਤੇ ਉਸ ਦੀ ਅਸਫਲਤਾ ਦਾ ਡਰ ਘੱਟ ਜਾਂਦਾ ਹੈ।

ਫੌਜੀਆਂ ਦੀਆਂ ਖੇਡਾਂ ਵੀ ਇਹ ਭਾਵਨਾ ਪੈਦਾ ਕਰਦੀਆਂ ਹਨ।

ਭਾਵੇਂ ਯੁਧ-ਵਿਗਿਆਨ ਨੇ ਬਹੁਤ ਉੱਨਤੀ ਕਰ ਲਈ ਹੈ ਪਰ ਪੈਦਲ ਲੜਨ ਵਾਲੇ ਫੌਜੀ ਦੇ ਕਾਰਜਾਂ ਅਤੇ ਜ਼ਿੰਮੇਵਾਰੀਆਂ ਵਿਚ ਕੋਈ ਤਬਦੀਲੀ ਨਹੀਂ ਆਈ, ਸਗੋਂ ਉਸ ਦੀਆਂ ਜ਼ਿੰਮੇਵਾਰੀਆਂ ਹੋਰ ਵੱਧ ਗਈਆਂ ਹਨ।

ਐਟਮੀ ਹਥਿਆਰਾਂ ਸਾਹਮਣੇ ਫੌਜੀ ਜਵਾਨ ਦਾ ਹੌਸਲਾ ਬਣਾਈ ਰੱਖਣਾ ਬੜਾ ਕਠਿਨ ਹੁੰਦਾ ਜਾ ਰਿਹਾ ਹੈ।

ਆਧੁਨਿਕ ਯੁਗ ਵਿਚ ਵਿਰੋਧੀ ਫੌਜ ਵਿਚ ਹਫੜਾ-ਦਫੜੀ ਫੈਲਾਉਣ ਦੀਆਂ ਵਿਧੀਆਂ ਅਤੇ ਅਵਸਰਾਂ ਵਿਚ ਢੇਰ ਵਾਧਾ ਹੋਇਆ ਹੈ।

ਕਮਾਂਡੋ ਫੌਜੀ ਇਸ ਕੰਮ ਲਈ ਵਿਸ਼ੇਸ਼ ਤੌਰ ਉਤੇ ਸਿਖਾਏ ਜਾਂਦੇ ਹਨ, ਜਿਨ੍ਹਾਂ ਤੋਂ ਵਡੇਰੀ ਬਹਾਦਰੀ ਦੀ ਆਸ ਕੀਤੀ ਜਾਂਦੀ ਹੈ।

ਆਧੁਨਿਕ ਜੰਗ ਫੌਜੀਆਂ ਤਕ ਹੀ ਸੀਮਤ ਨਹੀਂ, ਆਮ ਲੋਕਾਂ ਨੂੰ ਵੀ ਜੰਗ ਦਾ ਉਨਾ ਹੀ ਖਤਰਾ ਬਣਿਆ ਰਹਿੰਦਾ ਹੈ।

ਆਮ ਲੋਕਾਂ ਵਿਚ ਡਰ ਦਾ ਸਭ ਤੋਂ ਵੱਡਾ ਸੋਮਾ ਅਫਵਾਹਾਂ ਹੁੰਦੀਆਂ ਹਨ।

ਬੰਬ ਦੇ ਸਦਮੇ ਜਾਂ ਮਾਰੇ ਜਾਣ ਦੇ ਸਹਿਮ ਨਾਲ ਕਈ ਲੋਕ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਝੰਜੋੜੇ ਜਾਂਦੇ ਹਨ।

ਬੰਬ ਫੱਟਣ ਦੀ ਆਵਾਜ਼ ਸਾਡੇ ਹੌਸਲੇ ਦੀਆਂ ਨੀਹਾਂ ਹਿਲਾ ਦਿੰਦੀ ਹੈ।

ਡਰੇ ਹੋਏ ਵਿਅਕਤੀਆਂ ਦੇ ਕੰਨ ਬੋਲਦੇ ਹਨ। ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਭੈ-ਭੀਤ ਕਰਦੀਆਂ ਹਨ।

ਬਲੈਕ-ਆਊਟ ਸਮੇਂ ਅਤੇ ਗੋਲੀਆਂ ਚੱਲਣ ਸਮੇਂ, ਕਹਿੰਦੇ-ਕਹਾਉਂਦੇ ਬਹਾਦਰ ਵੀ ਮੰਜਿਆਂ ਥੱਲੇ ਲੁਕਦੇ ਵੇਖੇ ਗਏ ਹਨ।

ਮਨੁੱਖ ਨੂੰ ਭਾਵੇਂ ਕਿੰਨੀ ਵੀ ਸਿਖਲਾਈ ਕਿਉਂ ਨਾ ਦਿੱਤੀ ਜਾਵੇ, ਉਹ ਡਰਨ ਦੀਆਂ ਪੁਰਾਣੀਆਂ ਆਦਤਾਂ ਨਹੀਂ ਛੱਡਦਾ।

ਇਸੇ ਲਈ ਵਿਸ਼ੇਸ਼ ਸਿਖਲਾਈ ਅਕਾਦਮੀਆਂ ਵਿਚ ਛੋਟੀ ਉਮਰ ਦੇ ਲੜਕਿਆਂ ਨੂੰ ਦਾਖਲ ਕਰਕੇ ਪੜ੍ਹਾਈ ਅਤੇ ਸਿਖਲਾਈ ਰਾਹੀਂ ਉਨ੍ਹਾਂ ਵਿਚ ਬਹਾਦਰੀ ਦੇ ਮਹਾਨ ਉਦੇਸ਼ਾਂ ਅਤੇ ਆਦਰਸ਼ਾਂ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ।

ਅਜਿਹੀਆਂ ਅਕਾਦਮੀਆਂ ਚੰਗੇ ਕਮਾਂਡਰ, ਵਿਉਂਤਕਾਰ ਅਤੇ ਪ੍ਰਬੰਧਕ ਪੈਦਾ ਕਾਰਨ ਦੀਆਂ ਟਕਸਾਲਾਂ ਹੁੰਦੀਆਂ ਹਨ।

ਸਾਰੀ ਖੇਡ ਕਮਾਂਡਰ ਉੱਤੇ ਨਿਰਭਰ ਕਰਦੀ ਹੈ।

ਭੱਜੇ ਜਾਂਦੇ ਕਮਾਂਡਰ ਨੂੰ ਵੇਖ ਕੇ ਬਹਾਦਰ ਤੋਂ ਬਹਾਦਰ ਫੌਜੀ ਵੀ ਆਪ-ਮੁਹਾਰੇ ਜਾਨ ਬਚਾਉਣ ਲਈ ਦੌੜਨ ਲੱਗ ਪੈਂਦੇ ਹਨ।

ਕਮਾਂਡਰ ਦੀ ਗੈਰ ਹਾਜ਼ਰੀ ਵਿਚ ਫੌਜੀ ਪਹਿਲ ਕਰਨ ਅਤੇ ਉਦਾਹਰਣ ਸਿਰਜਣ ਲਈ ਇਕ ਦੂਜੇ ਵੱਲ ਵੇਖਦੇ ਰਹਿੰਦੇ ਹਨ। ਹਰ ਕੋਈ ਪਹਿਲ ਕਰਨ ਦੀ ਥਾਂ ਪਹਿਲ ਕਰਨ ਵਾਲੇ ਜਵਾਨ ਦੇ ਪਿਛੇ ਲੱਗਣ ਲਈ ਉਡੀਕ ਰਿਹਾ ਹੁੰਦਾ ਹੈ।

ਇਕ ਵਾਰੀ ਜਦੋਂ ਟੋਲੇ ਵਿਚ ਘਬਰਾਹਟ ਪੈਦਾ ਹੋ ਜਾਵੇ ਤਾਂ ਫਿਰ ਹੌਸਲਾ ਬੰਨ੍ਹਣਾ ਬੜਾ ਮੁਸ਼ਕਿਲ ਕੰਮ ਹੁੰਦਾ ਹੈ। ਕਿਉਂਕਿ ਘਬਰਾਏ ਹੋਏ ਟੋਲੇ ਕੋਲ ਸੋਚਣ, ਦਲੀਲ ਦੇਣ ਅਤੇ ਯੋਗਤਾ ਵਿਖਾਉਣ ਦੀ ਸਮਰੱਥਾ ਨਹੀਂ ਹੁੰਦੀ।

ਘਬਰਾਈ ਹੋਈ ਫੌਜੀ ਟੋਲੀ ਭੀੜ ਵਾਂਗ ਵਰਤਾਓ ਕਰਦੀ ਹੈ।

ਭੱਜ-ਦੌੜ ਮੱਚਦੀ ਹੀ ਉਦੋਂ ਹੈ ਜਦੋਂ ਭੱਜ ਨਿਕਲਣ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਦਾ ਯਤਨ ਕੀਤਾ ਜਾਂਦਾ ਹੈ।

ਅਫਵਾਹਾਂ, ਸਿਖਲਾਈ ਦੀ ਘਾਟ, ਆਲਸ, ਮਾੜੀ ਅਗਵਾਈ, ਥਕਾਵਟ, ਭੁੱਖ, ਪਿਆਸ, ਅਸਲੇ ਦੀ ਘਾਟ, ਆਦਿ ਗੱਲਾਂ ਫੌਜ ਵਿਚ ਘਬਰਾਹਟ ਨੂੰ ਜਨਮ ਦਿੰਦੀਆਂ ਅਤੇ ਵਧਾਉਂਦੀਆਂ ਹਨ।

ਜਦੋਂ ਹੌਸਲਾ ਹੀ ਡਿਗ ਜਾਵੇ ਤਾਂ ਕੁਝ ਵੀ ਸਥਿਰ ਨਹੀਂ ਰਹਿ ਸਕਦਾ।

ਅਸਲ ਵਿਚ ਅਫਸਰ ਦੀ ਸ਼ਖ਼ਸੀਅਤ, ਉਸ ਦੀ ਦ੍ਰਿੜ੍ਹ ਅਤੇ ਰੋਹਬ ਭਰੀ ਆਵਾਜ਼, ਸਾਫ ਅਤੇ ਸਪਸ਼ਟ ਆਦੇਸ਼, ਉਸ ਦੇ ਮਰਨ ਜਾਂ ਜ਼ਖਮੀ ਹੋਣ ਦੀ ਸਥਿਤੀ ਵਿਚ ਹੋਰਾਂ ਵੱਲੋਂ ਕਮਾਨ ਸੰਭਾਲਣ ਦੀ ਯੋਗਤਾ, ਫੌਜੀਆਂ ਵਿਚ ਘਬਰਾਹਟ ਨੂੰ ਜਨਮ ਨਹੀਂ ਲੈਣ ਦਿੰਦੀ।

ਝੱਟਪੱਟ ਮੌਕਾ ਅਤੇ ਮੋਰਚਾ ਸੰਭਾਲਣ ਅਤੇ ਪਹਿਲ-ਕਦਮੀ ਕਰਨ ਦੀ ਯੋਗਤਾ ਹੀ ਫੌਜੀਆਂ ਨੂੰ ਆਮ ਲੋਕਾਂ ਨਾਲੋਂ ਨਿਖੇੜਦੀ ਹੈ।

ਜਿਸਮਾਨੀ ਥਕਾਵਟ ਅਤੇ ਦਿਮਾਗੀ ਥਕਾਵਟ ਇਕ ਦੂਜੀ ਨੂੰ ਪ੍ਰਭਾਵਤ ਕਰਦੀਆਂ ਹਨ। ਹਰ ਵਿਅਕਤੀ ਵਿਚ ਤਣਾਓ ਸਹਾਰਨ ਦੀ ਸ਼ਕਤੀ ਦੀ ਇਕ ਸੀਮਾ ਹੁੰਦੀ ਹੈ।

ਘਮੰਡੀ ਅਤੇ ਜੁਗਤਹੀਣ ਫੌਜੀ ਅਫਸਰ ਆਪਣੇ ਜਵਾਨਾਂ ਦੀ ਸਰੀਰਕ ਸ਼ਕਤੀ ਦੀਆਂ ਅਸੰਭਵ ਹੱਦਾਂ ਨਿਸ਼ਚਿਤ ਕਰਕੇ ਨੁਕਸਾਨ ਨੂੰ ਵੱਧਾਉਂਦੇ ਹਨ।

ਮਹਾਨ ਸਿਕੰਦਰ ਦੀ ਅਸਫਲਤਾ ਦਾ ਇਕ ਕਾਰਨ, ਉਸ ਵਲੋਂ ਆਪਣੇ ਫੌਜੀਆਂ ਦੇ ਆਰਾਮ ਪ੍ਰਤੀ ਅਵੇਸਲਾਪਣ ਸੀ।

ਕਈ ਲੜਾਈਆਂ ਫੌਜੀਆਂ ਦੀ ਥਕਾਵਟ ਕਾਰਨ ਹਾਰ ਵਿਚ ਬਦਲ ਜਾਂਦੀਆਂ ਵੇਖੀਆਂ ਗਈਆਂ ਹਨ।

ਅਨੇਕਾਂ ਵਾਰ ਮੌਸਮ ਵੀ ਲੜਾਈ ਦੀ ਹਾਰ ਦਾ ਕਾਰਨ ਬਣਦਾ ਹੈ।

ਪਿੱਛੇ ਹੱਟਣਾ ਕਈ ਹਾਲਤਾਂ ਵਿਚ ਆਪਣੀ ਲੜਨ ਦੀ ਯੋਗਤਾ ਨੂੰ ਵਧਾਉਣ ਲਈ ਹੁੰਦਾ ਹੈ, ਜਦੋਂ ਕਿ ਆਮ ਕਰਕੇ ਪਿੱਛੇ ਹੱਟਣ ਨੂੰ ਹਾਰ ਜਾਂ ਤਬਾਹੀ ਸਮਝਿਆ ਜਾਂਦਾ ਹੈ।

ਫੌਜ ਅਕਸਰ ਆਪਣੇ ਉਸ ਸਾਮਾਨ ਨੂੰ ਤਬਾਹ ਕਰਦੀ ਹੈ, ਜਿਹੜਾ ਉਸ ਦੀ ਲੜਨ-ਯੋਗਤਾ ਵਿਚ ਰੁਕਾਵਟ ਬਣਦਾ ਹੈ ਅਤੇ ਉਸ ਦੀ ਅੱਗੇ-ਪਿੱਛੇ ਹੋਣ ਦੀ ਯੋਗਤਾ ਵਿਚ ਵਿਘਨ ਪਾਉਂਦਾ ਹੈ।

ਪਿੱਛੇ ਹੱਟਣ ਦੀ ਸਥਿਤੀ ਕਮਾਂਡਰ ਲਈ ਇਮਤਿਹਾਨ ਦੀ ਘੜੀ ਹੁੰਦੀ ਹੈ ਕਿਉਂਕਿ ਕਿਸੇ ਵੀ ਬੇਤਰਤੀਬੀ ਜਾਂ ਗੜਬੜੀ ਕਾਰਨ ਜਵਾਨਾਂ ਦਾ ਹੌਸਲਾ ਢਹਿ ਸਕਦਾ ਹੈ।

ਕੋਈ ਵੀ ਫੌਜ ਪੂਰੇ ਭਰੋਸੇ ਨਾਲ ਪਿੱਛੇ ਨਹੀਂ ਹੱਟਦੀ।

ਪਿੱਛੇ ਹੱਟਣ ਦੀ ਸਿਖਲਾਈ, ਬੜੀ ਯੋਜਨਾ ਅਤੇ ਚੌਕਸੀ ਨਾਲ ਦਿੱਤੀ ਜਾਂਦੀ ਹੈ ਅਤੇ ਇਸ ਨੂੰ ਸਾਵਧਾਨੀ ਭਰੇ ਇਕ ਸੁਭਾਵਿਕ ਪੈਂਤੜੇ ਵਜੋਂ ਸਿਖਾਇਆ ਜਾਂਦਾ ਹੈ।

ਤਾੜ ਵਿਚ ਬੈਠੀ ਟੋਲੀ ਦੀ ਮਾਨਸਿਕ ਸਥਿਤੀ ਬੜੀ ਤਣਾਓ ਭਰੀ ਹੁੰਦੀ ਹੈ।

ਘਬਰਾਈ ਹੋਈ ਟੋਲੀ ਬਹੁਤ ਜ਼ਿਆਦਾ ਫਾਇਰ ਕਰਦੀ ਹੈ ਪਰ ਸਾਰਾ ਫਾਇਰ ਅਜਾਈਂ ਜਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਮੌਕਾ ਆਉਣ ਉਤੇ ਅਜਿਹੀ ਟੋਲੀ ਵਿਚ ਫਾਇਰ ਕਰਨ ਦੀ ਸਮਰੱਥਾ ਹੀ ਨਾ ਰਹੇ।

ਲੰਮੀ ਉਡੀਕ, ਖੁਰਾਕ ਦੀ ਘਾਟ ਅਤੇ ਦੁਚਿੱਤੀ ਆਦਿ ਦੀਆਂ ਹਾਲਤਾਂ, ਮਨੁੱਖ ਦਾ ਲੱਕ ਤੋੜ ਦਿੰਦੀਆਂ ਹਨ।

ਮਾਨਸਿਕ ਤੌਰ 'ਤੇ ਕਮਜ਼ੋਰ ਫੌਜੀਆਂ ਦਾ ਦਿਲ ਖਾਈ ਵਿਚ ਹੀ ਬੈਠੇ ਰਹਿਣ ਲਈ ਲੋਚਦਾ ਹੈ। ਅਜਿਹੀ ਹਾਲਤ ਵਿਚ ਫੌਜੀ ਨੂੰ ਕਦੇ ਵੀ ਇਕੱਲਿਆਂ ਨਹੀਂ ਛਡਿਆ ਜਾਂਦਾ। ਇਕੱਲ ਵਿਚ ਉਸ ਵਲੋਂ ਆਪਣੇ ਹੋਸ਼-ਹਵਾਸ ਨੂੰ ਕਾਬੂ ਵਿਚ ਰੱਖਣਾ ਅਸੰਭਵ ਹੋ ਜਾਂਦਾ ਹੈ ਅਤੇ ਉਹ ਡਰਪੋਕ ਵਿਅਕਤੀ ਵਾਲੀਆਂ ਹਰਕਤਾਂ ਵਿਚ ਰੁੱਝ ਜਾਂਦਾ ਹੈ।

***

ਸੁਪਨੇ

ਸੁਪਨੇ ਮਨੁੱਖੀ ਜੀਵਨ ਦੀ ਇਕ ਬੁਝਾਰਤ ਹਨ।

ਅਸੀਂ ਸਾਰੇ ਸੁਪਨੇ ਵੇਖਦੇ ਹਾਂ, ਪਰ ਇਨ੍ਹਾਂ ਦੇ ਕਾਰਨਾਂ ਬਾਰੇ ਅਜੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਆਧੁਨਿਕ ਖੋਜ ਨੇ ਭਾਵੇਂ ਸੁਪਨਿਆਂ ਸਬੰਧੀ ਕਈ ਨਵੇਂ ਤੱਥ ਪੇਸ਼ ਕੀਤੇ ਹਨ ਪਰ ਇਸ ਬੁਝਾਰਤ ਨੂੰ ਸੁਲਝਣ ਵਿਚ ਅਜੇ ਢੇਰ ਸਮਾਂ ਲੱਗੇਗਾ।

ਸਦੀਆਂ ਤੋਂ ਮਨੁੱਖ ਕਹਿੰਦਾ ਆਇਆ ਹੈ ਕਿ ਸੁਪਨੇ ਸਾਨੂੰ ਕਿਸੇ ਹੋਰ ਸੰਸਾਰ ਦੇ ਸੁਨੇਹੇ ਦਿੰਦੇ ਹਨ। ਇਹੀ ਕਾਰਨ ਹੈ ਕਿ ਸੁਪਨਿਆਂ ਵਿਚ ਵੇਖੀਆਂ ਕਈ ਗੱਲਾਂ ਨੂੰ ਭਵਿੱਖ-ਬਾਣੀ ਵੀ ਕਿਹਾ ਜਾਂਦਾ ਹੈ।

ਸਾਡਾ ਅਤੀਤ ਸਾਡੇ ਸੁਪਨਿਆਂ ਦੀ ਟਕਸਾਲ ਹੁੰਦਾ ਹੈ।

ਇਸ ਬਾਰੇ ਸਾਰੇ ਜਾਣਦੇ ਹਨ ਕਿ ਸੁਪਨਿਆਂ ਨੇ ਮਨੁੱਖ ਦੀ ਸਿਰਜਣਾਤਮਕ ਕਿਰਿਆ ਨੂੰ ਪ੍ਰਫੁੱਲਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।

ਸਾਡੀਆਂ ਕਈ ਉਲਝਣਾਂ ਸੁਪਨਿਆਂ ਰਾਹੀਂ ਸੁਲਝਦੀਆਂ ਹਨ।

ਮਹਾਨ ਵਿਗਿਆਨੀ ਨਿਊਟਨ ਅਨੁਸਾਰ ਉਸ ਦੀਆਂ ਵਿਗਿਆਨ ਸਬੰਧੀ ਕਈ ਮੁਸ਼ਕਿਲਾਂ ਸੁਪਨਿਆਂ ਰਾਹੀਂ ਹੱਲ ਹੁੰਦੀਆਂ ਰਹੀਆਂ ਸਨ।

ਰੇਡੀਅਮ ਦੀ ਕਾਢ ਕਢਣ ਵਾਲੀ ਮੇਰੀ ਕਿਊਰੀ ਨੂੰ ਰੇਡੀਅਮ ਦਾ ਫਾਰਮੂਲਾ ਸੁਪਨੇ ਵਿਚ ਹੀ ਸੁੱਝਿਆ ਸੀ।

ਅੰਗਰੇਜ਼ੀ ਦੇ ਪ੍ਰਸਿੱਧ ਰੋਮਾਂਟਿਕ ਕਵੀ ਕੋਲਰਿਜ ਨੂੰ ਪ੍ਰਸਿੱਧ ਕਵਿਤਾ 'ਕੁਬਲਾ ਖ਼ਾਨ' ਸੁਪਨੇ ਵਿਚ ਹੀ ਸੁੱਝੀ ਸੀ।

ਕਈ ਸੰਤਾਂ-ਫਕੀਰਾਂ ਨੂੰ ਆਪਣੀ ਮੌਤ ਦਾ ਸੰਦੇਸ਼, ਕਈ ਬਾਦਸ਼ਾਹਾਂ ਨੂੰ ਆਪਣੇ ਤਖਤ ਉਲਟਣ ਦੇ ਸਮਾਚਾਰ ਆਦਿ ਪਹਿਲਾਂ ਸੁਪਨੇ ਵਿਚ ਹੀ ਮਿਲੇ ਸਨ।

ਭਾਵੇਂ ਕੋਈ ਸੰਤੋਖਜਨਕ ਉੱਤਰ ਨਹੀਂ ਮਿਲ ਸਕਿਆ ਕਿ ਸੁਪਨੇ ਆਉਂਦੇ ਕਿੱਥੋਂ ਹਨ ਪਰ ਕੁਝ ਪ੍ਰਯੋਗ ਅਤੇ ਅਨੁਮਾਨ ਇਹ ਸਿੱਧ ਕਰਨ ਦਾ ਜਤਨ ਕਰਦੇ ਹਨ ਕਿ ਸੁਪਨਿਆਂ ਦੀ ਸਮੱਗਰੀ ਸਾਡੇ ਅਰਧ-ਚੇਤਨ ਅਤੇ ਅਚੇਤ-ਮਨ ਵਿਚ ਪਈ ਹੈ।

ਸੁਪਨਿਆਂ ਰਾਹੀਂ ਅਸੀਂ ਆਦਿ-ਮਨੁੱਖ ਨਾਲ ਜਾ ਜੁੜਦੇ ਹਾਂ।

ਇਸੇ ਲਈ ਕਿਹਾ ਜਾਂਦਾ ਹੈ ਕਿ ਸੁਪਨਿਆਂ ਰਾਹੀਂ ਸਾਡੇ ਵਡੇ-ਵਡੇਰੇ ਸਾਨੂੰ ਸੁਨੇਹੇ ਭੇਜਦੇ ਹਨ।

ਇਹ ਵੀ ਕਿਹਾ ਜਾਂਦਾ ਹੈ ਕਿ ਸੁਪਨੇ ਸਮੁੱਚੀ ਮਨੁੱਖੀ ਯਾਦ-ਸ਼ਕਤੀ ਦਾ ਪ੍ਰਗਟਾਵਾ ਕਰਦੇ ਹਨ ਪਰ ਕਈ ਕੇਵਲ ਇੰਨਾ ਹੀ ਕਹਿੰਦੇ ਹਨ ਕਿ ਸੁਪਨੇ ਸਾਡੀ ਪਾਚਨ-ਸ਼ਕਤੀ ਵਿਚ ਕਿਸੇ ਖਰਾਬੀ ਜਾਂ ਬੋਝ ਦਾ ਨਤੀਜਾ ਹੁੰਦੇ ਹਨ।

ਕਈਆਂ ਦਾ ਇਹ ਵਹਿਮ ਹੈ ਕਿ ਨੀਂਦ ਦੀ ਅਵਸਥਾ ਵਿਚ ਸਾਡੀ ਆਤਮਾ ਸਾਡੇ ਸਰੀਰ ਵਿਚੋਂ ਨਿਕਲ ਕੇ ਇਧਰ-ਉਧਰ ਭਟਕਦੀ ਹੈ ਅਤੇ ਸੁਪਨੇ ਉਸ ਭਟਕਣ ਦਾ ਲੇਖਾ-ਜੋਖਾ ਪੇਸ਼ ਕਰਦੇ ਹਨ।

ਡਾਕਟਰੀ ਵਿਗਿਆਨ ਨੇ, ਮਨੋਵਿਗਿਆਨ ਵਾਂਗ, ਸੁਪਨਿਆਂ ਨੂੰ ਸਰੀਰ ਦੀਆਂ ਭਿੰਨ-ਭਿੰਨ ਕਿਰਿਆਵਾਂ ਉਤੇ ਅਧਾਰਿਤ ਕੀਤਾ ਹੈ, ਜਿਵੇਂ ਬਦਹਜ਼ਮੀ, ਦੁੱਖਦਾਈ ਮਾਹਵਾਰੀ, ਪਿਸ਼ਾਬ ਦਾ ਨਿਕਾਸ ਨਾ ਹੋਣਾ, ਬੁਖਾਰ, ਲਿੰਗ-ਅਤ੍ਰਿਪਤੀ, ਜ਼ੁਕਾਮ, ਸ਼ੋਰ-ਸ਼ਰਾਬਾ, ਡਰ, ਗੁੱਸਾ, ਚਿੰਤਾ ਆਦਿ।

ਸੁਪਨੇ ਵਿਚ ਸਾਡੀਆਂ ਅਪੂਰਤ ਇੱਛਾਵਾਂ ਅਤੇ ਲਾਲਸਾਵਾਂ ਪੂਰਤੀ ਲੋਚਦੀਆਂ ਹਨ। ਆਪਣੇ ਪੁੱਤਰ ਤੋਂ ਵਿਛੜੀ ਮਾਂ ਸੁਪਨੇ ਵਿਚ ਪੁੱਤਰ ਨੂੰ ਲੱਭ ਲੈਂਦੀ ਹੈ। ਇਕ ਅਸਫਲ ਵਿਅਕਤੀ ਆਪਣੇ ਆਪ ਨੂੰ ਪ੍ਰਸ਼ੰਸਕਾਂ ਦੀ ਭੀੜ ਵਿਚ ਘਿਰਿਆ ਵੇਖਦਾ ਹੈ। ਮੰਗਤੇ ਨੂੰ ਸੋਨੇ ਦੇ ਪਹਾੜਾਂ ਦੇ ਸੁਪਨੇ ਆਉਂਦੇ ਹਨ। ਇਕ ਗਰਭਵਤੀ ਇਸਤਰੀ ਨੂੰ ਆਪਣੇ ਬੱਚੇ ਦੇ ਅੰਗਹੀਣ ਹੋਣ ਦਾ ਡਰਾਉਣਾ ਸੁਪਨਾ ਆਉਂਦਾ ਹੈ। ਇਕ ਭੁੱਖੇ ਵਿਅਕਤੀ ਸਾਹਮਣੇ ਪਕਵਾਨ ਸਜਦੇ ਹਨ। ਕਈ ਲੰਗੜੇ ਵਿਅਕਤੀ ਸੁਪਨਿਆਂ ਵਿਚ ਤੇਜ਼ ਦੌੜਦੇ ਹਨ।

ਜੋ ਕੁਝ ਸਾਡੇ ਅਸਲੀ ਜੀਵਨ ਵਿਚ ਸੰਭਵ ਨਹੀਂ ਹੁੰਦਾ, ਉਹ ਸੁਪਨੇ ਵਿਚ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ।

ਪ੍ਰਸਿੱਧ ਮਨੋਵਿਗਿਆਨੀ ਫਰਾਇਡ ਅਨੁਸਾਰ ਸੁਪਨੇ ਸਾਡੀਆਂ ਅਤ੍ਰਿਪਤ ਲਿੰਗ ਇੱਛਾਵਾਂ ਦੀ ਪੂਰਤੀ ਕਰਦੇ ਹਨ। ਸੁਪਨੇ ਵਿਚ ਵਿਅਕਤੀ ਉਨ੍ਹਾਂ ਦਾ ਨਿੱਘਾ ਸਾਥ ਮਾਣਦਾ ਹੈ, ਜਿਨ੍ਹਾਂ ਨੂੰ ਉਂਝ ਮਿਲਣਾ ਵੀ ਸੰਭਵ ਨਹੀਂ ਹੁੰਦਾ।

ਜਿਸ ਦੇ ਨੇੜੇ ਜਾਣਾ ਵੀ ਸੰਭਵ ਨਹੀਂ ਹੁੰਦਾ, ਸੁਪਨੇ ਵਿਚ ਉਹ ਵਿਅਕਤੀ, ਹੋ ਸਕਦਾ ਹੈ, ਨਾਲ ਸੁੱਤਾ ਹੋਵੇ।

ਵਿਆਹ ਦੀ ਸੰਸਥਾ ਬਹੁਤੀ ਪੁਰਾਣੀ ਨਹੀਂ, ਇਹੀ ਕਾਰਨ ਹੈ ਕਿ ਸੁਪਨੇ ਵਿਚ ਕਈ ਵਾਰੀ ਅਸੀਂ ਉਨ੍ਹਾਂ ਵਿਅਕਤੀਆਂ ਨਾਲ ਸੰਭੋਗ ਕਰਦੇ ਹਾਂ, ਜਿਨ੍ਹਾਂ ਬਾਰੇ ਜਾਗਦਿਆਂ ਅਜਿਹਾ ਸੋਚਣਾ ਵੀ ਸਾਨੂੰ ਚੰਗਾ ਨਹੀਂ ਲੱਗਦਾ।

ਫਰਾਇਡ ਨੇ ਕਈ ਮਾਨਸਿਕ ਬੀਮਾਰੀਆਂ ਦਾ ਆਧਾਰ ਲਿੰਗ ਅਤ੍ਰਿਪਤੀ ਮੰਨਿਆ ਹੈ ਅਤੇ ਇਨ੍ਹਾਂ ਦੇ ਇਲਾਜ ਲਈ ਸੁਪਨਿਆਂ ਦੇ ਅਹਿਮ ਰੋਲ ਵੱਲ ਇਸ਼ਾਰਾ ਕੀਤਾ ਹੈ।

ਅੱਜ ਵੀ ਸੰਸਾਰ ਵਿਚ ਕਈ ਕਬੀਲਿਆਂ ਵਿਚ ਸੁਪਨੇ ਨੂੰ ਸੱਚ ਮੰਨਿਆ ਜਾਂਦਾ ਹੈ। ਅਫਰੀਕਾ ਵਿਚ ਜੇ ਕਿਸੇ ਨੂੰ ਸੱਪ ਵੱਢਣ ਦਾ ਸੁਪਨਾ ਆਵੇ ਤਾਂ ਸੱਪ ਵੱਢੇ ਦਾ ਇਲਾਜ ਸ਼ੁਰੂ ਕਰ ਦਿੱਤਾ ਜਾਂਦਾ ਹੈ।

ਕਈ ਘਟਨਾਵਾਂ ਸੁਪਨੇ ਵਿਚ ਪਹਿਲਾਂ ਵਾਪਰਦੀਆਂ ਹਨ ਅਤੇ ਅਸਲੀਅਤ ਵਿਚ ਮਗਰੋਂ। ਕਈ ਡਰਾਉਣੇ ਸੁਪਨੇ ਇਤਨੇ ਭਿਆਨਕ ਹੁੰਦੇ ਹਨ ਕਿ ਸੁਪਨਾ ਵੇਖਣ ਵਾਲੇ ਵਿਅਕਤੀ ਨੂੰ ਬੀਮਾਰ ਕਰ ਦਿੰਦੇ ਹਨ।

ਡਰਾਉਣੇ ਸੁਪਨਿਆਂ ਦੀ ਗਿਣਤੀ ਹੋਰ ਸੁਪਨਿਆਂ ਦੇ ਮੁਕਾਬਲੇ ਬੜੀ ਵਧੇਰੇ ਹੈ।

ਕੰਜੂਸ ਨੂੰ ਚੋਰੀ ਦੇ, ਬਨਾਵਟੀ ਦੰਦਾਂ ਵਾਲੇ ਨੂੰ ਦੰਦ ਡਿੱਗ ਪੈਣ ਦੇ, ਐਨਕ ਵਾਲੇ ਨੂੰ ਐਨਕ ਗੁਆਚ ਜਾਣ ਦੇ, ਇਕ ਲੱਤ ਤੋਂ ਲੰਗੜੇ ਨੂੰ ਆਪਣੀ ਦੂਜੀ ਲੱਤ ਟੁਟ ਜਾਣ ਆਦਿ ਦੇ ਸੁਪਨੇ ਵਿਅਕਤੀ ਦੇ ਡਰ ਨੂੰ ਹੀ ਪ੍ਰਗਟਾਉਂਦੇ ਹਨ।

ਸੁਪਨੇ ਯਾਦ ਉਹੀ ਰਹਿੰਦੇ ਹਨ ਜਿਹੜੇ ਨੀਂਦ ਖੁੱਲ੍ਹਣ ਤੋਂ ਕੁਝ ਪਲ ਪਹਿਲਾਂ ਆ ਰਹੇ ਹੋਣ। ਕਈ ਵਾਰੀ ਇਜ ਲੱਗਦਾ ਹੈ ਜਿਵੇਂ ਸਾਰੀ ਰਾਤ ਇਕ ਹੀ ਸੁਪਨਾ ਆਉਂਦਾ ਰਿਹਾ ਹੋਵੇ, ਅਸਲ ਵਿਚ ਇਹ ਨੀਂਦ ਖੁੱਲ੍ਹਣ ਤੋਂ ਪਹਿਲਾਂ ਦਾ ਆ ਰਿਹਾ ਸੁਪਨਾ ਹੁੰਦਾ ਹੈ।

ਕਈ ਸਥਿਤੀਆਂ ਵਿਚ ਕਈ ਵਿਅਕਤੀਆਂ ਨੂੰ ਇਕ ਹੀ ਸੁਪਨਾ ਆਉਂਦਾ ਹੈ, ਜਿਵੇਂ ਜੰਗ ਵਿਚ ਲੜ ਰਹੇ ਫੌਜੀਆਂ ਨੂੰ ਘਿਰ ਜਾਣ, ਫੜੇ ਜਾਣ ਜਾਂ ਫੱਟੜ ਹੋ ਜਾਣ ਦਾ ਸੁਪਨਾ ਆਮ ਆਉਂਦਾ ਹੈ।

ਥਕਾਵਟ, ਚਿੰਤਾ, ਤਣਾਓ, ਬੇਆਰਾਮੀ, ਬਦਹਜ਼ਮੀ ਆਦਿ ਦੀਆਂ ਹਾਲਤਾਂ ਡਰਾਉਣੇ ਸੁਪਨਿਆਂ ਨੂੰ ਜਨਮ ਦਿੰਦੀਆਂ ਹਨ।

ਹਰ ਵਿਅਕਤੀ ਆਪਣੀ ਉਮਰ ਵਿਚ ਲਗਭਗ ਚਾਰ ਵਰ੍ਹੇ ਸੁਪਨੇ ਵੇਖਦਿਆਂ ਗੁਜ਼ਾਰਦਾ ਹੈ। ਸਾਨੂੰ ਨੀਂਦਰ ਚੱਕਰਾਂ ਵਿਚ ਆਉਂਦੀ ਹੈ। ਸੁਪਨਮਈ ਅਵਸਥਾ ਮਗਰੋਂ ਸੁਪਨਰਹਿਤ ਨੀਂਦਰ ਅਤੇ ਫਿਰ ਸੁਪਨਮਈ ਅਵਸਥਾ ਦਾ ਚੱਕਰ ਚਲਦਾ ਰਹਿੰਦਾ ਹੈ।

ਸੁਪਨਰਹਿਤ ਅਵਸਥਾ ਸਾਡੀ ਤੰਦਰੁਸਤੀ ਲਈ ਅਤੇ ਸੁਪਨਮਈ ਅਵਸਥਾ ਸਾਡੀ ਮਾਨਸਿਕ ਉੱਨਤੀ ਅਤੇ ਭਾਵਕ ਵਿਕਾਸ ਲਈ ਸਹਾਇਕ ਹੁੰਦੀ ਹੈ।

ਸੁਪਨੇ ਵਿਚ ਸਾਡੀ ਜਾਗਰਤ ਅਵਸਥਾ ਦਾ ਵਿਧਾਨ ਲਾਗੂ ਨਹੀਂ ਹੁੰਦਾ।

ਸੁਪਨੇ ਵਿਚ ਅਕਸਰ ਕੋਈ ਗਣਿਤ ਦੇ ਸੁਆਲ ਨਹੀਂ ਕੱਢ ਸਕਦਾ, ਸੁਪਨੇ ਵਿਚ ਸੂਰਜ ਨਹੀਂ ਚੜ੍ਹਦਾ, ਸੁਪਨੇ ਵਿਚ ਤੇਜ਼ ਰੋਸ਼ਨੀ ਨਹੀਂ ਹੁੰਦੀ, ਸੁਪਨੇ ਵਿਚ ਜਾਣੇ-ਪਛਾਣੇ ਚਿਹਰੇ ਵੀ ਧੁੰਦਲੇ ਪ੍ਰਤੀਤ ਹੁੰਦੇ ਹਨ।

ਸੁਪਨੇ ਵਿਚ ਰੰਗਾਂ ਦੀ ਭਿੰਨਤਾ ਨਹੀਂ ਹੁੰਦੀ।

ਸੁਪਨੇ ਵਿਚਲੇ ਦ੍ਰਿਸ਼ ਧੁੰਦਲੇ ਹੁੰਦੇ ਹਨ, ਕਾਰਜ ਕਿਸੇ ਲੜੀ ਵਿਚ ਨਹੀਂ ਹੁੰਦਾ, ਘਟਨਾਵਾਂ ਵਿਚ ਕੋਈ ਤਾਲਮੇਲ ਜਾਂ ਤਰਤੀਬ ਨਹੀਂ ਹੁੰਦੀ।

ਹਰ ਉਮਰ ਦੇ ਸੁਪਨਿਆਂ ਦਾ ਵਰਗੀਕਰਣ ਸੰਭਵ ਹੈ। ਵਿਦਿਆਰਥੀਆਂ ਨੂੰ ਇਮਤਿਹਾਨ ਦੇਣ ਮਗਰੋਂ, ਇਮਤਿਹਾਨ ਦੇਣ ਗਿਆਂ ਦੇਰ ਨਾਲ ਪਹੁੰਚਣ ਅਤੇ ਪ੍ਰੀਖਿਆ ਕੇਂਦਰ ਦੇ ਨਿਗਰਾਨ ਵਲੋਂ ਇਮਤਿਹਾਨੀ ਕਮਰੇ ਵਿਚ ਦਾਖਲ ਕਰਨ ਤੋਂ ਇਨਕਾਰ ਦਾ ਸੁਪਨਾ, ਨਤੀਜਾ ਨਿਕਲ ਆਉਣ ਦਾ ਸੁਪਨਾ, ਪੈੱਨ ਗੁਆਚ ਜਾਣ ਦਾ ਸੁਪਨਾ ਅਤੇ ਸੱਪ, ਪਾਣੀ, ਅੱਗ ਆਦਿ ਦੇ ਸੁਪਨੇ ਵਧੇਰੇ ਆਉਂਦੇ ਹਨ।

ਬਹੁਤ ਹੱਦ ਤੱਕ ਇਹ ਨਿਸ਼ਚਿਤ ਹੋ ਗਿਆ ਹੈ ਕਿ ਡਰਾਉਣੇ ਸੁਪਨੇ ਸਾਡੇ ਕੱਸੇ ਹੋਏ ਲਿਬਾਸ ਜਾਂ ਹਾਜ਼ਮੇ ਦੀ ਖਰਾਬੀ ਜਾਂ ਸਰਦੀ-ਗਰਮੀ ਕਾਰਨ ਆਉਂਦੇ ਹਨ ਅਤੇ ਇਹ ਆਮ ਕਰਕੇ ਸਾਡੀ ਨੀਂਦਰ ਦੇ ਪਹਿਲੇ ਹਿੱਸੇ ਵਿਚ ਜਾਂ ਕੁਵੇਲੇ ਦੀ ਨੀਂਦਰ ਦੇ ਅੰਤਲੇ ਹਿੱਸੇ ਵਿਚ ਹੀ ਆਉਂਦੇ ਹਨ।

ਸਵੇਰੇ ਸਾਡੇ ਮਿਹਦੇ ਉਤੇ ਦਬਾਓ ਘਟ ਜਾਣ ਕਰਕੇ ਨੀਂਦ ਸੁਖਾਵੀਂ ਹੋ ਜਾਂਦੀ ਹੈ ਅਤੇ ਇਸ ਕਰਕੇ ਅਸੀਂ ਕਈ ਵਾਰੀ ਕਹਿ ਦਿੰਦੇ ਹਾਂ ਕਿ ਸਵੇਰ ਦਾ ਸੁਪਨਾ ਸੱਚਾ ਹੁੰਦਾ ਹੈ। ਅਸਲ ਵਿਚ ਸਵੇਰ ਦੇ ਸੁਪਨੇ ਵਿਚ ਸਾਡੀ ਕੋਈ ਇੱਛਾ ਪੂਰੀ ਹੋ ਰਹੀ ਹੁੰਦੀ ਹੈ, ਸੋ ਇਸ ਨੂੰ ਸੱਚਾ ਕਹਿ ਕੇ ਅਸੀਂ ਆਪਣੇ ਆਪ ਨੂੰ ਤਸੱਲੀ ਦੇ ਲੈਂਦੇ ਹਾਂ।

ਜਿਹੜੇ ਬੱਚੇ ਸੁੱਤਿਆਂ ਪਿਸ਼ਾਬ ਕਰ ਦਿੰਦੇ ਹਨ, ਉਨ੍ਹਾਂ ਨੂੰ ਕੋਈ ਡਰਾਉਣਾ ਸੁਪਨਾ ਆਇਆ ਹੁੰਦਾ ਹੈ। ਡਰਾਉਣੇ ਸੁਪਨੇ ਵਿਚ ਅਕਸਰ ਮਨੁੱਖੀ ਚਿਹਰੇ ਕੱਟੀ-ਵੱਢੀ ਹਾਲਤ ਵਿਚ ਵਿਖਾਈ ਦਿੰਦੇ ਹਨ।

ਸਾਡੇ ਸਾਹ ਅਤੇ ਲਹੂ ਦੇ ਪ੍ਰਵਾਹ ਵਿਚ ਕਿਸੇ ਪ੍ਰਕਾਰ ਦੀ ਰੁਕਾਵਟ ਵੀ ਡਰਾਉਣੇ ਸੁਪਨੇ ਨੂੰ ਜਨਮ ਦਿੰਦੀ ਹੈ। ਛਾਤੀ ਉਤੇ ਭਾਰ ਪੈਣ ਨਾਲ, ਜੁਰਾਬਾਂ ਪਾ ਕੇ ਸੌਣ ਜਾਂ ਕਸਵੇਂ ਕਪੜੇ ਪਾਉਣ ਜਾਂ ਠੰਡ ਲੱਗਣ ਕਾਰਨ ਜਾਂ ਮੂੰਹ ਢੱਕ ਕੇ ਸੌਣ ਨਾਲ ਵੀ ਡਰਾਉਣੇ ਸੁਪਨੇ ਆਉਂਦੇ ਹਨ।

ਲਹੂ ਦੇ ਪ੍ਰਵਾਹ ਵਿਚ ਕਿਸੇ ਪ੍ਰਕਾਰ ਦਾ ਵਿਘਨ ਪੈ ਜਾਣ ਕਾਰਨ ਸਾਨੂੰ ਆਪਣੇ ਮਰ ਜਾਣ ਦਾ ਸੁਪਨਾ ਵੀ ਆਉਂਦਾ ਹੈ। ਇਸ ਸਥਿਤੀ ਵਿਚ ਵਿਅਕਤੀ ਪੂਰਾ ਜ਼ੋਰ ਲਾ ਕੇ ਹਿਲਣਾ ਚਾਹੁੰਦਾ ਹੈ ਜਾਂ ਬੋਲਣਾ ਚਾਹੁੰਦਾ ਹੈ।

ਵਰਜਿਤ ਕਾਮ ਜਾਂ ਸੁਪਨ-ਦੋਸ਼, ਸੁਪਨੇ ਵਿਚ ਸਾਡੀ ਅਤ੍ਰਿਪਤ ਕਾਮਭੁੱਖ ਦੀ ਪੂਰਤੀ ਦਾ ਪ੍ਰਤੀਕ ਹੁੰਦਾ ਹੈ।

ਜੀਵਨ ਵਿਚ ਵੇਖੇ ਪਹਿਲੇ ਮੁਰਦੇ ਦਾ ਸੁਪਨਾ ਕਈ ਵਾਰੀ ਆਉਂਦਾ ਹੈ।

ਸੁਪਨੇ ਵਿਚ ਅਸਲ ਜੀਵਨ ਦੀ ਸਿੱਧੀ ਗੱਲ ਵੀ ਬੜੇ ਟੇਢੇ ਢੰਗ ਨਾਲ ਪੂਰੀ ਹੁੰਦੀ ਹੈ। ਜਿਵੇਂ ਇਕ ਲੜਕੀ ਨੂੰ ਆਪਣੇ ਘਰ ਦੀ ਛੱਤ ਡਿਗਣ ਦਾ ਸੁਪਨਾ ਆਇਆ। ਅਸਲ ਕਾਰਨ ਇਹ ਸੀ ਕਿ ਉਸ ਦਾ ਪਿਤਾ ਉਸ ਦੀ ਮਰਜ਼ੀ ਅਨੁਸਾਰ ਉਸ ਦਾ ਵਿਆਹ ਕਰਨ ਲਈ ਤਿਆਰ ਨਹੀਂ ਸੀ। ਸੁਪਨੇ ਵਿਚ ਉਸ ਲੜਕੀ ਨੇ ਅਚੇਤ ਹੀ ਪਿਤਾ ਦੀ ਮੌਤ ਦੀ ਇੱਛਾ ਕੀਤੀ ਸੀ। ਛੱਤ, ਪਿਤਾ ਦਾ ਪ੍ਰਤੀਕ ਹੈ। ਛੱਤ ਦਾ ਡਿੱਗ ਪੈਣਾ ਪਿਤਾ ਦੀ ਮੌਤ ਦੀ ਇੱਛਾ ਦਾ ਅਸਿੱਧਾ ਪ੍ਰਗਟਾਵਾ ਸੀ।

ਜੀਵਨ ਦੇ ਹਰ ਪੜਾਅ ਉਤੇ ਸੁਪਨੇ ਸਾਡੇ ਅੰਗ-ਸੰਗ ਰਹਿੰਦੇ ਹਨ।

ਵਾਸਤਵ ਵਿਚ ਸੁਪਨੇ ਸਾਡੇ ਤੰਦਰੁਸਤ ਹੋਣ ਦਾ ਪ੍ਰਮਾਣ ਹੁੰਦੇ ਹਨ ਅਤੇ ਇਨ੍ਹਾਂ ਰਾਹੀਂ ਸਾਡੇ ਅਨੇਕਾਂ ਤਣਾਓ, ਦਬਾਓ, ਡਰ ਅਤੇ ਭੈਅ ਦੂਰ ਹੁੰਦੇ ਰਹਿੰਦੇ ਹਨ।

***

ਬੱਚਿਆਂ ਨੂੰ ਸੁਆਉਣਾ

ਜੀਵਨ ਦੀਆਂ ਜ਼ਿੰਮੇਵਾਰੀਆਂ ਵੱਧ ਰਹੀਆਂ ਹਨ ਅਤੇ ਆਰਾਮ ਘੱਟਦਾ ਜਾ ਰਿਹਾ ਹੈ। ਵਿਸ਼ੇਸ਼ ਕਰ ਕੇ ਔਰਤਾਂ ਲਈ ਆਰਾਮ ਦੇ ਅਵਸਰ ਦਿਨੋ-ਦਿਨ ਸੁੰਗੜਦੇ ਜਾ ਰਹੇ ਹਨ। ਪੁਰਸ਼ ਦੀ ਗੈਰਹਾਜ਼ਰੀ ਵਿਚ ਤਾਂ ਉਨ੍ਹਾਂ ਨੇ ਕੰਮ ਕਰਨਾ ਹੀ ਹੁੰਦਾ ਹੈ, ਪਰ ਜਦੋਂ ਪੁਰਸ਼ ਘਰ ਹੋਵੇ ਤਾਂ ਇਸਤਰੀ ਵਲੋਂ ਆਰਾਮ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਜੇ ਘਰ ਵਿਚ ਬੱਚੇ ਹੋਣ ਤਾਂ ਮਾਂ ਲਈ ਆਰਾਮ ਦਾ ਸੁਪਨਾ ਲੈਣਾ ਵੀ ਮੁਸ਼ਕਿਲ ਹੁੰਦਾ ਹੈ। ਬੱਚਿਆਂ ਵਾਲੇ ਘਰਾਂ ਵਿਚ ਬੱਚਿਆਂ ਦੇ ਸੁੱਤੇ ਹੋਣ 'ਤੇ ਹੀ ਮਾਂਵਾਂ ਕੁਝ ਸਮੇਂ ਲਈ ਸੁਖ ਦਾ ਸਾਹ ਲੈਂਦੀਆਂ ਹਨ।

ਬੱਚਿਆਂ ਦੀਆਂ ਹੋਰ ਸਮੱਸਿਆਵਾਂ ਵਾਂਗ ਉਨ੍ਹਾਂ ਨੂੰ ਸੁਆਉਣ ਦਾ ਕੰਮ ਵੀ ਦਿਨੋ-ਦਿਨ ਕਠਿਨ ਹੁੰਦਾ ਜਾ ਰਿਹਾ ਹੈ।

ਅੱਜ-ਕੱਲ੍ਹ ਬੱਚੇ ਦੇ ਬਹੁਤਾ ਸੌਣ ਉਤੇ, ਚਿੰਤਾ ਦੀ ਥਾਂ, ਮਾਂਵਾਂ ਨੂੰ ਖੁਸ਼ੀ ਹੁੰਦੀ ਹੈ। ਬਹੁਤਾ ਸੌਣ ਵਾਲੇ ਬੱਚੇ ਦੀ ਮਾਂ ਆਪਣੇ ਆਪ ਨੂੰ ਪ੍ਰਸ਼ੰਸਾ ਦੀ ਹੱਕਦਾਰ ਸਮਝਦੀ ਹੈ। ਇਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਆਪੇ ਹੀ ਸੌਂ ਜਾਣ ਵਾਲੇ ਬੱਚਿਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ।

ਰਾਤ ਨੂੰ ਉਨ੍ਹਾਂ ਨੂੰ ਸੁਆਉਣਾ ਉਨਾ ਹੀ ਕਠਿਨ ਹੁੰਦਾ ਜਾ ਰਿਹਾ ਹੈ, ਜਿੰਨਾ ਆਪਣੀ ਆਮਦਨ ਵਿਚ ਗੁਜ਼ਾਰਾ ਕਰਨਾ।

ਸੌਣ ਸਮੇਂ ਬੱਚੇ ਆਪਣੀਆਂ ਅਨੇਕਾਂ ਮੰਗਾਂ ਮੰਨਵਾਉਂਦੇ ਹਨ, ਮਿੰਨਤਾਂ ਕਰਵਾਉਂਦੇ ਹਨ ਅਤੇ ਕਈ ਹਾਲਤਾਂ ਵਿਚ ਮਾਰ ਖਾ ਕੇ ਰੋਂਦੇ ਸੌਂ ਜਾਂਦੇ ਹਨ।

ਕਈ ਮਾਪੇ ਆਪਣੇ ਬੱਚੇ ਦੇ ਘੱਟ ਸੌਣ ਉੱਤੇ ਚਿੰਤਾ ਪ੍ਰਗਟਾਉਂਦੇ ਹਨ ਅਤੇ ਉਨ੍ਹਾਂ ਦੇ ਇਸ ਚਿੰਤਾ ਭਰੇ ਵਰਤਾਰੇ ਕਾਰਨ ਵੀ ਬੱਚਾ ਵਧੇਰੇ ਸਮਾਂ ਜਾਗਦਾ ਰਹਿੰਦਾ ਹੈ।

ਵੇਖਿਆ ਗਿਆ ਹੈ ਕਿ ਜਿਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਸੌਣ ਦੀ ਚਿੰਤਾ ਨਹੀਂ ਹੁੰਦੀ, ਉਹ ਬੱਚੇ ਅਚੇਪਲੇ ਹੀ ਡਾਈਨਿੰਗ-ਟੇਬਲ, ਕੁਰਸੀ ਜਾਂ ਸੋਫੇ ਉਤੇ ਬੈਠੇ-ਬੈਠੇ ਹੀ ਸੌਂ ਜਾਂਦੇ ਹਨ।

ਜੇਕਰ ਰਾਤ ਸਮੇਂ ਮਾਪੇ ਕਿਧਰੇ ਬਾਹਰ ਜਾਣ 'ਤੇ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਵਿਰੁਧ ਘਰ ਛੱਡ ਗਏ ਹੋਣ, ਅਜਿਹੇ ਬੱਚੇ ਆਪਣਾ ਗੁੱਸਾ ਪ੍ਰਗਟਾਉਣ ਲਈ ਮਾਪਿਆਂ ਦੇ ਵਾਪਸ ਆਉਣ ਤੱਕ ਜਾਗਦੇ ਰਹਿੰਦੇ ਹਨ।

ਕਈ ਮਾਪੇ ਬਹਾਨਾ ਲਾ ਕੇ ਜਾਂ ਝੂਠ ਬੋਲ ਕੇ ਕਿਧਰੇ ਜਾਂਦੇ ਹਨ ਅਤੇ ਬੱਚਿਆਂ ਵਿਚ ਅਵਿਸ਼ਵਾਸ ਦੀ ਭਾਵਨਾ ਜਗਾਉਂਦੇ ਹਨ, ਜਿਹੜੀ ਸ਼ੱਕ ਵਿਚ ਬਦਲ ਕੇ ਉਨ੍ਹਾਂ ਦੀ ਨੀਂਦ ਨੂੰ ਘੱਟ ਕਰਨ ਦਾ ਕਾਰਨ ਬਣਦੀ ਹੈ।

ਹਰ ਬੱਚੇ ਦੀਆਂ ਸੌਣ ਸਬੰਧੀ ਲੋੜਾਂ ਵੱਖਰੀਆਂ ਹੁੰਦੀਆਂ ਹਨ।

ਬੱਚਾ ਜਿੰਨਾ ਵਧੇਰੇ ਚੁਸਤ ਹੋਵੇਗਾ ਉਨਾ ਹੀ ਉਹ ਘੱਟ ਸੌਵੇਂਗਾ, ਜੇ ਸੌਵੇਂਗਾ ਤਾਂ ਝੱਟ ਉੱਠ ਪਵੇਗਾ।

ਜਿਹੜੇ ਬੱਚੇ ਦਿਮਾਗੀ ਤੌਰ ਤੇ ਹੁਸ਼ਿਆਰ ਹੁੰਦੇ ਹਨ ਅਕਸਰ ਉਨ੍ਹਾਂ ਨੂੰ ਨੀਂਦ ਦੀ ਲੋੜ ਘੱਟ ਹੁੰਦੀ ਹੈ। ਅਜਿਹੀ ਸਥਿਤੀ ਵਿਚ ਹੀ ਬੱਚਿਆਂ ਅਤੇ ਮਾਪਿਆਂ ਦੀਆਂ ਨੀਂਦਰ ਦੀਆਂ ਲੋੜਾਂ ਵਿਚ ਟਕਰਾਓ ਉਪਜਦਾ ਹੈ।

ਮਾਪਿਆਂ ਨੂੰ ਇਹ ਵੀ ਸ਼ਿਕਾਇਤ ਹੁੰਦੀ ਹੈ ਕਿ ਬੱਚੇ ਉਦੋਂ ਸੌਂ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਖੇਡਣਾ ਚਾਹੀਦਾ ਹੈ ਅਤੇ ਉਸ ਸਮੇਂ ਜਾਗ ਪੈਂਦੇ ਹਨ, ਜਦੋਂ ਮਾਪਿਆਂ ਨੂੰ ਨੀਂਦਰ ਦੀ ਲੋੜ ਹੁੰਦੀ ਹੈ।

ਚੁਸਤ ਬੱਚੇ ਜ਼ਿਆਦਾ ਚਿਰ ਜਾਗਦੇ ਹਨ ਅਤੇ ਜਾਗਦੇ ਹੋਏ ਕਿਸੇ ਨਾ ਕਿਸੇ ਕੰਮ ਜਾਂ ਖੇਡ ਵਿਚ ਰੁੱਝੇ ਰਹਿੰਦੇ ਹਨ ਅਰਥਾਤ ਉਹ ਆਲੇ-ਦੁਆਲੇ, ਚੀਜ਼ਾਂ ਅਤੇ ਵਿਅਕਤੀਆਂ ਬਾਰੇ ਗਿਆਨ ਪ੍ਰਾਪਤ ਕਰਨ ਲਈ ਓਵਰਟਾਈਮ ਲਾਉਂਦੇ ਹਨ ਅਤੇ ਉਨ੍ਹਾਂ ਵਿਚ ਹੋਰ ਵਧੇਰੇ ਜਾਣਨ ਲਈ ਜਗਿਆਸਾ ਵੱਧਦੀ ਹੈ।

ਅਜਿਹੇ ਬੱਚਿਆਂ ਦੇ ਮਾਪਿਆਂ ਨੂੰ, ਉਨ੍ਹਾਂ ਨੂੰ ਸੌਣ ਲਈ ਮਜਬੂਰ ਕਰਨ ਦੀ ਥਾਂ ਉਨ੍ਹਾਂ ਨੂੰ ਕਿਸੇ ਨਾ ਕਿਸੇ ਆਹਰੇ ਲਾਈ ਰੱਖਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਇਸ ਆਦਤ ਨਾਲ ਬੱਚੇ ਵਿਚ ਜ਼ਿੰਮੇਵਾਰੀ ਦੀ ਭਾਵਨਾ ਵੱਧਦੀ ਹੈ।

ਜ਼ਰੂਰੀ ਨਹੀਂ ਕਿ ਬੱਚੇ ਨੂੰ ਮਹਿੰਗੇ ਖਿਡੌਣੇ ਹੀ ਲਿਆ ਕੇ ਦਿੱਤੇ ਜਾਣ, ਉਸ ਨੂੰ ਘਰ ਦੀਆਂ ਚੀਜ਼ਾਂ ਨਾਲ ਵੀ ਪਰਚਾਇਆ ਜਾ ਸਕਦਾ ਹੈ। ਸੁਭਾਵਿਕ ਹੀ ਜਦੋਂ ਉਹ ਥੱਕ ਜਾਵੇਗਾ ਤਾਂ ਸੌਂ ਜਾਵੇਗਾ।

ਇਹ ਸਮਝਣਾ ਜ਼ਰੂਰੀ ਹੈ ਕਿ ਬੱਚੇ ਨੇ ਸੌਣਾ ਉਦੋਂ ਹੈ ਜਦੋਂ ਉਸ ਦਾ ਸਰੀਰ ਥੱਕ ਜਾਵੇਗਾ। ਅਜਿਹੀ ਸਥਿਤੀ ਵਿਚ ਬੱਚਿਆਂ ਨੂੰ ਤਾਸ਼, ਕੈਰਮ-ਬੋਰਡ, ਲੁਡੋ, ਗੀਟੇ, ਪੀਚੋ ਆਦਿ ਵਿਚ ਰੁਝਾਇਆ ਜਾ ਸਕਦਾ ਹੈ।

ਸਮੱਸਿਆਵਾਂ ਨੂੰ ਸੁਲਝਾਉਣਾ ਮਨੁੱਖੀ ਮਨ ਦੀ ਮੌਜ ਹੁੰਦੀ ਹੈ।

ਜਦੋਂ ਮਨੁੱਖ ਕੋਲ ਅਸਲ ਸਮੱਸਿਆਵਾਂ ਨਾ ਹੋਣ ਤਾਂ ਤਾਸ਼, ਕੈਰਮ-ਬੋਰਡ ਆਦਿ ਨਾਲ ਬਨਾਵਟੀ ਸਮੱਸਿਆਵਾਂ ਉਪਜਾਈਆਂ ਜਾ ਸਕਦੀਆਂ ਹਨ। ਤਾਸ਼, ਕੈਰਮ-ਬੋਰਡ ਆਦਿ ਖੇਡਣ ਨਾਲ ਬੱਚੇ ਵਿਚ ਉਸਾਰੂ ਮੁਕਾਬਲੇ ਦੀ ਰੁਚੀ ਵੀ ਬਲਵਾਨ ਹੁੰਦੀ ਹੈ।

ਬੱਚਿਆਂ ਨੂੰ ਸੁਆਉਣਾ ਸਿਰ-ਦਰਦੀ ਦੀ ਥਾਂ ਮਨਪ੍ਰਚਾਵਾ ਬਣ ਸਕਦਾ ਹੈ। ਰਾਤ ਨੂੰ ਸੌਣ ਸਮੇਂ ਮਾਪੇ, ਬੱਚਿਆਂ ਨੂੰ ਇਤਿਹਾਸਕ, ਮਿਥਿਹਾਸਕ, ਧਾਰਮਿਕ, ਸਦਾਚਾਰਕ

ਆਦਿ ਕਹਾਣੀਆਂ ਸੁਣਾ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਨਵੇਂ ਉਤਸ਼ਾਹ, ਖੇੜਾ, ਚੜ੍ਹਦੀ ਕਲਾ, ਵਿਸ਼ਵਾਸ, ਹਿੰਮਤ ਅਤੇ ਦਲੇਰੀ ਦੀ ਭਾਵਨਾ ਉਜਾਗਰ ਕਰ ਸਕਦੇ ਹਨ।

ਬਜਾਇ ਇਸ ਦੇ ਕਿ ਬੱਚੇ ਲੜ-ਭਿੜ ਕੇ, ਝਿੜਕਾਂ ਜਾਂ ਮਾਰਕੁੱਟ ਜਾਂ ਡਾਂਟ ਖਾ ਕੇ ਸੌਣ, ਕਿੰਨਾ ਚੰਗਾ ਹੋਵੇ ਜੇ ਉਨ੍ਹਾਂ ਨੂੰ ਕੋਈ ਕਹਾਣੀ ਸੁਣਾਈ ਜਾਵੇ। ਸੁਣੀ ਕਹਾਣੀ ਨੂੰ ਬੱਚੇ ਆਪਣੇ ਮਨ ਵਿਚ ਦੁਹਰਾਉਂਦੇ ਹਨ, ਕਹਾਣੀ ਨੂੰ ਮੁੜ ਜਿਊਂਦੇ, ਉਹ ਕਲਪਨਾ ਦੇ ਸੰਸਾਰ ਵਿਚ ਵਿਚਰਦੇ, ਪਰੀਆਂ ਦੇ ਦੇਸ਼ ਵਿਚ ਪੁੱਜ ਜਾਂਦੇ ਹਨ।

ਇਹ ਕੰਮ ਹੈ ਬੜਾ ਕਠਿਨ ਪਰ ਜਿਹੜੇ ਮਾਪੇ ਇਹ ਕਰ ਜਾਂਦੇ ਹਨ ਉਹ ਬੱਚਿਆਂ ਦੀ ਜ਼ਿੰਦਗੀ ਨੂੰ ਆਸਾਂ-ਉਮੰਗਾਂ ਦਾ ਖਮੀਰ ਲਾ ਜਾਂਦੇ ਹਨ, ਉਹ ਉਨ੍ਹਾਂ ਦੀ ਸੋਚਣੀ ਨੂੰ ਟੁੰਬ ਜਾਂਦੇ ਹਨ ਅਤੇ ਉਨ੍ਹਾਂ ਵਿਚ ਸਵੈ-ਵਿਸ਼ਵਾਸ ਦੀਆਂ ਮਜ਼ਬੂਤ ਨੀਹਾਂ ਉਸਾਰ ਦਿੰਦੇ ਹਨ।

ਪ੍ਰਯੋਗ ਕਰ ਕੇ ਵੇਖੋ, ਆਪਣੇ ਜੀਵਨ ਅਨੁਭਵ ਅਤੇ ਪੜ੍ਹੇ-ਲਿਖੇ ਦੇ ਆਧਾਰ ਉਤੇ ਵੇਖੋ ਤੁਸੀਂ ਕਿੰਨੇ ਦਿਨ ਇਸ ਰੀਤ ਨੂੰ ਜਾਰੀ ਰੱਖ ਸਕਦੇ ਹੋ।

ਸ਼ੁਰੂ ਵਿਚ ਬੱਚਿਆਂ ਨੂੰ ਜਾਨਵਰਾਂ, ਪੰਛੀਆਂ ਆਦਿ ਦੀਆਂ ਕਹਾਣੀਆਂ ਸੁਣਾਉਣ ਨਾਲ, ਉਨ੍ਹਾਂ ਵਿਚ ਕਹਾਣੀ ਸੁਣਨ ਦੀ ਜਗਿਆਸਾ ਉਪਜਾਈ ਜਾ ਸਕਦੀ ਹੈ।

ਜੇ ਲੋੜ ਹੋਵੇ ਤਾਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹ ਕੇ ਇਹ ਰਵਾਇਤ ਜਾਰੀ ਰੱਖੀ ਜਾ ਸਕਦੀ ਹੈ।

ਹੌਲੀ ਹੌਲੀ ਬੱਚੇ ਦੇ ਮਨ ਵਿਚ ਕਹਾਣੀ ਅਤੇ ਪੁਸਤਕ ਦੇ ਸਬੰਧ ਦਾ ਵਿਚਾਰ ਜ਼ੋਰ ਫੜੇਗਾ ਅਤੇ ਸੁਣਨ ਦੀ ਬਜਾਇ ਉਹ ਆਪ ਪੜ੍ਹਨਾ ਪਸੰਦ ਕਰੇਗਾ। ਜਦੋਂ ਇਹ ਸਥਿਤੀ ਆ ਜਾਏ ਤਾਂ ਸਮਝੋ ਬੱਚੇ ਨੂੰ ਸੁਆਉਣ ਦੀ ਸਮੱਸਿਆ ਹੱਲ ਹੋ ਗਈ ਹੈ।

ਜਿਹੜੇ ਮਾਪੇ ਬੱਚਪਨ ਵਿਚ ਹੀ ਬੱਚਿਆਂ ਦੀਆਂ ਅੱਖਾਂ ਵਿਚ ਸੁਪਨੇ ਲਟਕਾ ਦਿੰਦੇ ਹਨ, ਉਹ ਉਨ੍ਹਾਂ ਦੀਆਂ ਗਰੀਬੀਆਂ ਕੱਟ ਦਿੰਦੇ ਹਨ। ਇਹੀ ਬੱਚੇ ਨਿਓਟਿਆਂ ਦੀ ਓਟ, ਨਿਤਾਣਿਆਂ ਦਾ ਤਾਣ ਅਤੇ ਨਿਆਸਰਿਆਂ ਦਾ ਆਸਰਾ ਬਣਦੇ ਹਨ। ਅਜਿਹੇ ਬੱਚਿਆਂ ਦੀ ਮੁਸਕਾਨ ਹੀ ਦੇਸ਼ ਦੀ ਸ਼ਾਨ ਬਣਦੀ ਹੈ। ਜ਼ਿੰਦਗੀ ਦਾ ਢੇਰ ਸਾਰਾ ਅਨੁਭਵ ਅਤੇ ਅਨਿਆਇ ਵਿਰੁਧ ਲੜਨ ਦੀ ਜਾਚ ਆਦਿ ਨੂੰ ਸੌਣ ਸਮੇਂ ਸਹਿਜੇ ਹੀ ਬੱਚਿਆਂ ਦੀ ਸੋਚਣੀ ਵਿਚ ਘੋਲਿਆ ਜਾ ਸਕਦਾ ਹੈ।

ਜਿਹੜਾ ਬੱਚਾ ਸੋਚ ਸਕਦਾ ਹੈ, ਉਹ ਮਾਪਿਆਂ ਲਈ ਸਿਰਦਰਦੀ ਨਹੀਂ ਬਣਦਾ।

ਜੇ ਉਹ ਸੋਚਣ ਲੱਗ ਪਿਆ, ਸਮਝੋ ਠੀਕ ਆਹਰੇ ਲੱਗ ਗਿਆ, ਜਿਸ ਨਾਲ ਉਸ ਦਾ ਸਰਵਪੱਖੀ ਵਿਕਾਸ ਹੋਣ ਲੱਗ ਪੈਂਦਾ ਹੈ।

ਬੱਚਿਆਂ ਨੂੰ ਸੁਆਉਣ ਲਈ ਸਖ਼ਤੀ ਦੀ ਥਾਂ ਯੁਕਤੀ ਤੋਂ ਕੰਮ ਲੈਣਾ ਚਾਹੀਦਾ ਹੈ।

ਟੈਲੀਵਿਜ਼ਨ ਵੇਖ ਰਹੇ ਜਾਂ ਖੇਡ ਰਹੇ ਬੱਚਿਆਂ ਨੂੰ ਇਕ ਦਮ ਖੇਡ ਬੰਦ ਕਰਨ ਦੀ ਥਾਂ ਕਿਹਾ ਜਾਵੇ ਕਿ ਇਸ ਖੇਡ ਤੋਂ ਮਗਰੋਂ ਉਹ ਸੌਣ ਦੀ ਤਿਆਰੀ ਕਰਨ।

ਜੇਕਰ ਬੱਚਾ ਵੱਡਾ ਹੈ ਤਾਂ ਉਸ ਨੂੰ ਸੌਣ ਤੋਂ ਪਹਿਲਾਂ ਬਿਸਤਰ ਵਿਚ ਬੈਠ ਕੇ ਪੜ੍ਹਨ ਦੀ ਆਦਤ ਪਾਈ ਜਾ ਸਕਦੀ ਹੈ।

ਛੋਟੇ ਬੱਚੇ ਸੌਣ ਤੋਂ ਪਹਿਲਾਂ ਅਲਾਮਤਾਂ ਰਾਹੀਂ ਸੌਣ ਦਾ ਐਲਾਨ ਕਰਦੇ ਹਨ।

ਕਈ ਆਪਣਾ ਕੰਨ ਪਕੜ ਲੈਣਗੇ, ਕਈ ਮਾਂ ਦੇ ਗਲੇ ਦੀ ਚੇਨ ਨੂੰ ਫੜਨਗੇ ਆਦਿ। ਅਜਿਹੀ ਸਥਿਤੀ ਨੂੰ ਸਪਸ਼ਟ ਭਾਂਤ ਸਮਝਣ ਦੀ ਲੋੜ ਹੈ।

ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਰੌਲੇ-ਰੱਪੇ ਵਿਚ ਵੀ ਸੌਣ ਦੀ ਆਦਤ ਪਾਉਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਛੋਟੀ-ਮੋਟੀ ਹਿਲ-ਜੁਲ ਜਾਂ ਸ਼ੋਰ ਨਾਲ ਹੀ ਬੱਚਾ ਜਾਗ ਪਵੇਗਾ।

ਇਹ ਲੋੜ ਇਸ ਲਈ ਵੀ ਵਧੇਰੇ ਹੈ, ਕਿਉਂਕਿ ਅਜੋਕੇ ਜੀਵਨ ਵਿਚ ਸ਼ੋਰ-ਸ਼ਰਾਬਾ ਵੱਧ ਰਿਹਾ ਹੈ। ਜਿਹੜਾ ਬੱਚਾ ਸ਼ੋਰ-ਸ਼ਰਾਬੇ ਦੇ ਬਾਵਜੂਦ ਸੌਂ ਸਕਦਾ ਹੈ, ਸਮਝੋ ਉਹ ਜ਼ਿੰਦਗੀ ਦੀ ਜੱਦੋ-ਜਹਿਦ ਵਿਚ ਵਧੇਰੇ ਦ੍ਰਿੜ੍ਹ ਹੋਵੇਗਾ।

ਬੱਚੇ ਨੂੰ ਕਿੰਨੇ ਘੰਟੇ ਸੌਣਾ ਚਾਹੀਦਾ ਹੈ ? ਇਸ ਪ੍ਰਸ਼ਨ ਦਾ ਕੋਈ ਨਿਸ਼ਚਿਤ ਉੱਤਰ ਸੰਭਵ ਨਹੀਂ। ਹਰ ਬੱਚੇ ਦੀਆਂ ਲੋੜਾਂ ਆਪਣੀਆਂ ਅਤੇ ਵੱਖਰੀਆਂ ਹੁੰਦੀਆਂ ਹਨ।

ਦੋ ਘੰਟੇ ਦੀ ਗੂੜ੍ਹੀ ਨੀਂਦਰ ਅੱਠ ਘੰਟੇ ਦੀ ਕੱਚੀ ਨੀਂਦਰ ਨਾਲੋਂ ਚੰਗੇਰੀ ਹੁੰਦੀ ਹੈ।

ਕਿਸੇ ਵੀ ਹਾਲਤ ਵਿਚ ਬੱਚਿਆਂ ਨੂੰ ਸੁਆਉਣ ਲਈ ਨੀਂਦ ਦੀਆਂ ਗੋਲੀਆਂ ਆਦਿ ਨਹੀਂ ਦੇਣੀਆਂ ਚਾਹੀਦੀਆਂ।

ਬੱਚਿਆਂ ਦੀ ਨੀਂਦ ਸੁਭਾਵਿਕ ਹੋਣੀ ਚਾਹੀਦੀ ਹੈ।

***

ਗਾਲ੍ਹਾਂ

ਸੰਸਾਰ ਵਿਚ ਮਨੁੱਖੀ ਸਭਿਅਤਾ ਦੇ ਬਾਨੀ ਹੋਣ ਦਾ ਸਿਹਰਾ, ਉਸ ਵਿਅਕਤੀ ਦੇ ਸਿਰ ਬੰਨ੍ਹਿਆ ਜਾਣਾ ਚਾਹੀਦਾ ਹੈ, ਜਿਸ ਨੇ ਪਹਿਲੀ ਵਾਰ ਆਪਣੇ ਦੁਸ਼ਮਣ ਵਿਰੁਧ ਹਿੰਸਾ ਜਾਂ ਹਥਿਆਰ ਵਰਤਣ ਦੀ ਥਾਂ, ਗਾਲ੍ਹ ਕੱਢ ਕੇ ਹੀ ਕੰਮ ਸਾਰਿਆ ਹੋਵੇਗਾ।

ਗਾਲ੍ਹਾਂ ਕੱਢਣਾ ਮਨੁੱਖੀ ਸਭਿਅਤਾ ਦੇ ਵਿਕਾਸ ਦਾ ਇਕ ਮਹੱਤਵਪੂਰਣ ਅੰਗ ਵੀ ਹੈ ਅਤੇ ਪੜਾਅ ਵੀ।

ਇਹ ਪੜਾਅ ਅਜੇ ਵੀ ਚੱਲ ਰਿਹਾ ਹੈ।

ਜੀਵਨ ਦੇ ਹਰ ਖੇਤਰ ਵਿਚਲੀ ਵੰਨ-ਸੁਵੰਨਤਾ ਵਾਂਗ ਗਾਲ੍ਹਾਂ ਦੇ ਖੇਤਰ ਵਿਚ ਵੀ ਵੰਨਗੀ ਦੀ ਭਰਮਾਰ ਹੈ। ਹੁਣ ਤਾਂ ਅਖਾਣਾਂ ਅਤੇ ਮੁਹਾਵਰਿਆਂ ਵਾਂਗ ਗਾਲ੍ਹਾਂ ਦੇ ਸੰਗ੍ਰਹਿ ਵੀ ਛੱਪਣ ਲੱਗ ਪਏ ਹਨ।

ਪਿਛੇ ਜਿਹੇ ਸਵਿਟਜ਼ਰਲੈਂਡ ਦੇ ਇਕ ਸ਼ਹਿਰ ਵਿਚ ਕੰਪਨੀ ਖੋਲ੍ਹੀ ਗਈ ਸੀ ਜਿਸ ਦੇ ਪ੍ਰਬੰਧਕਾਂ ਨੂੰ ਗਾਲ੍ਹਾਂ ਕੱਢ ਕੇ ਇਕ ਮਿੰਟ ਲਗਭਗ ਇਕ ਡਾਲਰ ਦੇ ਹਿਸਾਬ ਨਾਲ ਜਿਹੜਾ ਮਰਜ਼ੀ ਚਾਹੇ ਆਪਣੇ ਮਨ ਦਾ ਗੁਬਾਰ ਕੱਢ ਸਕਦਾ ਸੀ ਅਤੇ ਗਾਲ੍ਹਾਂ ਕੱਢਣ ਵਾਲੇ ਦੀ ਮਰਜ਼ੀ ਸੀ ਕਿ ਉਹ ਚਾਹੇ ਤਾਂ ਉਸ ਦੀਆਂ ਗਾਲ੍ਹਾਂ ਔਰਤ ਵੀ ਸੁਣ ਸਕਦੀ ਸੀ।

ਇਸ ਸੇਵਾ ਦਾ ਲਾਭ ਇਤਨੇ ਲੋਕਾਂ ਨੇ ਉਠਾਇਆ ਕਿ ਆਮ ਕਰਕੇ ਕਈ ਦਿਨ ਪਹਿਲਾਂ ਆਪਣੀ ਵਾਰੀ ਬੁੱਕ ਕਰਵਾਉਣੀ ਪੈਂਦੀ ਸੀ।

ਕਈ ਦੇਸ਼ਾਂ ਨੇ ਇਸ ਸੇਵਾ ਦਾ ਵਿਸਤਾਰ ਕੀਤਾ ਹੈ।

ਕੋਈ ਸਮਾਂ ਸੀ ਜਦੋਂ ਗਾਲ੍ਹਾਂ ਕੇਵਲ ਜ਼ਬਾਨੀ ਹੀ ਕੱਢੀਆਂ ਜਾ ਸਕਦੀਆਂ ਸਨ। ਭਾਵੇਂ ਅੱਜ ਵੀ ਇਹੀ ਢੰਗ ਸਭ ਤੋਂ ਵਧੇਰੇ ਵਰਤਿਆ ਜਾਂਦਾ ਹੈ ਪਰ ਹੁਣ ਅਖ਼ਬਾਰਾਂ, ਰਸਾਲਿਆਂ, ਚਿੱਠੀ-ਪੱਤਰਾਂ, ਟੈਲੀਫੋਨਾਂ ਆਦਿ ਦੀ ਵਰਤੋਂ ਵੀ ਇਸ ਕੰਮ ਲਈ ਆਮ ਕੀਤੀ ਜਾਂਦੀ ਹੈ।

ਮਨੋਵਿਗਿਆਨਕ ਤੌਰ 'ਤੇ ਗਾਲ੍ਹਾਂ ਮਾਨਸਿਕ ਤਣਾਓ ਦੀ ਖਲਾਸੀ ਲਈ ਕੱਢੀਆਂ ਜਾਂਦੀਆਂ ਹਨ ਅਤੇ ਆਪਣੇ ਦੁਸ਼ਮਣ ਵਿਰੁਧ ਇਨ੍ਹਾਂ ਦੀ ਵਰਤੋਂ ਹਥਿਆਰਾਂ ਵਾਂਗ ਕੀਤੀ ਜਾਂਦੀ ਹੈ।

ਜਦੋਂ ਕੋਈ ਕਿਸੇ ਦੇ ਵਿਹਾਰ ਪ੍ਰਤੀ ਪ੍ਰਸੰਨ ਹੁੰਦਾ ਹੈ ਤਾਂ ਅਸੀਸਾਂ ਦਿੱਤੀਆਂ ਜਾਂਦੀਆਂ ਹਨ ਪਰ ਜਦੋਂ ਕਿਸੇ ਦੀ ਗਲਤੀ 'ਤੇ ਗੁੱਸਾ ਪ੍ਰਗਟਾਉਣਾ ਹੋਵੇ ਤਾਂ ਗਾਲ੍ਹਾਂ ਕਢੀਆਂ

ਜਾਂਦੀਆਂ ਹਨ ਅਤੇ ਜਦੋਂ ਕਿਸੇ ਦਾ ਵਿਹਾਰ ਨਿੰਦਣਾ ਹੋਵੇ ਤਾਂ ਮਿਹਣਾ ਮਾਰਨ ਦੇ ਨਾਲ-ਨਾਲ ਸਰਾਪ ਜਾਂ ਬਦਦੁਆ ਦਿੱਤੀ ਜਾਂਦੀ ਹੈ।

ਗਾਲ੍ਹਾਂ ਤੋਂ ਨਾ ਕੇਵਲ ਵਿਅਕਤੀ ਦੀ ਆਰਥਿਕ ਸਥਿਤੀ ਦਾ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਸਗੋਂ ਗਾਲ੍ਹਾਂ ਦੇ ਲੈਣ-ਦੇਣ ਤੋਂ ਦੋਹਾਂ ਵਿਅਕਤੀਆਂ ਦੇ ਆਪਸੀ ਰਿਸ਼ਤੇ ਦਾ ਅੰਦਾਜ਼ਾ ਵੀ ਲੱਗ ਜਾਂਦਾ ਹੈ।

ਜਦੋਂ ਦੋ ਧਿਰਾਂ ਗਾਲ੍ਹਾਂ ਕੱਢ ਰਹੀਆਂ ਹੋਣ ਤਾਂ ਉਥੇ ਹਾਜ਼ਰ ਵਿਅਕਤੀਆਂ ਦੀ ਇਹੀ ਇੱਛਾ ਹੁੰਦੀ ਹੈ ਕਿ ਕੋਈ ਗਾਲ੍ਹ ਸੁਣਨੀ ਰਹਿ ਨਾ ਜਾਏ।

ਗਾਲ੍ਹਾਂ ਰਾਹੀਂ ਗਾਲ੍ਹਾਂ ਕੱਢਣ ਵਾਲੇ ਨੂੰ ਮਾਨਸਿਕ ਤ੍ਰਿਪਤੀ ਮਿਲਦੀ ਹੈ।

ਹੱਸਣ ਜਾਂ ਰੋਣ ਉਪਰੰਤ ਵਾਂਗ ਗਾਲ੍ਹਾਂ ਕੱਢਣ ਉਪਰੰਤ ਵੀ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਜਿਹੜਾ ਵਿਅਕਤੀ ਇਹ ਦਾਅਵਾ ਕਰੇ ਕਿ ਉਸ ਨੇ ਕਦੇ ਗਾਲ੍ਹਾਂ ਨਹੀਂ ਕਢੀਆਂ ਸਮਝ ਲਵੋ ਉਹ ਵਿਅਕਤੀ ਝੂਠਾ ਹੈ।

ਹਰ ਕੋਈ ਗਾਲ੍ਹਾਂ ਕੱਢਦਾ ਹੈ ਅਤੇ ਹਰ ਕਿਸੇ ਨੂੰ ਗਾਲ੍ਹਾਂ ਕੱਢਣ ਨਾਲ ਆਨੰਦ ਅਤੇ ਤ੍ਰਿਪਤੀ ਦਾ ਅਨੁਭਵ ਹੁੰਦਾ ਹੈ।

ਪੁਰਸ਼ ਆਪਸ ਵਿਚ ਜਿੰਨੀਆਂ ਗਾਲ੍ਹਾਂ ਕੱਢਦੇ ਹਨ ਉਨ੍ਹਾਂ ਵਿਚੋਂ ਬਹੁਗਿਣਤੀ ਮਾਂਵਾਂ-ਭੈਣਾਂ ਸਬੰਧੀ ਹੁੰਦੀਆਂ ਹਨ। ਇਸ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਹਰ ਵਿਅਕਤੀ ਦੀ ਇੱਜ਼ਤ ਦਾ ਮਾਪ-ਤੋਲ ਉਸ ਵਲੋਂ ਮਾਂ-ਭੈਣ ਦੀ ਹਿਫ਼ਾਜ਼ਤ ਕਰ ਸਕਣ ਦੀ ਸਮਰੱਥਾ ਨਾਲ ਜੁੜਿਆ ਹੁੰਦਾ ਹੈ। ਦੂਜਾ ਇਹ ਕਿ ਗਾਲ੍ਹਾਂ ਕੱਢਣ ਵਾਲਾ ਵਿਅਕਤੀ ਸ਼ਬਦਾਂ ਨਾਲ ਦੂਜੇ ਦੀ ਧੀ-ਭੈਣ ਦਾ ਬਲਾਤਕਾਰ ਕਰਕੇ ਉਸ ਦੀ ਇੱਜ਼ਤ ਨੂੰ ਮਿੱਟੀ 'ਚ ਰੋਲਣ ਦਾ ਕਾਰਜ ਨਿਭਾਅ ਰਿਹਾ ਹੁੰਦਾ ਹੈ।

ਵਧੇਰੇ ਅਣਖੀਲਾ ਵਿਅਕਤੀ ਅਜਿਹੀਆਂ ਗਾਲ੍ਹਾਂ ਨੂੰ ਬਰਦਾਸ਼ਤ ਨਹੀਂ ਕਰਦਾ, ਪਰ ਘੱਟ ਅਣਖੀਲਾ ਵਿਅਕਤੀ ਅਜਿਹੀਆਂ ਗਾਲ੍ਹਾਂ ਨੂੰ ਕੇਵਲ ਉਸ ਸਥਿਤੀ ਵਿਚ ਮਹੱਤਵ ਦੇਵੇਗਾ ਅਤੇ ਵਿਰੋਧ ਕਰੇਗਾ, ਜੇਕਰ ਗਾਲ੍ਹਾਂ ਦੂਜੇ ਲੋਕਾਂ ਦੀ ਹਾਜ਼ਰੀ ਵਿਚ ਕੱਢੀਆਂ ਗਈਆਂ ਹੋਣ।

ਗਰੀਬ ਲੋਕਾਂ ਕੋਲ ਕਿਉਂਕਿ ਪੈਸੇ ਦੀ ਘਾਟ ਹੁੰਦੀ ਹੈ, ਉਹ ਆਪਣੀ ਇੱਜ਼ਤ ਨੂੰ ਵਧੇਰੇ ਮੁੱਲਵਾਨ ਸਮਝਦੇ ਹਨ ਅਤੇ ਉਨ੍ਹਾਂ ਦੀਆਂ ਬਹੁਤੀਆਂ ਲੜਾਈਆਂ ਗਾਲ੍ਹਾਂ ਤੋਂ ਸ਼ੁਰੂ ਹੁੰਦੀਆਂ ਹਨ। ਇਸ ਵਰਤਾਰੇ ਨੂੰ ਗਾਲੀ-ਗਲੋਚ ਕਹਿੰਦੇ ਹਨ।

ਪੰਜਾਬੀਆਂ ਦਾ ਮੁਹਾਵਰਾ ਬੌਧਿਕ ਘੱਟ ਅਤੇ ਸਰੀਰਕ ਵਧੇਰੇ ਹੈ, ਇਸੇ ਲਈ ਇਨ੍ਹਾਂ ਦੀਆਂ ਗਾਲ੍ਹਾਂ ਵਿਚ ਸਰੀਰਕ ਕਾਰਜ ਦੀ ਪ੍ਰਧਾਨਤਾ ਹੁੰਦੀ ਹੈ। ਜਿਨ੍ਹਾਂ ਲੋਕਾਂ ਦਾ ਮੁਹਾਵਰਾ ਬੌਧਿਕ ਹੋਵੇ, ਉਨ੍ਹਾਂ ਦੀਆਂ ਗਾਲ੍ਹਾਂ ਵਿਚ ਬਰੀਕੀ ਆ ਜਾਂਦੀ ਹੈ।

ਪੰਜਾਬੀਆਂ ਦੀਆਂ ਗਾਲ੍ਹਾਂ ਸਪਸ਼ਟ, ਸਿੱਧੀਆਂ ਅਤੇ ਔਰਤ ਦੇ ਲੱਕ ਤੋਂ ਥੱਲਵੇਂ ਭਾਗ ਨਾਲ ਸਬੰਧ ਰੱਖਦੀਆਂ ਹਨ। ਔਰਤਾਂ ਦੀਆਂ ਆਪਸੀ ਗਾਲ੍ਹਾਂ ਦੂਜੀ ਇਸਤਰੀ ਦੇ ਪਤੀ-ਪੁੱਤਰ-ਭਰਾ ਆਦਿ ਦੇ ਮਰ ਜਾਣ ਦੀ ਕਾਮਨਾ ਵਾਲੀਆਂ ਹੁੰਦੀਆਂ ਹਨ।

ਰਿਸ਼ਤੇਦਾਰਾਂ ਵਿਚਕਾਰ ਗਾਲ੍ਹਾਂ ਵਿਚ ਜਾਨਵਰਾਂ ਦੇ ਨਾਂਵਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ, ਕਿਉਂਕਿ ਉਦੇਸ਼ ਇਹ ਸਿੱਧ ਕਰਨਾ ਹੁੰਦਾ ਹੈ ਕਿ ਦੂਜੀ ਧਿਰ ਦਾ ਵਤੀਰਾ ਅਣਮਨੁੱਖੀ ਹੈ।

ਪਿੰਡਾਂ 'ਚ ਕਿਉਂਕਿ ਘਰਾਂ ਵਿਚ ਜਾਨਵਰ ਰੱਖੇ ਜਾਂਦੇ ਹਨ ਅਰਥਾਤ ਜਾਨਵਰ ਪੇਂਡੂ ਜੀਵਨ ਦਾ ਭਾਗ ਹਨ, ਇਸ ਲਈ ਪੇਂਡੂਆਂ ਦੀਆਂ ਗਾਲ੍ਹਾਂ ਵਿਚ ਔਰਤ ਦੇ ਗੁਪਤ ਅੰਗਾਂ ਅਤੇ ਜਾਨਵਰਾਂ ਦੇ ਨਾਂਵਾਂ, ਅਤੇ ਉਨ੍ਹਾਂ ਦੀਆਂ ਹਰਕਤਾਂ ਦੀ ਖੁੱਲ੍ਹੀ ਵਰਤੋਂ ਹੁੰਦੀ ਹੈ।

ਕਾਮ ਦੇ ਪੱਖੋਂ ਕੋਈ ਵਿਅਕਤੀ ਜਿਤਨਾ ਵਧੇਰੇ ਅਤ੍ਰਿਪਤ ਹੁੰਦਾ ਹੈ, ਉਤਨੀਆਂ ਹੀ ਉਹ ਗਾਲ੍ਹਾਂ ਵਧੇਰੇ ਕਢਦਾ ਹੈ।

ਅਨਪੜ੍ਹ, ਪੜ੍ਹੇ-ਲਿਖਿਆਂ ਦੇ ਮੁਕਾਬਲੇ ਵਧੇਰੇ ਗਾਲ੍ਹਾਂ ਕਢਦੇ ਹਨ।

ਇਸਤਰੀਆਂ ਦੇ ਮੁਕਾਬਲੇ ਪੁਰਸ਼ ਅਕਸਰ ਨਾ ਕੇਵਲ ਵਧੇਰੇ ਗਾਲ੍ਹਾਂ ਕਢਦੇ ਹਨ ਸਗੋਂ ਲੜਦੇ ਵੀ ਵਧੇਰੇ ਹਨ।

ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਵਧੇਰੇ ਖੁਲ੍ਹ ਕੇ ਗਾਲ੍ਹਾਂ ਕਢੀਆਂ ਜਾਂਦੀਆਂ ਹਨ ਅਤੇ ਲੜਾਈ ਹੋਣ ਤੱਕ ਗਾਲ੍ਹਾਂ ਦਾ ਵਟਾਂਦਰਾ ਜਾਰੀ ਰਹਿੰਦਾ ਹੈ।

ਮਜਬੂਰ ਹੋ ਕੇ ਜਿਹੜੀਆਂ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ, ਉਹ ਆਪਣਾ ਅਸਰ ਤਾਂ ਹੀ ਕਰਦੀਆਂ ਹਨ ਜੇ ਉਹ ਮਾਂ-ਬੋਲੀ ਵਿਚ ਹੋਣ।

ਦੂਜੀ ਬੋਲੀ ਵਿਚ ਕੱਢੀ ਗਈ ਗਾਲ੍ਹ ਖੁੰਢੇ ਹਥਿਆਰ ਵਾਂਗ ਹੁੰਦੀ ਹੈ।

ਗਾਲ੍ਹਾਂ ਸਾਡੇ ਪ੍ਰਚੰਡ ਮਨੋਭਾਵਾਂ ਦਾ ਪ੍ਰਗਟਾਵਾ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਮਾਂ-ਬੋਲੀ ਵਿਚ ਹੋਣਾ ਸੁਭਾਵਿਕ ਹੀ ਨਹੀਂ, ਲੋੜੀਂਦਾ ਵੀ ਹੈ।

ਸਮਾਜਵਾਦੀ ਦੇਸ਼ਾਂ ਵਿਚ ਸਾਮਰਾਜਵਾਦੀ ਦੇਸ਼ਾਂ ਦੇ ਮੁਕਾਬਲੇ ਵੱਖਰੀ ਕਿਸਮ ਦੀਆਂ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਗਰੀਬ, ਮੱਧ-ਸ਼ਰੇਣੀ ਅਤੇ ਉਪਰਲੀ ਸ਼ਰੇਣੀ ਦੀਆਂ ਗਾਲ੍ਹਾਂ, ਉਨ੍ਹਾਂ ਦੀ ਵੱਖਰੀ ਆਰਥਿਕ ਸਥਿਤੀ ਕਾਰਨ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ। ਇੱਥੋਂ ਤੱਕ ਕਿ ਸਵੇਰ ਵੇਲੇ ਕੱਢੀਆਂ ਜਾਣ ਵਾਲੀਆਂ ਗਾਲ੍ਹਾਂ, ਸ਼ਾਮ ਨੂੰ ਕੱਢੀਆਂ ਜਾਣ ਵਾਲੀਆਂ ਗਾਲ੍ਹਾਂ ਤੋਂ ਭਿੰਨ ਹੁੰਦੀਆਂ ਹਨ।

ਮੌਸਮ ਦਾ ਵੀ ਗਾਲ੍ਹਾਂ ਨਾਲ ਸੰਬੰਧ ਹੈ। ਉਦਾਹਰਣ ਵਜੋਂ ਗਰਮੀਆਂ ਦੇ ਮੁਕਾਬਲੇ ਸਰਦੀਆਂ ਵਿਚ ਗਾਲ੍ਹਾਂ ਘੱਟ ਕੱਢੀਆਂ ਜਾਂਦੀਆਂ ਹਨ, ਕਿਉਂਕਿ ਠੰਡ ਕਾਰਨ ਹਰ ਕੋਈ ਸੁੰਗੜਿਆ ਹੁੰਦਾ ਹੈ ਅਤੇ ਜਲਦੀ ਤੋਂ ਜਲਦੀ ਹਰ ਕੋਈ ਕੰਬਲ ਜਾਂ ਰਜਾਈ ਵਿਚ ਬਹਿਣਾ ਪਸੰਦ ਕਰਦਾ ਹੈ।

ਠੰਡ ਦੀ ਸਥਿਤੀ ਵਿਚ ਗਾਲ੍ਹਾਂ ਕੱਢਣ ਨਾਲ ਮੂੰਹ ਦੁੱਖਣ ਲੱਗ ਪੈਂਦਾ ਹੈ।

ਪੜ੍ਹੇ-ਲਿਖੇ ਵਿਅਕਤੀ ਅਨਪੜ੍ਹਾਂ ਦੇ ਮੁਕਾਬਲੇ ਘੱਟ ਗਾਲ੍ਹਾਂ ਕੱਢਦੇ ਹਨ ਪਰ ਉਹ ਦੂਸਰਿਆਂ ਨੂੰ ਕੋਸਦੇ ਵਧੇਰੇ ਹਨ।

ਜਿਵੇਂ ਪੁਰਸ਼ਾਂ ਦੀਆਂ ਗਾਲ੍ਹਾਂ ਵਿਚ ਧੀਆਂ-ਭੈਣਾਂ ਦੀ ਬੇਇੱਜ਼ਤੀ ਕੀਤੀ ਜਾਂਦੀ ਹੈ ਉਵੇਂ ਹੀ ਔਰਤਾਂ ਦੀਆਂ ਆਪਸੀ ਗਾਲ੍ਹਾਂ ਵਿਚ ਵੀ ਬੇਇੱਜ਼ਤੀ ਧੀਆਂ-ਭੈਣਾਂ ਰਾਹੀਂ ਹੀ ਕੀਤੀ ਜਾਂਦੀ ਹੈ ਪਰ ਬੇਇੱਜ਼ਤੀ ਦਾ ਕਾਰਜ ਗਾਲ੍ਹਾਂ ਕੱਢਣ ਵਾਲੀ ਔਰਤ ਆਪਣੇ ਭਰਾ,

ਪਤੀ ਜਾਂ ਪਿਤਾ ਰਾਹੀਂ ਨੇਪਰੇ ਚੜ੍ਹਾਉਂਦੀ ਹੈ। ਉਦਾਹਰਣ ਵਜੋਂ ਇਕ ਔਰਤ ਦੂਜੀ ਨੂੰ ਗਾਲ੍ਹ ਕੱਢਦੀ ਹੈ, 'ਤੇਰੀ ਧੀ ਨੂੰ ਮੇਰਾ ਭਰਾ ਕਰ ਲਵੇ।'

ਔਰਤਾਂ ਦੀਆਂ ਗਾਲ੍ਹਾਂ ਵਿਚ ਨੰਗੇਜ ਵਧੇਰੇ ਹੁੰਦਾ ਹੈ। ਜਦੋਂ ਔਰਤਾਂ ਗਾਲ੍ਹਾਂ ਕਢਦੀਆਂ ਹਨ ਤਾਂ ਕੁਝ ਵੀ ਢਕਿਆ ਨਹੀਂ ਰਹਿਣ ਦਿੰਦੀਆਂ ਅਤੇ ਉਨ੍ਹਾਂ ਦੀਆਂ ਗਾਲ੍ਹਾਂ ਵਿਚ ਇਕ-ਦੂਜੀ ਦੇ ਵਿਹਾਰ ਦੀ ਸੂਚਨਾ ਵੀ ਵਧੇਰੇ ਹੁੰਦੀ ਹੈ, ਜਦੋਂ ਕਿ ਪੁਰਸ਼ਾਂ ਦੀਆਂ ਗਾਲ੍ਹਾਂ ਵਿਚ ਨਿਸ਼ੰਗਤਾ ਭਾਰੂ ਹੁੰਦੀ ਹੈ।

ਨੀਵੇਂ ਤਬਕੇ ਦੀਆਂ ਔਰਤਾਂ ਇਕ ਸਾਹ ਵਿਚ ਦੱਸ-ਦੱਸ ਗਾਲ੍ਹਾਂ ਕੱਢ ਸਕਦੀਆਂ ਹਨ ਅਤੇ ਉਨ੍ਹਾਂ ਦੀਆਂ ਗਾਲ੍ਹਾਂ ਨੂੰ ਜੇ ਅਮਲੀ ਰੂਪ ਦੇ ਦਿੱਤਾ ਜਾਵੇ ਤਾਂ ਕੋਈ ਵੀ ਪੁਰਸ਼, ਸੰਭੋਗ ਜਾਂ ਬਲਾਤਕਾਰ ਦੇ ਪੱਖੋਂ ਵਿਹਲਾ ਨਾ ਰਹੇ।

ਗਾਲ੍ਹਾਂ ਕੱਢਣ ਵੇਲੇ ਜੋ ਕੁਝ ਬੋਲਿਆ ਜਾਂਦਾ ਹੈ, ਉਹ ਉਸੇ ਪਲ ਸੁਝਿਆ ਹੋਇਆ ਨਹੀਂ ਹੁੰਦਾ, ਉਹ ਸਭ ਕੁਝ ਬਹੁਤ ਚਿਰ ਪਹਿਲਾਂ ਤੋਂ ਹੀ ਸੋਚਿਆ, ਵਿਉਂਤਿਆ ਅਤੇ ਚਾਹਿਆ ਜਾ ਰਿਹਾ ਹੁੰਦਾ ਹੈ।

ਗਾਲ੍ਹਾਂ ਸੰਬੰਧੀ ਚਰਚਾ ਕਰਦਿਆਂ ਅਸੀਂ ਆਮ ਕਰਕੇ ਸੰਕੋਚ ਕਰ ਜਾਂਦੇ ਹਾਂ ਪਰ ਜਿਉਂ-ਜਿਉਂ ਸਮਾਜ ਵਿਚ ਖੁਲ੍ਹ ਵਰਤ ਰਹੀ ਹੈ, ਤਿਉਂ-ਤਿਉਂ ਸੰਕੋਚ ਘੱਟ ਰਿਹਾ ਹੈ। ਪਹਿਲਾਂ ਹਮਲ ਗਿਰਾਣਾ ਇਕ ਗਾਲ੍ਹ ਵਜੋਂ ਵਰਤਿਆ ਜਾਂਦਾ ਸੀ ਪਰ ਹੁਣ ਸੰਤਾਨ ਸੰਜਮ ਦੇ ਪ੍ਰਭਾਵ ਅਧੀਨ ਇਹ ਗਾਲ੍ਹ ਨਹੀਂ ਰਹੀ ਪਰ ਕਿਸੇ ਔਰਤ ਨੂੰ ਕੁੱਤੀ ਜਾਂ ਸੂਰਨੀ ਕਹਿਣਾ ਹੁਣ ਵਧੇਰੇ ਗੰਭੀਰ ਗਾਲ੍ਹ ਬਣ ਗਈ ਹੈ।

ਜੇਕਰ ਗਾਲ੍ਹਾਂ ਕੱਢਣ ਉਤੇ ਪਾਬੰਦੀ ਲੱਗ ਜਾਵੇ ਤਾਂ ਉਨ੍ਹਾਂ ਲੋਕਾਂ ਦੀ ਹਾਲਤ ਦਾ ਅਨੁਮਾਨ ਲਾਓ, ਜਿਨ੍ਹਾਂ ਦਾ ਤਕੀਆ-ਕਲਾਮ ਹੀ ਗਾਲ੍ਹਾਂ ਹਨ।

ਪੁਰਸ਼ਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਉਨ੍ਹਾਂ ਦੀ ਗਲਬਾਤ ਵਿਚ ਕਿਤਨੀਆਂ ਗਾਲ੍ਹਾਂ ਹੁੰਦੀਆਂ ਹਨ।

ਸਾਹਿਤਕ ਰਚਨਾਵਾਂ ਵਿਚ ਪਹਿਲਾਂ ਗਾਲ੍ਹਾਂ ਨਹੀਂ ਲਿਖੀਆਂ ਜਾਂਦੀਆਂ ਸਨ ਪਰ ਹੁਣ ਲਿਖੀਆਂ ਜਾਣ ਲੱਗ ਪਈਆਂ ਹਨ। ਇਹ ਸਭ ਕੁਝ ਯਥਾਰਥਿਕਤਾ ਦੇ ਨਾਂ ਹੇਠ ਕੀਤਾ ਜਾ ਰਿਹਾ ਹੈ।

ਗਾਲ੍ਹਾਂ ਸਮਾਜ ਨੂੰ ਹਿੰਸਾ ਅਤੇ ਤਬਾਹੀ ਤੋਂ ਬਚਾਉਂਦੀਆਂ ਹਨ। ਜੰਗ, ਗਾਲ੍ਹਾਂ ਦਾ ਹੀ ਹਥਿਆਰਬੰਦ ਪ੍ਰਗਟਾਵਾ ਹੁੰਦੀ ਹੈ। ਗਾਲ੍ਹਾਂ ਅਕਸਰ ਕਾਹਲੀ, ਝੁੰਜਲਾਹਟ, ਨਿਆਸਰੇਪਣ, ਸਰੀਰਕ ਕਮਜ਼ੋਰੀ ਆਦਿ ਕਾਰਨ ਉਪਜਦੀਆਂ ਹਨ।

ਮਾਨਸਿਕ ਰੋਗੀਆਂ ਲਈ ਗਾਲ੍ਹਾਂ ਕੱਢਣੀਆਂ ਲਾਭਦਾਇਕ ਹੁੰਦੀਆਂ ਹਨ। ਬੱਚੇ ਦੇ ਜਨਮ ਸਮੇਂ ਪ੍ਰਸੂਤ ਦੀ ਪੀੜਾ ਵਿਚ ਗੰਦੀਆਂ ਗੱਲਾਂ ਕਰਕੇ ਔਰਤ ਲਈ ਪੀੜ ਬਰਦਾਸ਼ਤ ਕਰਨੀ ਸੌਖੀ ਹੋ ਜਾਂਦੀ ਹੈ।

ਕਈ ਜੋੜੇ ਕਾਮ-ਸੰਭੋਗ ਵਿਚ ਗੰਦੀਆਂ ਗੱਲਾਂ ਕਰਕੇ ਵਧੇਰੇ ਤ੍ਰਿਪਤੀ ਅਨੁਭਵ ਕਰਦੇ ਹਨ। ਕਈ ਦੋਸਤ ਅਤੇ ਸਹੇਲੀਆਂ ਮਿਲਣ ਸਮੇਂ ਇਕ ਦੂਜੇ ਨੂੰ ਗਾਲ੍ਹਾਂ ਕੱਢਦੇ ਹਨ, ਕਿਉਂਕਿ ਇਵੇਂ ਉਨ੍ਹਾਂ ਨੂੰ ਅਪਣੱਤ ਦਾ ਵਧੇਰੇ ਅਨੁਭਵ ਹੁੰਦਾ ਹੈ।

ਭਾਸ਼ਾ ਵਿਗਿਆਨੀ ਵਿਲੀਅਮ ਡੀ ਵਿਟਨੇ ਅਨੁਸਾਰ ਤਾਂ ਭਾਸ਼ਾ ਦਾ ਵਿਕਾਸ ਹੀ ਗਾਲ੍ਹਾਂ ਰਾਹੀਂ ਹੋਇਆ ਹੈ।

ਇਕ ਸੀਮਾ ਤੱਕ ਗਾਲ੍ਹਾਂ ਕੱਢਣ ਦਾ ਸਿੱਟਾ ਚੰਗਾ ਹੁੰਦਾ ਹੈ ਕਿਉਂਕਿ ਗਾਲ੍ਹਾਂ ਕੱਢਣ ਨਾਲ ਅਕਸਰ ਮਨੁੱਖ ਸ਼ਾਂਤ ਹੋ ਜਾਂਦਾ ਹੈ ਪਰ ਲਗਾਤਾਰ ਗਾਲ੍ਹਾਂ ਕੱਢਦੇ ਰਹਿਣਾ ਮਾਨਸਿਕ ਰੋਗ ਵੱਲ ਇਸ਼ਾਰਾ ਸਮਝਿਆ ਜਾਣਾ ਚਾਹੀਦਾ ਹੈ।

ਨਿਰਸੰਦੇਹ ਗਾਲ੍ਹਾਂ ਮਨੁੱਖੀ ਅਨੁਭਵ ਦੀ ਪ੍ਰਚੰਡਤਾ ਦਾ ਪ੍ਰਗਟਾਵਾ ਕਰਦੀਆਂ ਹਨ। ਭਾਰੇ ਜੁੱਸੇ ਵਾਲੇ ਭਾਰੀਆਂ ਗਾਲ੍ਹਾਂ ਕੱਢਦੇ ਹਨ ਅਤੇ ਕਮਜ਼ੋਰ ਲੋਕ ਕਮਜ਼ੋਰ ਗਾਲ੍ਹਾਂ ਕੱਢਦੇ ਹਨ। ਬਲੱਡ ਪਰੈਸ਼ਰ ਜਾਂ ਦਿਲ ਦੀ ਬੀਮਾਰੀ ਵਾਲੇ ਮਰੀਜ਼ ਨੂੰ ਗਾਲ੍ਹਾਂ ਕੱਢਣ ਤੋਂ ਸੰਕੋਚ ਹੀ ਕਰਨਾ ਚਾਹੀਦਾ ਹੈ, ਕਿਉਂਕਿ ਉਹ ਇਨ੍ਹਾਂ ਦੇ ਕੱਢਣ ਵਿਚ ਲੋੜ ਨਾਲੋਂ ਵਧੇਰੇ ਸ਼ਕਤੀ ਲਾ ਦਿੰਦਾ ਹੈ, ਜਿਸ ਦਾ ਅਕਸਰ ਮਗਰੋਂ ਪਛਤਾਵਾ ਹੁੰਦਾ ਹੈ।

ਗਾਲ੍ਹਾਂ ਕੱਢਣ ਵਾਲੇ ਮਾਪੇ ਆਪਣੇ ਬੱਚਿਆਂ ਨੂੰ ਗਾਲ੍ਹਾਂ ਕੱਢਣ ਤੋਂ ਰੋਕ ਕੇ ਉਨ੍ਹਾਂ ਨਾਲ ਅਨਿਆਇ ਕਰਦੇ ਹਨ। ਇਵੇਂ ਬੱਚੇ ਆਪਣੀਆਂ ਸਾਰੀਆਂ ਗੱਲਾਂ ਮਾਪਿਆਂ ਨੂੰ ਦੱਸਣ ਤੋਂ ਸੰਕੋਚ ਦੀ ਆਦਤ ਪਾ ਲੈਂਦੇ ਹਨ।

ਫੌਜੀ ਗੰਦੀਆਂ ਗੱਲਾਂ ਕਰਕੇ ਅਤੇ ਇਕ ਦੂਜੇ ਨੂੰ ਔਰਤ ਦੇ ਗੁਪਤ ਅੰਗਾਂ ਦੇ ਨਾਂ ਲੈ ਲੈ ਕੇ ਗਾਲ੍ਹਾਂ ਕਢ ਕੇ ਛਾਉਣੀ ਵਿਚਲੇ ਆਪਣੇ ਨੀਰਸ ਜੀਵਨ ਵਿਚ ਔਰਤ ਦੀ ਅਣਹੋਂਦ ਤੋਂ ਉਪਜੀ ਉਪਰਾਮਤਾ ਅਤੇ ਅਤ੍ਰਿਪਤੀ ਨਾਲ ਸਮਝੌਤਾ ਕਰਦੇ ਹਨ।

ਇਸਤਰੀਆਂ ਗਾਲ੍ਹਾਂ ਸੋਚਦੀਆਂ ਵਧੇਰੇ ਹਨ ਪਰ ਕਢਦੀਆਂ ਘੱਟ ਹਨ, ਜਿਸ ਕਾਰਨ ਉਨ੍ਹਾਂ ਦੇ ਗਿਲੇ-ਸ਼ਿਕਵੇ ਵਧੇਰੇ ਹੁੰਦੇ ਹਨ।

ਹੁਣ ਕਿਉਂਕਿ ਅਸੀਂ ਥੁੜ੍ਹਾਂ ਵਾਲੇ ਯੁੱਗ ਵਿਚੋਂ ਗੁਜ਼ਰ ਰਹੇ ਹਾਂ, ਥੁੜ੍ਹਾਂ ਨੂੰ ਪੂਰਾ ਕਰਨ ਲਈ ਗਾਲ੍ਹਾਂ ਕੱਢਣ ਦੀ ਪ੍ਰਵਿਰਤੀ ਵਧੇਗੀ। ਹੁਣ ਬੱਸ ਅੱਡਿਆਂ, ਸਟੇਸ਼ਨਾਂ, ਸਕੂਲਾਂ, ਕਾਲਜਾਂ, ਸਿਨਮਿਆਂ, ਭੀੜ-ਭੜੱਕੇ ਵਾਲੇ ਬਜ਼ਾਰਾਂ ਵਿਚ, ਗੱਲ ਕੀ ਸਭ ਥਾਂ ਗਾਲ੍ਹਾਂ ਦਾ ਬਾਜ਼ਾਰ ਗਰਮ ਹੈ। ਟੈਲੀਫੋਨ ਰਾਹੀਂ ਗਾਲ੍ਹਾਂ ਕੱਢਣੀਆਂ ਸੌਖੀਆਂ ਹੋ ਗਈਆਂ ਹਨ।

ਇੰਟਰਨੈਟ ਗਾਲ੍ਹਾਂ ਕਢਣ ਦਾ ਨਵਾਂ ਵਸੀਲਾ ਬਣ ਗਿਆ ਹੈ।

ਹੁਣ ਹਰੇਕ ਨਿਰਾਸਤਾ ਦੇ ਪ੍ਰਗਟਾਵੇ ਲਈ ਅਸੀਂ ਗਾਲ੍ਹਾਂ ਕੱਢਣ ਲੱਗ ਪਏ ਹਾਂ।

ਗਾਲ੍ਹਾਂ ਦੇ ਪੱਖੋਂ ਸਾਨੂੰ ਪ੍ਰੇਸ਼ਾਨੀ ਉਦੋਂ ਹੁੰਦੀ ਹੈ ਜਦੋਂ ਕੋਈ ਆਪ ਤਾਂ ਗਾਲ੍ਹਾਂ ਕੱਢ ਦੇਵੇ ਪਰ ਸਾਨੂੰ ਗਾਲ੍ਹਾਂ ਕੱਢਣ ਦਾ ਮੌਕਾ ਨਾ ਦੇਵੇ ਜਾਂ ਸਾਡੀਆਂ ਗਾਲ੍ਹਾਂ ਸੁਣਨ ਤੋਂ ਪਹਿਲਾਂ ਹੀ ਟੈਲੀਫੋਨ ਬੰਦ ਕਰ ਦੇਵੇ।

ਹੋਰ ਚੀਜ਼ਾਂ ਦੇ ਪੱਧਰ ਵਾਂਗ ਗਾਲ੍ਹਾਂ ਦਾ ਪੱਧਰ ਵੀ ਡਿੱਗ ਰਿਹਾ ਹੈ ਪਰ ਅਜੇ ਵੀ ਦੁਨੀਆਂ ਵਿਚ ਫਰਾਂਸੀਸੀ ਕਲਾ-ਕ੍ਰਿਤੀਆਂ ਵਾਂਗ ਫਰਾਂਸੀਸੀ ਗਾਲ੍ਹਾਂ ਦੀ ਕੋਈ ਰੀਸ ਨਹੀਂ। ਫਰਾਂਸੀਸੀ ਗਾਲ੍ਹ ਦਾ ਇਕ ਨਮੂਨਾ : 'ਰੱਬ ਕਰੇ ਜਿਸ ਨੂੰ ਤੂੰ ਪਿਆਰ ਕਰਦਾ ਏਂ, ਉਹ ਤੈਨੂੰ ਭੁੱਲ ਜਾਵੇ।'

***

ਪੱਖਪਾਤ

ਪੱਖਪਾਤ ਹਰੇਕ ਦੇ ਜੀਵਨ ਦਾ ਨਿਤ-ਦਿਨ ਦਾ ਯਥਾਰਥ ਹੈ, ਜਦੋਂ ਕ ਨਿਰਪੱਖਤਾ ਇਕ ਆਦਰਸ਼ ਸਥਿਤੀ ਹੁੰਦੀ ਹੈ।

ਅਜੋਕੇ ਜੀਵਨ ਵਿਚ ਕਿਸੇ ਵੀ ਵਿਅਕਤੀ ਨਾਲ ਗੱਲ ਕਰੋ, ਉਹ ਆਪਣੇ ਆਪ ਨਾਲ ਹੋ ਰਹੇ ਪੱਖਪਾਤ ਦੀ ਸ਼ਿਕਾਇਤ ਕਰੇਗਾ।

ਸਮੁੱਚਾ ਜੀਵਨ ਇਸ ਹੱਦ ਤਕ ਦੂਸ਼ਿਤ ਹੋ ਕੇ ਉਲਝ ਗਿਆ ਹੈ ਕਿ ਕਿਸੇ ਵਿਅਕਤੀ, ਸਥਿਤੀ ਜਾਂ ਵਿਚਾਰਧਾਰਾ ਸਬੰਧੀ ਨਿਰਪੱਖ ਰਾਇ ਦੀ ਸੰਭਾਵਨਾ ਹੀ ਸੁੰਗੜ ਗਈ ਹੈ। ਇਸੇ ਕਰਕੇ ਬਜ਼ੁਰਗੀ ਦਾ ਸਤਿਕਾਰ, ਪਰੰਪਰਾਵਾਂ ਦੀ ਕਦਰ, ਕਿਸੇ ਦੀ ਯੋਗਤਾ ਦਾ ਠੀਕ ਮੁੱਲ ਪਾਉਣਾ ਮੁਸ਼ਕਿਲ ਹੋ ਗਿਆ ਹੈ।

ਵੱਧ ਤੋਂ ਵੱਧ ਅਵਸਰਾਂ ਉਤੇ ਸਾਡਾ ਵਤੀਰਾ ਪੱਖਪਾਤੀ, ਵਿਵਹਾਰ ਸੁਆਰਥੀ ਅਤੇ ਸਮਾਜਿਕ ਰਿਸ਼ਤਿਆਂ ਪ੍ਰਤੀ ਸੋਚ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ।

ਪੱਖਪਾਤ ਦੇ ਅਰਥ ਹਨ ਕਿਸੇ ਸਥਿਤੀ, ਘਟਨਾ ਜਾਂ ਵਿਅਕਤੀ ਸੰਬੰਧੀ ਅਧੂਰੀ ਸੂਚਨਾ ਦੇ ਆਧਾਰ ਉੱਤੇ ਆਪਣੀ ਰਾਇ ਬਣਾਉਣੀ ਜਾਂ ਪਹਿਲਾਂ ਹੀ ਆਪਣੀ ਰਾਇ ਬਣਾ ਕੇ ਉਸ ਅਨੁਸਾਰ ਬਿਨਾਂ ਸੋਚੇ-ਸਮਝੇ ਵਰਤਾਰਾ ਕਰਨਾ।

ਅਜਿਹੀ ਸਥਿਤੀ ਬਾਰੇ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਜੇਕਰ ਉਸ ਵਿਅਕਤੀ ਕੋਲ ਨਿਰਪੱਖਤਾ ਦਾ ਗੁਣ ਹੁੰਦਾ ਅਤੇ ਉਸ ਕੋਲ ਕਿਸੇ ਸਥਿਤੀ, ਘਟਨਾ ਜਾਂ ਵਿਅਕਤੀ ਸੰਬੰਧੀ ਪੂਰੀ ਸੂਚਨਾ ਹੁੰਦੀ ਤਾਂ ਉਸ ਵਿਅਕਤੀ ਦਾ ਵਿਹਾਰ ਅਤੇ ਉਸ ਦੀ ਰਾਇ ਬਿਲਕੁਲ ਉਲਟ ਹੋਣੀ ਸੀ।

ਪੱਖਪਾਤ ਇਕ ਮਨੋਵਿਗਿਆਨਕ ਰੋਗ ਹੈ, ਜਿਸ ਨਾਲ ਗ੍ਰਸਿਆ ਹੋਇਆ ਵਿਅਕਤੀ ਜੀਵਨ ਦੇ ਉੱਚੇ ਆਦਰਸ਼ ਨਹੀਂ ਸਿਰਜ ਸਕਦਾ ਅਤੇ ਨਤੀਜੇ ਵਜੋਂ ਉਹ ਕਈ ਸੱਚੀਆਂ ਖੁਸ਼ੀਆਂ ਤੋਂ ਵਾਂਝਾ ਰਹਿ ਜਾਂਦਾ ਹੈ।

ਦੂਜਿਆਂ ਬਾਰੇ ਰਾਇ ਬਣਾਉਣਾ ਇਕ ਸੁਭਾਵਿਕ ਮਨੁੱਖੀ ਕਰਮ ਹੈ।

ਹਰ ਇਕ ਵਿਅਕਤੀ ਆਪਣੇ ਅਨੁਭਵ ਦੇ ਆਧਾਰ ਉੱਤੇ ਕੁਝ ਨਿਸ਼ਚਿਤ ਧਾਰਨਾਵਾਂ ਬਣਾਉਂਦਾ ਹੈ, ਜਿਨ੍ਹਾਂ ਨੂੰ ਉਹ ਭਵਿੱਖ ਵਿਚ ਵਰਤਦਾ ਹੈ। ਘਰੇਲੂ ਨੌਕਰਾਂ, ਟਰੱਕ ਡਰਾਈਵਰਾਂ, ਪੁਲੀਸ, ਸਰਕਾਰੀ ਕਰਮਚਾਰੀਆਂ, ਹਸਪਤਾਲਾਂ ਅਤੇ ਡਾਕਟਰਾਂ, ਸ਼ਹਿਰੀਆਂ ਦੀ ਪੇਂਡੂਆਂ ਅਤੇ ਪੇਂਡੂਆਂ ਦੀ ਸ਼ਹਿਰੀਆਂ ਬਾਰੇ, ਸੱਸਾਂ-ਨੂੰਹਾਂ ਦੇ ਆਪਸੀ ਰਿਸ਼ਤੇ ਸੰਬੰਧੀ, ਕੁਝ ਸਮਾਜਿਕ ਪੱਖਪਾਤੀ ਧਾਰਨਾਵਾਂ ਸਾਨੂੰ ਬਣੀਆਂ-ਬਣਾਈਆਂ ਮਿਲਦੀਆਂ ਹਨ।

ਅਜੋਕੇ ਮਨੁੱਖ ਦੀ ਰਾਜਨੀਤਕ ਸੋਚ ਵੀ ਪੱਖਪਾਤੀ ਹੈ। ਸਮਾਜਵਾਦੀ ਅਤੇ ਸਾਮਰਾਜਵਾਦੀ ਇਕ ਦੂਜੇ ਬਾਰੇ ਹਮੇਸ਼ਾ ਕੱਟੜ ਪੱਖਪਾਤੀਆਂ ਵਾਂਗ ਸੋਚਦੇ ਹਨ।

ਪੱਖਪਾਤ ਦੀ ਰੁਚੀ ਵਿਸ਼ੇਸ਼ ਕਰਕੇ ਧਰਮ ਤੋਂ ਪ੍ਰਾਪਤ ਹੁੰਦੀ ਹੈ, ਕਿਉਂਕਿ ਹਰ ਕੋਈ ਸਮਝਦਾ ਹੈ ਕਿ ਧਰਮ ਤਾਂ ਉਸ ਦਾ ਹੀ ਹੈ ਬਾਕੀ ਸਾਰੇ ਧਰਮ ਤਾਂ ਅੰਧ-ਵਿਸ਼ਵਾਸ ਹੀ ਹਨ। ਇਸ ਕਾਰਨ ਅਸੀਂ ਆਪਣੇ ਧਰਮ ਨੂੰ ਵੱਡਿਆਉਂਦੇ ਹਾਂ ਅਤੇ ਆਪਣੇ ਧਰਮ ਨੂੰ ਦੂਜਿਆਂ ਧਰਮਾਂ ਨਾਲੋਂ ਉਚੇਰਾ ਸਮਝਦੇ ਹਾਂ ਜਾਂ ਇਵੇਂ ਕਿਹਾ ਜਾ ਸਕਦਾ ਹੈ ਕਿ ਹਰ ਕੱਟੜ ਵਿਅਕਤੀ ਪੱਖਪਾਤੀ ਹੁੰਦਾ ਹੈ।

ਭਾਵੇਂ ਪੱਖਪਾਤੀ ਰੁਚੀ ਨੂੰ ਪੱਕਾ ਕਰਨ ਵਿਚ ਸਮਾਜਿਕ, ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ ਸ਼ਕਤੀਆਂ ਆਪਣਾ ਰੋਲ ਅਦਾ ਕਰਦੀਆਂ ਹਨ ਪਰ ਬੱਚਪਨ ਵਿਚ ਹੀ ਸਾਡੇ ਉੱਤੇ ਧਾਰਮਿਕ ਪੱਖਪਾਤੀ ਧਾਰਨਾਵਾਂ ਲੱਦ ਦਿੱਤੀਆਂ ਜਾਂਦੀਆਂ ਹਨ, ਜਿਹੜੀਆਂ ਸਾਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਸੋਚ-ਪ੍ਰਣਾਲੀ ਅਤੇ ਸੋਚ-ਵਿਧੀ ਦਿੰਦੀਆਂ ਹਨ।

ਇਸ ਸੋਚ-ਵਿਧੀ ਅਤੇ ਸੋਚ-ਪ੍ਰਣਾਲੀ ਅਨੁਸਾਰ ਹੀ ਅਸੀਂ ਦੂਜੇ ਧਰਮਾਂ, ਪੇਸ਼ਿਆਂ, ਦੇਸ਼ਾਂ, ਬੋਲੀਆਂ, ਇਲਾਕਿਆਂ ਆਦਿ ਬਾਰੇ ਆਪਣੀਆਂ ਧਾਰਨਾਵਾਂ ਉਸਾਰਦੇ ਹਾਂ। ਉਦਾਹਰਣ ਵਜੋਂ ਜੱਟ ਅਤੇ ਸ਼ਾਹੂਕਾਰ ਦੋਹਾਂ ਨੂੰ ਇਕ ਦੂਜੇ ਬਾਰੇ ਕੋਈ ਭੁਲੇਖਾ ਨਹੀਂ। ਚੀਨੀ ਹਮਲੇ ਕਰਕੇ ਭਾਰਤੀ, ਚੀਨੀਆਂ ਬਾਰੇ ਨਿਰਪੱਖ ਸੋਚ ਨਹੀਂ ਉਸਾਰ ਸਕਦੇ; ਬੰਗਲਾਦੇਸ਼ ਕਾਰਨ ਪਾਕਿਸਤਾਨ, ਭਾਰਤ ਬਾਰੇ ਪੱਖਪਾਤੀ ਸੋਚ ਤੋਂ ਮੁਕਤ ਨਹੀਂ ਹੋ ਸਕਦਾ; ਆਪਣੇ ਧਾਰਮਿਕ ਇਤਿਹਾਸ ਕਾਰਨ ਸਿੱਖ, ਮੁਗਲਾਂ ਸੰਬੰਧੀ ਨਿਰਪੱਖ ਢੰਗ ਨਾਲ ਨਹੀਂ ਸੋਚ ਸਕਦੇ; ਸਦੀਆਂ ਦੇ ਸਮਾਜਿਕ ਵਰਤਾਰੇ ਕਾਰਨ ਹੀ ਪੁਰਸ਼ ਅਤੇ ਇਸਤਰੀ ਇਕ ਦੂਜੇ ਪ੍ਰਤੀ ਪੱਖਪਾਤੀ ਰਾਇ ਰੱਖਦੇ ਹਨ।

ਸਾਡੇ ਰੋਜ਼ਾਨਾ ਜੀਵਨ ਵਿਚ ਵੀ ਪੱਖਪਾਤ ਦਾ ਬੜਾ ਰੋਲ ਹੁੰਦਾ ਹੈ।

ਖਾਣ-ਪੀਣ ਸੰਬੰਧੀ ਹਰ ਇਕ ਵਿਅਕਤੀ ਪੱਖਪਾਤੀ ਹੁੰਦਾ ਹੈ। ਮੁਸਲਮਾਨਾਂ ਵੱਲੋਂ ਸੂਰ ਅਤੇ ਹਿੰਦੂਆਂ ਵੱਲੋਂ ਗਊ ਦੇ ਮਾਸ ਸੰਬੰਧੀ ਪੱਖਪਾਤ ਧਾਰਮਿਕ-ਪੱਖਪਾਤੀ-ਸੋਚ ਦਾ ਹੀ ਪ੍ਰਗਟਾਵਾ ਹਨ। ਇਵੇਂ ਹੀ ਸਥਿਤੀਆਂ ਬਾਰੇ ਅਸੀਂ ਪੱਖਪਤੀ ਹੁੰਦੇ ਹਾਂ। ਅਸੀਂ ਆਪਣੇ ਨਾਲ ਹੋਏ ਅਨਿਆਇ ਨੂੰ ਵਧਾਅ-ਚੜ੍ਹਾਅ ਕੇ ਦੱਸਦੇ ਹਾਂ। ਕਿਸੇ ਜਲੂਸ ਦੇ ਜਲੂਸ ਜਾਂ ਜਲੂਸੀ ਹੋਣ ਸੰਬੰਧੀ ਸਾਡੀ ਰਾਇ ਇਸ ਗੱਲ ਉਤੇ ਆਧਾਰਿਤ ਹੁੰਦੀ ਹੈ ਕਿ ਅਸੀਂ ਉਸ ਜਲਸੇ-ਜਲੂਸ ਦੇ ਹੱਕ ਵਿਚ ਹਾਂ ਜਾਂ ਵਿਰੁਧ ਹਾਂ।

ਸਥਿਤੀਆਂ ਜਾਂ ਚੀਜ਼ਾਂ ਦੇ ਮੁਕਾਬਲੇ ਵਿਅਕਤੀਆਂ ਸੰਬੰਧੀ ਸਾਡੀ ਪੱਖਪਾਤੀ ਰੁੱਚੀ ਵਧੇਰੇ ਉਘੜ ਕੇ ਸਾਹਮਣੇ ਆਉਂਦੀ ਹੈ ਅਤੇ ਪੱਖਪਾਤ ਸਬੰਧੀ ਸਾਡੀਆਂ ਬਹੁਤੀਆਂ ਸ਼ਿਕਾਇਤਾਂ ਵਿਸ਼ੇਸ਼ ਵਿਅਕਤੀਆਂ ਵਿਰੁਧ ਹੁੰਦੀਆਂ ਹਨ।

ਵਿਅਕਤੀਆਂ ਸੰਬੰਧੀ ਪੱਖਪਾਤੀ ਰੁੱਚੀ ਦਾ ਪ੍ਰਗਟਾਵਾ ਕਈ ਸੂਖਮ ਅਤੇ ਸਪੱਸ਼ਟ ਢੰਗਾਂ ਨਾਲ ਕੀਤਾ ਜਾਂਦਾ ਹੈ, ਜਿਵੇਂ ਕਿਸੇ ਦੀ ਮੂਰਖਤਾ ਸੰਬੰਧੀ ਕੋਈ ਚੁੱਟਕਲਾ ਜਾਂ ਹਾਸੇ ਵਾਲੀ ਘਟਨਾ ਸੁਣਾ ਕੇ, ਜਾਂ ਉਸ ਨੂੰ ਮਿਲਣ ਤੋਂ ਬਚਣ ਲਈ ਹੀਲੇ ਲੱਭ ਕੇ ਜਾਂ ਉਸ ਨੂੰ ਕਿਸੇ ਚੀਜ਼ ਤੋਂ ਵਿਰਵਾ ਕਰਕੇ ਜਾਂ ਉਸ ਨੂੰ ਕੋਈ ਚੀਜ਼ ਘੱਟ ਦੇ ਕੇ, ਜਾਂ ਉਸ ਨਾਲ ਸਰੀਰਕ

ਦੁਰਵਿਵਹਾਰ ਕਰਕੇ ਜਾਂ ਉਸ ਨੂੰ ਗਾਲ੍ਹ ਕਢ ਕੇ ਜਾਂ ਉਸ ਨੂੰ ਕਤਲ ਕਰਕੇ ਅਸੀਂ ਆਪਣਾ ਪੱਖਪਾਤ ਪ੍ਰਗਟਾਉਂਦੇ ਹਾਂ।

ਅੱਜ ਕੱਲ੍ਹ ਨੂੰਹਾਂ ਦੇ ਸੜਨ ਦੀਆਂ ਘਟਨਾਵਾਂ ਨੂੰ, ਲੜਕੀ ਦੇ ਸਹੁਰਿਆਂ ਅਤੇ ਪਤੀ ਹੱਥੋਂ ਪੱਖਪਾਤ ਦਾ ਸ਼ਿਕਾਰ ਹੋਣ ਦੇ ਅਰਥਾਂ ਵਿਚ ਵੀ ਲਿਆ ਜਾ ਸਕਦਾ ਹੈ।

ਜਿਨ੍ਹਾਂ ਟੱਬਰਾਂ ਵਿਚ ਨਿਰਪੱਖ ਸੋਚ ਦੀ ਆਦਤ ਹੁੰਦੀ ਹੈ, ਉੱਥੇ ਇਕ-ਦੂਜੇ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ ਨੂੰ ਸਵੀਕਾਰ ਕਰਨ ਦੀ ਦਲੇਰੀ ਵੀ ਹੁੰਦੀ ਹੈ।

ਪੱਖਪਾਤੀ ਹੋਣ ਕਰਕੇ ਹੀ ਅਸੀਂ ਨਿੱਕੀ ਜਿਹੀ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਹਾਂ। ਦੰਗਿਆਂ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਦੋਵੇਂ ਧਿਰਾਂ ਇਕ ਦੂਜੇ ਪ੍ਰਤੀ ਪੱਖਪਾਤ ਦਾ ਸ਼ਿਕਾਰ ਹੁੰਦੀਆਂ ਹਨ।

ਜਿਥੇ ਵੀ ਅਸੀਂ ਪੱਖਪਾਤੀ ਹੁੰਦੇ ਹਾਂ, ਉੱਥੇ ਹੀ ਕੋਈ ਨਾ ਕੋਈ ਸਮੱਸਿਆ ਉੱਠ ਖਲੋਂਦੀ ਹੈ ਅਤੇ ਸਾਡਾ ਵਰਤਾਰਾ ਟੇਢਾ ਹੋ ਜਾਂਦਾ ਹੈ।

ਅਸੀਂ ਆਪਣੇ ਨਿਰਪੱਖ ਹੋਣ ਦੀਆਂ ਕਈ ਉਦਾਹਰਣਾਂ ਦਿੰਦੇ ਰਹਿੰਦੇ ਹਾਂ ਜਿਹੜੀਆਂ ਅਸਲ ਵਿਚ ਸਾਡੇ ਪੱਖਪਾਤੀ ਹੋਣ ਦਾ ਹੀ ਪ੍ਰਮਾਣ ਹੁੰਦੀਆਂ ਹਨ।

ਕੋਈ ਵੀ ਵਿਅਕਤੀ ਆਪਣੇ ਆਪ ਨੂੰ ਪੱਖਪਾਤੀ ਮੰਨਣ ਲਈ ਤਿਆਰ ਨਹੀਂ ਹੁੰਦਾ, ਜਦੋਂ ਕਿ ਹਰ ਕੋਈ ਆਪਣੇ ਵਿਰੋਧੀ ਨੂੰ ਪੱਖਪਾਤੀ ਹੀ ਸਿੱਧ ਕਰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਪੱਖਪਾਤੀ ਹੋਣਾ ਇਕ ਔਗੁਣ ਹੈ।

ਸਾੜਾ ਕਿਸੇ ਹੱਦ ਤੱਕ ਪੱਖਪਾਤ ਦੀ ਬੁਨਿਆਦ ਹੈ। ਨਫ਼ਰਤ ਅਤੇ ਘਮੰਡ ਪੱਖਪਾਤ ਦੇ ਸੋਮੇ ਹੁੰਦੇ ਹਨ। ਕਿਉਂਕਿ ਮਨੁੱਖ ਵਿਚ ਅਸੁਰੱਖਿਆ ਦੀ ਭਾਵਨਾ ਬੜੀ ਬਲਵਾਨ ਹੈ, ਉਹ ਪੱਖਪਾਤੀ ਹੋ ਕੇ ਪਾਰਟੀ, ਧੜੇਬੰਦੀ, ਜਾਤੀ, ਜ਼ਾਤਪਾਤ, ਕੌਮ ਆਦਿ ਦੇ ਨਿਰਮਾਣ ਰਾਹੀਂ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਹੈ।

ਪੱਖਪਾਤੀ ਹੋਣ ਦੇ ਬੜੇ ਵੱਡੇ ਘਾਟੇ ਹਨ। ਅਜੋਕੇ ਯੁਗ ਦੀਆਂ ਬਹੁਤੀਆਂ ਸਮੱਸਿਆਵਾਂ ਦਾ ਕਾਰਨ ਮਨੁੱਖ ਦੀ ਪੱਖਪਾਤੀ ਰੁਚੀ ਹੈ।

ਪੱਖਪਾਤੀ ਹੋਣ ਕਾਰਨ ਕਈ ਵਿਅਕਤੀਆਂ, ਸਥਿਤੀਆਂ ਅਤੇ ਵਸਤਾਂ ਨੂੰ ਵਰਤਣ ਜਾਂ ਉਨ੍ਹਾਂ ਦੇ ਸੰਪਰਕ ਵਿਚ ਆਉਣ ਤੋਂ ਅਸੀਂ ਵਾਂਝੇ ਰਹਿ ਜਾਂਦੇ ਹਾਂ।

ਅਣਖ ਦਾ ਸੰਕਲਪ ਜਾਂ ਧਾਰਮਕਿ ਪੱਖਪਾਤ ਫਿਰਕੂ ਰੁਚੀਆਂ ਨੂੰ ਜਨਮ ਦਿੰਦਾ ਹੈ। ਕਿਸੇ ਵਿਸ਼ੇਸ਼ ਧਰਮ, ਇਲਾਕੇ ਜਾਂ ਜ਼ਾਤ ਨਾਲ ਸੰਬੰਧਿਤ ਹੋਣ ਕਾਰਨ ਕਿਸੇ ਵਿਅਕਤੀ ਦੀ ਯੋਗਤਾ ਤੋਂ ਸਮੁੱਚਾ ਸਮਾਜ ਪੱਖਪਾਤ ਦਾ ਸ਼ਿਕਾਰ ਹੋਣ ਕਾਰਨ ਲਾਭ ਨਹੀਂ ਉਠਾ ਸਕਦਾ। ਜੰਗਾਂ, ਪੱਖਪਾਤਾਂ ਦਾ ਹੀ ਹਥਿਆਰਬੰਦ ਪ੍ਰਗਟਾਵਾ ਹੁੰਦੀਆਂ ਹਨ। ਭਾਰਤ ਵਿਚ ਫਿਰਕੂ ਖਿਚੋਤਾਣ ਦਾ ਕਾਰਨ ਇਕ-ਦੂਜੇ ਪ੍ਰਤੀ ਅਵਿਸ਼ਵਾਸ ਅਰਥਾਤ ਪੱਖਪਾਤ ਹੁੰਦਾ ਹੈ।

ਹੀਣਤਾ ਦੀ ਭਾਵਨਾ ਵੀ ਆਮ ਕਰਕੇ ਪੱਖਪਾਤ ਦੇ ਸ਼ਿਕਾਰ ਵਿਅਕਤੀਆਂ ਵਿਚ ਵਧੇਰੇ ਹੁੰਦੀ ਹੈ। ਹਰ ਦੇਸ਼ ਦੀਆਂ ਘੱਟ-ਗਿਣਤੀਆਂ ਨੂੰ ਬਹੁ-ਗਿਣਤੀ ਦੇ ਪੱਖਪਾਤ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਪੱਖਪਾਤ ਦੇ ਕੁਝ ਲਾਭ ਵੀ ਹੁੰਦੇ ਹਨ, ਜਿਵੇਂ ਜੰਗ ਵਿਚ ਇਸ ਬਿਨਾਂ, ਸਾਰੀ ਕੌਮ ਨੂੰ ਮਰਨ-ਮਾਰਨ ਲਈ ਤਿਆਰ ਨਹੀਂ ਕੀਤਾ ਜਾ ਸਕਦਾ।

ਪੱਖਪਾਤ ਬਿਨਾਂ ਕੋਈ ਸੰਗਠਨ ਨਹੀਂ ਉਸਾਰਿਆ ਜਾ ਸਕਦਾ। ਸਾਡੇ ਵਿਰੁਧ ਪੱਖਪਾਤ, ਸਾਨੂੰ ਪੱਖਪਾਤ ਵਿਰੁਧ ਲੜਨ ਲਈ ਵੀ ਤਿਆਰ ਕਰਦਾ ਹੈ, ਇਹ ਵੱਖਰੀ ਗੱਲ ਹੈ ਕਿ ਸਫਲਤਾ ਉਪਰੰਤ ਅਸੀਂ ਵੀ ਪੱਖਪਾਤੀ ਹੋ ਜਾਵਾਂਗੇ।

ਪੱਖਪਾਤ ਲਾਭਕਾਰੀ ਹੋਣ ਦੇ ਮੁਕਾਬਲੇ ਨੁਕਸਾਨਦੇਹ ਵਧੇਰੇ ਹੈ। ਇਸ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਹ ਸਾਨੂੰ ਕੱਟੜਵਾਦੀ ਬਣਾਉਂਦਾ ਹੈ ਅਤੇ ਹਰ ਪ੍ਰਕਾਰ ਦੀ ਵਿਰੋਧਤਾ ਸਹਿਣ ਤੋਂ ਬੇਮੁੱਖ ਕਰਦਾ ਹੈ ਅਰਥਾਤ ਸਾਡੀ ਸ਼ਖ਼ਸੀਅਤ ਦੇ ਸੰਤੁਲਨ ਨੂੰ ਵਿਗਾੜਦਾ ਹੈ। ਰਾਜਨੀਤੀ ਵਿਚ ਇਹ ਤਾਨਾਸ਼ਾਹੀ ਰੁਚੀਆਂ ਉਸਾਰਦਾ ਹੈ ਅਤੇ ਸਮਾਜਿਕ ਵਤੀਰੇ ਵਿਚ 'ਮੈਂ ਹੀ ਠੀਕ ਹਾਂ' ਦੀ ਰੁੱਚੀ ਬਲਵਾਨ ਕਰਦਾ ਹੈ।

ਪੱਖਪਾਤੀ ਹੋਏ ਬਿਨਾਂ ਇਤਿਹਾਸ ਨਹੀਂ ਲਿਖਿਆ ਜਾ ਸਕਦਾ। ਇਤਿਹਾਸ ਲੇਖਣ ਵਿਚ ਲੇਖਕ ਦੇ ਨਿੱਜੀ ਪੱਖਪਾਤ ਮਹੱਤਵਪੂਰਨ ਰੋਲ ਨਿਭਾਉਂਦੇ ਹਨ।

ਆਧੁਨਿਕ ਯੁੱਗ ਵਿਚ ਕਿਸੇ ਵੀ ਮਨੁੱਖ ਨੂੰ ਪੂਰਨ ਭਾਂਤ ਨਿਰਪੱਖ ਨਹੀਂ ਬਣਾਇਆ ਜਾ ਸਕਦਾ। ਅਦਾਲਤਾਂ ਭਾਵੇਂ ਉਸਰੀਆਂ ਨਿਰਪੱਖਤਾ ਦੇ ਸਿਧਾਂਤ ਉਤੇ ਹੁੰਦੀਆਂ ਹਨ ਪਰ ਫਿਰ ਵੀ ਇਹ ਅਕਸਰ ਪੱਖਪਾਤ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਵਿਦਿਆ ਪ੍ਰਾਪਤੀ ਨਾਲ ਸਾਡਾ ਪੱਖਪਾਤ ਸਥੂਲ ਦੀ ਥਾਂ ਸੂਖਮ ਹੋ ਜਾਂਦਾ ਹੈ। ਵਿਦਿਆ ਦਾ ਇਕ ਸਪਸ਼ਟ ਲਾਭ ਇਹ ਹੁੰਦਾ ਹੈ ਕਿ ਇਸ ਨਾਲ ਅਸੀਂ ਦੂਜੇ ਦੀ ਰਾਇ ਸੁਣਨ ਲਈ ਤਿਆਰ ਜ਼ਰੂਰ ਹੋ ਜਾਂਦੇ ਹਾਂ ਅਤੇ ਸਾਨੂੰ ਆਪਣੇ ਪੱਖਪਾਤੀ ਅਤੇ ਉਲਾਰ ਰਵੱਈਏ ਉਤੇ ਸ਼ਰਮ ਆਉਣ ਲੱਗ ਪੈਂਦੀ ਹੈ। ਨਾਲ ਹੀ ਇਕ ਪੜ੍ਹਿਆ-ਲਿਖਿਆ ਵਿਅਕਤੀ ਸਿੱਧੇ ਤੌਰ ਉਤੇ ਆਪਣੇ ਪੱਖਪਾਤੀ ਹੋਣ ਦੀ ਦਲੇਰੀ ਨਹੀਂ ਕਰ ਸਕਦਾ।

ਵਿਦਿਆ ਦੇ ਮੁਕਾਬਲੇ ਸਮਾਜਿਕ ਆਦਾਨ-ਪ੍ਰਦਾਨ ਪੱਖਪਾਤ ਨੂੰ ਘਟਾਉਣ ਲਈ ਵਧੇਰੇ ਸਹਾਈ ਹੁੰਦਾ ਹੈ। ਜਿਉਂ-ਜਿਉਂ ਸਾਡੇ ਜੀਵਨ ਦੀਆਂ ਸਥਿਤੀਆਂ ਬਦਲਦੀਆਂ ਹਨ ਤਿਉਂ-ਤਿਉਂ ਅਸੀਂ ਪੁਰਾਣੇ ਪੱਖਪਾਤਾਂ ਨੂੰ ਛੱਡ ਕੇ ਨਵੇਂ ਪੱਖਪਾਤ ਉਸਾਰਦੇ ਰਹਿੰਦੇ ਹਾਂ।

ਉਦਾਹਰਣ ਵਜੋਂ ਗੱਡੀਆਂ, ਬੱਸਾਂ, ਢਾਬਿਆਂ, ਸਿਨੇਮਿਆਂ ਆਦਿ ਨੇ ਜ਼ਾਤਪਾਤ ਸੰਬੰਧੀ ਸਾਡੇ ਪੱਖਪਾਤਾਂ ਨੂੰ ਘਟਾਇਆ ਹੈ ਪਰ ਰਾਜਸੀ ਪਾਰਟੀਆਂ ਅਤੇ ਧੜੇਬੰਦੀਆਂ ਨੇ ਸਾਡੇ ਨਵੇਂ ਪੱਖਪਾਤ ਉਸਾਰੇ ਹਨ।

ਕਿਸੇ ਵੀ ਪ੍ਰਕਾਰ ਦਾ ਵਿਤਕਰਾ ਪੱਖਪਾਤ ਦੀ ਮਾਂ ਹੁੰਦਾ ਹੈ।

ਜਦੋਂ ਮਨੁੱਖ ਵਿਤਕਰੇ-ਰਹਿਤ ਸਮਾਜ ਉਸਾਰ ਲਵੇਗਾ ਤਾਂ ਆਸ ਹੈ ਕਿ ਉਹ ਕਿਸੇ ਹੱਦ ਤਕ ਪੱਖਪਾਤ ਦੇ ਰੋਗ ਤੋਂ ਵੀ ਮੁਕਤ ਹੋ ਜਾਵੇਗਾ।

***

ਕੀ ਔਰਤ ਕਮਜ਼ੋਰ ਹੈ ?

ਔਰਤ ਕਮਜ਼ੋਰ ਹੈ ਨਹੀਂ, ਕਮਜ਼ੋਰ ਬਣਾ ਦਿੱਤੀ ਗਈ ਹੈ।

ਸਦੀਆਂ ਦੇ ਪ੍ਰਚਾਰ ਨਾਲ ਪੁਰਸ਼ ਨੇ ਮਨੁੱਖੀ ਨਸਲ ਦੇ ਮਨ 'ਚ ਇਹ ਗੱਲ ਬਿਠਾ ਦਿੱਤੀ ਹੈ ਕਿ ਔਰਤ, ਪੁਰਸ਼ ਦੇ ਮੁਕਾਬਲੇ, ਹਰ ਖੇਤਰ ਵਿਚ ਕਮਜ਼ੋਰ ਹੈ।

ਹੁਣ ਨਵੀਂ ਖੋਜ ਨੇ ਇਸ ਭਰਮ ਨੂੰ ਤੋੜ ਦਿਤਾ ਹੈ ਅਤੇ ਸਾਬਤ ਕਰ ਦਿਤਾ ਹੈ ਕਿ ਪੁਰਸ਼ ਅਤੇ ਔਰਤ ਦਾ ਇਸ ਪ੍ਰਕ੍ਰਿਤੀ ਵਿਚ ਰੋਲ ਤਾਂ ਵੱਖਰਾ-ਵੱਖਰਾ ਹੈ ਪਰ ਉਨ੍ਹਾਂ ਦਾ ਇਕ ਦੂਜੇ ਨਾਲ ਮੁਕਾਬਲਾ ਕਰਨ ਅਤੇ ਇਕ ਦੂਜੇ ਦੇ ਮੁਕਾਬਲੇ ਕਮਜ਼ੋਰ ਦੱਸਣ ਵਿਚ ਪੁਰਸ਼ ਆਪਣਾ ਸੁਆਰਥ ਸਾਹਮਣੇ ਰੱਖਦਾ ਰਿਹਾ ਹੈ।

ਪੁਰਸ਼ ਅਤੇ ਔਰਤ ਦੋ ਵੱਖਰੇ ਜੀਵ ਹਨ, ਉਹ ਇਕ ਦੂਜੇ ਦਾ ਬਦਲ ਨਹੀਂ, ਇਕ ਦੂਜੇ ਦੇ ਪੂਰਕ ਹਨ। ਜੀਵਨ ਅਤੇ ਸ੍ਰਿਸ਼ਟੀ ਵਿਚ ਦੋਹਾਂ ਦਾ ਮਹੱਤਵਪੂਰਣ ਰੋਲ ਹੈ।

ਪੁਰਸ਼ ਅਤੇ ਔਰਤ ਦੋਵੇਂ ਇਸ ਸੰਸਾਰ ਨੂੰ ਵੱਖਰੇ-ਵੱਖਰੇ ਢੰਗਾਂ ਨਾਲ ਵੇਖਦੇ, ਪਰਖਦੇ ਅਤੇ ਅਨੁਭਵ ਕਰਦੇ ਹਨ।

ਇਨ੍ਹਾਂ ਦੋਹਾਂ ਦੀਆਂ ਸਰੀਰਕ ਕ੍ਰਿਆਵਾਂ ਵੱਖਰੀਆਂ ਹਨ, ਸੋਚਣੀ ਵੱਖਰੀ ਹੈ, ਸਮੱਸਿਆਵਾਂ ਵੱਖਰੀਆਂ ਹਨ ਅਤੇ ਉਨ੍ਹਾਂ ਨੂੰ ਸੁਲਝਾਉਣ ਦਾ ਢੰਗ ਵੱਖਰਾ ਹੈ।

ਇਨ੍ਹਾਂ ਦੋਹਾਂ ਦੀ ਸਰੀਰਕ ਬਣਤਰ ਵੱਖਰੀ ਹੈ, ਹਾਰਮੋਨ ਵੱਖਰੇ ਹਨ।

ਇਸੇ ਕਾਰਨ ਪੁਰਸ਼ ਵਧੇਰੇ ਤੇਜ਼ੀ ਨਾਲ ਆਲੇ-ਦੁਆਲੇ ਨਾਲ ਸੰਬੰਧਿਤ ਸਮੱਸਿਆਵਾਂ ਸੁਲਝਾ ਲੈਂਦਾ ਹੈ, ਜਦੋਂ ਕਿ ਔਰਤ ਮਨੁੱਖੀ ਸਰੀਰ ਨਾਲ ਸੰਬੰਧਿਤ ਦੁੱਖਾਂ, ਕਲੇਸ਼ਾਂ ਨੂੰ ਵਧੇਰੇ ਸਫਲਤਾ ਨਾਲ ਸੁਲਝਾਉਂਦੀ ਹੈ।

ਪਾਗਲ ਹੋਇਆ ਪੁਰਸ਼ ਬੇਕਾਬੂ ਹੋ ਕੇ ਨੰਗਾ ਹੋ ਜਾਂਦਾ ਹੈ, ਜਦੋਂ ਕਿ ਔਰਤ ਭਾਵੇਂ ਕਿਤਨੀ ਵੀ ਪਾਗਲ ਕਿਉਂ ਨਾ ਹੋ ਜਾਵੇ ਉਹ ਕਾਬੂ ਤੋਂ ਬਾਹਰ ਨਹੀਂ ਜਾਂਦੀ ਅਤੇ ਕਿਸੇ ਵੀ ਹਾਲਤ ਵਿਚ ਆਪਣੇ ਕਪੜੇ ਨਹੀਂ ਪਾੜਦੀ।

ਪੁਰਸ਼ ਦੇ ਦਿਮਾਗ ਦੀ ਬਣਤਰ ਹੀ ਅਜਿਹੀ ਹੈ ਕਿ ਉਹ ਖੁੱਲ੍ਹੇ ਆਲੇ-ਦੁਆਲੇ ਵਿਚ ਵਧੇਰੇ ਰੁਚਿਤ ਹੁੰਦਾ ਹੈ ਜਦੋਂ ਕਿ ਔਰਤ ਨੂੰ ਕੋਈ ਵੀ ਬੋਲੀ ਬੋਲਣ ਵਿਚ ਵਧੇਰੇ ਮੁਹਾਰਤ ਹੁੰਦੀ ਹੈ। ਇਸ ਲਈ ਬੋਲੀ ਨੂੰ ਮਾਂ-ਬੋਲੀ ਕਿਹਾ ਜਾਂਦਾ ਹੈ।

ਰੇਡੀਓ, ਟੈਲੀਵਿਜ਼ਨ ਉਤੇ ਔਰਤ ਵਧੇਰੇ ਸੌਖ ਨਾਲ ਬੋਲਦੀ ਹੈ।

ਪੁਰਸ਼ ਦਾ ਸਰੀਰ ਵਧੇਰੇ ਤਕੜਾ ਹੁੰਦਾ ਹੈ ਪਰ ਬੀਮਾਰੀ ਨਾਲ ਵਧੇਰੇ ਲੜਨ ਦੀ ਸਮਰੱਥਾ ਔਰਤ ਵਿਚ ਹੁੰਦੀ ਹੈ। ਔਰਤ ਵਿਚ ਸੰਕਟ ਸਹਿਣ ਦੀ ਸ਼ਕਤੀ ਵੀ ਵਧੇਰੇ ਹੁੰਦੀ ਹੈ। ਪੁਰਸ਼ ਦੇ ਮੁਕਾਬਲੇ ਔਰਤ ਵਧੇਰੇ ਤੇਜ਼ੀ ਨਾਲ ਤੈਰਾਕੀ ਕਰ ਸਕਦੀ ਹੈ।

ਪੁਰਸ਼ ਭਾਰੇ ਕੰਮ ਕਰਨ ਵਿਚ ਮਾਹਿਰ ਹੁੰਦਾ ਹੈ, ਪਰ ਬਰੀਕੀ ਵਾਲੇ ਕੰਮਾਂ ਵਿਚ ਪੁਰਸ਼, ਔਰਤ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਦਾ।

ਪੁਰਸ਼ ਗਣਿਤ ਦੇ ਵਿਸ਼ੇ ਵਿਚ ਵਧੇਰੇ ਮਾਹਿਰ ਹੁੰਦਾ ਹੈ ਜਦੋਂ ਕਿ ਔਰਤ ਭਾਸ਼ਾਵਾਂ ਸਿੱਖਣ ਵਿਚ ਵਧੇਰੇ ਸਫ਼ਲ ਹੁੰਦੀ ਹੈ।

ਉਪਰੋਕਤ ਚਰਚਾ ਦਾ ਭਾਵ ਇਹ ਹੈ ਕਿ ਪੁਰਸ਼, ਔਰਤ ਨੂੰ ਉਨ੍ਹਾਂ ਕੰਮਾਂ, ਜਿਵੇਂ ਭਾਰ ਚੁੱਕਣਾ, ਹਥਿਆਰ ਚਲਾਉਣਾ ਆਦਿ, ਵਿਚ ਕਮਜ਼ੋਰ ਸਿੱਧ ਕਰਦਾ ਰਿਹਾ ਹੈ, ਜਿਹੜੇ ਕੰਮ ਅਸਲ ਵਿਚ ਹਨ ਹੀ ਪੁਰਸ਼ ਦੇ। ਜਿਨ੍ਹਾਂ ਕੰਮਾਂ ਲਈ ਔਰਤ ਬਣੀ ਹੈ, ਉਨ੍ਹਾਂ ਖੇਤਰਾਂ ਵਿਚ ਪੁਰਸ਼ ਨੇ ਉਸ ਨਾਲ ਅਪਣਾ ਮੁਕਾਬਲਾ ਨਹੀਂ ਕੀਤਾ।

ਸਦੀਆਂ ਤੋਂ ਪੁਰਸ਼ ਨੇ ਕੰਮ ਦੀ ਵੰਡ ਹੀ ਕੁਝ ਇਸ ਤਰ੍ਹਾਂ ਕੀਤੀ ਹੈ ਕਿ ਔਰਤ ਦੇ ਮੁਕਾਬਲੇ ਪੁਰਸ਼ ਦੀ ਅਖੌਤੀ ਵਧੇਰੇ ਸ਼ਕਤੀ ਦੇ ਭਰਮ ਨੂੰ ਤੋੜਨ ਦਾ ਉਪਰਾਲਾ ਹੀ ਨਹੀਂ ਕੀਤਾ ਗਿਆ। ਸ਼ਿਕਾਰ ਯੁੱਗ ਵਿੱਚ ਹੀ ਪੁਰਸ਼ ਨੇ ਸ਼ਿਕਾਰ ਕਰਨਾ ਆਪਣੇ ਜ਼ਿੰਮੇ ਲੈ ਲਿਆ ਸੀ ਅਤੇ ਸ਼ਿਕਾਰ ਨੂੰ ਰਿੰਨ੍ਹਣਾ, ਪਕਾਉਣਾ ਔਰਤ ਦੇ ਜ਼ਿੰਮੇ ਲਾ ਦਿੱਤਾ ਸੀ।

ਕਿਉਂਕਿ ਬੱਚੇ, ਬਚਪਨ ਵਿਚ ਹੀ ਮਰ ਜਾਂਦੇ ਰਹੇ ਹਨ, ਵਧੇਰੇ ਬੱਚਿਆਂ ਨੂੰ ਜਨਮ ਦੇਣ ਦੀ ਲੋੜ ਕਾਰਨ ਔਰਤ ਨੂੰ ਲੰਮੇ ਸਮੇਂ ਤਕ ਗਰਭਵਤੀ ਰਹਿਣਾ ਪੈਂਦਾ ਰਿਹਾ ਹੈ ਅਤੇ ਉਸ ਨੂੰ ਆਪਣਾ ਬਹੁਤਾ ਸਮਾਂ ਬੱਚਿਆਂ ਦੀ ਦੇਖਭਾਲ ਵਿਚ ਗੁਜ਼ਾਰਨਾ ਪੈਂਦਾ ਰਿਹਾ ਹੈ। ਉਸ ਦੀ ਇਸ ਯੋਗਤਾ ਨੂੰ ਮਨੁੱਖ ਨੇ ਉਸ ਦੀ ਕਮਜ਼ੋਰੀ ਦੱਸਿਆ ਹੈ ਅਤੇ ਚਲਾਕੀ ਇਹ ਚੱਲੀ ਕਿ ਔਰਤ ਨੂੰ ਸੱਚ ਜਾਣਨ ਦੇ ਅਵਸਰ ਹੀ ਨਹੀਂ ਦਿੱਤੇ।

ਅੱਜ ਦੀ ਔਰਤ, ਮਰਦ ਦੇ ਮੁਕਾਬਲੇ ਪੂਰੀ ਖ਼ੁਰਾਕ ਖਾਂਦੀ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਕਾਮ-ਖੇਡ ਵਿਚ ਪੂਰਾ ਨਾ ਉੱਤਰ ਸਕਣ ਕਰਕੇ ਪੁਰਸ਼ ਲਈ ਸੰਕਟ ਖੜਾ ਹੋ ਗਿਆ ਹੈ। ਸਾਰੇ ਸੈਕਸ-ਟਾਨਿਕ ਜਾਂ ਜਿਸਮਾਨੀ ਤਾਕਤ ਦੀਆਂ ਦਵਾਈਆਂ ਪੁਰਸ਼ਾਂ ਲਈ ਹੀ ਹੁੰਦੀਆਂ ਹਨ।

ਜੇ ਪਹਿਲਾਂ ਇਕ ਪੁਰਸ਼ ਤਿੰਨ-ਤਿੰਨ, ਚਾਰ-ਚਾਰ ਵਿਆਹ ਕਰਵਾਉਂਦਾ ਰਿਹਾ ਸੀ ਤਾਂ ਕਾਰਨ ਇਹ ਸੀ ਕਿ ਪੁਰਸ਼ ਨੇ ਔਰਤ ਨੂੰ ਪੂਰੀ ਤਰ੍ਹਾਂ ਕਦੀ ਤੰਦਰੁਸਤ ਹੋਣ ਹੀ ਨਹੀਂ ਸੀ ਦਿੱਤਾ। ਮਾਸ ਉਹ ਨਹੀਂ ਸੀ ਖਾ ਸਕਦੀ, ਦੁੱਧ ਉਸ ਨੂੰ ਨਹੀਂ ਸੀ ਪੀਣ ਦਿੱਤਾ ਜਾਂਦਾ, ਬਾਹਰ ਉਸ ਨੂੰ ਨਹੀਂ ਸੀ ਘੁੰਮਣ ਦਿਤਾ ਜਾਂਦਾ, ਕੋਈ ਫੈਸਲਾ ਉਸ ਨੂੰ ਨਹੀਂ ਸੀ ਕਰਨ ਦਿੱਤਾ ਜਾਂਦਾ, ਉਹ ਜਿੱਥੇ ਵੀ ਜਾਂਦੀ ਸੀ ਨਾਲ ਬੱਚਿਆਂ ਦੀ ਲਾਮ-ਡੋਰੀ ਟੋਰ ਦਿੱਤੀ ਜਾਂਦੀ ਸੀ, ਜਿਸ ਕਾਰਨ ਔਰਤ, ਜੀਵਨ ਭਰ ਕਦੀ ਆਰਾਮ ਕਰ ਹੀ ਨਹੀਂ ਸਕਦੀ ਸੀ।

ਇਸ ਸਭ ਕੁਝ ਨੂੰ ਜਾਇਜ਼ ਠਹਿਰਾਉਣ ਲਈ ਕਈ ਭੁਲੇਖੇ ਪਾਏ ਗਏ, ਜਿਵੇਂ ਸੰਤਾਨ ਬਿਨਾ ਔਰਤ ਅਪੂਰਨ ਹੈ, ਔਰਤ ਮਮਤਾ ਦਾ ਸੋਮਾ ਹੈ, ਸ਼ਰਮ ਉਸ ਦਾ ਗਹਿਣਾ ਹੈ,

ਔਰਤ ਮਿਠਾਸ ਦੀ ਦੇਵੀ ਹੈ, ਆਦਿ ਅਜਿਹੇ ਕੁਝ ਭੁਲੇਖਿਆ ਦੀਆਂ ਉਦਾਹਰਣਾਂ ਹਨ।

ਇਕੋ ਜਿੰਨੇ ਭਾਰ ਅਤੇ ਇਕੋ ਜਿਨੀ ਲੰਬਾਈ ਵਾਲੀਆਂ ਔਰਤਾਂ ਅਤੇ ਪੁਰਸ਼ ਜੇ ਲੰਮੀ ਦੌੜ ਦੁੜਾਏ ਜਾਣ ਤਾਂ ਔਰਤ ਅੱਗੇ ਨਿਕਲ ਜਾਵੇਗੀ।

ਅੰਗਰੇਜ਼ੀ ਚੈਨਲ ਨੂੰ ਤੈਰ ਕੇ ਪਾਰ ਕਰਨ ਵਿਚ ਔਰਤ-ਤੈਰਾਕ, ਪੁਰਸ਼ ਨੂੰ ਤਿਨ ਘੰਟੇ ਦੇ ਅੰਤਰ ਨਾਲ ਹਰਾ ਚੁੱਕੀ ਹੈ। ਕਾਰਨ ਸਪਸ਼ਟ ਹੈ। ਸੁੰਗੜੇ ਹੋਏ ਮੋਢੇ ਅਤੇ ਸਰੀਰ ਉਤੇ ਵਧੇਰੇ ਚਰਬੀ ਹੋਣ ਕਾਰਨ ਔਰਤ ਤੈਰਾਕ ਵਧੇਰੇ ਤੇਜ਼ੀ ਨਾਲ ਤੈਰ ਗਈ ਅਤੇ ਠੰਡ ਨੂੰ ਵਧੇਰੇ ਸੌਖ ਨਾਲ ਬਰਦਾਸ਼ਤ ਕਰ ਗਈ।

ਪਿਛਲੇਰੀਆਂ ਉਲੰਪਿਕ ਖੇਡਾਂ ਤਕ ਔਰਤਾਂ ਲਈ ਲੰਮੀ ਤੋਂ ਲੰਮੀ ਦੌੜ ਪੰਦਰ੍ਹਾਂ ਸੌ ਮੀਟਰ ਸੀ ਪਰ ਨਵੀਂ ਖੋਜ ਤੋਂ ਪ੍ਰਭਾਵਿਤ ਹੋ ਕੇ ਉਲੰਪਿਕ ਕਮੇਟੀ ਨੇ ਹੁਣ ਔਰਤਾਂ ਲਈ ਕਈ ਮੀਲ ਲੰਮੀਆਂ ਦੌੜਾਂ ਦੀ ਮਨਜ਼ੂਰੀ ਦੇ ਦਿੱਤੀ ਹੈ।

ਸੱਚ ਤਾਂ ਇਹ ਹੈ ਕਿ ਪੁਰਸ਼ ਸਰੀਰਕ ਪੱਖੋਂ ਇਸ ਲਈ ਵਧੇਰੇ ਸ਼ਕਤੀਸ਼ਾਲੀ ਹੈ ਕਿਉਂ ਕਿ ਉਸ ਨੇ ਉਹ ਕੰਮ ਸੰਭਾਲੀ ਰੱਖੇ ਹਨ, ਜਿਨ੍ਹਾਂ ਵਿਚ ਸਰੀਰ ਨੂੰ ਮਜ਼ਬੂਤ ਅਤੇ ਤਕੜਾ ਕਰਨ ਦੀ ਸੰਭਾਵਨਾ ਵਧੇਰੇ ਸੀ।

ਪੁਰਸ਼ ਨੇ ਔਰਤ ਨੂੰ ਕਦੀ ਖੁਲ੍ਹ ਵਿਚ ਵਿਚਰਨ ਨਹੀਂ ਦਿੱਤਾ ਅਤੇ ਉਸ ਨੂੰ ਸਰੀਰਕ ਪੱਖੋਂ, ਨਿਰੰਤਰ ਯਤਨਾਂ ਨਾਲ ਕੈਦ ਵਾਲੀ ਹਾਲਤ ਵਿਚ ਰਖ ਕੇ ਅਤੇ ਕਮਜ਼ੋਰ ਕਰਕੇ, ਉਸ ਦੇ ਕਮਜ਼ੋਰ ਹੋਣ ਦਾ ਭਰਮ ਫੈਲਾਇਆ ਹੈ।

ਔਰਤ, ਪੁਰਸ਼ ਦੇ ਮੁਕਾਬਲੇ ਵਧੇਰੇ ਭੁੱਖ ਬਰਦਾਸ਼ਤ ਕਰ ਸਕਦੀ ਹੈ, ਵਧੇਰੇ ਸਰਦੀ ਸਹਾਰ ਸਕਦੀ ਹੈ, ਵਧੇਰੇ ਗਰਮੀ ਬਰਦਾਸ਼ਤ ਕਰ ਸਕਦੀ ਹੈ, ਇਕ ਥਾਂ ਉਤੇ ਟਿਕ ਕੇ ਵਧੇਰੇ ਬੈਠ ਸਕਦੀ ਹੈ ਅਤੇ ਪੁਰਸ਼ ਦੇ ਮੁਕਾਬਲੇ ਵਧੇਰੇ ਟੁਰ ਸਕਦੀ ਹੈ, ਇਥੋਂ ਤਕ ਕਿ ਹਰ ਖੇਤਰ ਵਿਚ ਔਰਤ ਵਿਚ ਪੁਰਸ਼ ਦੇ ਮੁਕਾਬਲੇ ਵਧੇਰੇ ਸਹਿਣ-ਸ਼ਕਤੀ ਹੈ।

ਹੁਣ ਜਦੋਂ ਕਿ ਬੱਚਿਆਂ ਦੇ ਮਰਨ ਦਾ ਡਰ ਨਹੀਂ ਰਿਹਾ ਅਤੇ ਬਹੁਤੇ ਬੱਚੇ ਪੈਦਾ ਕਰਨ ਦੀ ਮਜਬੂਰੀ ਨਹੀਂ ਰਹੀ, ਸਰੀਰਕ ਪੱਖੋਂ ਔਰਤ ਬੜੀ ਬਲਵਾਨ ਹੋ ਰਹੀ ਹੈ ਅਤੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ ਕਿ ਨੇੜਲੇ ਭਵਿੱਖ ਦੀਆਂ ਉਲੰਪਿਕ ਖੇਡਾਂ ਵਿਚ ਔਰਤਾਂ, ਮਰਦਾਂ ਦੇ ਨਾਲ ਦੌੜਨਗੀਆਂ ਅਤੇ ਸਮਾਜਿਕ ਖੇਤਰ ਵਿਚ ਪੁਰਸ਼ ਦੇ ਪ੍ਰਧਾਨ ਹੋਣ ਦੇ ਭਰਮ ਨੂੰ ਵੀ ਸਦਾ ਲਈ ਤੋੜ ਦੇਣਗੀਆਂ।

ਕੇਵਲ ਖੇਡਾਂ ਦੇ ਮੈਦਾਨ ਵਿਚ ਹੀ ਨਹੀਂ ਦਿਮਾਗੀ, ਪ੍ਰਬੰਧਕੀ, ਰਾਜਸੀ ਅਤੇ ਤਕਨੀਕੀ ਕੰਮਾਂ ਵਿਚ ਵੀ ਔਰਤ ਹਰ ਪਖੋਂ ਪੁਰਸ਼ ਦੇ ਮੁਕਾਬਲੇ ਬਰਾਬਰ ਸਥਾਪਤ ਹੁੰਦੀ ਜਾ ਰਹੀ ਹੈ।

ਅੱਜ ਤਕ ਦਾ ਸੰਸਾਰ ਪੁਰਸ਼ ਦਾ ਸਿਰਜਿਆ ਹੋਇਆ ਹੈ, ਜਦੋਂ ਔਰਤ ਵੀ ਇਸ ਵਿਚ ਪੂਰਾ ਯੋਗਦਾਨ ਦੇਵੇਗੀ ਤਾਂ ਨਿਸ਼ਚੇ ਹੀ ਦੁਨੀਆਂ ਹੋਰ ਸੋਹਣੀ ਅਤੇ ਜ਼ਿੰਦਗੀ ਵਧੇਰੇ ਮਾਣਨਯੋਗ ਹੋ ਜਾਵੇਗੀ।

***

ਅੰਗੂਠਾ ਚੂਸਣਾ

ਅੰਗੂਠਾ ਚੂਸਣਾ ਇਕ ਆਦਤ ਹੈ ਜਿਹੜੀ ਸਮੱਸਿਆ ਵੀ ਬਣ ਸਕਦੀ ਹੈ।

ਬੱਚਾ ਅੰਗੂਠਾ ਕਿਉਂ ਚੂਸਦਾ ਹੈ ? ਇਸ ਦੇ ਕੀ ਨੁਕਸਾਨ ਹੋ ਸਕਦੇ ਹਨ ? ਕੀ ਇਹ ਆਦਤ ਹਟਾਉਣੀ ਚਾਹੀਦੀ ਹੈ ਕਿ ਨਹੀਂ ? ਦੂਸਰੇ ਬੱਚੇ ਅਜਿਹਾ ਕਿਉਂ ਨਹੀਂ ਕਰਦੇ ? ਉਪਰੋਕਤ ਕੁਝ ਅਜਿਹੇ ਪ੍ਰਸ਼ਨ ਹਨ, ਜਿਹੜੇ ਫਿਕਰਮੰਦ ਮਾਂਵਾਂ ਆਂਢਣਾਂ-ਗੁਆਂਢਣਾਂ ਅਤੇ ਕਈ ਵਾਰੀ ਡਾਕਟਰਾਂ ਤੋਂ ਵੀ ਪੁੱਛਦੀਆਂ ਹਨ।

ਅੰਗੂਠਾ ਚੂਸਣ ਵਾਲੇ ਬੱਚਿਆਂ ਦੀਆਂ ਮਾਂਵਾਂ ਨੂੰ ਨਿਸ਼ਚਿੰਤ ਹੋ ਜਾਣਾ ਚਾਹੀਦਾ ਹੈ, ਕਿਉਂਕਿ ਅੰਗੂਠਾ ਚੂਸਣਾ ਇਕ ਸੁਭਾਵਿਕ ਕਰਮ ਹੈ।

ਜਿਹੜੇ ਬੱਚੇ ਅੰਗੂਠਾ ਚੂਸਦੇ ਹਨ ਉਹ ਠੀਕ ਹਨ ਅਤੇ ਜਿਹੜੇ ਬੱਚੇ ਅੰਗੂਠਾ ਨਹੀਂ ਚੂਸਦੇ, ਉਹ ਇਕ ਅਜਿਹਾ ਕੰਮ ਨਹੀਂ ਕਰ ਰਹੇ ਹੁੰਦੇ, ਜਿਹੜਾ ਅਸਲ ਵਿਚ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ।

ਅੰਗੂਠਾ ਚੂਸਣਾ ਬੱਚੇ ਦੇ ਵਿਕਾਸ ਦਾ ਇਕ ਸੁਭਾਵਿਕ ਪੜਾਅ ਹੁੰਦਾ ਹੈ।

ਕਈ ਬੱਚੇ ਵਿਕਾਸ ਦੇ ਇਸ ਪੜਾਅ ਤੋਂ ਵਾਂਝੇ ਰਹਿ ਜਾਂਦੇ ਹਨ।

ਚਿਕਿਤਸਾ ਵਿਗਿਆਨ ਨੇ ਇਹ ਸਿੱਧ ਕੀਤਾ ਹੈ ਕਿ ਕਈ ਬੱਚੇ ਮਾਂ ਦੇ ਗਰਭ ਵਿਚ ਹੀ ਇਹ ਪ੍ਰਵਿਰਤੀ ਧਾਰਨ ਕਰ ਲੈਂਦੇ ਹਨ ਅਤੇ ਜਨਮ ਉਪਰੰਤ ਉਹ ਇਸ ਨੂੰ ਕੇਵਲ ਜਾਰੀ ਰੱਖਣ ਦਾ ਹੀ ਉਪਰਾਲਾ ਕਰਦੇ ਹਨ।

ਆਮ ਹਾਲਤਾਂ ਵਿਚ ਇਹ ਪ੍ਰਵਿਰਤੀ ਜੀਵਨ ਦੇ ਪਹਿਲੇ ਕੁਝ ਹਫਤਿਆਂ ਵਿਚ ਪ੍ਰਗਟ ਹੁੰਦੀ ਹੈ ਅਤੇ ਕੁਝ ਚਿਰ ਰਹਿ ਕੇ ਇਹ ਆਦਤ ਆਪੇ ਲੋਪ ਹੋ ਜਾਂਦੀ ਹੈ ਪਰ ਜਿਹੜੇ ਬੱਚੇ ਨੇ ਜੀਵਨ ਦੇ ਪਹਿਲੇ ਵਰ੍ਹੇ ਵਿਚ ਇਹ ਪ੍ਰਵਿਰਤੀ ਨਹੀਂ ਪ੍ਰਗਟਾਈ ਹੁੰਦੀ, ਉਸ ਨੂੰ ਇਹ ਆਦਤ ਪੈਣ ਦੀ ਸੰਭਾਵਨਾ ਬੜੀ ਘੱਟ ਹੁੰਦੀ ਹੈ।

ਹਰ ਬੱਚੇ ਦੀ ਅੰਗੂਠਾ ਚੂਸਣ ਦੀ ਲੋੜ ਅਤੇ ਸਮਰੱਥਾ ਵੱਖਰੀ ਹੁੰਦੀ ਹੈ।

ਨਿਰਸੰਦੇਹ ਅੰਗੂਠਾ ਚੂਸਣ ਨਾਲ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ।

ਅੰਗੂਠੇ ਨੂੰ ਮੂੰਹ ਵਿਚ ਪਾਉਣਾ ਸੌਖਾ ਹੁੰਦਾ ਹੈ ਅਤੇ ਅੰਗੂਠੇ ਦਾ ਹੱਥ ਉਤੇ ਨਿਵੇਕਲਾ ਸਥਾਨ ਵੀ ਇਸ ਨੂੰ ਚੂਸਣ ਦੇ ਪੱਖੋਂ ਤਰਜੀਹ ਦੇਣ ਦਾ ਕਾਰਨ ਬਣਦਾ ਹੈ।

ਕੁਝ ਬੱਚੇ ਅੰਗੂਠੇ ਦੀ ਥਾਂ ਕੋਈ ਉਂਗਲ ਵੀ ਚੂਸਦੇ ਵੇਖੇ ਗਏ ਹਨ ਪਰ ਬੱਚਿਆਂ ਵਿਚ ਭਾਰੀ ਬਹੁਗਿਣਤੀ ਅੰਗੂਠਾ ਹੀ ਚੂਸਦੀ ਹੈ।

ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਵਿਚ, ਬੋਤਲ ਦਾ ਦੁੱਧ ਪੀਣ ਵਾਲੇ ਬੱਚਿਆਂ ਦੇ ਮੁਕਾਬਲੇ, ਅੰਗੂਠਾ ਚੂਸਣ ਦੀ ਪ੍ਰਵਿਰਤੀ ਘੱਟ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਮਾਂ ਦਾ ਦੁੱਧ ਚੁੰਘਣ ਨਾਲ ਬੱਚੇ ਨੂੰ ਵਧੇਰੇ ਭਰਵਾਂ ਰੱਜ ਹੁੰਦਾ ਹੈ ਜਦੋਂ ਕਿ ਬੋਤਲ ਦਾ ਨਿੱਪਲ ਮਾਂ ਦੇ ਨਿੱਪਲ ਦੇ ਮੁਕਾਬਲੇ ਬੱਚੇ ਨੂੰ ਜਲਦੀ ਥਕਾ ਅਤੇ ਅਕਾ ਦਿੰਦਾ ਹੈ।

ਮਾਂ ਦਾ ਦੁੱਧ ਚੁੰਘਦਿਆਂ ਬੱਚੇ ਦਾ ਸਾਰਾ ਮੂੰਹ ਕਿਰਿਆ ਵਿਚ ਰੁਝਿਆ ਹੁੰਦਾ ਹੈ ਜਦੋਂ ਕਿ ਬੋਤਲ ਨਾਲ ਦੁੱਧ ਪੀਣ ਦੀ ਕਿਰਿਆ ਬੱਚੇ ਲਈ ਘੱਟ ਸੁਭਾਵਿਕ ਅਤੇ ਘੱਟ ਤਸੱਲੀਬਖਸ਼ ਹੁੰਦੀ ਹੈ।

ਤੀਜੀ ਦੁਨੀਆਂ ਦੇ ਮੁਲਕਾਂ ਵਿਚ ਆਮ ਕਰਕੇ ਮਾਂਵਾਂ ਬੱਚਿਆਂ ਨੂੰ ਆਪਣਾ ਦੁੱਧ ਪਿਲਾਉਂਦੀਆਂ ਹਨ। ਇਸ ਲਈ ਇਨ੍ਹਾਂ ਮੁਲਕਾਂ ਵਿਚ ਅੰਗੂਠਾ ਚੂਸਣ ਦੀ ਪ੍ਰਵਿਰਤੀ ਘੱਟ ਵੇਖਣ ਵਿਚ ਆਈ ਹੈ। ਉਂਝ ਵੀ ਜੇ ਦੋਵੇਂ ਪ੍ਰਕਾਰ ਦੇ ਬੱਚਿਆਂ ਨੂੰ ਅੰਗੂਠਾ ਚੂਸਣ ਦੀ ਆਦਤ ਹੈ ਤਾਂ ਬੋਤਲ ਦਾ ਦੁੱਧ ਪੀਣ ਵਾਲੇ ਬੱਚੇ ਵਿਚ ਇਹ ਆਦਤ ਵਧੇਰੇ ਹੋਵੇਗੀ ਅਤੇ ਵਧੇਰੇ ਚਿਰ ਰਹੇਗੀ।

ਬੱਚੇ ਦਾ ਆਪਣੇ ਸਰੀਰ ਦੇ ਸਾਰੇ ਅੰਗਾਂ ਉਤੇ ਕਾਬੂ ਨਹੀਂ ਹੁੰਦਾ। ਉਹ ਆਪਣੇ ਅੰਗਾਂ ਨੂੰ ਇਕ-ਸੁਰ ਨਹੀਂ ਕਰ ਸਕਦਾ। ਇਵੇਂ ਅੰਗੂਠਾ ਚੂਸਣ ਨਾਲ ਉਹ ਆਪਣੇ ਆਪ ਨੂੰ ਦੁੱਧ ਪੀਣ ਦਾ ਭੁਲੇਖਾ ਪਾਉਂਦਾ ਹੈ ਅਤੇ ਇਕ ਸਾਲ ਦੀ ਉਮਰ ਤਕ ਜਦੋਂ ਉਸ ਨੂੰ ਅਸਲੀਅਤ ਦਾ ਪਤਾ ਲਗਦਾ ਹੈ ਅਤੇ ਦੂਜਿਆ ਵਲੋਂ ਅਪ੍ਰਵਾਨਗੀ ਦਾ ਪ੍ਰਗਟਾਵਾ ਹੁੰਦਾ ਹੈ ਤਾਂ ਅੰਗੂਠਾ ਚੂਸਣ ਦੀ ਪ੍ਰਵਿਰਤੀ ਆਮ ਹਾਲਤਾਂ ਵਿਚ ਮੱਧਮ ਪੈ ਜਾਂਦੀ ਹੈ।

ਅੰਗੂਠਾ ਚੂਸਣ ਨਾਲ ਬੱਚਾ ਆਪਣੇ ਆਪ ਨੂੰ ਰੁੱਝੇ ਹੋਣ ਦਾ ਭੁਲੇਖਾ ਵੀ ਪਾਉਂਦਾ ਹੈ, ਉਵੇਂ ਹੀ ਜਿਵੇਂ ਅਸੀਂ ਚਾਹ ਪੀਂਦਿਆਂ, ਅਖਬਾਰ ਪੜ੍ਹਦਿਆਂ, ਆਪਸ ਵਿਚ ਗੱਲਾਂ ਕਰਦਿਆਂ ਜਾਂ ਟੈਲੀਵਿਜ਼ਨ ਵੇਖਦਿਆਂ ਆਪਣੇ ਆਪ ਨੂੰ ਰੁੱਝੇ ਹੋਣ ਦਾ ਭੁਲੇਖਾ ਪਾਉਂਦੇ ਹਾਂ। ਇਸ ਭੁਲੇਖੇ ਦੇ ਨਾਲ ਨਾਲ ਬੱਚੇ ਦੇ ਮੂੰਹ ਵਿਚਲੀ ਥੁੱਕ, ਜੀਭ ਅਤੇ ਤਾਲੂ ਦਾ ਆਪਸੀ ਸੰਪਰਕ ਇਕ ਸੁਆਦ ਪ੍ਰਦਾਨ ਕਰਦਾ ਹੈ, ਜਿਸ ਵਿਚੋਂ ਵਿਸ਼ੇਸ਼ ਪ੍ਰਕਾਰ ਦੀ ਕਾਮੁਕ ਤ੍ਰਿਪਤੀ ਮਿਲਦੀ ਹੈ।

ਕਿਉਂਕਿ ਮੁੱਢਲੇ ਬੱਚਪਨ ਵਿਚ ਬੱਚੇ ਦਾ ਮੂੰਹ ਹੀ ਉਸ ਦਾ ਅਨੁਭਵ-ਖੇਤਰ ਹੁੰਦਾ ਹੈ, ਇਸ ਲਈ ਉਸ ਨੂੰ ਆਪਣਾ ਮੂੰਹ ਅੰਦਰੋਂ ਵਰਤਦੇ ਰਹਿਣਾ ਚੰਗਾ ਲੱਗਦਾ ਹੈ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਮਾਂਵਾਂ ਨੂੰ ਨਾ ਤਾਂ ਅੰਗੂਠਾ ਚੂਸਦੇ ਬੱਚਿਆਂ ਪ੍ਰਤੀ ਚਿੰਤਾ ਹੀ ਕਰਨੀ ਚਾਹੀਦੀ ਹੈ ਅਤੇ ਨਾ ਹੀ ਇਹ ਆਦਤ ਹਟਾਉਣ ਲਈ ਜ਼ਬਰਦਸਤੀ ਕਰਨੀ ਚਾਹੀਦੀ ਹੈ।

ਜ਼ਬਰਦਸਤੀ ਕਰਨ ਦੀ ਸੂਰਤ ਵਿਚ ਅੰਗੂਠਾ ਚੂਸਣ ਦੀ ਇੱਛਾ ਤ੍ਰਿਪਤ ਕਰਨ ਲਈ ਬੱਚਾ ਆਪਣੇ ਵਿਵਹਾਰ ਵਿਚ ਤਬਦੀਲੀ ਕਰ ਲਵੇਗਾ, ਪਰ ਉਹ ਇਹ ਆਦਤ ਨਿਰੰਤਰ ਜਾਰੀ ਰੱਖੇਗਾ।

ਕਈ ਹਾਲਤਾਂ ਵਿਚ ਇਸ ਆਦਤ ਦਾ ਲਾਭ ਵੀ ਹੈ, ਜਿਵੇਂ ਕਿ ਅਜਿਹੇ ਬੱਚੇ ਨੂੰ ਨੱਕ ਰਾਹੀਂ ਸਾਹ ਲੈਣ ਦੀ ਆਦਤ ਪੈ ਜਾਂਦੀ ਹੈ ਅਤੇ ਉਹ ਕਈ ਉਨ੍ਹਾਂ ਉਲਝਣਾਂ ਤੋਂ ਬਚਿਆ ਰਹਿੰਦਾ ਹੈ, ਜਿਹੜੀਆਂ ਮੂੰਹ ਨਾਲ ਸਾਹ ਲੈਣ ਨਾਲ ਉਪਜਦੀਆਂ ਹਨ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਅੰਗੂਠਾ ਚੂਸਣ ਦੀ ਪ੍ਰਵਿਰਤੀ ਬੜੀ ਸੁਭਾਵਿਕ ਹੈ ਅਤੇ ਇਹ ਪਹਿਲੇ ਸਾਲ ਦੇ ਅੰਤ ਤਕ ਲਗਭਗ ਲੋਪ ਹੋ ਜਾਂਦੀ ਹੈ। ਜੇ ਇਹ ਪ੍ਰਵਿਰਤੀ ਬਣੀ ਰਹਿੰਦੀ ਹੈ ਤਾਂ ਇਸ ਦੇ ਕਈ ਮਨੋਵਿਗਿਆਨਕ ਕਾਰਨ ਹੋ ਸਕਦੇ ਹਨ।

ਇਸ ਸਥਿਤੀ ਵਿਚ ਚਿੰਤਾ ਕਰਨ ਜਾਂ ਬੱਚੇ ਨਾਲ ਜ਼ਬਰਦਸਤੀ ਕਰਨ ਦੀ ਥਾਂ ਬੱਚੇ ਦੇ ਵਿਵਹਾਰ ਦੇ ਮਨੋਵਿਗਿਆਨਕ ਪੱਖਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਅਜਿਹਾ ਬੱਚਾ ਕਿਸੇ ਡਰ ਦੇ ਮਾਰੇ ਕਿਸੇ ਹਿਲਜੁਲ ਵਾਲੀ ਸਥਿਤੀ ਵਿਚ ਵਿਚਰਨ ਤੋਂ ਬੱਚਣ ਵਾਸਤੇ ਅੰਗੂਠਾ ਚੂਸਣ ਲੱਗ ਪੈਂਦਾ ਹੈ।

ਜੇ ਬੱਚੇ ਨੂੰ ਜ਼ਬਰਦਸਤੀ ਸੁਆਉਣ ਦਾ ਯਤਨ ਕੀਤਾ ਜਾਵੇ ਤਾਂ ਵੀ ਉਸ ਦਾ ਇਹੀ ਵਿਹਾਰ ਹੋਵੇਗਾ। ਉਹ ਬਿਸਤਰੇ ਵਿਚ ਤਾਂ ਲੇਟ ਜਾਵੇਗਾ ਪਰ ਅੰਗੂਠਾ ਚੂਸਣ ਕਾਰਨ ਚੁਪ ਪ੍ਰਤੀਤ ਹੋ ਕੇ ਅਸਲ ਵਿਚ ਜਾਗਦਾ ਰਹੇਗਾ।

ਵੇਖਿਆ ਗਿਆ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਕਿਸੇ ਕਾਰਨ ਹਸਪਤਾਲ ਦਾਖਲ ਕਰਵਾਇਆ ਜਾਵੇ ਤਾਂ ਉਨ੍ਹਾਂ ਵਿਚ ਇਹ ਲੋਪ ਹੋਈ ਪ੍ਰਵਿਰਤੀ ਮੁੜ ਜਾਗ ਪੈਂਦੀ ਹੈ।

ਕਾਰਨ ਸਪੱਸ਼ਟ ਹੈ ਕਿ ਬੱਚਾ ਬਦਲੀ ਸਥਿਤੀ, ਦਵਾਈਆਂ, ਟੀਕਿਆਂ, ਡਾਕਟਰਾਂ, ਨਰਸਾਂ ਤੋਂ ਡਰ ਗਿਆ ਹੁੰਦਾ ਹੈ ਅਤੇ ਮੁੜ ਅੰਗੂਠਾ ਚੂਸਣ ਨਾਲ ਉਹ ਮਾਨਸਿਕ ਤੌਰ ਉਤੇ ਆਪਣੇ ਆਪ ਨੂੰ ਭੂਤਕਾਲ ਵਿਚ ਲੈ ਜਾਂਦਾ ਹੈ ਅਰਥਾਤ ਮੁੜ ਆਪਣੇ ਆਪ ਵਿਚ ਵਿਚਰਨ ਲੱਗ ਪੈਂਦਾ ਹੈ।

ਉਕਤਾਹਟ ਅਰਥਾਤ ਅਕੇਵਾਂ ਬੱਚਿਆਂ ਵਿਚ ਅੰਗੂਠਾ ਚੂਸਣ ਦੀ ਪ੍ਰਵਿਰਤੀ ਨੂੰ ਜਾਰੀ ਰੱਖਣ ਦਾ ਵੱਡਾ ਕਾਰਨ ਹੈ। ਜਿਹੜਾ ਬੱਚਾ ਖੇਡ-ਕੁੱਦ ਵਿਚ ਰੁੱਝ ਜਾਵੇ, ਉਸ ਵਿਚ ਇਹ ਪ੍ਰਵਿਰਤੀ ਆਪੇ ਹੀ ਜਾਂਦੀ ਰਹਿੰਦੀ ਹੈ ਪਰ ਜਿਸ ਬੱਚੇ ਨੂੰ ਕੋਈ ਵੀ ਆਪਣੇ ਨਾਲ ਨਹੀਂ ਖਿਡਾਉਂਦਾ, ਉਹ ਅੰਗੂਠਾ ਚੂਸਣ ਦੀ ਆਪਣੀ ਮਨਚਾਹੀ ਅਤੇ ਆਪਣੇ ਆਪ ਵਿਚ ਰੁੱਝੇ ਰਹਿਣ ਵਾਲੀ ਖੇਡ ਵਿਚ ਰੁੱਝ ਜਾਂਦਾ ਹੈ।

ਅਜਿਹੇ ਬੱਚੇ ਵੱਡੇ ਹੋ ਕੇ ਵੀ ਘੱਟ ਹੀ ਖੁਲ੍ਹਦੇ ਹਨ ਅਤੇ ਦੱਬੂ ਹੋਣ ਕਾਰਨ ਜੀਵਨ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਵੀ ਸਾਵਾਂ ਨਹੀਂ ਹੁੰਦਾ।

ਅਜਿਹੇ ਬੱਚਿਆਂ ਦੇ ਮਾਪਿਆਂ ਨੂੰ ਬੱਚੇ ਦੇ ਅਕੇਵੇਂ ਨੂੰ ਦੂਰ ਕਰਨ ਦਾ ਸੱਚੇ ਦਿਲੋਂ

ਯਤਨ ਕਰਨਾ ਚਾਹੀਦਾ ਹੈ, ਭਾਵੇਂ ਇਸ ਸੰਬੰਧ ਵਿਚ ਉਨ੍ਹਾਂ ਨੂੰ ਕੁਝ ਬੇਆਰਾਮੀ ਦਾ ਵੀ ਕਿਉਂ ਨਾ ਸਾਹਮਣਾ ਕਰਨਾ ਪਵੇ।

ਜਿਹੜੀਆਂ ਮਾਂਵਾਂ ਘਰਾਂ ਵਿਚ ਸੀਊਣ-ਪਰੋਣ ਆਦਿ ਦਾ ਕੰਮ ਕਰਦੀਆਂ ਹਨ, ਉਹ ਬੱਚਿਆਂ ਨੂੰ ਛੋਟੇ-ਛੋਟੇ ਕੰਮਾਂ ਵਿਚ ਲਾ ਕੇ ਸਮੱਸਿਆ ਦਾ ਹੱਲ ਕਰ ਸਕਦੀਆਂ ਹਨ।

ਜੇ ਹੋਰ ਕੁਝ ਨਹੀਂ ਤਾਂ ਘਰ ਦੇ ਕੌਲੀਆਂ ਗਲਾਸ ਹੀ ਬੱਚੇ ਅੱਗੇ ਰੱਖ ਦਿਓ, ਉਹ ਉਨ੍ਹਾਂ ਦੇ ਰੌਲੇ ਅਤੇ ਹਿਲਜੁਲ ਵਿਚ ਰੁੱਝ ਕੇ ਅੰਗੂਠਾ ਚੂਸਣ ਦੀ ਆਦਤ ਛੱਡ ਦੇਵੇਗਾ।

ਸਪਸ਼ਟ ਹੈ ਕਿ ਬੱਚਾ ਇਹ ਆਦਤ ਛੱਡੇਗਾ ਤਾਂ ਹੀ ਜਦੋਂ ਉਸ ਦੇ ਹੱਥ ਨੂੰ ਕਰਨ ਲਈ ਕੋਈ ਹੋਰ ਕੰਮ ਮਿਲ ਜਾਵੇਗਾ।

ਛੇ ਸਾਲ ਦੀ ਉਮਰ ਤਕ ਇਹ ਆਦਤ ਹਰ ਹਾਲਤ ਵਿਚ ਲੋਪ ਹੋ ਜਾਣੀ ਚਾਹੀਦੀ ਹੈ, ਕਿਉਂਕਿ ਇਸ ਉਪਰੰਤ ਬੱਚੇ ਦੇ ਮਾਨਸਿਕ ਅਤੇ ਭਾਵਕ ਵਿਕਾਸ ਅਤੇ ਉਸ ਦੇ ਉਪਰਲੇ ਦੰਦਾਂ ਉਤੇ ਬਣਤਰ ਦੇ ਪੱਖੋਂ ਭੈੜਾ ਅਸਰ ਪਵੇਗਾ ਜਿਹੜਾ ਸਾਰੀ ਜ਼ਿੰਦਗੀ ਉਸ ਦੇ ਨਾਲ ਨਿਭੇਗਾ।

ਅਜਿਹੇ ਬੱਚਿਆਂ ਦਾ ਚਿਹਰਾ ਕਰੂਪ ਭਾਵੇਂ ਨਾ ਹੋਵੇ, ਉਸ ਨੂੰ ਸੁੰਦਰ ਨਹੀਂ ਕਿਹਾ ਜਾ ਸਕੇਗਾ। ਅਜਿਹਾ ਬੱਚਾ ਨਾਲਾਇਕ ਭਾਵੇਂ ਨਾ ਹੋਵੇ ਪਰ ਉਸ ਨੂੰ ਹੁਸ਼ਿਆਰ ਕਹਿਣਾ ਸੰਭਵ ਨਹੀਂ ਹੋਵੇਗਾ।

***

ਤਲਾਕ

"ਮੰਮੀ ਤੁਹਾਨੂੰ ਤਲਾਕ ਮਿਲਿਆ ਹੋਇਐ ?"

"ਮੰਮੀ ਤਲਾਕ ਕੀ ਹੁੰਦੈ ?"

"ਮੰਮੀ, ਪਾਪਾ ਨੇ ਤੁਹਾਨੂੰ ਤਲਾਕ ਕਿਉਂ ਦਿੱਤੈ ?"

ਜਦੋਂ ਵੀ ਤਲਾਕਸ਼ੁਦਾ ਮਾਂ ਦਾ ਬੱਚਾ ਉਪਰੋਕਤ ਸੁਆਲਾਂ ਵਿਚੋਂ ਕਿਸੇ ਨੂੰ ਪੁੱਛਦਾ ਹੈ ਤਾਂ ਮੱਲੋ-ਮੱਲੀ ਮਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ।

ਤਲਾਕ, ਹਾਰੀ ਹੋਈ ਜਾਂ ਪੁੱਠੀ ਪਈ ਬਾਜ਼ੀ ਦਾ ਪ੍ਰਤੀਕ ਹੁੰਦਾ ਹੈ।

ਤਲਾਕ ਬਾਰੇ ਸੋਚਣਾ ਗੰਭੀਰ ਮਾਨਸਿਕ ਸਥਿਤੀ ਦਾ ਸੂਚਕ ਹੈ।

ਵਿਆਹ ਰਾਹੀਂ, ਪਤਨੀ ਅਤੇ ਪਤੀ ਦੇ ਇਕ ਦੂਜੇ ਪ੍ਰਤੀ ਅਤੇ ਬੱਚੇ ਜਾਂ ਬੱਚਿਆਂ ਪ੍ਰਤੀ ਕੁਝ ਕਰਤੱਵ ਬਣ ਜਾਂਦੇ ਹਨ ਅਤੇ ਇਨ੍ਹਾਂ ਕਰਤੱਵਾਂ ਤੋਂ ਮੁਕਤ ਹੋਣ ਦੀ ਇੱਛਾ ਹੀ ਤਲਾਕ ਦੀ ਸੋਚਣੀ ਦਾ ਆਧਾਰ ਬਣਦੀ ਹੈ।

ਅਣਜੋੜ ਵਿਆਹ ਦੀ ਸੂਰਤ ਵਿਚ ਵਿਆਹ ਤੋਂ ਝੱਟ ਮਗਰੋਂ ਜਾਂ ਕੁਝ ਸਾਲ ਮਗਰੋਂ ਪਤੀ ਜਾਂ ਪਤਨੀ ਨੂੰ ਇੰਝ ਮਹਿਸੂਸ ਹੋਣ ਲੱਗ ਪੈਂਦਾ ਹੈ, ਜਿਵੇਂ ਉਨ੍ਹਾਂ ਨੇ ਵਿਆਹ ਕਰਵਾ ਕੇ ਬੜੀ ਵੱਡੀ ਗਲਤੀ ਕੀਤੀ ਹੈ।

ਉਨ੍ਹਾਂ ਦੀ ਸੋਚ ਉਨ੍ਹਾਂ ਨੂੰ ਇਸ ਗੱਲ ਦਾ ਭੁਲੇਖਾ ਪਾਉਂਦੀ ਹੈ ਕਿ ਤਲਾਕ ਲੈ ਕੇ ਉਹ ਵਿਆਹ ਤੋਂ ਪਹਿਲੀ ਮੌਲਿਕ ਸਥਿਤੀ ਅਤੇ ਸੁਤੰਤਰਤਾ ਮੁੜ ਹਾਸਲ ਕਰ ਲੈਣਗੇ।

ਤਲਾਕ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿਚ ਪੈਦਾ ਹੋਈ ਕੁੜੱਤਣ ਪੁਰਸ਼ ਅਤੇ ਇਸਤਰੀ ਦੋਹਾਂ ਦੇ ਅਚੇਤ ਮਨਾਂ ਵਿਚ ਅਤੇ ਵਿਹਾਰ ਅਤੇ ਦ੍ਰਿਸ਼ਟੀਕੋਣ ਵਿਚ ਸਾਰਾ ਜੀਵਨ ਛਾਈ ਰਹਿੰਦੀ ਹੈ।

ਤਲਾਕ ਲੈਣ-ਦੇਣ ਦੀਆਂ ਲੰਮੀਆਂ ਬਹਿਸਾਂ ਵਿਚ ਉਲਝ ਕੇ ਤਲਾਕ ਦਾ ਇੱਛਕ ਵਿਅਕਤੀ ਆਪਣੇ ਆਪ ਨੂੰ ਹਾਸੋ-ਹੀਣਾ ਤਾਂ ਬਣਾਉਂਦਾ ਹੀ ਹੈ, ਤਲਾਕ ਪ੍ਰਾਪਤੀ ਮਗਰੋਂ, ਉਸ ਲਈ ਜਾਣੂ ਲੋਕਾਂ ਦੇ ਬੂਹੇ ਵੀ ਭੀੜੇ ਜਾਂਦੇ ਹਨ। ਇਸ ਸਥਿਤੀ ਵਿਚ ਉਸ ਲਈ ਨਵੀਆਂ ਦੋਸਤੀਆਂ ਪਾਉਣੀਆਂ ਸੰਭਵ ਨਹੀਂ ਹੁੰਦੀਆਂ।

ਕਿਸੇ ਨਾ ਕਿਸੇ ਵੇਲੇ ਹਰ ਇਕ ਵਿਅਕਤੀ ਦੰਪਤੀ ਜੀਵਨ ਦੇ ਝਮੇਲਿਆਂ ਤੋਂ ਅੱਕ ਜਾਂਦਾ ਹੈ ਪਰ ਕਿਉਂਕਿ ਸਮੱਸਿਆਵਾਂ ਉਸ ਦੀਆਂ ਆਪੇ ਸਿਰਜੀਆਂ ਹੁੰਦੀਆਂ ਹਨ, ਸੋ ਜਿਵੇਂ-ਕਿਵੇਂ ਉਹ ਉਨ੍ਹਾਂ ਨਾਲ ਸਮਝੌਤਾ ਕਰ ਲੈਂਦਾ ਹੈ।

ਅਸੰਤੁਸ਼ਟ ਵਿਆਹ ਤਲਾਕ ਦੇ ਬਿਖੇੜਿਆਂ ਨਾਲੋਂ ਵੀ ਵਧੇਰੇ ਦੁੱਖਦਾਈ ਹੁੰਦਾ ਹੈ ਅਤੇ ਇਕ ਪ੍ਰਕਾਰ ਦਾ ਲੰਮਾ ਆਤਮਘਾਤ ਹੋ ਨਿੱਬੜਦਾ ਹੈ।

ਤਲਾਕ ਦੀ ਸਮੱਸਿਆ ਬੱਚੇ ਪੈਦਾ ਹੋਣ ਦੀ ਸੂਰਤ ਵਿਚ ਉਲਝ ਜਾਂਦੀ ਹੈ।

ਬੱਚਿਆਂ ਦੀ ਹਾਜ਼ਰੀ ਵਿਚ ਲੜਨ ਵਾਲੇ ਮਾਪੇ, ਆਪਣੇ ਬੱਚਿਆਂ ਦੇ ਮਾਨਸਿਕ ਵਿਕਾਸ ਉਤੇ ਬੜਾ ਭੈੜਾ ਅਸਰ ਪਾਉਂਦੇ ਹਨ।

ਮਾਪੇ, ਬੱਚੇ ਨੂੰ ਆਪਣੀ ਧਿਰ ਬਣਾਉਣ ਦੇ ਯਤਨ ਵਿਚ ਸਥਿਤੀ ਨੂੰ ਹੋਰ ਵਿਗਾੜਦੇ ਹਨ ਅਤੇ ਆਪਸੀ ਲੜਾਈ ਵਿਚ ਬੱਚੇ ਜਾਂ ਬੱਚਿਆਂ ਨੂੰ ਸ਼ਤਰੰਜ ਦੇ ਮੋਹਰਿਆਂ ਵਾਂਗ ਵਰਤਦੇ ਹਨ।

ਕਿਸੇ ਵੀ ਬੱਚੇ ਵਾਸਤੇ ਉਸ ਦੇ ਮਾਪਿਆਂ ਦੀ ਅਣਬਣ ਬੜੀ ਦੁੱਖਦਾਈ ਤਾਂ ਹੁੰਦੀ ਹੀ ਹੈ, ਅਜਿਹੇ ਬੱਚਿਆਂ ਦੇ ਵਿਆਹੁਤਾ ਜੀਵਨ ਵਿਚ ਸਾਵੇਂਪਣ ਅਤੇ ਸੁਖਾਵੇਂ ਤਾਲਮੇਲ ਦੀ ਸੰਭਾਵਨਾ ਵੀ ਬੜੀ ਘੱਟ ਜਾਂਦੀ ਹੈ।

ਅਜਿਹੇ ਬੱਚੇ ਲਈ ਘਰ ਸੁੱਖ, ਆਰਾਮ ਅਤੇ ਨਿੱਘ ਦੀ ਥਾਂ ਬੇਰੁਖੀ, ਥਕਾਵਟ ਅਤੇ ਨਫ਼ਰਤ ਦਾ ਪ੍ਰਤੀਕ ਬਣ ਜਾਂਦਾ ਹੈ।

ਅਜਿਹੇ ਬੱਚੇ ਅਕਸਰ ਆਪਣੇ ਹੀ ਖਿਆਲਾਂ ਵਿਚ, ਆਪਣੀ ਹੋਂਦ ਨੂੰ ਹੀ ਮਾਪਿਆਂ ਦੀ ਅਣਬਣ ਦਾ ਕਾਰਨ ਸਮਝ ਕੇ ਅੰਦਰੋਂ-ਅੰਦਰ ਝੂਰਨ ਲੱਗ ਜਾਂਦੇ ਹਨ।

ਉਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਸਾਰਾ ਸੰਸਾਰ ਝਗੜੇ ਅਤੇ ਨਫ਼ਰਤ ਦਾ ਅਖਾੜਾ ਦਿਖਾਈ ਦਿੰਦਾ ਹੈ। ਉਨ੍ਹਾਂ ਦੇ ਫਿਕਰ ਵੱਧ ਜਾਂਦੇ ਹਨ ਅਤੇ ਉਨ੍ਹਾਂ ਦੀ ਸੁੱਤਿਆਂ ਪਿਸ਼ਾਬ ਕਰਨ, ਜਲਦੀ ਚਿੜ੍ਹ ਜਾਣ ਅਤੇ ਗੁਸਤਾਖ਼ ਬੋਲੀ ਵਰਤਣ ਦੀ ਆਦਤ ਬਣ ਜਾਂਦੀ ਹੈ।

ਤਲਾਕ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਵੀ ਬੱਚੇ ਬਣਦੇ ਹਨ ਅਤੇ ਤਲਾਕ ਤੋਂ ਉਪਜਣ ਵਾਲੀਆਂ ਮੁਸ਼ਕਿਲਾਂ ਦਾ ਸ਼ਿਕਾਰ ਵੀ ਬੱਚੇ ਹੀ ਹੁੰਦੇ ਹਨ। ਮਾਪਿਆਂ ਵੱਲੋਂ ਬੱਚਿਆਂ ਤੋਂ ਆਪਸੀ ਝਗੜੇ ਨੂੰ ਛੁਪਾਉਣਾ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੁੰਦਾ ਹੈ।

'ਕਿਸ ਦਾ ਕਸੂਰ ਹੈ ?' ਦੀ ਖਿੱਚੋਤਾਣ ਵਿਚ ਬੱਚੇ ਦੀ ਨਿਰਪੱਖ ਸੋਚਣੀ ਨੂੰ ਸੱਟ ਵੱਜਦੀ ਹੈ ਅਤੇ ਉਸ ਦੇ ਨਿਰਣਿਆਂ ਵਿਚ ਅਸਾਵਾਂਪਣ ਵੱਧ ਜਾਂਦਾ ਹੈ

ਕਿਉਂਕਿ ਬੱਚੇ ਨੂੰ ਦੋਹਾਂ ਧਿਰਾਂ ਦੀ 'ਮੂਰਖਤਾ' ਦਾ ਪਤਾ ਲੱਗ ਜਾਂਦਾ ਹੈ, ਸੋ ਉਹ ਇਕ ਵਿਸ਼ੇਸ਼ ਉਮਰ ਦੇ ਵਿਅਕਤੀਆਂ ਨੂੰ ਨਫ਼ਰਤ ਕਰਨ ਲੱਗ ਜਾਂਦਾ ਹੈ ਅਤੇ ਵਿਆਹ ਅਤੇ ਘਰ ਸੰਬੰਧੀ ਉਸ ਦੇ ਮਨ ਵਿਚ ਇਕ ਗੰਢ ਪੈ ਜਾਂਦੀ ਹੈ।

ਮਾਪਿਆਂ ਦੇ ਤੋੜ-ਵਿਛੋੜੇ ਮਗਰੋਂ ਕਈ ਨਵੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਬੱਚਾ ਜਿਸ ਧਿਰ ਕੋਲ ਵੀ ਰਹੇ, ਉਹ ਧਿਰ ਬਹੁਤੇ ਲਾਡ ਕਰਕੇ ਅਤੇ ਦੂਜੀ ਧਿਰ ਵਡੇਰੇ ਲਾਲਚ ਦੇ ਕੇ ਉਸ ਨੂੰ ਵਿਗਾੜ ਦਿੰਦੀ ਹੈ।

ਮਾਂ ਆਪਣੇ ਦੁੱਖ ਭਰੇ ਕੀਰਨਿਆਂ ਨਾਲ ਬੱਚੇ ਦੇ ਮਾਨਸਿਕ ਸੰਤੁਲਨ ਨੂੰ ਵਿਗਾੜ ਕੇ ਉਸ ਨੂੰ ਉਪਭਾਵਕ ਬਣਾ ਦਿੰਦੀ ਹੈ।

ਕਈ ਵਾਰੀ ਉਹ ਉਸ ਬੱਚੇ ਨੂੰ ਆਪਣੇ ਅਸਫਲ ਵਿਆਹ ਦੀ ਨਿਸ਼ਾਨੀ ਵਜੋਂ ਨਫ਼ਰਤ ਵੀ ਕਰਦੀ ਹੈ ਪਰ ਅਜਿਹੀ ਮਾਂ ਬੱਚੇ ਲਈ ਪਿਓ ਵੀ ਬਣਨਾ ਚਾਹੁੰਦੀ ਹੈ

ਅਜਿਹੀਆਂ ਮਾਂਵਾਂ ਬੱਚੇ ਨੂੰ 'ਮੈਂ ਤਾਂ ਤੇਰੇ ਲਈ ਹੀ ਜਿਊਂਦੀ ਹਾਂ' ਦਾ ਪ੍ਰਭਾਵ ਦੇ ਕੇ ਅਸਲ ਵਿਚ ਕਬਜ਼ੇ ਦੀ ਭਾਵਨਾ ਦਾ ਹੀ ਪ੍ਰਗਟਾਵਾ ਕਰਦੀਆਂ ਹਨ।

ਅਜਿਹੀਆਂ ਮਾਂਵਾਂ ਆਪਣੀਆਂ ਨੂੰਹਾਂ ਜਾਂ ਜਵਾਈਆਂ ਦੇ ਵਿਹਾਰ ਨਾਲ ਕਦੇ ਸੰਤੁਸ਼ਟ ਨਹੀਂ ਹੋ ਸਕਦੀਆਂ।

ਭਾਵੇਂ ਤੋੜ-ਵਿਛੋੜੇ ਮਗਰੋਂ ਪਤੀ-ਪਤਨੀ ਕੁਝ ਤਸੱਲੀ ਅਨੁਭਵ ਕਰਦੇ ਹਨ ਪਰ ਉਹ ਲਗਾਤਾਰ ਹੋਰ ਬਦਲਾ ਲੈਣ ਦੀਆਂ ਤਰਕੀਬਾਂ ਸੋਚਦੇ ਰਹਿੰਦੇ ਹਨ।

ਕਈ ਹਾਲਤਾਂ ਵਿਚ ਉਨ੍ਹਾਂ ਨੂੰ ਆਪਣੇ ਤਲਾਕ ਦੇ ਫੈਸਲੇ ਦੇ ਠੀਕ ਹੋਣ ਉੱਤੇ ਵੀ ਸ਼ੱਕ ਹੋਣ ਲੱਗ ਪੈਂਦਾ ਹੈ।

ਤਲਾਕ ਮਗਰੋਂ ਔਰਤ ਕੋਈ ਨਾ ਕੋਈ ਕੰਮ ਅਤੇ ਰੁਝੇਵਾਂ ਲੱਭਦੀ ਹੈ ਪਰ ਜਿਸ ਬੱਚੇ ਨੂੰ ਉਹ ਆਪਣਾ ਸਹਾਰਾ ਸਮਝਦੀ ਹੈ, ਉਹੀ ਉਸ ਦੀਆਂ ਮੁਸ਼ਕਿਲਾਂ ਦੇ ਸੁਲਝਣ ਵਿਚ ਅਤੇ ਨਵੇਂ ਸੰਬੰਧ ਉਸਾਰਨ ਵਿਚ ਰੁਕਾਵਟ ਬਣਦਾ ਹੈ।

ਤਲਾਕ ਤੋਂ ਝੱਟ ਮਗਰੋਂ ਨੌਕਰੀ ਕਰ ਲੈਣ ਵਾਲੀਆਂ ਇਸਤਰੀਆਂ ਬੜੀ ਭਾਵਕ ਸਥਿਤੀ ਵਿਚ ਹੁੰਦੀਆਂ ਹਨ ਅਤੇ ਇਸ ਸਮੇਂ ਉਨ੍ਹਾਂ ਦੇ ਕੁਰਾਹੇ ਪੈ ਜਾਣ ਦੀ ਸੰਭਾਵਨਾ ਸਭ ਨਾਲੋਂ ਵਧੇਰੇ ਹੁੰਦੀ ਹੈ।

ਭਾਵੇਂ ਕੰਮ ਵਾਲੀ ਥਾਂ ਤੇ ਕੋਈ ਵੀ ਪੁਰਸ਼ ਉਸ ਨੂੰ ਤਲਾਕਸ਼ੁਦਾ ਹੋਣ ਕਾਰਨ ਚਰਿੱਤਰਵਾਨ ਇਸਤਰੀ ਨਹੀਂ ਸਮਝਦਾ ਪਰ ਹਰ ਕੋਈ ਉਸ ਉੱਤੇ ਇਸ਼ਕ ਦੇ ਡੋਰੇ ਪਾਉਣ ਦਾ ਯਤਨ ਕਰਦਾ ਹੈ।

ਦੂਜੇ ਪਾਸੇ ਤਲਾਕਸ਼ੁਦਾ ਪੁਰਸ਼ ਆਪਣੇ ਦੋਸਤਾਂ ਦੇ ਘਰ ਵਧੇਰੇ ਜਾਣ ਲੱਗ ਪੈਂਦਾ ਹੈ ਪਰ ਉਸ ਦਾ ਮੁਸਕਰਾਹਟ ਦੀ ਥਾਂ ਤਿਊੜੀ ਨਾਲ ਸੁਵਾਗਤ ਹੁੰਦਾ ਹੈ।

ਅਜਿਹੇ ਪੁਰਸ਼ ਦੇ ਕੁਰਾਹੇ ਪੈ ਜਾਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ।

ਜੇ ਉਹ ਸ਼ਰਾਬ ਪੀਂਦਾ ਹੈ ਤਾਂ ਵਧੇਰੇ ਪੀਣ ਲੱਗ ਪੈਂਦਾ ਹੈ, ਅਰਥਾਤ ਉਸ ਵਿਚ ਬੇਅਸੂਲੇ ਫੈਸਲੇ ਕਰਨ ਦੀ ਰੁਚੀ ਬਲਵਾਨ ਹੁੰਦੀ ਹੈ।

ਉਹ ਆਪਣੇ ਵਰਤਾਰੇ ਨੂੰ ਇਵੇਂ ਢਾਲ ਲੈਂਦਾ ਹੈ, ਜਿਵੇਂ ਕਹਿ ਰਿਹਾ ਹੋਵੇ 'ਮੈਂ ਤਾਂ ਹੀਰਾ ਬੰਦਾ ਸਾਂ, ਮੇਰੀ ਠੀਕ ਕਦਰ ਨਹੀਂ ਪਈ'।

ਤਲਾਕ ਉਪਰੰਤ ਜਿਹੜੀ ਵੀ ਫਿਰ ਵਿਆਹ ਕਰਦੀ ਹੈ, ਉਸ ਦੇ ਵਰਤਾਰੇ ਵਿਚ ਉਚੇਚ ਹੁੰਦਾ ਹੈ ਅਤੇ ਉਹ ਫਿਰ ਅਣਮੰਗੀਆਂ ਕੁਰਬਾਨੀਆਂ ਕਰਦੀ ਰਹਿੰਦੀ ਹੈ ਕਿਉਂਕਿ ਉਹ ਫਿਰ ਨਹੀਂ ਚਾਹੁੰਦੀ ਕਿ ਉਸ ਉਤੇ ਭੈੜੇ ਹੋਣ ਦਾ ਦੂਜੀ ਵਾਰੀ ਦੋਸ਼ ਲੱਗੇ।

ਅਜਿਹੀ ਫਿਰ ਦੂਜੀ ਵਾਰੀ ਤਿਲਕਣਾ ਨਹੀਂ ਚਾਹੁੰਦੀ, ਇਸ ਲਈ ਉਹ ਵਧੇਰੇ ਸੰਭਲ ਕੇ ਟੁਰਦੀ ਹੈ ਪਰ ਜਲਦੀ ਥੱਕ ਜਾਂਦੀ ਹੈ।

ਤਲਾਕ ਉਪਰੰਤ ਪੁਰਸ਼ ਲਈ ਵਿਆਹ ਕਰਵਾਉਣਾ, ਔਰਤ ਦੇ ਮੁਕਾਬਲੇ ਵਧੇਰੇ ਸੌਖਾ ਹੁੰਦਾ ਹੈ ਪਰ ਤਲਾਕਸ਼ੁਦਾ ਪਤੀ ਦਾ ਵਿਆਹ, ਆਪਣੀ ਪਹਿਲੀ ਪਤਨੀ ਦੇ ਮਾਨਸਿਕ ਸੰਤੁਲਨ ਨੂੰ ਇਕ ਵਾਰੀ ਫਿਰ ਝੰਜੋੜਦਾ ਹੈ ਅਤੇ ਉਸ ਵਿਚ ਆਪਣੇ ਹਾਰ ਜਾਣ ਦਾ ਅਹਿਸਾਸ ਵੱਧ ਜਾਂਦਾ ਹੈ।

ਉਸ ਸਾਬਕਾ ਪਤਨੀ ਨੂੰ ਆਪਣੀ ਇਕੱਲ ਹੋਰ ਸਤਾਉਂਦੀ ਹੈ ਅਤੇ ਉਸ ਨੂੰ ਆਪਣੇ ਆਪ ਨਾਲ ਗੱਲਾਂ ਕਰਨ ਦੀ ਆਦਤ ਪੈ ਜਾਂਦੀ ਹੈ।

ਉਸ ਨੂੰ ਇਸ ਸਮੇਂ ਆਪਣੇ ਬੱਚੇ ਦੇ ਗੁੰਮ ਹੋ ਜਾਣ ਜਾਂ ਮਕਾਨ ਖੁਸ ਜਾਣ ਜਾਂ ਢਹਿ ਜਾਣ ਦੇ ਸੁਪਨੇ ਵੀ ਆਉਂਦੇ ਹਨ। ਉਹ ਸ਼ੱਕੀ ਸੁਭਾਓ ਦੀ ਬਣ ਕੇ ਆਪਣੇ ਆਪ ਨੂੰ ਬੁੱਢੀ ਅਤੇ ਬੀਮਾਰ ਸਮਝਣ ਲੱਗ ਪੈਂਦੀ ਹੈ।

ਉਹ ਹਰ ਹੀਲੇ ਬੱਚੇ ਨੂੰ ਆਪਣੇ ਨੇੜੇ ਰੱਖਣ ਲਈ ਜਾਂ ਤਾਂ ਆਪਣੀ ਬੀਮਾਰੀ ਦਾ ਬਹਾਨਾ ਕਰਦੀ ਹੈ ਜਾਂ ਬੱਚੇ ਨੂੰ ਹੀ ਬੀਮਾਰ ਕਰ ਦਿੰਦੀ ਹੈ।

ਮੁੜ ਵਿਆਹ ਕਰਨ ਵਾਲੀ ਧਿਰ ਨੂੰ ਮੁੜ ਰੁਝੇਵੇਂ ਮਿਲ ਜਾਂਦੇ ਹਨ ਪਰ ਦੂਜੀ ਧਿਰ ਨਿਰੰਤਰ ਕੁੜ੍ਹਦੀ-ਕਲਪਦੀ ਰਹਿੰਦੀ ਹੈ।

ਤਲਾਕਸ਼ੁਦਾ ਮਰਦ ਨਾਲ ਵਿਆਹ ਕਰਨ ਵਾਲੀ ਔਰਤ ਉਸ ਦੀ ਹਿੱਕ ਉੱਤੇ ਬਹਿ ਕੇ ਹੁਕਮ ਚਲਾਉਂਦੀ ਹੈ ਅਤੇ ਤਲਾਕਸ਼ੁਦਾ ਔਰਤ ਨਾਲ ਵਿਆਹ ਕਰਾਉਣ ਵਾਲਾ ਮਰਦ ਹਰ ਝਗੜੇ ਵਿਚ ਉਸ ਨੂੰ ਉਸ ਦੇ ਪਹਿਲੇ ਵਿਆਹ ਦੀ ਅਸਫਲਤਾ ਦਾ ਤਾਹਨਾ ਮਾਰਦਾ ਹੈ ਅਤੇ ਆਪਣੇ ਆਪ ਨਾਲ ਹੋਈ ਬੇਇਨਸਾਫ਼ੀ ਦੀ ਦੁਹਾਈ ਪਾਉਂਦਾ ਹੈ।

ਜਿਹੜੇ ਤਲਾਕ ਬਾਰੇ ਸੋਚ ਰਹੇ ਹਨ, ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਤਲਾਕ ਨਾਲ ਇੱਕ ਸਮੱਸਿਆ ਸੁਲਝਦੀ ਹੈ ਅਤੇ ਦਰਜਨਾਂ ਪੈਦਾ ਹੋ ਜਾਂਦੀਆਂ ਹਨ।

***

ਬੇਵਫ਼ਾਈ

ਅਖ਼ਬਾਰ ਵਿਚ ਖਬਰ ਛਪਦੀ ਹੈ ਕਿ ਪਤੀ ਨੇ ਆਪਣੀ ਪਤਨੀ ਦੇ ਚਾਲ-ਚਲਣ ਉਤੇ ਸ਼ੱਕ ਕਾਰਨ ਉਸ ਨੂੰ ਜਾਨੋਂ ਮਾਰ ਦਿੱਤਾ ਹੈ।

ਅਜਿਹੀਆਂ ਘਟਨਾਵਾਂ ਦੀ ਨਾ ਕੇਵਲ ਗਿਣਤੀ ਹੀ ਵੱਧ ਰਹੀ ਹੈ ਸਗੋਂ ਪਤਨੀ ਦੇ ਚਾਲ-ਚਲਣ ਉਤੇ ਸ਼ੱਕ ਦੇ ਕਾਰਨਾਂ ਵਿਚ ਵੀ ਢੇਰ ਵਾਧਾ ਹੋ ਰਿਹਾ ਹੈ।

ਪੁਰਸ਼-ਪ੍ਰਧਾਨ ਸਮਾਜ ਵਿਚ ਬੇਵਫ਼ਾਈ ਦੇ ਮਾਪ-ਤੋਲ ਪੁਰਸ਼ਾਂ ਲਈ ਹੋਰ ਅਤੇ ਔਰਤਾਂ ਲਈ ਹੋਰ ਹੁੰਦੇ ਹਨ।

ਪੁਰਸ਼ ਨੂੰ ਆਪਣੀ ਬੇਵਫ਼ਾਈ ਨੂੰ ਜਾਇਜ਼ ਠਹਿਰਾਉਣ ਲਈ ਕਈ ਢੰਗ ਅਪਨਾਉਣ ਦਾ ਮੌਕਾ ਮਿਲਦਾ ਰਿਹਾ ਹੈ, ਜਿਵੇਂ ਉਦਾਹਰਣ ਵਜੋਂ ਬਹੁ-ਵਿਆਹ ਪ੍ਰਥਾ ਅਸਲ ਵਿਚ ਪਹਿਲੀ ਪਤਨੀ ਪ੍ਰਤੀ ਬੇਵਫ਼ਾਈ ਦਾ ਹੀ ਸਨਮਾਨਿਤ ਰੂਪ ਬਣੀ ਰਹੀ ਹੈ।

ਪਤੀ ਤਾਂ ਬੇਵਫ਼ਾ ਹੁੰਦੇ ਹੀ ਆਏ ਹਨ।

ਜੇਕਰ ਕੁਝ ਪਤੀ ਇਹ ਫੜ੍ਹ ਮਾਰਨ ਕਿ ਉਹ ਕਦੀ ਵੀ ਬੇਵਫ਼ਾ ਨਹੀਂ ਹੋਏ ਤਾਂ ਅਸਲੀਅਤ ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਬੇਵਫ਼ਾਈ ਦਾ ਅਵਸਰ ਨਹੀਂ ਮਿਲਿਆ ਅਤੇ ਆਪਣੀ ਹਾਰ ਨੂੰ ਉਹ ਗੁਣ ਬਣਾ ਕੇ ਪੇਸ਼ ਕਰ ਰਹੇ ਹਨ।

ਵਾਲ ਰੰਗਣ, ਵਧੇਰੇ ਸੱਜਣ-ਵੱਬਣ, ਸ਼ਰਾਬ ਪੀਣ ਆਦਿ ਪਿੱਛੇ ਬਹੁਤ ਹਾਲਤਾਂ ਵਿਚ ਇੱਛਾ ਕਿਸੇ ਨਾਲ ਇਸ਼ਕ ਕਰਨ ਦੀ ਹੀ ਹੁੰਦੀ ਹੈ।

ਚਾਲ੍ਹੀਆਂ ਤੋਂ ਉਤੇ ਬਹੁਤੇ ਪਤੀਆਂ ਅਤੇ ਪਤਨੀਆਂ ਨੂੰ ਗਿਆਨ ਹੋ ਜਾਂਦਾ ਹੈ ਕਿ ਉਹ ਇਸ਼ਕ ਕਰਨ ਦੀ ਉਮਰ ਲੰਘਾ ਚੁੱਕੇ ਹਨ, ਇਸੇ ਕਰਕੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਕੁਝ ਟਿਕਾਓ ਆ ਜਾਂਦਾ ਹੈ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਘਰੇਲੂ ਸਮੱਸਿਆਵਾਂ ਉਨ੍ਹਾਂ ਨੂੰ ਇਸ ਹੱਦ ਤਕ ਘੇਰ ਲੈਂਦੀਆਂ ਹਨ ਕਿ ਪਿਆਰ, ਇਸ਼ਕ, ਮੁਹੱਬਤ ਆਦਿ ਦੇ ਸੰਕਲਪ ਆਪਣਾ ਰੰਗ, ਰੂਪ ਤੇ ਖਿੱਚ ਗਵਾ ਬੈਠਦੇ ਹਨ ਅਤੇ ਉਨ੍ਹਾਂ ਦੀ ਗੱਲਬਾਤ ਵਿਚ ਫਰਜ਼, ਚਰਿੱਤਰ, ਈਮਾਨਦਾਰੀ, ਮਿਹਨਤ ਆਦਿ ਸ਼ਬਦਾਂ ਦੀ ਭਰਮਾਰ ਹੋ ਜਾਂਦੀ ਹੈ।

ਜਿਉਂ-ਜਿਉਂ ਔਰਤਾਂ ਨੂੰ ਵਿਦਿਆ ਪ੍ਰਾਪਤੀ ਅਤੇ ਨੌਕਰੀ ਕਰਨ ਦੇ ਅਵਸਰ ਵੱਧ ਮਿਲਣ ਲੱਗ ਪਏ ਹਨ, ਉਨ੍ਹਾਂ ਦੇ ਪੁਰਸ਼ਾਂ ਨਾਲ, ਦਫਤਰਾਂ, ਸਕੂਲਾਂ, ਹਸਪਤਾਲਾਂ ਆਦਿ ਵਿਚ, ਵਿਚਰਣ ਅਰਥਾਤ ਪੁਰਸ਼ਾਂ ਦੇ ਸੰਪਰਕ ਵਿਚ ਆਉਣ ਦੀਆਂ ਸੰਭਾਵਨਾਵਾਂ ਉਜਾਗਰ

ਹੋਈਆਂ ਹਨ। ਚੋਰੀ ਛਿਪੇ ਸਿਗਰਟ ਅਤੇ ਸ਼ਰਾਬ ਆਦਿ ਪੀਣ ਦੀਆਂ ਰੁੱਚੀਆਂ ਵੀ ਔਰਤਾਂ ਵਿਚ ਵੱਧ ਰਹੀਆਂ ਹਨ।

ਮਨੋਵਿਗਿਆਨਕ ਤੌਰ 'ਤੇ ਔਰਤਾਂ ਵਿਚ ਉਪਰੋਕਤ ਹਰਕਤਾਂ ਪਿਛੇ ਭਾਵਨਾ ਪੁਰਸ਼-ਖੇਤਰਾਂ ਦੇ ਰਹੱਸ ਨੂੰ ਜਾਣਨਾ ਹੁੰਦੀ ਹੈ। ਪੁਰਸ਼-ਖੇਤਰਾਂ ਵਿਚ ਭਰਮਣ ਕਰਨ ਦੀ ਇੱਛਾ ਵਾਲੀਆਂ ਔਰਤਾਂ ਵਿਚ ਪੁਰਸ਼ਾਂ ਵਾਲੇ ਸ਼ੌਕ ਵੀ ਜਾਗ ਰਹੇ ਹਨ ਅਤੇ ਸਰੀਰਕ ਰਿਸ਼ਤਿਆਂ ਵਿਚ ਖੁਲ੍ਹਾਂ ਪ੍ਰਾਪਤ ਕਰਨ ਦੀ ਇੱਛਾ ਵੀ ਬਲਵਾਨ ਹੋ ਰਹੀ ਹੈ

ਖਿਡਾਰਨ ਔਰਤਾਂ ਵਿਚ ਉਪਰੋਕਤ ਰੁੱਚੀ ਆਮ ਵੇਖੀ ਜਾ ਸਕਦੀ ਹੈ।

ਤਕਨਾਲੋਜੀ ਨਾਲ ਸਾਡੇ ਸਮਾਜਿਕ ਜੀਵਨ ਵਿਚ ਤੇਜ਼ੀ ਆਈ ਹੈ ਅਤੇ ਪ੍ਰੰਪਰਾਵਾਦੀ ਕਦਰਾਂ-ਕੀਮਤਾਂ ਦੀ ਥਾਂ ਅਸੀਂ ਨਵੀਨਤਾ ਅਪਨਾਉਣ ਅਤੇ ਆਧੁਨਿਕ ਲੱਗਣ ਦੀ ਲਾਲਸਾ ਦਾ ਸ਼ਿਕਾਰ ਹੋ ਰਹੇ ਹਾਂ।

ਪੁਰਸ਼ਾਂ ਵਾਂਗ ਔਰਤਾਂ ਉਤੇ ਵੀ ਅਜਿਹੇ ਪ੍ਰਭਾਵ ਪ੍ਰਤੱਖ ਹਨ। ਨਤੀਜੇ ਵਜੋਂ ਸਰੀਰਕ ਰਿਸ਼ਤਿਆਂ ਸੰਬੰਧੀ ਔਰਤਾਂ ਦਾ ਦ੍ਰਿਸ਼ਟੀਕੋਣ ਕੱਟੜਵਾਦੀ ਨਾ ਰਹਿ ਕੇ ਸਥਿਤੀ ਅਤੇ ਸਮੇਂ ਦੀ ਲੋੜ ਅਨੁਸਾਰ ਲਚਕਦਾਰ ਬਣਦਾ ਜਾ ਰਿਹਾ ਹੈ।

ਇਹੀ ਕਾਰਨ ਹੈ ਕਿ ਪੜ੍ਹੀਆਂ-ਲਿਖੀਆਂ ਲੜਕੀਆਂ ਵਿਚੋਂ ਵੱਡੀ ਗਿਣਤੀ ਵਿਆਹ ਤੋਂ ਪਹਿਲਾਂ ਪੁਰਸ਼ਾਂ ਨਾਲ ਸਰੀਰਕ ਸੰਬੰਧ ਸਥਾਪਤ ਕਰਨ ਨੂੰ ਆਪਣੀ ਪ੍ਰਾਪਤੀ ਸਮਝਣ ਲੱਗ ਪਈਆਂ ਹਨ ਅਤੇ ਜਿਸ ਨੂੰ ਇਹ ਸੁਵਿਧਾ ਪ੍ਰਾਪਤ ਨਹੀਂ ਹੁੰਦੀ ਉਸ ਨੂੰ ਆਪਣੇ ਵਿਚ ਕੋਈ ਘਾਟ ਹੋਣ ਦਾ ਸੰਸਾ ਖਾਂਦਾ ਰਹਿੰਦਾ ਹੈ।

ਉਪਰੋਕਤ ਰੁੱਚੀ ਪਿਛੇ ਭਾਵਨਾ ਮਾਨਤਾ-ਪ੍ਰਾਪਤੀ ਹੀ ਹੁੰਦੀ ਹੈ ਪਰੰਤੂ ਇਸ ਵਿਚ ਕੋਈ ਸੰਦੇਹ ਨਹੀਂ ਕਿ ਪੜ੍ਹੀਆਂ-ਲਿਖੀਆਂ ਔਰਤਾਂ ਵਿਚ, ਅਨਪੜ੍ਹ ਔਰਤਾਂ ਦੇ ਮੁਕਾਬਲੇ, ਮਾਨਤਾ-ਪ੍ਰਾਪਤੀ ਦੀ ਭੁੱਖ ਵਧੇਰੇ ਹੁੰਦੀ ਹੈ।

ਉਪਰੋਕਤ ਤਬਦੀਲੀ ਦਾ ਇਕ ਕਾਰਨ ਇਹ ਵੀ ਹੈ ਕਿ ਵਿਅਕਤੀਗਤ ਤੌਰ 'ਤੇ ਵਿਆਹ ਬਾਰੇ ਦ੍ਰਿਸ਼ਟੀਕੋਣ ਹੀ ਬਦਲ ਗਏ ਹਨ।

ਜ਼ਿੰਮੇਵਾਰੀ, ਕੰਮ, ਨਿਤਾਪ੍ਰਤੀ ਦੀਆਂ ਸਮੱਸਿਆਵਾਂ, ਵਿਆਹੁਤਾ ਜੀਵਨ ਦੀ ਕੋਹਲੂ ਵਾਂਗ ਇਕੋ ਗੇੜ ਵਿਚ ਚਲਦੀ ਜ਼ਿੰਦਗੀ, ਬੱਚਿਆਂ ਦੀਆਂ ਸਮੱਸਿਆਵਾਂ ਅਤੇ ਘਰ ਵਿਚਲੇ ਦੂਜੇ ਵਿਅਕਤੀਆਂ ਦੀਆਂ ਸਮੱਸਿਆਵਾਂ ਵਿਚ ਪਤੀ ਅਤੇ ਪਤਨੀ ਕੁਝ ਇਸ ਤਰ੍ਹਾਂ ਉਲਝ ਜਾਂਦੇ ਹਨ ਕਿ ਵਿਆਹੁਤਾ ਜੀਵਨ ਸੰਬੰਧੀ ਉਸਾਰੇ ਸੁਪਨੇ, ਵਿਆਹ ਉਪਰੰਤ ਕੁਝ ਸਾਲਾਂ ਵਿਚ ਹੀ ਢਹਿ-ਢੇਰੀ ਹੋ ਜਾਂਦੇ ਹਨ।

ਉਪਰੋਕਤ ਕਾਰਨਾਂ ਕਾਰਨ ਉਪਜੀ ਝੁੰਜਲਾਹਟ ਅਤੇ ਬੋਰੀਅਤ ਤੋਂ ਖਹਿੜਾ ਛੁਡਾਉਣ ਦਾ ਕੰਮ-ਟਪਾਊ ਉਪਰਾਲਾ ਘਰੋਂ ਬਾਹਰੇ ਸਬੰਧਾਂ ਦੀ ਭਾਵਨਾ ਵਿਚ ਪ੍ਰਗਟ ਹੁੰਦਾ ਹੈ, ਜਿਸ ਨੂੰ ਦੂਜੇ ਸ਼ਬਦਾਂ ਵਿਚ ਬੇਵਫ਼ਾਈ ਵੀ ਕਿਹਾ ਜਾਂਦਾ ਹੈ।

ਅਜਿਹਾ ਇਸ਼ਕ ਇਸ ਕਰਕੇ ਖਿੱਚ ਪਾਉਂਦਾ ਹੈ ਕਿਉਂਕਿ ਇਸ ਨਾਲ ਕਿਸੇ ਪ੍ਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਜੁੜੀ ਹੁੰਦੀ ਅਤੇ ਘਰੇਲੂ ਰਿਸ਼ਤੇ ਦੇ ਵਿਪਰੀਤ, ਇਸ਼ਕ ਵਿਚ ਔਰਤ ਨੂੰ ਬਰਾਬਰੀ ਦਾ ਦਰਜਾ ਵੀ ਮਿਲਦਾ ਹੈ।

ਪਤਨੀਆਂ ਵਿਚ ਬੇਵਫ਼ਾਈ ਦੀ ਭਾਵਨਾ ਉਪਜਣ ਦੇ ਕਈ ਕਾਰਨ ਹਨ, ਜਿਵੇਂ ਪਤੀ ਦਾ ਦੁਰਵਿਵਹਾਰ, ਪਤੀ ਤੋਂ ਮਾਨਸਿਕ ਤਸੱਲੀ ਦੀ ਘਾਟ ਆਦਿ।

ਕਈ ਵਾਰੀ ਨਵੀਨਤਾ ਦੇ ਅਭਿਲਾਸ਼ੀ ਦੋਵੇਂ ਪੜ੍ਹੇ-ਲਿਖੇ ਪਤਨੀ ਅਤੇ ਪਤੀ ਇਕ ਦੂਜੇ ਤੋਂ ਉਦਾਸੀਨ ਵੀ ਹੋ ਜਾਂਦੇ ਹਨ।

ਇਸ ਸਥਿਤੀ ਵਿਚ ਦੋਵੇਂ ਧਿਰਾਂ ਕਈ ਵਾਰੀ ਸਹਿਮਤੀ ਅਤੇ ਸਮਝੌਤੇ ਨਾਲ ਅਤੇ ਆਮ ਕਰਕੇ ਚੋਰੀ-ਛੁਪੇ ਬੇਵਫ਼ਾਈ ਦੇ ਰਾਹ ਪੈ ਜਾਂਦੀਆਂ ਹਨ।

ਸੱਚ ਤਾਂ ਇਹ ਹੈ ਕਿ ਬੇਵਫ਼ਾਈ ਦਾ ਸੰਕਲਪ ਹੀ ਬਦਲ ਗਿਆ ਹੈ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਬੇਵਫ਼ਾਈ ਸਮਾਜਿਕ ਰਿਸ਼ਤਿਆਂ ਪ੍ਰਤੀ ਹੁੰਦੀ ਹੈ ਅਤੇ ਬੇਵਫ਼ਾਈ ਦਾ ਉਦੇਸ਼ ਮਨ-ਇੱਛਤ ਰਿਸ਼ਤੇ ਉਸਾਰਨ ਦੀ ਲਾਲਸਾ ਹੁੰਦੀ ਹੈ।

ਆਪਣੀ ਇਸ ਇੱਛਾ ਨੂੰ ਦੋਵੇਂ ਧਿਰਾਂ ਆਪਣੇ-ਆਪਣੇ ਢੰਗਾਂ ਨਾਲ ਜਾਇਜ਼ ਠਹਿਰਾਉਂਦੀਆਂ ਹਨ।

ਸਿਧਾਂਤਕ ਤੌਰ ਉਤੇ ਹਰ ਪਤਨੀ ਬੇਵਫ਼ਾਈ ਦੇ ਵਿਰੁਧ ਹੁੰਦੀ ਹੈ ਪਰ ਹਾਲਾਤ ਦੇ ਵਸ ਜਿਹੜੀਆਂ ਪਤਨੀਆਂ ਇਸ ਰਾਹ ਤੁਰਦੀਆਂ ਹਨ, ਉਨ੍ਹਾਂ ਨੂੰ ਦੋਸ਼-ਭਾਵਨਾ ਜਾਂ ਪਾਪ-ਦੋਸ਼ ਹਰ ਸਮੇਂ ਸਤਾਉਂਦਾ ਹੈ ਪਰ ਹੌਲੀ-ਹੌਲੀ ਉਹ ਆਪਣੇ ਵਰਤਾਰੇ ਨੂੰ ਜਾਇਜ਼ ਠਹਿਰਾਉਣ ਦਾ ਯਤਨ ਕਰਦੀਆਂ ਹਨ। ਜਿਹੜੀਆਂ ਇਹ ਕੁਝ ਨਹੀਂ ਕਰ ਸਕਦੀਆਂ ਉਹ ਬੇਵਫ਼ਾਈ ਦੇ ਹਰ ਪਲ ਉਲਝਦੇ ਜਕੜਜਾਲ ਵਿਚੋਂ ਨਿਕਲਣ ਦਾ ਨਿਸਫਲ ਯਤਨ ਕਰਦੀਆਂ ਹਨ।

ਕਮਾਈ ਨਾ ਕਰਨ ਵਾਲੀਆਂ ਪਤਨੀਆਂ ਜਦੋਂ ਆਪਣੇ ਪਤੀ ਦੀ ਬੇਵਫ਼ਾਈ ਨੂੰ ਆਪਣੀਆਂ ਅੱਖਾਂ ਨਾਲ ਵੇਖ ਲੈਣ ਤਾਂ ਉਹ ਹਰ ਪ੍ਰਕਾਰ ਦਾ ਰੋਸ ਤਾਂ ਕਰਦੀਆਂ ਹਨ ਪਰ ਆਪਣੀ ਨਿਰਭਰਤਾ ਵਾਲੀ ਸਥਿਤੀ ਕਾਰਨ ਤਲਾਕ ਦੇਣ ਤਕ ਘੱਟ ਹੀ ਜਾਂਦੀਆਂ ਹਨ ਪਰ ਜੇ ਪਤੀ, ਆਪਣੀ ਪਤਨੀ ਦੀ ਬੇਵਫ਼ਾਈ ਨੂੰ ਆਪਣੀਆਂ ਅੱਖਾਂ ਨਾਲ ਵੇਖ ਲਵੇ ਤਾਂ ਆਪਸੀ ਰਿਸ਼ਤੇ ਦਾ ਉਸੇ ਪਲ ਭੋਗ ਪੈ ਜਾਂਦਾ ਹੈ।

ਕਾਮ-ਸੰਭੋਗ ਵਿਚ ਅਤ੍ਰਿਪਤ ਪਤਨੀ ਵਿਚ ਖੋਜ ਕਰਨ ਦੀ ਜਗਿਆਸਾ ਅਧੀਨ ਉਸ ਵਿਚ ਦੂਜੇ ਮਰਦਾਂ ਦੇ ਸੰਪਰਕ ਵਿਚ ਆਉਣ ਦੀ ਇੱਛਾ ਜਾਗਦੀ ਹੈ।

ਆਮ ਹਾਲਤਾਂ ਵਿਚ ਤਾਂ ਇਹ ਲੋੜ ਘਰ ਵਿਚ ਹੀ ਜਾਂ ਨੇੜੇ ਦੀ ਰਿਸ਼ਤੇਦਾਰੀ ਵਿਚ ਹੀ ਪੂਰੀ ਹੋ ਜਾਂਦੀ ਹੈ ਪਰ ਪਤੀ ਦੀ ਲੰਮੀ ਗੈਰਹਾਜ਼ਰੀ ਵਿਚ ਕਿਸੇ ਵੀ ਪ੍ਰਕਾਰ ਦਾ ਕੰਮ-ਟਪਾਊ ਰਿਸ਼ਤਾ ਸੰਭਵ ਹੁੰਦਾ ਹੈ।

ਪਤੀ ਦੀ ਵਾਪਸੀ ਉਤੇ ਪਤਨੀ ਦਾ ਠੰਡਾ ਵਿਹਾਰ ਪਤੀ ਵਿਚ ਅਨੇਕਾਂ ਪ੍ਰਕਾਰ ਦੇ ਸ਼ੱਕ ਉਪਜਾਉਂਦਾ ਹੈ ਅਤੇ ਕਈ ਵਾਰੀ ਇਹੀ ਵਿਹਾਰ ਆਤਮਘਾਤ ਜਾਂ ਬਦਲੇ ਜਾਂ ਕਤਲ ਦਾ ਕਾਰਨ ਬਣਦਾ ਹੈ।

ਅਤ੍ਰਿਪਤੀ, ਅਕੇਵਾਂ ਅਤੇ ਇਕੱਲਤਾ ਬੇਵਫ਼ਾਈ ਦਾ ਆਧਾਰ ਹੁੰਦੇ ਹਨ।

ਪਤੀ-ਪਤਨੀ ਦੋਵਾਂ ਵਿਚ ਬੇਵਫ਼ਾਈ ਦੀ ਭਾਵਨਾ ਵੀ ਉਪਰੋਕਤ ਕਾਰਨਾਂ ਕਰਕੇ ਹੀ ਉਪਜਦੀ ਹੈ। ਇਹ ਹੈਰਾਨੀ ਭਰੀ ਸੱਚਾਈ ਹੈ ਕਿ ਬਹੁਤੀਆਂ ਪਤਨੀਆਂ ਦੀ ਬੇਵਫ਼ਾਈ

ਪਿਛੇ ਭਾਵਨਾ ਵਿਆਹ ਨੂੰ ਬਣਾਈ ਰਖਣ ਦੀ ਹੁੰਦੀ ਹੈ। ਉਹ ਆਪਣੀ ਬੇਵਫ਼ਾਈ ਨੂੰ ਕੁਝ ਇਸ ਤਰ੍ਹਾਂ ਵਿਉਂਤਦੀਆਂ ਹਨ ਕਿ ਵਿਆਹੁਤਾ ਜੀਵਨ ਵੀ ਜਿਵੇਂ-ਕਿਵੇਂ ਚਲਦਾ ਰਹੇ, ਜਿਸ ਦਾ ਆਮ ਕਰਕੇ ਮੁੱਖ ਕਾਰਨ ਬੱਚੇ ਹੁੰਦੇ ਹਨ।

ਕਿਸੇ ਬੀਮਾਰੀ ਜਾਂ ਹੋਰ ਕਾਰਨਾਂ ਕਰ ਕੇ ਸਰੀਰਕ ਤੌਰ ਉਤੇ ਆਪਣੇ ਪਤੀ ਨੂੰ ਸੰਤੁਸ਼ਟ ਕਰਨ ਤੋਂ ਅਸਮਰਥ ਪਤਨੀ, ਚੁੱਪ ਰੂਪ ਵਿਚ ਪਤੀ ਨੂੰ ਆਪਣੀ ਸੰਤੁਸ਼ਟੀ ਦੇ ਹੋਰ ਸਾਧਨ ਲੱਭਣ ਦੀ ਆਗਿਆ ਦਿੰਦੀ ਹੈ ਪਰ ਪਤਨੀ ਨੂੰ ਪਤੀ ਕਦੀ ਵੀ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦਾ।

ਕਈ ਵਾਰੀ ਅਣਗਹਿਲੀ ਦਾ ਸ਼ਿਕਾਰ ਜਾਂ ਕਿਸੇ ਵੀ ਹੋਰ ਕਾਰਨ ਪੀੜਤ ਪਤਨੀ, ਪਤੀ ਪ੍ਰਤੀ ਬਦਲੇ ਦੀ ਇਕਮਾਤਰ ਭਾਵਨਾ ਨਾਲ ਵੀ ਬੇਵਫ਼ਾਈ ਕਰਦੀ ਹੈ। ਅਜਿਹੀਆਂ ਪਤਨੀਆਂ ਨੂੰ ਬਦਲੇ ਦੀ ਖੋਟੀ ਤਸੱਲੀ ਤੋਂ ਸਿਵਾਏ ਕੁਝ ਨਹੀਂ ਮਿਲਦਾ ਪਰ ਸੱਚ ਇਹ ਹੈ ਕਿ ਦੋਵਾਂ ਵਿੱਚ ਜਿਸ ਨੂੰ ਬੇਵਫ਼ਾਈ ਦੀ ਆਦਤ ਪੈ ਜਾਵੇ, ਉਸ ਵਲੋਂ ਵਾਪਸ ਮੁੜਨਾ ਸਹਿਲ ਨਹੀਂ ਹੁੰਦਾ ਅਤੇ ਅੰਤ ਨੂੰ ਦੰਪਤੀ ਜੀਵਨ ਘੁੰਮਣ-ਘੇਰੀ ਵਿਚ ਫਸ ਹੀ ਜਾਂਦਾ ਹੈ।

ਪਤੀ ਦੇ ਮੁਕਾਬਲੇ ਪਤਨੀ ਲਈ ਵਾਪਸ ਮੁੜਨਾ ਵਧੇਰੇ ਮੁਸ਼ਕਿਲ ਹੁੰਦਾ ਹੈ।

ਪਤਨੀਆਂ ਦੀ ਬੇਵਫ਼ਾਈ ਦਾ ਮੁੱਖ ਕਾਰਨ ਸਰੀਰਕ ਭੁੱਖ ਨਹੀਂ, ਮਾਨਸਿਕ ਅਤ੍ਰਿਪਤੀ ਹੁੰਦਾ ਹੈ। ਅਸੰਤੁਸ਼ਟ ਪਤਨੀਆਂ ਵਿਚ ਸਨੇਹ, ਹਮਦਰਦੀ, ਪਿਆਰ, ਰੋਮਾਂਸ ਅਤੇ ਤੋਹਫ਼ੇ ਪ੍ਰਾਪਤ ਕਰਨ ਦੀ ਇੱਛਾ, ਉਨ੍ਹਾਂ ਨੂੰ ਦੂਜੇ ਪੁਰਸ਼ਾਂ ਦੇ ਗੂੜ੍ਹੇ ਸੰਪਰਕ ਵਿਚ ਲਿਆਉਂਦੀ ਹੈ।

ਆਮ ਹਾਲਤਾਂ ਵਿਚ ਸਰੀਰਕ ਖੁੱਲ੍ਹ ਦੀ ਮੰਗ ਪੁਰਸ਼ ਕਰਦਾ ਹੈ ਅਤੇ ਉਹ ਹੀਲੇ-ਬਹੀਲੇ ਔਰਤ ਤੋਂ ਹਾਂ ਕਰਵਾ ਲੈਂਦਾ ਹੈ ਅਤੇ ਸਰੀਰਕ ਸੰਬੰਧਾਂ ਦਾ ਇਕ ਅਜਿਹਾ ਗੇੜ ਚਲਦਾ ਹੈ ਕਿ ਸਨੇਹ, ਹਮਦਰਦੀ ਆਦਿ ਦੀ ਭਾਵਨਾ ਤਾਂ ਹਵਾ ਵਿਚ ਉਡ ਜਾਂਦੀ ਹੈ ਅਤੇ ਸਾਰਾ ਕਾਰਜ ਮਕਾਨਕੀ ਬਣ ਕੇ ਰਹਿ ਜਾਂਦਾ ਹੈ ਅਤੇ ਦੋਵੇਂ ਜਲਦੀ ਹੀ ਇਕ ਦੂਜੇ ਤੋਂ ਉਪਰਾਮ ਹੋਣ ਲੱਗ ਪੈਂਦੇ ਹਨ।

ਸਮੇਂ ਦੇ ਬੀਤਣ ਨਾਲ ਦਿਲਚਸਪੀ ਅਤੇ ਉਤਸੁਕਤਾ, ਨੀਰਸਤਾ ਅਤੇ ਥਕਾਵਟ ਵਿਚ ਬਦਲ ਜਾਂਦੀ ਹੈ, ਜਿਸ ਕਾਰਨ ਦੋਵੇਂ ਧਿਰਾਂ ਨਵੇਂ ਸਾਥੀ ਲਭਦੀਆਂ ਹਨ।

ਕਈ ਪਤਨੀਆਂ ਇਸ ਕਰਕੇ ਬੇਵਫ਼ਾ ਹੋ ਨਿਬੜਦੀਆਂ ਹਨ, ਕਿਉਂਕਿ ਵਿਆਹ ਦੇ ਬਾਵਜੂਦ ਪਤੀਆਂ ਵੱਲੋਂ ਉਨ੍ਹਾਂ ਨੂੰ ਨਾ ਤਾਂ ਸੰਭਾਵਿਤ ਪਿਆਰ ਮਿਲਦਾ ਹੈ ਅਤੇ ਨਾ ਹੀ ਪਹਿਲਾਂ ਕਿਆਸੀ ਹੋਈ ਮਾਨਤਾ।

ਇਵੇਂ ਬੇਵਫ਼ਾਈ ਨੂੰ ਪਤਨੀ ਵੱਲੋਂ ਕੁਝ ਗੁਆਚੇ ਨੂੰ ਪ੍ਰਾਪਤ ਕਰਨ ਦੀ ਭਟਕਣ ਵੀ ਕਿਹਾ ਜਾ ਸਕਦਾ ਹੈ।

ਮਰਦ ਦੇ ਉਲਟ ਔਰਤ, ਪਤਨੀ ਦੇ ਰੂਪ ਵਿਚ ਕਿਸੇ ਦੂਜੇ ਮਰਦ ਉੱਤੇ ਝੱਟ ਨਹੀਂ ਪਸੀਜਦੀ ਪਰ ਜੇ ਪਸੀਜ ਜਾਏ ਤਾਂ ਆਪਣੇ ਪਤੀ ਉਤੇ ਅਨੇਕਾਂ ਦੋਸ਼ ਲਾ ਕੇ ਉਹ ਆਪਣੇ ਵਰਤਾਰੇ ਨੂੰ ਜਾਇਜ਼ ਠਹਿਰਾਉਂਦੀ ਹੈ ਅਤੇ ਪੁਰਸ਼ ਵੱਲੋਂ ਅਜਿਹੀ ਇਸਤਰੀ ਤੋਂ ਖਹਿੜਾ ਛੁਡਾਉਣਾ ਸੌਖਾ ਨਹੀਂ ਹੁੰਦਾ।

ਦੰਪਤੀ ਜੀਵਨ ਦੀਆਂ ਬੰਦਸ਼ਾਂ ਨੂੰ ਆਪਣੇ ਅਨੁਕੂਲ ਨਾ ਅਨੁਭਵ ਕਰਕੇ ਕਈ ਪਤਨੀਆਂ ਵਿਆਹ ਤੋਂ ਪਹਿਲੇ ਵਾਲੇ ਪਿਆਰ ਨੂੰ ਪਾਲਦੀਆਂ ਹਨ ਅਤੇ ਇਵੇਂ ਦੰਪਤੀ ਜੀਵਨ ਤੋਂ ਬਾਹਰ ਆਪਣੀ ਮਾਨਸਿਕ ਅਤੇ ਭਾਵਕ ਤਸੱਲੀ ਦਾ ਉਹ ਇਕ ਹੋਰ ਆਧਾਰ ਸਥਾਪਤ ਕਰਦੀਆਂ ਹਨ।

ਇਕ ਬੇਵਫ਼ਾ ਪਤਨੀ ਨੂੰ ਕੋਈ ਭੁਲੇਖਾ ਨਹੀਂ ਹੁੰਦਾ ਕਿ ਪਤਾ ਲੱਗਣ ਉਤੇ ਉਸ ਨਾਲ ਕੀ ਵਰਤਾਰਾ ਕੀਤਾ ਜਾਵੇਗਾ ਪਰ ਉਹ ਇਸ ਭਰਮ ਦਾ ਸ਼ਿਕਾਰ ਹੁੰਦੀ ਹੈ ਕਿ ਪਤਾ ਲੱਗੇਗਾ ਹੀ ਨਹੀਂ।

ਪਤੀ ਅਤੇ ਪਤਨੀ ਦੋਵਾਂ ਵਿਚ ਬੇਵਫ਼ਾਈ ਦੀ ਭਾਵਨਾ ਆਮ ਕਰਕੇ ਚਾਲ੍ਹੀ ਕੁ ਸਾਲ ਦੀ ਉਮਰ ਤਕ ਰਹਿੰਦੀ ਹੈ, ਇਸ ਮਗਰੋਂ ਅਨੇਕਾਂ ਕਾਰਨਾਂ ਕਰਕੇ ਮੁਹਾਰਾਂ ਘਰ ਵੱਲ ਅਤੇ ਇਕ-ਦੂਜੇ ਵਲ ਹੀ ਮੁੜਦੀਆਂ ਹਨ।

ਅਜੋਕੇ ਸਮੇਂ ਵਿਚ ਗਰਭ-ਰੋਕੂ ਵਿਧੀਆਂ ਦੇ ਪ੍ਰਚਲਤ ਹੋਣ ਅਤੇ ਮੋਬਾਈਲ ਅਤੇ ਇੰਟਰਨੈੱਟ ਰਾਹੀਂ ਮੇਲ-ਜੋਲ ਰੱਖਣ ਦੀਆਂ ਸਹੂਲਤਾਂ ਵੀ ਇਸਤਰੀ-ਪੁਰਸ਼ ਸੰਬੰਧਾਂ ਵਿਚ ਨਵੇਂ ਪ੍ਰਯੋਗ ਕਰਨ ਦੀ ਰੁੱਚੀ ਨੂੰ ਵਧਾ ਰਹੀਆਂ ਹਨ।

ਇਹ ਸਪਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਦੰਪਤੀ ਜੀਵਨ ਦੀ ਉਪਰਾਮਤਾ ਹੀ ਪਤੀ, ਪਤਨੀ ਦੋਵਾਂ ਵਿਚ ਬੇਵਫ਼ਾਈ ਦਾ ਪਹਿਲਾ ਕਾਰਨ ਬਣਦੀ ਹੈ।

ਅਜਿਹੀ ਸਥਿਤੀ ਵਿਚ ਬੇਵਫ਼ਾਈ ਬਹੁਤਾ ਚਿਰ ਹੰਢਾਈ ਨਹੀਂ ਜਾ ਸਕਦੀ ਪਰ ਬੇਵਫ਼ਾਈ ਤੋਂ ਉਪਜੀਆਂ ਦੰਪਤੀ ਜੀਵਨ ਵਿਚ ਤਰੇੜਾਂ ਸਦੀਵੀ ਹੁੰਦੀਆਂ ਹਨ।

ਪਤਨੀਆਂ ਵੱਲੋਂ ਬੇਵਫ਼ਾਈ ਦੀਆਂ ਘਟਨਾਵਾਂ, ਪਤੀਆਂ ਵੱਲੋਂ ਬੇਵਫ਼ਾਈ ਦੀਆਂ ਘਟਨਾਵਾਂ ਦੇ ਮੁਕਾਬਲੇ ਥੋੜ੍ਹੀਆਂ ਹੁੰਦੀਆਂ ਹਨ ਪਰ ਇਨ੍ਹਾਂ ਦੀ ਗਿਣਤੀ ਨਿਰਸੰਦੇਹ ਵੱਧ ਰਹੀ ਹੈ ਅਤੇ ਇਹ ਸਥਿਤੀ ਦੰਪਤੀ ਜੀਵਨ ਦੀ ਸੰਸਥਾ ਲਈ ਇਕ ਬੜੀ ਗੰਭੀਰ ਧਮਕੀ ਵਜੋਂ ਉਭਰ ਕੇ ਸਾਹਮਣੇ ਆ ਰਹੀ ਹੈ।

***

ਮਾਂ ਬਣਨਾ

ਹਰ ਨਾਰੀ ਮਾਂ ਬਣਨ ਉਪਰੰਤ ਸਭ ਤੋਂ ਪਹਿਲਾਂ ਇਹ ਜਾਣਨਾ ਚਾਹੁੰਦੀ ਹੈ ਕਿ ਉਸ ਦਾ ਬੱਚਾ ਲੜਕਾ ਹੈ ਜਾਂ ਲੜਕੀ।

ਅਜਿਹਾ ਪ੍ਰਸ਼ਨ ਸਾਡੇ ਸਮਾਜ ਵਿਚ ਇਸਤਰੀ ਦੇ ਮਹੱਤਵ ਨਾਲ ਜੁੜਿਆ ਹੋਇਆ ਹੈ। ਕਾਰਨ ਕੁਝ ਵੀ ਹੋਣ, ਪਹਿਲਾ ਬੱਚਾ ਲੜਕਾ ਹੋਣ ਦੀ ਸੂਰਤ ਵਿਚ ਨਾਰੀ ਨੂੰ ਸਮਾਜਿਕ ਪੱਖ ਤੋਂ ਨਵੇਂ ਘਰ ਵਿਚ ਆਪਣੇ ਪ੍ਰਵਾਨ ਚੜ੍ਹਨ ਦੀ ਵਧੇਰੇ ਖੁਸ਼ੀ ਹੁੰਦੀ ਹੈ ਅਤੇ ਲੋੜੀਂਦੀ ਮਾਨਤਾ ਮਿਲਦੀ ਹੈ।

ਕਈ ਲੋਕ ਕਹਿਣਗੇ ਲੜਕੇ ਅਤੇ ਲੜਕੀ ਸੰਬੰਧੀ ਲੋਕਾਂ ਦੇ ਵਿਚਾਰ ਬਦਲ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਲੋਕ ਇਸ ਬਾਰੇ ਸਗੋਂ ਪਰੰਪਰਾਗਤ ਲੀਹਾਂ ਉਤੇ ਹੀ ਪਹਿਲੇ ਨਾਲੋਂ ਵੀ ਵਧੇਰੇ ਸੋਚਦੇ ਹਨ।

ਇਹ ਠੀਕ ਹੈ ਕਿ ਉਨ੍ਹਾਂ ਦੀ ਸਥਿਤੀ ਨਾਲ ਸਮਝੌਤਾ ਕਰਨ ਦੀ ਸਮਰੱਥਾ ਅਤੇ ਧੀ ਨੂੰ ਸਵੀਕਾਰ ਕਰਨ ਦੀ ਯੋਗਤਾ ਵੱਧ ਗਈ ਹੈ।

ਨਾਰੀ ਵੱਲੋਂ ਮਾਂ ਬਣਨ ਉਪਰੰਤ ਦੂਜਾ ਪ੍ਰਸ਼ਨ ਇਹ ਹੁੰਦਾ ਹੈ ਕਿ 'ਬੱਚੇ ਦੇ ਸਾਰੇ ਅੰਗ ਤਾਂ ਠੀਕ-ਠੀਕ ਹਨ'? ਅਰਥਾਤ ਉਸ ਦੇ ਸਰੀਰ ਵਿਚ ਕਿਸੇ ਗੱਲੋਂ ਕੋਈ ਕਸਰ ਤਾਂ ਨਹੀਂ? ਇਹ ਪ੍ਰਸ਼ਨ ਬੱਚੇ ਦੀ ਆਸ ਲਾਈ ਨਾਰੀ ਅਨੇਕਾਂ ਵਾਰ ਆਪਣੇ ਆਪ ਨੂੰ ਕਰਦੀ ਹੈ ਅਤੇ ਇਸ ਪ੍ਰਸ਼ਨ ਦੇ ਪ੍ਰਛਾਵੇਂ ਵਿਚ ਉਸ ਦਾ ਵਤੀਰਾ ਬਦਲ ਜਾਂਦਾ ਹੈ।

ਬੱਚੇ ਦੀ ਆਸ ਲਾਈ ਮਾਂ ਆਪਣੇ ਬੱਚੇ ਦੇ ਸਹੀ-ਸਲਾਮਤ ਹੋਣ ਦੀਆਂ ਅਨੇਕਾਂ ਅਰਦਾਸਾਂ ਕਰਦੀ ਹੈ, ਉਹ ਘੱਟ ਬੋਲਦੀ ਹੈ, ਕਿਸੇ ਹੀਲੇ ਕਿਸੇ ਦਾ ਮਨ ਨਹੀਂ ਦੁਖਾਉਂਦੀ, ਉਸ ਵਿਚ ਤਿਆਗ ਦੀ ਰੁੱਚੀ ਪ੍ਰਬਲ ਹੋ ਜਾਂਦੀ ਹੈ ਅਤੇ ਆਪਣੀ ਸਮਰੱਥਾ ਅਨੁਸਾਰ ਉਹ ਹਰ ਗਰੀਬ-ਗੁਰਬੇ ਦੀ ਸਹਾਇਤਾ ਵੀ ਕਰਦੀ ਹੈ।

ਇਸਤਰੀ ਬੱਚੇ ਨੂੰ ਹੀ ਜਨਮ ਨਹੀਂ ਦਿੰਦੀ, ਬੱਚੇ ਦੇ ਜਨਮ ਨਾਲ ਇਕ ਮਾਂ ਅਤੇ ਇਕ ਸੰਸਾਰ ਦਾ ਜਨਮ ਵੀ ਹੁੰਦਾ ਹੈ।

ਮਾਂ ਬਣਨ ਉਪਰੰਤ ਕੁਝ ਹੀ ਪਲਾਂ ਵਿਚ ਨਾਰੀ ਲਈ ਜੀਵਨ ਅਤੇ ਸੰਸਾਰ ਦੇ ਅਰਥ ਬਦਲ ਜਾਂਦੇ ਹਨ। ਮਾਂ ਬਣਨ ਉਪਰੰਤ ਉਹ ਜੋ ਕੁਝ ਵੀ ਸੋਚਦੀ ਹੈ, ਪਹਿਲਾਂ ਉਹ ਆਪਣੇ ਬੱਚੇ ਦੇ ਸੰਦਰਭ ਵਿਚ ਹੀ ਸੋਚਦੀ ਹੈ।

ਮਾਂ ਭਾਵੇਂ ਕਹਿੰਦੀ ਨਹੀਂ ਪਰ ਉਸ ਦੀ ਅੰਤਰਆਤਮਾ ਮੰਗ ਕਰਦੀ ਹੈ ਕਿ ਉਸ ਦਾ ਬੱਚਾ ਉਸ ਨੂੰ ਸੰਭਾਲ ਦਿੱਤਾ ਜਾਵੇ।

ਸਿਆਣੇ ਡਾਕਟਰ ਅਤੇ ਨਰਸਾਂ ਬੱਚੇ ਦੀ ਸਾਹ ਲੈਣ ਦੀ ਕ੍ਰਿਆ ਦੇ ਸਹੀ ਹੋਣ ਦੀ ਜਾਂਚ ਕਰਕੇ ਬੱਚੇ ਨੂੰ ਮਾਂ ਦੇ ਨਾਲ ਲਿਟਾ ਦਿੰਦੇ ਹਨ।

ਜਨਮ ਉਪਰੰਤ ਬੱਚੇ ਨੂੰ ਨੁਹਾਉਣ ਸੰਬੰਧੀ ਕਈ ਰਾਵਾਂ ਹਨ।

ਚਿਕਿਤਸਾ-ਵਿਗਿਆਨ ਨੇ ਹੁਣ ਇਹ ਸਿੱਧ ਕਰ ਦਿਤਾ ਹੈ ਕਿ ਨਵ-ਜੰਮੇ ਬੱਚੇ ਦੇ ਸਰੀਰ ਉਤੇ ਚਿਪਚਿਪਾਪਣ ਉਸ ਨੂੰ ਮਾਂ ਦੇ ਨਿੱਘੇ ਗਰਭ ਵਿਚੋਂ ਨਿਕਲ ਕੇ ਨਵੇਂ ਤਾਪਮਾਨ ਦਾ ਸਾਹਮਣਾ ਕਰਨ ਵਿਚ ਸਹਾਈ ਹੁੰਦਾ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਜਿਵੇਂ ਬੱਚੇ ਨੂੰ ਜਨਮ ਦੇ ਕੇ ਮਾਂ ਥੱਕ ਜਾਂਦੀ ਹੈ, ਉਵੇਂ ਹੀ ਜਨਮ ਦੀ ਕ੍ਰਿਆ ਵਿਚ ਬੱਚਾ ਵੀ ਅੰਤਾਂ ਦੀ ਥਕਾਵਟ ਅਨੁਭਵ ਕਰਦਾ ਹੈ ਅਤੇ ਇਨ੍ਹਾਂ ਥੱਕੇ ਹੋਏ ਦੋਹਾਂ ਜੀਆਂ ਨੂੰ ਆਰਾਮ ਦੀ ਲੋੜ ਹੁੰਦੀ ਹੈ।

ਪਹਿਲੀ ਵਾਰ ਮਾਂ ਬਣਨ ਵਾਲੀ ਨਾਰੀ ਆਪਣੇ ਬੱਚੇ ਦੀ ਢਿੱਲੀ ਅਤੇ ਵੱਟਾਂ ਵਾਲੀ ਚਮੜੀ ਵੇਖ ਕੇ ਕਈ ਕਿਸਮ ਦੇ ਵਹਿਮ ਉਸਾਰ ਲੈਂਦੀ ਹੈ ਪਰ ਅਸਲੀਅਤ ਇਹ ਹੈ ਕਿ ਬੱਚੇ ਦਾ ਸਰੀਰ ਛੋਟਾ ਹੁੰਦਾ ਹੈ ਅਤੇ ਚਮੜੀ ਦੀ ਥੈਲੀ ਵੱਡੀ ਹੁੰਦੀ ਹੈ।

ਵੱਡੀ ਥੈਲੀ ਵਿਚ ਪਿਆ ਛੋਟਾ ਜਿਹਾ ਬੱਚਾ ਝੁਰੜੀਆਂ ਦੀ ਇਕ ਗੁੱਥੀ ਹੀ ਪ੍ਰਤੀਤ ਹੁੰਦਾ ਹੈ, ਪਰ ਜਦੋਂ ਕੁਝ ਮਹੀਨੇ ਮਗਰੋਂ ਸਰੀਰ ਥੈਲੀ ਦੇ ਮੇਚ ਦਾ ਬਣ ਜਾਵੇ ਤਾਂ ਬੱਚਾ ਗੋਲ-ਮਟੋਲ ਅਤੇ ਨਿਖਰਿਆ-ਨਿਖਰਿਆ ਨਜ਼ਰ ਆਉਂਦਾ ਹੈ।

ਕਈ ਵਾਰੀ ਪਹਿਲੀ ਵਾਰੀ ਮਾਂ ਬਣਨ ਵਾਲੀ ਨਾਰੀ ਜਦੋਂ ਆਪਣੇ ਬੱਚੇ ਦੇ ਸਿਰ ਉਤੇ ਹੱਥ ਫੇਰਦੀ ਹੈ ਤਾਂ ਉਹ ਇਹ ਅਨੁਭਵ ਕਰਕੇ ਘਬਰਾ ਜਾਂਦੀ ਹੈ ਕਿ ਬੱਚੇ ਦੇ ਸਿਰ ਵਿਚ ਖੱਪੇ ਵਾਲੀ ਥਾਂ ਹੈ ਜਾਂ ਇਕ ਡੂੰਘ ਹੈ।

ਅਸਲੀਅਤ ਇਹ ਹੁੰਦੀ ਹੈ ਕਿ ਖੋਪੜੀ ਦੀਆਂ ਹੱਡੀਆਂ ਅਜੇ ਜੁੜੀਆਂ ਨਹੀਂ ਹੁੰਦੀਆਂ ਅਤੇ ਉਨ੍ਹਾਂ ਦੇ ਜੁੜਨ ਵਾਲੀ ਥਾਂ ਇਕ ਡੂੰਘ ਵਾਂਗ ਪ੍ਰਤੀਤ ਹੁੰਦੀ ਹੈ।

ਬੱਚੇਦਾਨੀ ਵਿਚੋਂ ਬੱਚੇ ਦੇ ਬਾਹਰ ਨਿਕਲਣ ਨੂੰ ਸੌਖਾ ਬਣਾਉਣ ਲਈ ਹੀ ਇਹ ਹੱਡੀਆਂ ਜੁੜੀਆਂ ਨਹੀਂ ਹੁੰਦੀਆਂ।

ਇਹ ਖੱਪਾ ਜਾਂ ਡੂੰਘ ਪਹਿਲੇ ਲਗਭਗ ਬਾਰ੍ਹਾਂ ਮਹੀਨਿਆਂ ਵਿਚ ਭਰ ਜਾਂਦਾ ਹੈ।

ਕਈ ਮਾਂਵਾਂ ਉਪਰੋਕਤ ਡੂੰਘ ਤੋਂ ਘਬਰਾ ਕੇ ਬੱਚੇ ਦਾ ਸਿਰ ਨਹੀਂ ਧੋਂਦੀਆਂ ਜਦੋਂ ਕਿ ਅਜਿਹਾ ਕਰਨ ਵਿਚ ਕੋਈ ਹਰਜ ਨਹੀਂ ਹੁੰਦਾ।

ਕੁਦਰਤ ਨੇ ਸਿਰ ਦੀ ਚਮੜੀ ਅੰਦਰ ਦਿਮਾਗ ਦੀ ਰੱਖਿਆ ਲਈ ਇਕ ਤਰਲ-ਤਹਿ ਉਪਜਾਈ ਅਤੇ ਜਮਾਈ ਹੁੰਦੀ ਹੈ।

ਕਈ ਅਣਜਾਣ ਮਾਂਵਾਂ ਨਵ-ਜੰਮੇ ਬੱਚੇ ਬਾਰੇ ਕੁਝ ਦਿਨਾਂ ਮਗਰੋਂ ਹੀ ਡਾਕਟਰ ਕੋਲ ਆਪਣੀ ਘਬਰਾਹਟ ਪ੍ਰਗਟਾਉਂਦੀਆਂ ਹਨ ਕਿ 'ਡਾਕਟਰ ਸਾਹਿਬ, ਮੇਰੇ ਤੋਂ ਮੇਰੇ ਬੱਚੇ ਦੇ

ਸਿਰ ਦੀ ਹੱਡੀ ਟੁੱਟ ਗਈ ਹੈ' ਜਾਂ ਡਾਕਟਰ ਸਾਹਿਬ, 'ਵੇਖਣਾ ਮੇਰੇ ਬੱਚੇ ਦੇ ਦਿਮਾਗ ਵਿਚ ਕੋਈ ਨੁਕਸ ਤਾਂ ਨਹੀਂ ਪੈ ਗਿਆ ?'

ਮਾਂ ਬਣਨ ਉਪਰੰਤ, ਨਾਰੀ ਦੇ ਮਨ ਵਿਚ ਬੜੀ ਵੱਡੀ ਅਤੇ ਵਿਲੱਖਣ ਮਨੋਵਿਗਿਆਨਕ ਤਬਦੀਲੀ ਆਉਂਦੀ ਹੈ।

'ਬੱਚਾ ਠੀਕ ਹੋਵੇਗਾ ਕਿ ਨਹੀਂ' ਦੀ ਥਾਂ 'ਕੀ ਮੈਂ ਬੱਚੇ ਨੂੰ ਠੀਕ ਤਰ੍ਹਾਂ ਪਾਲ ਵੀ ਸਕਾਂਗੀ ਕਿ ਨਹੀਂ ? ' 'ਮੈਨੂੰ ਤਾਂ ਕੁਝ ਵੀ ਨਹੀਂ ਪਤਾ' ਆਦਿ ਚਿੰਤਾਵਾਂ ਅਤੇ ਸਮੱਸਿਆਵਾਂ ਉਸ ਨੂੰ ਆਣ ਘੇਰਦੀਆਂ ਹਨ।

ਮਾਂ ਦੀਆਂ ਆਪਣੇ-ਆਪ ਦੇ ਸਹੀ-ਸਲਾਮਤ ਹੋਣ ਦੀਆਂ ਚਿੰਤਾਵਾਂ ਤਾਂ ਮੁੱਕ ਜਾਂਦੀਆਂ ਹਨ ਪਰ ਬੱਚੇ ਸੰਬੰਧੀ ਅਨੇਕਾਂ ਹੀ ਪ੍ਰਸ਼ਨ ਉਸ ਨੂੰ ਆਣ ਘੇਰਦੇ ਹਨ।

ਸਰੀਰਕ ਕਮਜ਼ੋਰੀ ਅਤੇ ਨਵੀਆਂ ਸਮੱਸਿਆਵਾਂ ਵਿਚਕਾਰ ਘਿਰੀ ਮਾਂ, ਆਮ ਕਰਕੇ ਆਪਣਾ ਸੰਤੁਲਨ ਗਵਾ ਬੈਠਦੀ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਸ ਦੀ ਆਵਾਜ਼ ਵਿਚ ਤਲਖੀ, ਤਬੀਅਤ ਵਿਚ ਬੇਚੈਨੀ, ਕੰਮ-ਕਾਰ ਸੰਬੰਧੀ ਘਬਰਾਹਟ ਅਤੇ ਬੇਆਰਾਮੀ ਤੋਂ ਉਪਜੀ ਥਕਾਵਟ ਸਹਿਜੇ ਹੀ ਵਾਤਾਵਰਣ ਨੂੰ ਬਦਲ ਦਿੰਦੀਆਂ ਹਨ ਪਰ ਕੁਝ ਹੀ ਦਿਨਾਂ ਵਿਚ ਜਦੋਂ ਉਸ ਦਾ ਸਰੀਰ ਤਾਕਤ ਫੜਦਾ ਹੈ ਅਤੇ ਬੱਚਾ ਵੀ ਉਸ ਨਾਲ ਰੱਚ-ਮਿੱਚ ਜਾਂਦਾ ਹੈ ਤਾਂ ਉਸ ਦਾ ਸਥਿਤੀ ਉਤੇ ਕਾਬੂ ਵੱਧਣ ਕਾਰਨ, ਉਸ ਦਾ ਵਰਤਾਰਾ ਵੀ ਸੰਤੁਲਤ ਹੋਣ ਵਾਲੇ ਰਾਹ ਪੈ ਜਾਂਦਾ ਹੈ।

ਵੇਖਿਆ ਗਿਆ ਹੈ ਕਿ ਮਾਂ-ਪੁਣੇ ਦਾ ਤੀਜਾ-ਚੌਥਾ ਦਿਨ ਵਿਸ਼ੇਸ਼ ਕਰਕੇ ਬੜੀ ਘਬਰਾਹਟ ਵਾਲਾ ਦਿਹਾੜਾ ਹੁੰਦਾ ਹੈ।

ਇਸ ਦਾ ਇਕ ਕਾਰਨ ਇਹ ਹੁੰਦਾ ਹੈ ਕਿ ਪਹਿਲੇ ਦਿਨਾਂ ਵਿਚ ਸਮੱਸਿਆਵਾਂ ਵੱਧਦੀਆਂ ਹੀ ਜਾਂਦੀਆਂ ਹਨ। ਇਸ ਦੇ ਨਾਲ ਹੀ ਮਾਂ ਨੂੰ ਇਹ ਅਨੁਭਵ ਕਰਕੇ ਵੀ ਹੈਰਾਨੀ ਹੁੰਦੀ ਹੈ ਕਿ ਉਸ ਦੇ ਮਨ ਵਿਚ ਆਪਣੇ ਬੱਚੇ ਲਈ ਮੋਹ ਕਿਉਂ ਨਹੀਂ ਪੈਂਦਾ ਹੋਇਆ। ਇਸ ਅਨੁਭਵ ਦਾ ਕਾਰਨ ਅਤੇ ਪਿਛੋਕੜ ਮਾਂ-ਬੱਚੇ ਦੇ ਆਪਸੀ ਮੋਹ ਦੀਆਂ ਕਈ ਸੁਣੀਆਂ-ਸੁਣਾਈਆਂ ਕਹਾਣੀਆਂ ਹੁੰਦੀਆਂ ਹਨ।

ਅਸਲੀਅਤ ਇਹ ਹੈ ਕਿ ਮੋਹ ਜਾਂ ਪਿਆਰ ਹੌਲੀ-ਹੌਲੀ ਵੱਧਦਾ ਹੈ।

ਜਿਉਂ-ਜਿਉਂ ਮਾਂ ਬੱਚੇ ਦੇ ਵਧੇਰੇ ਕੰਮ ਕਰੇਗੀ ਅਤੇ ਉਸ ਦਾ ਵਧੇਰੇ ਧਿਆਨ ਰਖੇਗੀ, ਤਿਉਂ-ਤਿਉਂ ਉਸ ਵਿਚ ਅਪਣੱਤ ਜਾਗੇਗੀ ਅਤੇ ਜਿਉਂ-ਜਿਉਂ ਬੱਚੇ ਦੀ ਨਿਰਭਰਤਾ ਮਾਂ ਉਤੇ ਵਧੇਗੀ, ਤਿਉਂ-ਤਿਉਂ ਬੱਚੇ ਦਾ ਮਾਂ ਨਾਲ ਲਗਾਓ ਵਧੇਗਾ।

ਇਹ ਆਪਸੀ ਆਦਾਨ-ਪ੍ਰਦਾਨ ਹੀ ਮਮਤਾ, ਮੋਹ ਅਤੇ ਪਿਆਰ ਅਖਵਾਉਂਦਾ ਹੈ।

ਮਾਂ ਦੀ ਪ੍ਰਬੰਧਕੀ-ਯੋਗਤਾ ਉਦੋਂ ਪਰਖੀ ਜਾਂਦੀ ਹੈ, ਜਦੋਂ ਉਹ ਦੂਜੇ ਬੱਚੇ ਦੀ ਮਾਂ ਬਣਦੀ ਹੈ, ਕਿਉਂਕਿ ਫਿਰ ਦੋਵੇਂ ਬੱਚੇ ਮਾਂ ਦਾ ਧਿਆਨ ਖਿੱਚਣ ਲਈ ਆਪਸ ਵਿਚ ਮੁਕਾਬਲਾ, ਸਾੜਾ ਅਤੇ ਈਰਖਾ ਕਰਦੇ ਹਨ।

ਜੇ ਮਾਂ ਵੱਡੇ ਬੱਚੇ ਨੂੰ ਛੋਟੇ ਬੱਚੇ ਦਾ ਧਿਆਨ ਰਖਣਾ ਸਿਖਾ ਦੇਵੇ ਤਾਂ ਇਸ ਨਾਲ ਮਾਂ ਦੇ ਸਮੇਂ ਦਾ ਮਹੱਤਵ ਹੀ ਨਹੀਂ ਵੱਧਦਾ, ਪਰਿਵਾਰ ਦੇ ਸਾਰੇ ਜੀਆਂ ਦਾ ਪਾਲਣ-ਪੋਸਣ ਵੀ ਚੰਗੇਰਾ ਹੋ ਜਾਂਦਾ ਹੈ।

ਬੱਚੇ ਦੇ ਜੀਵਨ ਦੇ ਮੁੱਢਲੇ ਮਹੀਨੇ ਬੜੇ ਮਹੱਤਵਪੂਰਨ ਹੁੰਦੇ ਹਨ ਅਤੇ ਇਹੀ ਮਹੀਨੇ ਮਾਂ ਬਣਨ ਵਾਲੀ ਇਸਤਰੀ ਦੀ ਯੋਗਤਾ ਪਰਖਣ ਦੇ ਮਹੀਨੇ ਵੀ ਹੁੰਦੇ ਹਨ।

ਇਕ ਸੁਯੋਗ ਮਾਂ ਬੱਚੇ ਦੀ ਨਿਗਰਾਨੀ ਕਰਦੀ ਹੈ, ਧਿਆਨ ਵੀ ਰਖਦੀ ਹੈ ਅਤੇ ਬੱਚੇ ਨੂੰ ਆਪਣੀ ਸਰੀਰਕ ਛੋਹ ਵੀ ਦਿੰਦੀ ਹੈ ਪਰ ਉਸ ਨੂੰ ਆਪਣੇ ਉਤੇ ਬੇਲੋੜਾ ਨਿਰਭਰ ਹੋਣ ਦੀ ਆਦਤ ਨਹੀਂ ਪਾਉਂਦੀ।

ਪ੍ਰਸੰਨ ਬੱਚਾ ਬਹੁਤਾ ਦੁੱਧ ਨਹੀਂ ਪੀਂਦਾ, ਪ੍ਰਸੰਨ ਹੋਣ ਕਰਕੇ ਉਸ ਨੂੰ ਬਹੁਤਾ ਦੁੱਧ ਲੋੜ ਵੀ ਨਹੀਂ ਪੈਂਦਾ।

ਬੱਚਾ ਅਣਜਾਣ ਨਹੀਂ ਹੁੰਦਾ, ਸਭ ਕੁਝ ਜਾਣਦਾ ਹੁੰਦਾ ਹੈ, ਸੋ ਉਸ ਨੂੰ ਇਸ ਭਰੋਸੇ ਦੀ ਲੋੜ ਹੁੰਦੀ ਹੈ ਕਿ ਮਾਂ ਨੇੜੇ-ਤੇੜੇ ਹੈ।

ਨਿਰਸੰਦੇਹ ਕਈ ਬੱਚੇ ਇਤਨੀ ਯੋਗਤਾ ਵਾਲੇ ਹੁੰਦੇ ਹਨ ਕਿ ਉਨ੍ਹਾਂ ਨੂੰ ਮਾਂ ਨਹੀਂ ਪਾਲਦੀ, ਉਹ ਮਾਂ ਨੂੰ ਪਾਲਦੇ ਹਨ ਅਤੇ ਮਾਂ ਨੂੰ ਮਾਂ ਬਣਨ ਦਾ ਵਿਸਮਾਦੀ ਆਨੰਦ ਪ੍ਰਦਾਨ ਕਰਦੇ ਹਨ ਅਤੇ ਅਜਿਹੀਆਂ ਘੜੀਆਂ ਵਿਚ ਮਾਂ ਦਾ ਹਿਰਦਾ ਪਰਮਾਤਮਾ ਦੇ ਸ਼ੁਕਰਾਨੇ ਵਿਚ ਆਪ-ਮੁਹਾਰੇ ਝੁਕ ਜਾਂਦਾ ਹੈ।

+++

ਅੱਕਣਾ-ਥੱਕਣਾ

'ਡਾਕਟਰ ਸਾਹਿਬ, ਮੈਨੂੰ ਬੀਮਾਰੀ ਤਾਂ ਕੋਈ ਨਹੀਂ ਪਰ ਜ਼ਿੰਦਗੀ ਤੋਂ ਅੱਕ ਗਿਆ ਹਾਂ, ਬਹੁਤ ਥੱਕ ਗਿਆ ਹਾਂ'

ਹਸਪਤਾਲਾਂ ਵਿਚ ਉਪਰੋਕਤ ਵਾਕ ਬੋਲਣ ਵਾਲੇ ਵਿਅਕਤੀਆਂ ਦੀ ਗਿਣਤੀ, ਵੱਡੇ ਸ਼ਹਿਰਾਂ ਵਾਂਗ ਛੋਟੇ ਸ਼ਹਿਰਾਂ ਵਿਚ ਵੀ, ਦਿਨੋ-ਦਿਨ ਵੱਧ ਰਹੀ ਹੈ।

ਤੇਜ਼ ਰਫਤਾਰ ਵਾਲੀ ਆਧੁਨਿਕ ਜ਼ਿੰਦਗੀ ਵਿਚ ਥੱਕੇਵਾਂ ਅਤੇ ਅਕੇਵਾਂ ਸਾਡੇ ਹੱਡਾਂ ਵਿਚ ਰਚਦਾ ਜਾ ਰਿਹਾ ਹੈ।

ਜ਼ਿੰਦਗੀ ਇੰਨੀ ਤੇਜ਼ ਹੋ ਗਈ ਹੈ ਕਿ ਉਸ ਨਾਲ ਪੈਰ ਮਿਲਾ ਕੇ ਚਲਣਾ ਸੰਭਵ ਨਹੀਂ ਰਿਹਾ। ਬੱਸਾਂ, ਗੱਡੀਆਂ ਆਦਿ ਦੀ ਉਡੀਕ ਕੀਤੀ ਜਾ ਰਹੀ ਹੈ, ਬੱਸਾਂ ਅਤੇ ਗੱਡੀਆਂ ਵਿਚ ਵੱਧਦੀ ਭੀੜ ਵਾਂਗ ਹੀ ਹਸਪਤਾਲਾਂ, ਡਿਪੂਆਂ, ਸਿਨੇਮਿਆਂ, ਇੱਥੋਂ ਤਕ ਕਿ ਮੰਦਰਾਂ, ਗੁਰਦੁਆਰਿਆਂ ਵਿਚ ਵੀ ਲਾਈਨਾਂ ਵਿਚ ਲੱਗਣਾ ਪੈ ਰਿਹਾ ਹੈ।

ਜਿਸ ਕੰਮ ਨੂੰ ਸ਼ੌਕ ਨਾਲ ਹੱਥ ਪਾਇਆ ਜਾਵੇ, ਉਸ ਵਿਚ ਵੀ ਅੱਧ ਵਿਚ ਪਹੁੰਚ ਕੇ ਦਿਲਚਸਪੀ ਹੀ ਖਤਮ ਹੋ ਜਾਂਦੀ ਹੈ।

ਲੋਕ ਪਹਾੜਾਂ 'ਤੇ ਜਾ ਰਹੇ ਹਨ ਪਰ ਵਾਪਸੀ ਉਤੇ ਖਾਲੀ ਜੇਬਾਂ ਨਾਲ, ਥਕਾਵਟ ਦੀਆਂ ਪੰਡਾਂ ਬੰਨ੍ਹ ਕੇ ਲੈ ਆਉਂਦੇ ਹਨ।

ਸਮੁੱਚੇ ਵਰਤਾਰੇ ਵਿਚ ਦੇਰੀ, ਬੇਲੋੜੀ ਇੰਤਜ਼ਾਰ, ਥਕਾਵਟ, ਲੰਮੀਆਂ ਮੀਟਿੰਗਾਂ, ਨਿਗੂਣੀਆਂ ਬਹਿਸਾਂ, ਸਾਲਾਂ ਤੋਂ ਲਮਕਦੇ ਫੈਸਲੇ, ਕੱਚੀ ਨੌਕਰੀ ਦਾ ਸੰਤਾਪ, ਹਰ ਸਮੇਂ ਬਦਲੀ ਦਾ ਡਰ, ਹਰ ਮੰਗ ਮੰਨਵਾਉਣ ਲਈ ਹੜਤਾਲਾਂ, ਜਲਸੇ, ਜਲੂਸ, ਇਕ ਸਮੱਸਿਆ ਸੁਲਝਦੀ ਹੈ, ਦਸ ਹੋਰ ਪੈਦਾ ਹੋ ਜਾਂਦੀਆਂ ਹਨ, ਸੇਵਾ-ਮੁਕਤੀ ਨੇੜੇ ਹੋਣੀ ਆਦਿ ਅਨੇਕਾਂ ਹੀ ਪੱਖ ਹਨ, ਜਿਹੜੇ ਇਹ ਪ੍ਰਭਾਵ ਦਿੰਦੇ ਹਨ ਕਿ ਜ਼ਿੰਦਗੀ ਰੇਤ ਵਾਂਗ ਉਂਗਲਾਂ ਵਿਚੋਂ ਕਿਰਦੀ ਜਾ ਰਹੀ ਹੈ, ਤਿਲ੍ਹਕਦੀ ਜਾ ਰਹੀ ਹੈ।

ਘਰਾਂ ਵਿਚ ਬੱਚਿਆਂ ਦੀਆਂ ਲੋੜਾਂ, ਉਨ੍ਹਾਂ ਨੂੰ ਪੂਰਾ ਕਰਨ ਦੀ ਸਾਡੀ ਸਮਰੱਥਾ ਨਾਲੋਂ ਤੇਜ਼ੀ ਨਾਲ ਵੱਧ ਰਹੀਆਂ ਹਨ। ਅਨੇਕਾਂ ਯੰਤਰਾਂ ਦੀ ਘਰ ਵਿਚ ਆਮਦ ਕਾਰਨ ਉਨ੍ਹਾਂ ਵਿਚੋਂ ਕੁਝ ਨਾ ਕੁਝ ਵਿਗੜਿਆ ਹੀ ਰਹਿੰਦਾ ਹੈ। ਉਨ੍ਹਾਂ ਨੂੰ ਠੀਕ ਕਰਵਾਉਣ ਦੀ ਚਿੰਤਾ, ਕਰਜ਼ੇ ਨੂੰ ਲਾਹੁਣ ਦੀ ਮਜਬੂਰੀ, ਗੰਭੀਰ ਬੀਮਾਰੀ, ਮਕਾਨ ਦੀ ਅਚਾਨਕ ਮੁਰੰਮਤ, ਨੌਕਰੀ ਵਿਚ ਮੁਅੱਤਲੀ ਆਦਿ ਸਮੱਸਿਆਵਾਂ ਸਾਡੀ ਝੁੰਜਲਾਹਟ ਨੂੰ ਜ਼ਰਬਾਂ ਦੇ ਰਹੀਆਂ ਹਨ।

ਜੀਵਨ ਵਿਚ ਕੁਝ ਵੀ ਨਿਸ਼ਚਿਤ ਨਹੀਂ ਰਿਹਾ।

ਤਕਨਾਲੋਜੀ ਨੇ ਖਾਣ, ਪੀਣ, ਹੰਢਾਉਣ ਦੀ ਲਾਲਸਾ ਵਧਾ ਦਿੱਤੀ ਹੈ ਪਰ ਪੂੰਜੀਵਾਦੀ ਜੀਵਨ-ਪ੍ਰਣਾਲੀ ਨੇ ਵੱਧਦੇ ਵਸੀਲਿਆਂ ਦੇ ਬਾਵਜੂਦ ਪਰਿਵਾਰ ਲਈ ਆਰਥਿਕ ਫੈਸਲੇ ਕਰਨੇ ਮੁਸ਼ਕਿਲ ਕਰ ਦਿੱਤੇ ਹਨ।

ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਸਮੇਂ ਨਾਲ ਦੌੜ ਲਾ ਰਹੇ ਹੋਈਏ।

ਹੁਣ ਤਾਂ ਅਚਾਨਕ ਮਿਲੀ ਖੁਸ਼ੀ ਨਾਲ ਵੀ ਅਸੀਂ ਘਬਰਾ ਜਾਂਦੇ ਹਾਂ।

ਜ਼ਿੰਦਗੀ ਵਿਚ ਕੁਝ ਵੀ ਸਾਧਾਰਣ ਨਹੀਂ ਰਿਹਾ।

ਅੱਕੇ ਅਤੇ ਥੱਕੇ ਹੋਏ ਪੁਲੀਸ ਵਾਲੇ ਮੁਜਰਿਮ ਨੂੰ ਇਨਾ ਮਾਰ ਬਹਿੰਦੇ ਹਨ ਕਿ ਉਹ ਇਸ ਜ਼ਿੰਦਗੀ ਨੂੰ ਹੀ ਜੈ-ਹਿੰਦ ਕਹਿ ਜਾਂਦਾ ਹੈ।

ਅਧਿਆਪਕ ਇਸ ਪੱਖੋਂ ਇੰਨੇ ਅੱਕੇ ਅਤੇ ਥੱਕੇ ਹੋਏ ਹਨ ਕਿ ਜਿਨ੍ਹਾਂ ਨੂੰ ਉਹ ਸਭਿਅਕ ਬਣਾਉਣਾ ਚਾਹੁੰਦੇ ਹਨ, ਉਹ ਤਾਂ ਇਨਕਲਾਬ ਦੇ ਝੰਡੇ ਚੁੱਕੀ ਫਿਰਦੇ ਹਨ।

ਕੰਡਕਟਰ ਸਵਾਰੀਆਂ ਨਾਲ ਇਵੇਂ ਵਰਤਦੇ ਹਨ, ਜਿਵੇਂ ਉਨ੍ਹਾਂ ਨੂੰ ਮਸਾਂ-ਮਸਾਂ ਦੁਸ਼ਮਣੀ ਕੱਢਣ ਦਾ ਮੌਕਾ ਮਿਲਿਆ ਹੋਵੇ।

ਦੁਕਾਨਦਾਰ ਬਹੁਤੇ ਮੁਨਾਫ਼ੇ ਵਾਲੀਆਂ ਚੀਜ਼ਾਂ ਵੇਚਣ ਲਈ ਚੰਗੇ ਮਾਲ ਬਣਾਉਣ ਵਾਲੀਆਂ ਫੈਕਟਰੀਆਂ ਵਿਚ ਹੜਤਾਲ ਹੋ ਗਈ ਦਸਦੇ ਹਨ। ਨਰਸਾਂ ਅਤੇ ਡਾਕਟਰ, ਤੁਸੀਂ ਜਾਣਦੇ ਹੋ ਮਰੀਜ਼ਾਂ ਨੂੰ ਕਿਵੇਂ ਮਿਲਦੇ ਹਨ।

ਕਰਮਚਾਰੀ ਵਧੇਰੇ ਤਨਖਾਹਾਂ ਲਈ ਇਕ ਨਿਰੰਤਰ ਸੰਘਰਸ਼ ਕਰਦੇ ਪ੍ਰਤੀਤ ਹੁੰਦੇ ਹਨ ਅਤੇ ਇੰਜ ਲਗਦਾ ਹੈ ਕਿ ਜਿਵੇਂ ਉਹ ਇਸੇ ਕੰਮ ਦੀ ਤਨਖਾਹ ਲੈਂਦੇ ਹੋਣ।

ਰਾਜਸੀ ਨੇਤਾ ਗੱਦੀ ਉਤੇ ਬੈਠੇ ਨੂੰ ਉਤਾਰਨ ਵਿਚ ਅਤੇ ਉਤਰੇ ਹੋਏ ਨੂੰ ਬੈਠਾਣ ਵਿਚ ਦਿਨ-ਰਾਤ ਲੋਕਾਂ ਦੀ ਸੇਵਾ ਵਿਚ ਰੁੱਝੇ ਹੋਏ ਹਨ।

ਸ਼ਾਮ ਤਕ ਸਾਰੇ ਹੀ ਅੱਕ ਕੇ, ਥੱਕ ਕੇ, ਹਾਰ ਕੇ, ਹੰਭ ਕੇ, ਬੌਂਦਲੇ ਹੋਏ, ਪ੍ਰੇਸ਼ਾਨ ਅਤੇ ਹੈਰਾਨ ਜਿਹੇ, ਪ੍ਰਤੀਤ ਹੁੰਦੇ ਹਨ।

ਉਪਰੋਕਤ ਮਨੁੱਖੀ ਵਰਤਾਰੇ ਨੇ ਇਕ ਅਜੀਬ ਪ੍ਰਕਾਰ ਦੇ ਅਕੇਵੇਂ ਅਤੇ ਥੱਕੇਵੇਂ ਨੂੰ ਜਨਮ ਦਿੱਤਾ ਹੈ, ਜਿਸ ਨੇ ਮਨੁੱਖ ਨੂੰ ਮਨੋਵਿਗਿਆਨਕ ਅਤੇ ਸਰੀਰਕ ਤੌਰ ਉਤੇ ਬਹੁਤ ਨੇੜਿਓਂ ਪ੍ਰਭਾਵਿਤ ਕੀਤਾ ਹੈ।

ਪੁਲੀਸ ਵਾਲੇ ਆਪਣੇ ਅਕੇਵੇਂ ਅਤੇ ਥਕੇਵੇਂ ਨੂੰ ਤੋੜਨ ਲਈ ਰਿਸ਼ਵਤਾਂ ਲੈ ਰਹੇ ਹਨ, ਅਧਿਆਪਕ ਟਿਊਸ਼ਨਾਂ ਪੜ੍ਹਾ ਕੇ ਕੋਠੀਆਂ ਪਾ ਰਹੇ ਹਨ, ਵਿਦਿਆਰਥੀ ਹੀਲੇ-ਬਹੀਲੇ ਹੜਤਾਲਾਂ ਵਿਚ ਰੁੱਝੇ ਰਹਿਣ ਦਾ ਭੁਲੇਖਾ ਪਾ ਕੇ 'ਕਿਤਾਬਾਂ ਪੜ੍ਹਨ ਲਈ ਵਿਹਲ ਹੀ ਨਹੀਂ' ਦਾ ਬਹਾਨਾ ਵਰਤ ਰਹੇ ਹਨ। ਕੰਡਕਟਰ ਨੂੰ ਸਵਾਰੀਆਂ ਨਹੀਂ, ਉਸ ਦੀ ਆਪਣੀ ਜੇਬ ਲਈ ਰੁਪਏ-ਧੇਲੀਆਂ ਦਿਖਾਈ ਦਿੰਦੀਆਂ ਹਨ।

ਹਰ ਇਕ ਨੇ ਆਪਣੇ ਅਕੇਵੇਂ ਅਤੇ ਥੱਕੇਵੇਂ ਦਾ ਇਲਾਜ ਕੱਢ ਲਿਆ ਹੈ। ਉਦਾਹਰਣ ਵਜੋਂ ਸਰਕਾਰੀ ਬੱਸਾਂ ਵਿਚ ਤੁਸੀਂ ਕਦੇ ਪੈਂਤੀ ਸਾਲ ਤੋਂ ਵੱਧ ਉਮਰ ਦਾ ਕੰਡਕਟਰ ਵੇਖਿਆ

ਹੈ? ਇਸ ਤੋਂ ਪਹਿਲਾਂ ਹੀ ਉਹ ਅੱਕ ਤੇ ਥੱਕ ਜਾਂਦੇ ਹਨ ਅਤੇ ਜਾਂ ਕੱਢ ਦਿੱਤੇ ਜਾਂਦੇ ਹਨ ਜਾਂ ਆਪੇ ਛੱਡ ਜਾਂਦੇ ਹਨ।

ਥੱਕੇਵੇਂ ਅਤੇ ਅਕੇਵੇਂ ਦੇ ਪੰਜ ਪੜਾਅ ਹਨ, ਜਿਵੇਂ ਪਹਿਲੇ ਪੜਾਅ ਵਿਚ ਬੰਦਾ ਕੰਮ 'ਚ ਇਜ ਰੁੱਝ ਜਾਂਦਾ ਹੈ ਜਿਵੇਂ ਹਨੀਮੂਨ ਮਨਾ ਰਿਹਾ ਹੋਵੇ। ਆਪਣੀ ਸਾਰੀ ਸ਼ਕਤੀ ਵਰਤ ਕੇ ਉਹ ਆਪਣੇ ਸਰੀਰ ਨੂੰ ਕਿਸੇ ਨਸ਼ੇ ਦਾ ਨੁਮਾਣਾ ਦਿੰਦਾ ਹੈ।

ਦੂਜੇ ਪੜਾਅ ਵਿਚ ਆਪਣਾ ਜੀਵਨ ਪੱਧਰ ਉੱਚਾ ਕਰਨ ਦੀ ਦੌੜ ਵਿਚ ਉਹ ਕਬਾੜੀ ਬਣ ਜਾਂਦਾ ਹੈ, ਆਮਦਨ ਘੱਟ ਅਤੇ ਖਰਚਾ ਵੱਧ ਹੋਣ ਕਾਰਨ ਇਹ ਵਰਤਾਰਾ ਰਿਸ਼ਵਤ ਦਾ ਆਰੰਭ ਹੋ ਨਿਬੜਦਾ ਹੈ।

ਤੀਜੇ ਪੜਾਅ ਵਿਚ ਉਹ ਉਮਰ ਦੀ ਉਸ ਹੱਦ 'ਤੇ ਪਹੁੰਚਦਾ ਹੈ, ਜਿੱਥੇ ਬੁਢਾਪਾ ਸ਼ੁਰੂ ਹੁੰਦਾ ਹੈ। ਇੱਥੇ ਗੁੱਸਾ, ਚਿੜਚਿੜਾਪਣ, ਥਕਾਵਟ, ਕੋਈ ਦੁਰਘਟਨਾ ਜਾਂ ਗੰਭੀਰ ਸਮੱਸਿਆ ਮਨੁੱਖ ਨੂੰ ਆਣ ਘੇਰਦੀ ਹੈ।

ਚੌਥੇ ਪੜਾਅ ਵਿਚ ਉਸ ਨੂੰ ਆਪਣੇ ਆਪ ਉਤੇ ਸ਼ੱਕ ਹੋਣ ਲੱਗ ਪੈਂਦਾ ਹੈ।

ਜਦੋਂ ਉਹ ਇਕੱਲਿਆਂ ਹੁੰਦਾ ਹੈ ਤਾਂ ਉਸ ਨੂੰ ਆਪਣਾ ਆਪ ਹੀ ਵੱਢ-ਵੱਢ ਖਾਂਦਾ ਹੈ, ਸਾਰੇ ਉਸ ਨੂੰ ਪਰਾਏ ਅਤੇ ਅਜਨਬੀ ਵਿਖਾਈ ਦਿੰਦੇ ਹਨ, ਜਿਸ ਕਾਰਨ ਉਸ ਦਾ ਸੁਭਾਅ ਸ਼ੱਕੀ ਅਤੇ ਮਾਨਸਿਕ ਸਥਿਤੀ ਡਾਵਾਂ-ਡੋਲ ਹੋ ਜਾਂਦੀ ਹੈ।

ਪੰਜਵੇਂ ਪੜਾਅ ਵਿਚ ਪਹਿਲੇ ਚਾਰ ਪੜਾਵਾਂ ਦੇ ਪ੍ਰਭਾਵ ਮਨੁੱਖ ਉਤੇ ਇਸ ਹੱਦ ਤਕ ਭਾਰੂ ਹੋ ਜਾਂਦੇ ਹਨ ਕਿ ਉਸ ਦੀ ਹੋਂਦ ਹੀ ਖਤਰੇ ਵਿਚ ਪੈ ਜਾਂਦੀ ਹੈ।

ਕੋਈ ਗੰਭੀਰ ਬੀਮਾਰੀ ਉਸ ਨੂੰ ਆਣ ਘੇਰਦੀ ਹੈ।

ਇਸ ਸਥਿਤੀ ਵਿਚ ਮਹਿੰਗੇ ਇਲਾਜ ਦੇ ਡਰ ਅਤੇ ਹੋਰ ਆਰਥਿਕ ਸਮੱਸਿਆਵਾਂ ਕਾਰਨ ਮਨੁੱਖ ਨੂੰ ਆਤਮਘਾਤ ਦੇ ਖ਼ਿਆਲ ਆਉਂਦੇ ਹਨ, ਸੋ ਬੰਦਾ ਕੁੜਿਕੀ ਵਿਚ ਫਸ ਗਿਆ ਅਤੇ ਜ਼ਮਾਨੇ ਤੋਂ ਪੱਛੜ ਗਿਆ ਅਨੁਭਵ ਕਰਦਾ ਹੈ, ਕਿਉਂਕਿ ਜਿਨ੍ਹਾਂ ਲਈ ਉਸ ਨੇ ਦਿਨ-ਰਾਤ ਮਿਹਨਤ ਕੀਤੀ ਸੀ, ਜਿਨ੍ਹਾਂ ਲਈ ਉਸ ਨੇ ਸਿਫਾਰਸ਼ਾਂ ਕੀਤੀਆਂ ਸਨ, ਉਹੀ ਉਸ ਵਿਰੁਧ 'ਹਾਏ ਹਾਏ' ਦੇ ਨਾਹਰੇ ਲਾਉਂਦੇ ਹਨ।

ਇਸ ਸਮੇਂ ਅਧੀਨ ਕਰਮਚਾਰੀ, ਆਪਣੇ ਅਫਸਰ ਨੂੰ ਝੁੱਡੂ ਅਤੇ ਘੁੱਗੂ ਸਮਝਣ ਲੱਗ ਪੈਂਦੇ ਹਨ। ਅਜਿਹੀ ਅਕ੍ਰਿਤਘਣਤਾ ਸਾਡੇ ਮਨੋਬਲ ਨੂੰ ਚੂਸ ਲੈਂਦੀ ਹੈ ਅਤੇ ਅਸੀਂ ਫਾਲਤੂ ਪ੍ਰਤੀਤ ਹੋਣ ਅਤੇ ਮਹਿਸੂਸ ਕਰਨ ਲੱਗ ਪੈਂਦੇ ਹਾਂ।

ਅਕੇਵੇਂ ਅਤੇ ਥੱਕੇਵੇਂ ਦਾ ਸਾਡੇ ਉਤੇ ਪ੍ਰਭਾਵ, ਸਾਡੇ ਸਮੁੱਚੇ ਚਰਿੱਤਰ ਅਤੇ ਅਨੁਭਵ ਉਤੇ ਨਿਰਭਰ ਕਰਦਾ ਹੈ। ਅਜਿਹੀ ਸਥਿਤੀ ਵਿਚ ਇਕ ਵਿਅਕਤੀ ਆਕ੍ਰਮਣਕਾਰੀ ਵੀ ਹੋ ਸਕਦਾ ਹੈ, ਆਪਣੇ ਆਪ ਵਿਚ ਸੁੰਗੜ ਵੀ ਸਕਦਾ ਹੈ, ਪਾਗਲ ਵੀ ਹੋ ਸਕਦਾ ਹੈ, ਦੁਨੀਆਂ ਤੋਂ ਕਿਨਾਰਾਕਸ਼ੀ ਵੀ ਕਰ ਸਕਦਾ ਹੈ ਅਤੇ ਕਤਲ ਜਾਂ ਆਤਮਘਾਤ ਵੀ ਕਰ ਸਕਦਾ ਹੈ।

ਅਸੀਂ ਭਾਵੇਂ ਆਪਣੇ ਸੁੱਖਾਂ ਲਈ ਕਿਤਨੇ ਵੀ ਸਾਧਨ ਕਿਉਂ ਨਾ ਪੈਦਾ ਕਰ ਲਈਏ, ਕਿਤਨੇ ਵੀ ਪੈਸੇ ਦੀ ਭਾਵੇਂ ਬੱਚਤ ਕਰ ਲਈਏ, ਅਕੇਵਾਂ ਅਤੇ ਥੱਕੇਵਾਂ ਸਾਨੂੰ ਕਿਸੇ ਸਮੇਂ ਘੇਰ

ਹੀ ਲਵੇਗਾ, ਕਿਉਂਕਿ ਹੁਣ ਸਥਿਤੀਆਂ ਉਤੇ ਸਾਡਾ ਕਾਬੂ ਨਹੀਂ ਰਿਹਾ ਅਤੇ ਕੁਝ ਵੀ ਸਾਡੀ ਮਰਜ਼ੀ ਅਨੁਸਾਰ ਨਹੀਂ ਹੋ ਰਿਹਾ।

ਚਪੜਾਸੀ ਤੋਂ ਲੈ ਕੇ ਦੇਸ਼ ਦੇ ਰਾਸ਼ਟਰਪਤੀ ਤਕ ਦੀ ਜ਼ਿੰਦਗੀ ਦੀ ਚਾਲ ਬੇਢੰਗੀ ਹੋ ਗਈ ਹੈ। ਇਹ ਸਭ ਕੁਝ ਸਾਡੀ ਜ਼ਿੰਦਗੀ ਦੇ ਮਸ਼ੀਨੀਕਰਨ ਅਤੇ ਪੈਸੇ ਲਈ ਲਗੀ ਦੌੜ ਦਾ ਨਤੀਜਾ ਹੈ।

ਪੂੰਜੀਵਾਦ ਤਾਂ ਇਸ ਸਮੱਸਿਆ ਵਿਚ ਗ੍ਰਸਿਆ ਹੀ ਹੋਇਆ ਹੈ, ਸਮਾਜਵਾਦ ਵੀ ਇਸ ਤੋਂ ਮੁੱਕਤ ਨਹੀਂ।

ਇਸ ਦੁਨੀਆਂ ਦਾ ਰੰਗ, ਰੂਪ, ਜ਼ਿੰਦਗੀ ਦੀ ਖੁਸ਼ੀ ਅਤੇ ਖੇੜੇ ਉਤੇ ਨਹੀਂ, ਅਕੇਵੇਂ ਅਤੇ ਥੱਕੇਵੇਂ ਉੱਤੇ ਟਿਕ ਗਿਆ ਹੈ।

ਇਹ ਸਾਰੇ ਪ੍ਰਭਾਵ ਸਾਡੀ ਗੱਲਬਾਤ, ਰਹਿਣੀ-ਬਹਿਣੀ, ਖਾਣ-ਪੀਣ, ਸਾਹਿਤ, ਮਨ ਪ੍ਰਚਾਵੇ ਆਦਿ ਵਿਚ ਵੀ ਪ੍ਰਗਟ ਹੋ ਰਹੇ ਹਨ।

ਸਾਰੀ ਮਨੁੱਖਤਾ ਇਕ ਚੂਹੇ-ਦੌੜ ਵਿਚ ਬਿਨਾਂ ਕਿਸੇ ਨਿਸ਼ਾਨੇ ਵਾਹੋ-ਦਾਹੀ ਦੌੜ ਰਹੀ ਹੈ, ਪ੍ਰਾਪਤੀ ਸਿਵਾਇ ਅਕੇਵੇਂ ਅਤੇ ਥੱਕੇਵੇਂ ਦੇ ਕੁਝ ਨਹੀਂ ਹੋ ਰਹੀ।

ਅਕੇਵਾਂ ਅਤੇ ਥੱਕੇਵਾਂ ਸਭਿਅਤਾ ਅਤੇ ਉੱਨਤੀ ਦੀ ਦੇਣ ਹਨ।

ਇਹ ਸਾਡਾ ਸਭ ਦਾ ਭਵਿੱਖ ਹਨ।

ਇਹ ਸਮੁੱਚੇ ਸਮਾਜ ਦੀ ਸਾਂਝੀ ਸਮੱਸਿਆ ਹੈ ਅਤੇ ਇਸ ਤੋਂ ਬੱਚਣ ਦਾ ਉਪਰਾਲਾ ਸਾਂਝੇ, ਸਹਿਯੋਗੀ ਅਤੇ ਸਭਨਾਂ ਪ੍ਰਤੀ ਸਦਭਾਵਨਾ ਵਾਲੇ ਯਤਨਾਂ ਨਾਲ ਹੀ ਸੰਭਵ ਹੋਵੇਗਾ।

***

ਸੜ ਗਈ ਕਿ ਸਾੜ ਦਿੱਤੀ ?

ਘਰ ਵਿਚ ਨੂੰਹ ਦੀਆਂ ਜੜ੍ਹਾਂ ਲੱਗਣ ਜਾਂ ਨਾ ਲੱਗਣ ਦੀ ਜ਼ਿੰਮੇਵਾਰੀ ਬਹੁਤ ਕਰਕੇ ਸੱਸ ਉਤੇ ਨਿਰਭਰ ਕਰਦੀ ਹੈ।

ਜੇ ਸੱਸ ਆਪਣੇ ਪੁੱਤਰ ਦਾ ਵਿਆਹ ਕਿਧਰੇ ਹੋਰ ਮਨਚਾਹੀ ਥਾਂ ਉਤੇ ਕਰਨ ਵਿਚ ਅਸਫਲ ਹੋਈ ਹੋਵੇ ਅਤੇ ਉਸ ਦੇ ਪੁੱਤਰ ਦਾ ਵਿਆਹ ਉਸ ਦੀ ਮਰਜ਼ੀ ਵਾਲੀ ਥਾਂ ਉਤੇ ਨਾ ਹੋਇਆ ਹੋਵੇ ਤਾਂ ਨੂੰਹ ਭਾਵੇਂ ਕਿੰਨਾ ਵੀ ਦਾਜ ਲੈ ਆਵੇ, ਉਸ ਦੀਆਂ ਜੜ੍ਹਾਂ ਲੱਗਣ ਦੀ ਸੰਭਾਵਨਾ ਬਹੁਤੀ ਨਹੀਂ ਹੁੰਦੀ।

ਜਦੋਂ ਦੋ ਵੱਖ-ਵੱਖ ਧੰਦਿਆਂ ਵਾਲੇ ਟੱਬਰ, ਧੀ ਦਾ ਆਦਾਨ-ਪ੍ਰਦਾਨ ਕਰਦੇ ਹਨ ਤਾਂ ਉਨ੍ਹਾਂ ਨੂੰ ਸੁਭਾਵਿਕ ਹੀ ਜ਼ਿੰਦਗੀ ਦੇ ਕਈ ਅਣਸੁਖਾਵੇਂ ਅਨੁਭਵ ਮਿਲਦੇ ਹਨ।

ਜਿਹੜੇ ਪਤੀਆਂ ਦੀ ਸ਼ਖ਼ਸੀਅਤ ਸੁੰਗੜੀ ਹੋਈ ਅਤੇ ਉਪਜੀਵਕਾ ਮਾਪਿਆਂ ਉਤੇ ਨਿਰਭਰ ਹੋਵੇ, ਉਹ ਸੁਤੰਤਰ ਸੋਚਣੀ ਦੀ ਅਣਹੋਂਦ ਕਾਰਨ, ਘਰੇਲੂ ਸਮੱਸਿਆਵਾਂ ਸੁਲਝਾਉਣ ਦੀ ਥਾਂ ਹੋਰ ਅਤੇ ਨਵੀਆਂ ਸਮੱਸਿਆਵਾਂ ਪੈਦਾ ਕਰਦੇ ਹਨ।

ਸਮੱਸਿਆਵਾਂ ਉਪਜਾਉਣ ਦੇ ਪੱਖੋਂ ਇਕਲੌਤੇ ਲਾਡਲੇ ਪੁੱਤਰ ਮੋਹਰੀ ਹੁੰਦੇ ਹਨ।

ਪ੍ਰਸ਼ਨ ਉਠਦਾ ਹੈ ਕਿ ਦਾਜ ਦੀ ਪ੍ਰਥਾ ਇਤਨੀ ਹੰਢਣਸਾਰ ਕਿਉਂ ਹੈ ?

ਪ੍ਰਤੀਤ ਹੁੰਦਾ ਹੈ ਕਿ ਇਸ ਰਸਮ ਦਾ ਆਧਾਰ ਪੁਰਾਤਨ ਜੀਵਨ ਢੰਗ ਹੈ। ਸਾਮੰਤਵਾਦੀ ਯੁੱਗ ਦੀ ਇਹ ਰਸਮ ਪੂੰਜੀਵਾਦੀ ਯੁੱਗ ਵਿਚ ਇਕਸੁਰ ਨਹੀਂ ਹੋ ਸਕੀ।

ਲਾੜਾ ਘੋੜੀ ਉਤੇ ਬੈਠ ਕੇ, ਤਲਵਾਰ ਫੜ ਕੇ, ਕਲਗੀ ਸਜਾ ਕੇ, ਛੱਤਰ ਝੁਲਾ ਕੇ ਆਪਣੇ ਘਰੋਂ ਉਵੇਂ ਹੀ ਨਿਕਲਦਾ ਹੈ, ਜਿਵੇਂ ਪੁਰਾਤਨ ਰਾਜਾ ਜਾਂ ਰਾਜ ਕੁਮਾਰ ਜੰਗ ਦੇ ਮੈਦਾਨ ਲਈ ਨਿਕਲਿਆ ਕਰਦਾ ਸੀ।

ਬੈਂਡ ਵਾਜਾ ਰਾਜ ਕੁਮਾਰ ਦੀ ਸ਼ਾਨਸ਼ੌਕਤ ਅਰਥਾਤ ਨਗਾਰੇ ਦਾ ਪ੍ਰਤੀਕ ਹੈ। ਬਰਾਤੀ ਅਸਲ ਵਿਚ ਉਸ ਦੇ ਸਲਾਹਕਾਰ ਅਰਥਾਤ ਦਰਬਾਰੀ ਹਨ। ਔਰਤਾਂ ਉਸ ਸਮੇਂ ਜੰਗ ਵਿਚ ਨਹੀਂ ਜਾਂਦੀਆਂ ਸਨ, ਹੁਣ ਵੀ ਪ੍ਰੰਪਰਾਗਤ ਟੱਬਰਾਂ ਵਿਚ ਬਰਾਤ ਵਿਚ ਨਹੀਂ ਜਾਂਦੀਆਂ। ਮਾਂ, ਪੁੱਤਰ ਨੂੰ ਅਸੀਸ ਦਿੰਦੀ ਹੈ, 'ਜਿੱਤ ਕੇ ਆਵੀਂ !' ਬਰਾਤ ਹਮਲਾਵਰ ਫੌਜ ਵਾਂਗ ਅੱਗੇ ਵੱਧਦੀ ਹੈ।

ਦੂਜੇ ਪਾਸੇ ਲੜਕੀ ਵਾਲਿਆਂ ਦਾ ਵਿਵਹਾਰ ਵੀ ਪੁਰਾਤਨ ਰਵਾਇਤਾਂ ਦਾ ਪ੍ਰਤੀਕ ਹੈ। ਕੁੜੀ ਵਾਲਿਆਂ ਦਾ ਮੰਡਪ ਅਸਲ ਵਿਚ ਦੂਜੇ ਰਾਜ ਦਾ ਪ੍ਰਤੀਕ ਹੁੰਦਾ ਹੈ, ਜਿਸ ਉਤੇ

ਰਾਜ ਕੁਮਾਰ ਹਮਲੇ ਦੀ ਵਿਧੀ ਅਨੁਸਾਰ ਆਉਂਦਾ ਹੈ। ਇਸ ਸਥਿਤੀ ਵਿਚ ਦੋ ਹੀ ਰਾਹ ਹਨ, ਦੂਜਾ ਰਾਜਾ (ਧੀ ਦਾ ਪਿਓ) ਜਾਂ ਤਾਂ ਮੁਕਾਬਲਾ ਕਰੇ ਅਤੇ ਜਾਂ ਈਨ ਮੰਨ ਜਾਵੇ।

ਲੜਕੀ ਵਾਲੇ ਈਨ ਮੰਨਣ ਵਾਲੀਆਂ ਸਾਰੀਆਂ ਰਸਮਾਂ ਨਿਭਾਉਂਦੇ ਹਨ।

ਉਹ ਹਮਲਾਵਰਾਂ ਨੂੰ ਆਪਣੀ ਹੱਦ ਤੋਂ ਬਾਹਰ ਆ ਕੇ ਜੀ ਆਇਆਂ ਨੂੰ ਆਖਦੇ ਹਨ। ਧੀ ਦਾ ਪਿਓ ਈਨ ਨੂੰ ਪੱਕਾ ਕਰਨ ਲਈ ਰਾਜੇ ਦੇ ਗਲ ਵਿਚ ਜਿੱਤ ਅਤੇ ਸਵਾਗਤ ਦੇ ਹਾਰ ਪਾਉਂਦਾ ਹੈ ਅਤੇ ਆਪਣੀ ਸਭ ਤੋਂ ਕੀਮਤੀ ਚੀਜ਼, ਧੀ ਭੇਟ ਕਰਕੇ, ਰਾਜ ਕੁਮਾਰ ਨੂੰ ਆਪਣਾ ਜਵਾਈ ਬਣਾਉਂਦਾ ਹੈ ਅਰਥਾਤ ਆਪਣੀ ਅਧੀਨਗੀ ਅਤੇ ਨੀਵਾਂ ਹੋਣ ਦੀ ਸਪਸ਼ਟ ਘੋਸ਼ਣਾ ਕਰਦਾ ਹੈ।

ਜਿੱਤ ਦੀ ਖੁਸ਼ੀ ਵਿਚ ਦਾਅਵਤਾਂ ਉਡਦੀਆਂ ਹਨ ਅਤੇ ਰਾਜ ਕੁਮਾਰ ਅਤੇ ਉਸ ਦੇ ਦਰਬਾਰੀਆਂ ਆਦਿ ਦੇ ਉਥੇ ਆਉਣ ਦੇ ਕਸ਼ਟ ਵਜੋਂ ਦਾਜ ਦੀ ਸ਼ਕਲ ਵਿਚ ਜੁਰਮਾਨਾ ਅਤੇ ਹਰਜਾਨਾ ਤਾਰਿਆ ਜਾਂਦਾ ਹੈ ਅਤੇ ਰਿਸ਼ਤੇਦਾਰ ਨਜ਼ਰਾਨੇ ਭੇਟ ਕਰਦੇ ਹਨ।

ਵਿਆਹ ਅਤੇ ਦਾਜ ਦਾ ਉਪਰੋਕਤ ਸਰੂਪ ਇਕ ਇਤਿਹਾਸਕ ਰਸਮ ਦੇ ਪਿਛੋਕੜ ਦੀ ਮਨੋਵਿਗਿਆਨਕ ਵਿਆਖਿਆ ਹੈ।

ਨੂੰਹਾਂ ਦੇ ਸੜ ਮਰਨ ਜਾਂ ਉਨ੍ਹਾਂ ਨੂੰ ਸਾੜ ਦੇਣ ਦੀਆਂ ਅਜੋਕੀਆਂ ਘਟਨਾਵਾਂ ਦੇ ਬਹੁਤੇ ਕਾਰਨ ਆਰਥਿਕ ਅਤੇ ਰਾਜਨੀਤਕ ਹੀ ਹਨ। ਆਧੁਨਿਕ ਸਮਾਜ ਵਿਚ ਰਿਸ਼ਤੇ ਆਰਥਿਕ ਹਨ। ਧੀ ਨੂੰ ਪੁੱਤਰ ਦੇ ਮੁਕਾਬਲੇ ਆਰਥਿਕ ਅਤੇ ਰਾਜਨੀਤਕ ਪੱਖੋਂ ਘੱਟ ਉਪਜਾਊ ਅਤੇ ਘੱਟ ਮਹੱਤਵਪੂਰਨ ਸਮਝਿਆ ਜਾਂਦਾ ਹੈ।

ਵਿਆਹ ਸਮੇਂ ਇਸ ਘੱਟ ਉਪਜਾਊ ਅਤੇ ਲਗਭਗ ਮਹੱਤਵਹੀਣ ਜੀਅ ਦਾ ਹੀ ਵਟਾਂਦਰਾ ਹੁੰਦਾ ਹੈ, ਬਾਕੀ ਸਭ ਕੁਝ ਉਵੇਂ-ਕਿਵੇਂ ਰਹਿੰਦਾ ਹੈ।

ਜਿਹੜਾ ਘਰ ਧੀ ਨੂੰ ਟੋਰਦਾ ਹੈ ਉਹ ਇਕ ਆਰਥਿਕ ਜ਼ਿੰਮੇਵਾਰੀ ਤੋਂ ਮੁੱਕਤ ਹੋ ਰਿਹਾ ਹੁੰਦਾ ਹੈ, ਜਦੋਂ ਕਿ ਉਸ ਨੂੰ ਸਵੀਕਾਰ ਕਰਨ ਵਾਲਾ ਘਰ ਆਰਥਿਕ ਜ਼ਿੰਮੇਵਾਰੀ ਚੁੱਕ ਰਿਹਾ ਹੁੰਦਾ ਹੈ। ਇਸ ਜ਼ਿੰਮੇਵਾਰੀ ਦੀ ਤਬਦੀਲੀ ਦੇ ਇਵਜ਼ਾਨੇ ਵਿਚ ਦਾਜ ਦਿੱਤਾ ਜਾਂਦਾ ਹੈ, ਅਰਥਾਤ ਇਕ ਮਹੱਤਵਹੀਣ ਜੀਅ ਨੂੰ ਦਾਜ ਨਾਲ ਮਹੱਤਵਪੂਰਨ ਬਣਾਇਆ ਜਾਂਦਾ ਹੈ।

ਦਾਜ ਦੀ ਪ੍ਰਥਾ ਨੂੰ ਜਾਰੀ ਰੱਖਣ ਲਈ ਪ੍ਰਚਾਰ ਇਹ ਕੀਤਾ ਜਾਂਦਾ ਹੈ ਕਿ ਵਿਆਹ ਤੋਂ ਬਿਨਾਂ ਔਰਤ ਸੰਪੂਰਨ ਨਹੀਂ ਹੁੰਦੀ।

ਇਕ ਟੱਬਰ ਜੋ ਕੁਝ ਆਪਣੀ ਆਮਦਨ ਵਿਚ ਨਹੀਂ ਲੈ ਸਕਦਾ ਹੁੰਦਾ, ਉਹ ਪੁੱਤਰ ਦੇ ਵਿਆਹ ਸਮੇਂ ਦਾਜ ਰਾਹੀਂ ਪ੍ਰਾਪਤ ਕਰਨ ਦਾ ਉਪਰਾਲਾ ਕਰਦਾ ਹੈ। ਧੀਆਂ ਨੂੰ ਵੱਧ ਚੜ੍ਹ ਕੇ ਦਾਜ ਦੇਣ ਵਾਲੇ ਮਾਪੇ ਅਸਲ ਵਿਚ ਆਪਣੇ ਵਿਆਹੇ ਜਾਣ ਵਾਲੇ ਪੁੱਤਰਾਂ ਦੀ, ਵਿਆਹ ਦੀ ਮਾਰਕੀਟ ਵਿਚ, ਪੈਣ ਵਾਲੇ ਮੁੱਲ ਜਾਂ ਵੱਟੀ ਜਾਣ ਵਾਲੀ ਕੀਮਤ ਵਿਚ ਵਾਧਾ ਕਰ ਰਹੇ ਹੁੰਦੇ ਹਨ।

ਜਿਨ੍ਹਾਂ ਮਾਪਿਆਂ ਦੇ ਪੁੱਤਰ ਨਹੀਂ ਹੁੰਦੇ ਉਹ ਮਨੋਵਿਗਿਆਨਿਕ ਤੌਰ ਉਤੇ ਪੁੱਤਰ ਨਾ ਪੈਦਾ ਕਰ ਸਕਣ ਦੀ ਸੂਰਤ ਵਿਚ ਆਪਣੀ ਮਰਦਾਨਗੀ ਦੀ ਘਾਟ ਨੂੰ ਵਧੇਰੇ ਖੁੱਲ੍ਹਾ ਖਰਚ

ਕਰਕੇ ਜਾਂ ਧੀਆਂ ਨੂੰ ਵੱਧ ਦਾਜ ਦੇ ਕੇ ਆਪਣੇ ਮਰਦਊਪੁਣੇ ਨੂੰ ਸਥਾਪਤ ਕਰਦੇ ਹਨ।

ਅਜਿਹੇ ਮਾਪੇ ਇਸ ਕਰਕੇ ਵੀ ਵਧੇਰੇ ਖਰਚ ਕਰਦੇ ਹਨ, ਕਿਉਂਕਿ ਉਨ੍ਹਾਂ ਕੋਲ ਜਾਇਦਾਦ ਸਾਂਭਣ ਵਾਲਾ ਵਾਰਸ ਨਹੀਂ ਹੁੰਦਾ। ਇਵੇਂ ਕੇਵਲ ਧੀਆਂ ਵਾਲੇ ਘਰ ਵਿਚ ਰਿਸ਼ਤਾ ਕਰਕੇ ਮੁੰਡੇ ਦੇ ਮਾਪੇ ਅਤੇ ਮੁੰਡਾ ਆਪ ਵੀ ਧੀ ਵਾਲੇ ਘਰ ਦੀ ਜਾਇਦਾਦ ਪ੍ਰਾਪਤ ਕਰਨ ਦੇ ਸੁਪਨੇ ਲੈਂਦੇ ਰਹਿੰਦੇ ਹਨ।

ਸਹੁਰੇ ਘਰ 'ਚ ਦਾਜ ਦਾ ਝਗੜਾ ਅਸਲ ਵਿਚ ਮੁਆਵਜ਼ੇ ਦਾ ਝਗੜਾ ਬਣਾ ਕੇ ਹੀ ਲੜਿਆ ਜਾਂਦਾ ਹੈ।

ਜਿਹੜੀਆਂ ਔਰਤਾਂ ਨੌਕਰੀ ਕਰਦੀਆਂ ਹਨ, ਉਹ ਦਾਜ ਤੋਂ ਇਲਾਵਾ ਮੰਗੇ ਹੋਰ ਮੁਆਵਜ਼ੇ ਦੀ ਅਦਾਇਗੀ, ਉਮਰ ਭਰ ਹਰ ਮਹੀਨੇ ਤਨਖਾਹ ਲਿਆ ਕੇ, ਕਰਦੀਆਂ ਹਨ, ਸੋ ਅਜਿਹੀਆਂ ਨੂੰਹਾਂ ਦੀ ਸਥਿਤੀ ਵੱਖਰੀ ਭਾਂਤ ਦੀ ਹੁੰਦੀ ਹੈ।

ਨੂੰਹਾਂ ਸਾੜਨ ਜਾਂ ਤੰਗ ਕਰਨ ਦੇ ਬਹੁਤੇ ਝਗੜੇ ਉਨ੍ਹਾਂ ਘਰਾਂ ਵਿਚ ਹੁੰਦੇ ਹਨ, ਜਿਥੇ ਦਾਜ ਕੇਵਲ ਇਕ ਵਾਰੀ ਹੀ ਮਿਲਦਾ ਹੈ, ਜਦੋਂ ਕਿ ਲਾੜੇ ਵਾਲਾ ਟੱਬਰ ਦਾਜ ਦੀਆਂ ਕਿਸ਼ਤਾਂ ਪ੍ਰਾਪਤ ਕਰਨ ਦੀ ਆਸ ਲਾਈ ਬੈਠਾ ਹੁੰਦਾ ਹੈ।

ਜਿਥੇ ਨੂੰਹਾਂ ਤਨਖਾਹ ਲਿਆਉਂਦੀਆਂ ਹਨ, ਉਥੇ ਤਨਖਾਹ ਦੇ ਸਹਾਰੇ ਹੀ ਉਨ੍ਹਾਂ ਦਾ ਕੁਝ ਮਾਣ-ਸਤਿਕਾਰ ਹੁੰਦਾ ਹੈ।

ਸਭ ਕੁਝ ਦੇ ਬਾਵਜੂਦ ਅਜਿਹੀ ਨੂੰਹ ਦਾ ਦਰਜਾ ਵੀ ਘਰ ਵਿਚ ਬਰਾਬਰੀ ਉਤੇ ਨਹੀਂ, ਰਾਜਾ ਅਤੇ ਪਰਜਾ ਦੇ ਸਿਧਾਂਤ ਉਤੇ ਉਸਰਿਆ ਹੁੰਦਾ ਹੈ। ਜਿਥੇ ਵਿਆਹ ਉਪਰੰਤ ਹੋਰ ਮੁਆਵਜ਼ਿਆਂ ਦੀ ਸੰਭਾਵਨਾ ਨਹੀਂ ਹੁੰਦੀ ਉਥੇ ਔਰਤ ਨੂੰ ਦਾਸੀ ਅਤੇ ਸੇਵਾਦਾਰਨੀ ਹੀ ਸਮਝਿਆ ਜਾਂਦਾ ਹੈ। ਜਿਥੇ ਬਰਾਤੀ ਹੀ ਕੁੜੀ ਵਾਲਿਆਂ ਦੇ ਪ੍ਰਬੰਧ ਜਾਂ ਦਾਜ ਵਿਚ ਘੁਣਤਰਾਂ ਕੱਢਣ ਲੱਗ ਪੈਣ, ਉਥੇ ਸੁਹਰਿਆਂ ਵੱਲੋਂ ਧੀ ਨੂੰ ਕਈ ਢੰਗਾਂ ਨਾਲ ਤੰਗ ਕੀਤਾ ਜਾਣਾ ਬੜਾ ਸੁਭਾਵਿਕ ਹੁੰਦਾ ਹੈ।

ਨੂੰਹ ਨੂੰ ਤੰਗ ਕਰਨ ਦੇ ਨਵੇਂ ਤੋਂ ਨਵੇਂ ਢੰਗ ਸੁਣਨ ਵਿਚ ਆ ਰਹੇ ਹਨ।

ਜਿਸ ਅਨਪੜ੍ਹ ਟੱਬਰ ਵਿਚ ਪੜ੍ਹੀ ਲਿਖੀ ਨੂੰਹ ਆ ਜਾਏ, ਉਥੇ ਸਾਰਾ ਟੱਬਰ ਹੀ ਉਸ ਨੂੰ ਅਨਪੜ੍ਹ ਸਿੱਧ ਕਰਨ ਲਈ ਕਮਰਕੱਸੇ ਕਰ ਲੈਂਦਾ ਹੈ।

ਮੰਨੀਏ ਭਾਵੇਂ ਨਾ, ਹਰ ਸਹੁਰਾ-ਟੱਬਰ ਨੂੰਹ ਨੂੰ ਈਨ ਮੰਨਣ ਲਈ ਮਜਬੂਰ ਕਰਦਾ ਹੈ। ਕਈ ਟੱਬਰਾਂ ਵਿਚ ਸਾਰੇ ਮਰਦ ਨੂੰਹ ਦੇ ਆਸ਼ਕ ਬਣ ਜਾਂਦੇ ਹਨ ਅਤੇ ਉਸ ਦੇ ਪਤੀ ਵੱਲੋਂ ਕਿਸੇ ਪ੍ਰਕਾਰ ਦੇ ਰੋਸ ਦਾ ਅਸਲ ਕਾਰਨ ਉਹ ਨੂੰਹ ਨੂੰ ਹੀ ਮਿੱਥਦੇ ਹਨ।

ਜਿਧਰ ਕਿਧਰੇ ਵੀ ਨੂੰਹ ਕੋਈ ਸੁਧਾਰ ਕਰਨਾ ਚਾਹੇ ਤਾਂ ਸਾਰੇ ਰਲ ਕੇ ਉਸ ਦੀ ਸਿਆਣਪ ਨੂੰ ਮੂਰਖਤਾ ਸਿੱਧ ਕਰਦੇ ਹਨ।

ਪਤੀ ਦੀ ਗੈਰਹਾਜ਼ਰੀ ਵਿਚ ਨੂੰਹ ਦੀ ਹਰ ਹਰਕਤ ਨੂੰ ਇਕ ਕੁਚੱਜਾ ਕਰਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਉਪਰੋਕਤ ਸਾਰੀਆਂ ਕਾਰਵਾਈਆਂ ਨੂੰਹ ਨੂੰ ਅਪ੍ਰਵਾਨ ਕੀਤੀਆਂ ਜਾਣ ਵਾਲੀਆਂ ਕਾਤਰਾਂ ਹਨ।

ਸਾੜੀਆਂ ਜਾਣ ਵਾਲੀਆਂ ਨੂੰਹਾਂ ਦੀ ਬਹੁ-ਗਿਣਤੀ ਅਜਿਹੀਆਂ ਬੇਵੱਸ ਔਰਤਾਂ ਦੀ ਹੁੰਦੀ ਹੈ, ਜਿਨ੍ਹਾਂ ਦੇ ਮਾਪੇ ਅਤੇ ਪਰਿਵਾਰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪੱਖੋਂ ਗਏ-ਗੁਜ਼ਰੇ ਹੁੰਦੇ ਹਨ।

ਜਿਨ੍ਹਾਂ ਨੂੰਹਾਂ ਦੇ ਭਰਾ ਨਹੀਂ ਹੁੰਦੇ ਜਾਂ ਛੋਟੇ ਹੁੰਦੇ ਹਨ, ਉਥੇ ਨੂੰਹਾਂ ਨੂੰ ਤੰਗ ਕੀਤੇ ਜਾਣਾ ਔਖਾ ਨਹੀਂ ਹੁੰਦਾ। ਅਜਿਹੇ ਪਰਿਵਾਰਾਂ ਨੇ ਆਪਣੀ ਰਿਸ਼ਤੇਦਾਰੀ ਵਿਚ ਕਿਸੇ ਉਸ ਪਰਿਵਾਰ ਦੀ ਉਦਾਹਰਣ ਸਾਹਮਣੇ ਰੱਖੀ ਹੁੰਦੀ ਹੈ, ਜਿਥੇ ਨੂੰਹ ਚੋਖਾ ਦਾਜ ਲੈ ਕੇ ਆਈ ਹੁੰਦੀ ਹੈ।

ਜਿਹੜੇ ਮਾਪੇ ਆਪਣੇ ਕੁੜਮਾਂ ਦੀਆਂ ਮੰਗਾਂ ਪੂਰੀਆਂ ਕਰਦੇ ਰਹਿੰਦੇ ਹਨ, ਉਨ੍ਹਾਂ ਦੀਆਂ ਧੀਆਂ ਨੂੰ ਵੀ ਤੰਗ ਕੀਤਾ ਜਾਣਾ ਅਤੇ ਤਸੀਹੇ ਦੇਣੇ ਜਾਰੀ ਰਹਿੰਦੇ ਹਨ।

ਜਦੋਂ ਰਿਸ਼ਤੇ ਦੀ ਤਾਣੀ ਉਲਝਦੀ ਹੈ ਤਾਂ ਵਿਆਹ ਦੇ ਪਹਿਲੇ ਕੁਝ ਦਿਨਾਂ ਵਿਚ ਹੀ ਉਲਝ ਜਾਂਦੀ ਹੈ ਅਤੇ ਨਿਰੰਤਰ ਉਲਝਦੀ ਚਲੀ ਜਾਂਦੀ ਹੈ।

ਸਭ ਤੋਂ ਪਹਿਲਾਂ ਨੂੰਹ ਦਾ ਸਵੈਮਾਣ ਕੁਚਲਿਆ ਜਾਂਦਾ ਹੈ।

ਉਸ ਦੀਆਂ ਲਿਆਂਦੀਆਂ ਚੀਜ਼ਾਂ ਨੂੰ ਨਨਾਣਾਂ ਅਤੇ ਸੱਸ ਨਫ਼ਰਤ ਦੀ ਨਜ਼ਰ ਨਾਲ ਵੇਖਦੀਆਂ ਹਨ ਅਤੇ ਦ੍ਰਿੜ੍ਹ ਕਰਵਾਉਂਦੀਆਂ ਹਨ ਕਿ 'ਨਾ ਅਕਲ ਨਾ ਸ਼ਕਲ, ਨਾ ਧਨ ਨਾ ਮਾਲ'। ਇਸ਼ਾਰਿਆਂ ਵਿਚ ਕਿਹਾ ਜਾਂਦਾ ਹੈ 'ਤੇਰੀ ਗਤੀ ਹੀ ਤਾਂ ਹੈ ਜੇ ਤੂੰ ਉਹ ਚੀਜ਼ਾਂ ਲਿਆਵੇਂ, ਜਿਹੜੀਆਂ ਜੇ ਤੇਰੇ ਮਾਪੇ ਸਿਆਣੇ ਹੁੰਦੇ ਤਾਂ ਉਂਜ ਹੀ ਦੇ ਦਿੰਦੇ।'

ਇਸ ਸਥਿਤੀ ਵਿਚ ਗੋਡੇ ਟੇਕ ਦੇਣ ਵਾਲੀ ਨੂੰਹ, ਕੁਝ ਚਿਰ ਤਾਂ ਮੰਗਾਂ ਪੂਰੀਆਂ ਕਰਦੀ ਹੈ ਪਰ ਫਿਰ ਅੜ ਖਲੋਂਦੀ ਹੈ।

ਜਿਹੜੀਆਂ ਨੂੰਹਾਂ ਸਾੜੀਆਂ ਜਾਂਦੀਆਂ ਹਨ ਉਹ, ਉਹ ਹੁੰਦੀਆਂ ਹਨ ਜਿਹੜੀਆਂ ਅੜਦੀਆਂ ਹਨ ਅਤੇ ਇਕੱਲੀਆਂ ਹੀ ਮੋਰਚੇ ਉਤੇ ਅਸਾਵੀਂ ਲੜਾਈ ਲਈ ਡੱਟਦੀਆਂ ਹਨ। ਇਸ ਬਗਾਵਤ ਨੂੰ ਅਕਸਰ ਸੱਸ ਅਤੇ ਪਤੀ ਵਲੋਂ ਹਰ ਹੀਲੇ ਕੁੱਚਲਣ ਦੀ ਵਿਉਂਤ ਬਣਾਈ ਜਾਂਦੀ ਹੈ।

ਬੇਸਬਰਾ ਟੱਬਰ ਨੂੰਹ ਨੂੰ ਸਾੜਨ ਜਾਂ, ਪਿੰਡਾਂ ਵਿਚ, ਲੋਪ ਕਰਨ ਜਾਂ ਨਹਿਰ ਵਿਚ ਰੋੜ੍ਹ ਦੇਣ ਦੇ ਮਨਸੂਬੇ ਬਣਾਉਂਦਾ ਹੈ।

ਰਿਸ਼ਤੇਦਾਰੀ ਵਿਚ ਜਾਂ ਆਪਣੇ ਹੀ ਧੰਦੇ ਵਾਲੇ ਲੋਕਾਂ ਵਿਚ ਵਿਆਹ ਕਰਨ ਨਾਲ, ਕਿਸੇ ਹੱਦ ਤੱਕ ਉਪਰੋਕਤ ਸਮੱਸਿਆ ਨਹੀਂ ਉਪਜਦੀ ਪਰ ਇਸ ਸਮੇਂ ਜੇ ਕੋਈ ਨੂੰਹ ਪੜ੍ਹਨ ਜਾਂ ਨੌਕਰੀ ਕਰਨ ਦੀ ਇੱਛਾ ਪ੍ਰਗਟਾਵੇ ਤਾਂ ਉਸ ਦੀ ਇਸ ਵਿਉਂਤ ਦੀ, ਪਰਿਵਾਰ ਵਲੋਂ ਪੂਰਾ ਤਾਣ ਲਾ ਕੇ ਵਿਰੋਧਤਾ ਕੀਤੀ ਜਾਂਦੀ ਹੈ।

ਪੜ੍ਹਨ ਜਾਂ ਨੌਕਰੀ ਕਰਨ ਦੀ ਇੱਛਾ ਨੂੰਹ ਵੱਲੋਂ ਜਿਊਂਦੇ ਰਹਿਣ ਦੀ ਵਿਉਂਤ ਹੁੰਦੀ ਹੈ, ਜਦੋਂ ਕਿ ਉਸ ਦਾ ਸਹੁਰਾ ਟੱਬਰ ਉਸ ਨੂੰ ਹਰ ਹਾਲਤ ਵਿਚ ਆਪਣੇ ਪਰਿਵਾਰ ਵਿਚੋਂ ਖਾਰਜ ਕਰਨ ਉਤੇ ਤੁਲਿਆ ਹੁੰਦਾ ਹੈ।

ਸ਼ਹਿਰਾਂ ਵਿਚ ਨੂੰਹ ਤੋਂ ਛੁੱਟਕਾਰਾ ਪਾਉਣ ਦੇ ਕੰਮ ਨੂੰ ਘਰ ਅੰਦਰ ਹੀ ਨੇਪਰੇ ਚਾੜ੍ਹਿਆ ਜਾਂਦਾ ਹੈ, ਜਦੋਂ ਕਿ ਪਿੰਡਾਂ ਵਿਚ ਇਹ ਕੰਮ ਕਿਸੇ ਦੂਰ-ਦੁਰਾਡੀ ਥਾਂ ਉਤੇ ਕੀਤਾ ਜਾਂਦਾ ਹੈ।

ਅਜਿਹੀ ਸਾਜ਼ਸ਼ ਕਰਨ ਵਾਲਾ ਹਰ ਟੱਬਰ ਆਪਣੀ ਆਰਥਿਕ ਅਤੇ ਮਾਨਸਿਕ ਸਥਿਤੀ ਅਨੁਸਾਰ ਮਨਸੂਬੇ ਬਣਾਉਂਦਾ ਹੈ।

ਸਾਰੀਆਂ ਨੂੰਹਾਂ ਸਾੜੀਆਂ ਨਹੀਂ ਜਾਂਦੀਆਂ, ਬਹੁਤ ਸਾਰੀਆਂ ਮਜਬੂਰ ਅਤੇ ਮਾਯੂਸ ਹੋ ਕੇ, ਆਪ ਵੀ ਸੜਦੀਆਂ ਹਨ।

ਭਾਵੇਂ ਉਹ ਆਪ ਹੀ ਕਿਉਂ ਨਾ ਸੜਨ, ਦੋਸ਼ੀ ਸਹੁਰੇ ਹੀ ਹੁੰਦੇ ਹਨ।

ਪੜ੍ਹੀਆਂ-ਲਿਖੀਆਂ ਨੂੰਹਾਂ ਦੀ ਵੱਡੀ ਗਿਣਤੀ ਆਪ ਸੜਦੀ ਹੈ। ਉਨ੍ਹਾਂ ਨੂੰ ਆਪਣੇ ਫਹਿਫੇਰੀ ਹੋਏ ਸੁਪਨੇ, ਹਨੇਰਾ ਭਵਿੱਖ, ਸਵੈਮਾਣ ਦੀ ਹਾਨੀ ਅਤੇ ਸਥਿਤੀ ਦੇ ਨਾ ਬਦਲਣ ਦੇ ਵਿਸ਼ਵਾਸ ਕਾਰਨ ਜਿਊਣ ਨਾਲੋਂ ਮਰਨਾ ਵਧੇਰੇ ਠੀਕ ਢੰਗ ਪ੍ਰਤੀਤ ਹੁੰਦਾ ਹੈ।

ਉਨ੍ਹਾਂ ਨੂੰ ਅੰਤਾਂ ਦੀ ਸੋਚ ਸਤਾਉਂਦੀ ਹੈ।

ਉਹ ਆਪਣੇ ਗਰੀਬ, ਨਿਆਸਰੇ, ਨਿਮਾਣੇ ਅਤੇ ਦੁੱਖੀ ਮਾਪਿਆਂ ਲਈ ਹੋਰ ਦੁੱਖਾਂ ਦਾ ਕਾਰਨ ਨਹੀਂ ਬਣਨਾ ਚਾਹੁੰਦੀਆਂ, ਉਹ ਆਪਣੇ ਮਾਪਿਆਂ ਨੂੰ ਅੰਤਾਂ ਦਾ ਪਿਆਰ ਕਰਦੀਆਂ ਹਨ ਅਤੇ ਉਨ੍ਹਾਂ ਲਈ ਸੱਚੀ-ਮੁੱਚੀ ਜਾਨ ਕੁਰਬਾਨ ਕਰ ਦਿੰਦੀਆਂ ਹਨ।

ਅਜਿਹੀਆਂ ਧੀਆਂ ਵਿਚ ਕੁਰਬਾਨੀ ਅਤੇ ਸ਼ਹੀਦੀ ਦਾ ਮਾਦਾ ਉਨ੍ਹਾਂ ਨੂੰ ਹਰਨਾਖਸ਼ਾਂ ਨਾਲ ਇਕਲਿਆਂ ਹੀ ਜੂਝ-ਮਰਨ ਦੀ ਦਲੇਰੀ ਦਿੰਦਾ ਹੈ।

ਨੂੰਹਾਂ ਦਾ ਸਾੜੇ ਜਾਣਾ ਸਾਡੀ ਸਮਾਜਿਕ ਵਿਵਸਥਾ ਉਤੇ ਬੜਾ ਗੰਭੀਰ ਕਲੰਕ ਹੈ।

ਉਹੀ ਪਰਿਵਾਰ ਨੂੰਹਾਂ ਸਾੜਦੇ ਹਨ, ਜਿਨ੍ਹਾਂ ਕੋਲ ਸਵੈ-ਵਿਸ਼ਵਾਸ ਨਹੀਂ ਹੁੰਦਾ ਅਤੇ ਵਿਕਾਸ ਦੀ ਕੋਈ ਵਿਉਂਤ ਨਹੀਂ ਹੁੰਦੀ।

ਦੂਜੇ ਪਾਸੇ, ਜੀਵਨ ਦਾ ਤਜਰਬਾ ਦਸਦਾ ਹੈ ਕਿ ਜਿਸ ਪਰਿਵਾਰ ਨੇ ਵੀ ਨੂੰਹ ਨੂੰ ਆਪਣੀ ਧੀ ਸਮਝਿਆ ਹੈ, ਉਹ ਪਰਿਵਾਰ ਸੁੱਖੀ ਅਤੇ ਖੁਸ਼ਹਾਲ ਹੀ ਹੋਇਆ ਹੈ।

***

ਅਸੀਂ ਬੀਮਾਰ ਕਿਉਂ ਹੁੰਦੇ ਹਾਂ ?

ਅਸੀਂ ਬੀਮਾਰ ਇਸ ਲਈ ਹੁੰਦੇ ਹਾਂ, ਕਿਉਂਕਿ ਸਾਡੇ ਕੋਲ ਬੀਮਾਰ ਹੋਣ ਲਈ ਵਿਹਲ ਅਤੇ ਸਮਾਂ ਹੁੰਦਾ ਹੈ।

ਅਸੀਂ ਇਸ ਲਈ ਬੀਮਾਰ ਹੁੰਦੇ ਹਾਂ, ਕਿਉਂਕਿ ਵਿਸ਼ੇਸ਼ ਪ੍ਰਕਾਰ ਦਾ ਸਮਾਜਿਕ-ਆਰਥਿਕ ਪ੍ਰਬੰਧ ਸਾਨੂੰ ਬੀਮਾਰ ਰੱਖਣ ਵਿਚ ਦਿਲਚਸਪੀ ਲੈਂਦਾ ਹੈ ਅਤੇ ਸਾਡੀ ਬੀਮਾਰੀ ਨੂੰ ਯਕੀਨੀ ਬਣਾਉਣ ਲਈ ਆਪਣਾ ਰੋਲ ਅਦਾ ਕਰਦਾ ਹੈ, ਕਿਉਂਕਿ ਸਾਡੀ ਬੀਮਾਰੀ ਨਾਲ ਉਸ ਸਮਾਜਿਕ-ਆਰਥਿਕ ਪ੍ਰਬੰਧ ਨੂੰ ਲਾਭ ਪੁੱਜਦਾ ਹੈ।

ਕਈ ਬੰਦੇ ਆਪਣਾ ਮਹੱਤਵ, ਆਪਣੀ ਬੀਮਾਰੀ ਰਾਹੀਂ ਪ੍ਰਗਟਾਉਂਦੇ ਹਨ।

ਕਿਸੇ ਸੰਕਟ ਜਾਂ ਮੁਸ਼ਕਿਲ ਵਿਚ ਆਪਣੇ ਆਪ ਨੂੰ ਗੈਰਹਾਜ਼ਰ ਕਰਨ ਲਈ ਵੀ ਅਸੀਂ ਬੀਮਾਰ ਹੋ ਜਾਂਦੇ ਹਾਂ।

ਸਾਡੀ ਬੀਮਾਰੀ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਬੀਮਾਰ ਹੋਣਾ ਸਾਨੂੰ ਚੰਗਾ ਲਗਦਾ ਹੈ ਅਤੇ ਇਵੇਂ ਅਸੀਂ ਆਪਣੇ ਆਪ ਨੂੰ ਪਤਵੰਤਾ ਸਮਝਦੇ ਹਾਂ।

ਅਸੀਂ ਬੀਮਾਰ ਹੋ ਕੇ ਕੁਝ ਵਿਸ਼ੇਸ਼ ਲੋਕਾਂ ਦਾ ਧਿਆਨ ਅਤੇ ਹਮਦਰਦੀ ਪ੍ਰਾਪਤ ਕਰਨ ਵਿਚ ਸਫਲ ਹੁੰਦੇ ਹਾਂ।

ਕਿਸੇ ਪ੍ਰਕਾਰ ਦੀ ਹਾਰ, ਅਸਫਲਤਾ, ਪੱਛੜ ਜਾਣ ਦੀ ਨਮੋਸ਼ੀ, ਹੋਣ ਵਾਲੇ ਨੁਕਸਾਨ ਦੀ ਚਿੰਤਾ ਜਾਂ ਕਿਸੇ ਬਣੇ-ਬਣਾਏ ਕੰਮ ਦੇ ਵਿਗੜ ਜਾਣ ਦੇ ਝੋਰੇ, ਦੁੱਖ ਅਤੇ ਸੰਤਾਪ ਕਾਰਨ ਵੀ ਅਸੀਂ ਬੀਮਾਰ ਹੋ ਜਾਂਦੇ ਹਾਂ।

ਵਿਸ਼ੇਸ਼ ਸਥਿਤੀਆਂ ਵਿਚ ਅਣਗੌਲਿਆ ਕੀਤੇ ਜਾਣ ਕਾਰਨ ਆਪਣਾ ਵਿਰੋਧ ਪ੍ਰਗਟਾਉਣ ਲਈ ਵੀ ਅਸੀਂ ਬੀਮਾਰੀ ਦਾ ਸਹਾਰਾ ਲੈਂਦੇ ਹਾਂ।

ਉਪਰੋਕਤ ਸਾਰੀਆਂ ਧਾਰਨਾਵਾਂ ਤੋਂ ਤੁਹਾਨੂੰ ਹੈਰਾਨੀ ਹੋਵੇਗੀ ਪਰ ਤੁਹਾਨੂੰ ਤੁਹਾਡੇ ਆਪਣੇ ਜੀਵਨ ਵਿਚੋਂ ਕਈ ਪ੍ਰਮਾਣ ਮਿਲ ਜਾਣਗੇ ਕਿ ਜੇਕਰ ਬੀਮਾਰ ਹੋਣ ਲਈ ਸਾਡੇ ਕੋਲ ਸਮਾਂ ਨਹੀਂ ਤਾਂ ਬੀਮਾਰ ਹੋਣਾ ਸੰਭਵ ਨਹੀਂ ਹੋਵੇਗਾ।

ਵਿਆਹ ਸਮੇਂ ਦਿਨ ਰਾਤ ਕੰਮ ਕਰਨ ਦੇ ਬਾਵਜੂਦ ਅਤੇ ਕਿਸੇ ਆਦਰਸ਼ ਲਈ ਲੜਦਿਆਂ ਸਾਰੇ ਸਰੀਰਕ ਤਸੀਹਿਆਂ ਦੇ ਬਾਵਜੂਦ ਅਤੇ ਕਿਸੇ ਮਨਇੱਛਤ ਕੰਮ ਵਿਚ ਲਗਾਤਾਰ ਰੁੱਝੇ ਰਹਿਣ ਦੇ ਬਾਵਜੂਦ ਅਸੀਂ ਨਾ ਥੱਕਦੇ ਹਾਂ, ਨਾ ਅੱਕਦੇ ਹਾਂ ਅਤੇ ਨਾ ਹੀ ਬੀਮਾਰ ਹੁੰਦੇ ਹਾਂ।

ਨੌਕਰੀ ਕਰਨ ਵਾਲੀਆਂ ਔਰਤਾਂ, ਘਰਾਂ ਵਿਚ ਰਹਿਣ ਵਾਲੀਆਂ ਔਰਤਾਂ ਦੇ ਮੁਕਾਬਲੇ ਘੱਟ ਬੀਮਾਰ ਹੁੰਦੀਆਂ ਹਨ, ਕਿਉਂਕਿ ਉਨ੍ਹਾਂ ਕੋਲ ਬੀਮਾਰ ਹੋਣ ਲਈ ਸਮਾਂ ਘੱਟ ਹੁੰਦਾ ਹੈ।

ਰੁਜ਼ਗਾਰ ਜਾਂ ਵਪਾਰ ਵਿਚ ਰੁੱਝੇ ਆਦਮੀ ਦੇ ਮੁਕਾਬਲੇ ਵਿਹਲਾ ਆਦਮੀ ਵੱਧ ਬੀਮਾਰ ਹੁੰਦਾ ਹੈ, ਕਿਉਂਕਿ ਬੀਮਾਰ ਹੋਣਾ ਹੀ ਉਸ ਦਾ ਰੁਝੇਵਾਂ ਬਣ ਜਾਂਦਾ ਹੈ।

ਨੂੰਹਾਂ ਦੇ ਆਉਣ ਮਗਰੋਂ ਆਪਣਾ ਮੱਹਤਵ ਘਟਣ ਕਾਰਨ, ਸੱਸਾਂ ਵਧੇਰੇ ਵਾਰੀ ਅਤੇ ਵਧੇਰੇ ਸਮੇਂ ਲਈ ਬੀਮਾਰ ਹੁੰਦੀਆਂ ਹਨ।

ਰਿਟਾਇਰ ਹੋਏ ਆਦਮੀ, ਕੰਮ ਵਿਚ ਰੁੱਝੇ ਆਪਣੀ ਉਮਰ ਤੋਂ ਵੱਡੀ ਉਮਰ ਵਾਲੇ ਵਿਅਕਤੀਆਂ ਦੇ ਮੁਕਾਬਲੇ, ਵੱਧ ਬੀਮਾਰ ਹੁੰਦੇ ਹਨ।

ਹਨੀਮੂਨ ਮਨਾਉਂਦਿਆਂ ਕੋਈ ਬੀਮਾਰ ਨਹੀਂ ਹੁੰਦਾ, ਕਿਉਂਕਿ ਬੀਮਾਰ ਹੋਣ ਦੀ ਵਿਹਲ ਹੀ ਨਹੀਂ ਹੁੰਦੀ।

ਜੇਕਰ ਸਰਕਾਰੀ ਕਰਮਚਾਰੀਆਂ ਦੀ ਬੀਮਾਰੀ ਸਮੇਂ ਦੀ ਤਨਖਾਹ ਕੱਟੀ ਜਾਵੇ ਤਾਂ ਉਨ੍ਹਾਂ ਦੀਆਂ ਸਾਰੀਆਂ ਬੀਮਾਰੀਆਂ ਆਪੇ ਖਤਮ ਹੋ ਜਾਣਗੀਆਂ।

ਇਨ੍ਹਾਂ ਗੱਲਾਂ ਦੇ ਬਾਵਜੂਦ ਜਿਹੜੇ ਲੋਕ ਬੀਮਾਰ ਹੁੰਦੇ ਹਨ, ਉਨ੍ਹਾਂ ਪਿਛੇ ਵੀ ਕੁਝ ਮਨੋਵਿਗਿਆਨਕ ਕਾਰਨ ਹੀ ਹੁੰਦੇ ਹਨ।

ਮਲੇਰੀਏ ਦੇ ਦਿਨਾਂ ਵਿਚ ਡਾਕਟਰ ਕਹਿੰਦੇ ਹਨ 'ਅੱਜ ਕਲ੍ਹ ਸਾਡਾ ਸੀਜ਼ਨ ਹੈ।' ਕੋਈ ਡਾਕਟਰ ਕਹੇਗਾ, 'ਮੇਰੀ ਪ੍ਰੈਕਟਿਸ ਵਾਹ-ਵਾਹ ਚੱਲ ਰਹੀ ਹੈ।'

ਦਵਾਈਆਂ ਦੀਆਂ ਕੰਪਨੀਆਂ ਇਸ ਗੱਲ ਉਤੇ ਮਾਣ ਕਰਨਗੀਆਂ ਕਿ ਅਸੀਂ ਇੰਨੇ ਕਰੋੜ ਰੁਪਏ ਦੀ ਵੱਧ ਦਵਾਈ ਵੇਚੀ ਹੈ।

ਪੂੰਜੀਵਾਦੀ ਆਰਥਿਕ ਪ੍ਰਣਾਲੀ ਦੀਆਂ ਨੀਹਾਂ ਉਤੇ ਉਸਰੀ ਚਿਕਿਤਸਾ ਪ੍ਰਣਾਲੀ ਬੀਮਾਰੀ ਹੋਣ ਉਪਰੰਤ ਹੀ ਸਥਿਤੀ ਨਾਲ ਨਿਪਟਦੀ ਹੈ।

ਹਰ ਗੱਲ ਤਰੱਕੀ, ਲਾਭ ਆਦਿ ਦੇ ਦ੍ਰਿਸ਼ਟੀਕੋਣ ਤੋਂ ਹੀ ਸੋਚੀ ਜਾਂਦੀ ਹੈ। ਇਕ ਹਸਪਤਾਲ ਦਾ ਡਾਕਟਰ ਕਹੇਗਾ ਕਿ ਸਾਡੇ ਹਸਪਤਾਲ ਨੇ ਇਕ ਲੱਖ ਲੋਕਾਂ ਦਾ ਇਲਾਜ ਕੀਤਾ। ਕੋਈ ਪੁੱਛੇ, ਇਤਨੇ ਬੀਮਾਰ ਕਿਉਂ ਪਏ?

ਸ਼ਰਾਬ, ਨਸ਼ੇ ਦੀਆਂ ਗੋਲੀਆਂ, ਬੇਰੋਜ਼ਗਾਰੀ, ਘੱਟ ਉਜਰਤਾਂ, ਖੁਰਾਕ ਦੀ ਘਾਟ, ਭੈੜਾ ਮੌਸਮ, ਸਾਫ ਪੀਣ ਵਾਲੇ ਪਾਣੀ ਦੀ ਅਣਹੋਂਦ, ਕਾਮਿਆਂ ਦਾ ਸ਼ੋਸ਼ਣ ਆਦਿ ਸਾਡੀਆਂ ਬਹੁਤੀਆਂ ਬੀਮਾਰੀਆਂ ਦਾ ਆਧਾਰ ਹਨ।

ਸਿਗਰਟਾਂ ਦੀਆਂ ਡੱਬੀਆਂ, ਸ਼ਰਾਬ ਦੀਆਂ ਬੋਤਲਾਂ ਆਦਿ ਉਤੇ 'ਸਿਹਤ ਲਈ ਹਾਨੀਕਾਰਕ ਹੈ' ਲਿਖ ਦਿੱਤਾ ਜਾਂਦਾ ਹੈ ਪਰ ਇਨ੍ਹਾਂ 'ਤੇ ਰੋਕ ਲਾਉਣ ਨਾਲ ਸਰਕਾਰੀ ਖਜ਼ਾਨੇ ਨੂੰ ਘਾਟਾ ਪੈਂਦਾ ਹੈ, ਇਸ ਲਈ ਇਨ੍ਹਾਂ ਦੀ ਵਿਕਰੀ ਜਾਰੀ ਰੱਖੀ ਜਾਂਦੀ ਹੈ।

ਨਿਰਸੰਦੇਹ ਸਿਗਰਟਾਂ, ਸ਼ਰਾਬ, ਨਸ਼ਿਆਂ ਆਦਿ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਲਈ ਪੂੰਜੀਵਾਦੀ ਸਮਾਜਿਕ, ਆਰਥਿਕ ਪ੍ਰਬੰਧ ਜ਼ਿੰਮੇਵਾਰ ਹੁੰਦਾ ਹੈ।

ਸਾਡੀ ਸਮਾਜਿਕ-ਆਰਥਿਕ ਅਤੇ ਪੂੰਜੀਵਾਦੀ ਚਿਕਿਤਸਾ ਪ੍ਰਣਾਲੀ ਪਹਿਲਾਂ ਲੋਕਾਂ ਨੂੰ ਸਿਹਤ-ਵਿਰੋਧੀ ਚੀਜ਼ਾਂ ਵੇਚ ਕੇ ਬੀਮਾਰ ਕਰਨ ਅਤੇ ਫਿਰ ਉਨ੍ਹਾਂ ਵੱਲੋਂ ਬੀਮਾਰੀ ਉਤੇ ਕੀਤੇ ਜਾਣ ਵਾਲੇ ਖਰਚ ਉਤੇ ਪਲ ਰਹੀ ਹੈ।

ਇਹੀ ਪ੍ਰਬੰਧ, ਦੁੱਧ, ਕਣਕ, ਮੱਕੀ ਆਦਿ ਤੋਂ ਖਾਣ ਯੋਗ ਪਦਾਰਥ ਬਣਾਉਣ ਵਾਲੀਆਂ ਕੰਪਨੀਆਂ ਨਾਲ ਭਾਈਵਾਲੀ ਕਰਦਾ ਹੈ ਅਤੇ ਲੋਕਾਂ ਦੀ ਸਿਹਤ ਨਾਲ ਖੇਡਦਾ ਹੈ ਅਰਥਾਤ ਉਨ੍ਹਾਂ ਨੂੰ ਬੀਮਾਰ ਕਰਨ ਵਿਚ ਸਹਾਈ ਹੁੰਦਾ ਹੈ। ਸਾਰੇ ਜਾਣਦੇ ਹਨ ਕਿ ਨਵ-ਜੰਮੇ ਬੱਚੇ ਲਈ ਮਾਂ ਦਾ ਦੁੱਧ ਗੁਣਕਾਰੀ ਹੈ ਪਰ ਡੱਬੇ ਦੇ ਦੁੱਧ ਦੀ ਇਸ਼ਤਿਹਾਰਬਾਜ਼ੀ ਇਹ ਭਰਮ ਉਪਜਾਉਂਦੀ ਹੈ ਕਿ ਕੇਵਲ ਮਾਂ ਦਾ ਦੁੱਧ ਕਾਫੀ ਨਹੀਂ ਹੁੰਦਾ।

ਸਿਗਰਟਾਂ ਅਤੇ ਸ਼ਰਾਬ ਦੀ ਇਸ਼ਤਿਹਾਰਬਾਜ਼ੀ ਨਾਲ ਅਸਿੱਧਾ ਸੰਦੇਸ਼ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਦੇ ਸੇਵਨ ਨਾਲ ਤਣਾਓ ਤੋਂ ਮੁਕਤੀ ਮਿਲਦੀ ਹੈ।

ਜ਼ਿੰਦਗੀ ਵਿਚ ਅਨੇਕਾਂ ਸੰਕਟ ਉਪਜਦੇ ਹਨ। ਕਈਆਂ ਨਾਲ ਨਜਿੱਠਣ ਦੀ ਅਸੀਂ ਦਲੇਰੀ ਕਰਦੇ ਹਾਂ ਪਰ ਕਈਆਂ ਨਾਲ ਨਜਿੱਠਣ ਤੋਂ ਪਹਿਲਾਂ ਹੀ ਅਸੀ ਹਾਰ ਮੰਨ ਲੈਂਦੇ ਹਾਂ। ਇਹ ਹਾਰ ਸਿਰਦਰਦ, ਪੇਟਦਰਦ, ਬਦਹਜ਼ਮੀ, ਜ਼ੁਕਾਮ ਆਦਿ ਰਾਹੀਂ ਪ੍ਰਗਟ ਹੁੰਦੀ ਹੈ।

ਸੰਕਟ ਤੋਂ ਬੱਚਣ ਲਈ ਵੀ ਅਸੀਂ ਬੀਮਾਰ ਹੋ ਜਾਂਦੇ ਹਾਂ। ਵਿਦਿਆਰਥੀਆਂ ਲਈ ਇਮਤਿਹਾਨ, ਕਿਸੇ ਮੁੰਡੇ-ਕੁੜੀ ਦਾ ਅਣਚਾਹੀ ਥਾਂ ਵਿਆਹ, ਕਰਜ਼ਾ ਵਾਪਸ ਕਰ ਸਕਣ ਦੀ ਅਸਮਰਥਾ, ਪਤੀ ਦੀ ਮੌਤ ਕਾਰਨ ਵਿਧਵਾਪਣ ਆਦਿ ਜੀਵਨ ਦੇ ਵੱਖ-ਵੱਖ ਸੰਕਟ ਹਨ, ਜਿਹੜੇ ਸਾਡੀ ਸੋਚ ਅਤੇ ਸਰੀਰ ਨੂੰ ਸਿੱਥਲ ਕਰ ਦਿੰਦੇ ਹਨ। ਇਹ ਸਿੱਥਲਤਾ ਹੀ ਬੀਮਾਰੀ ਹੈ, ਜਿਸ ਨੂੰ ਵੱਖ-ਵੱਖ ਨਾਂਵਾਂ ਨਾਲ ਪੁਕਾਰਿਆ ਜਾਂਦਾ ਹੈ।

ਮਲੇਰੀਆ, ਟਾਈਫਾਈਡ ਆਦਿ ਦੇ ਹਮਲੇ ਦੀ ਹਾਰੇ, ਥੱਕੇ ਅਤੇ ਸਿੱਥਲ ਹੋਏ ਸਰੀਰ ਉੱਤੇ ਸੰਭਾਵਨਾ ਵਧੇਰੇ ਹੁੰਦੀ ਹੈ। ਜਦੋਂ ਕਿਸੇ ਦੇ ਮਹੱਤਵ ਨੂੰ ਖਤਮ ਕਰ ਦਿੱਤਾ ਜਾਏ ਤਾਂ ਉਹ ਸਿਰਦਰਦ, ਜੋੜਾਂ ਦਾ ਦਰਦ ਆਦਿ ਲਾ ਲੈਂਦਾ ਹੈ ਅਤੇ ਕਹੇ ਬਿਨਾਂ ਕਹਿੰਦਾ ਹੈ, 'ਮੇਰੇ ਕੋਲ ਹੁਣ ਕੰਮ ਕਰਨ ਦੀ ਵਿਹਲ ਜਾਂ ਹਿੰਮਤ ਹੀ ਨਹੀਂ।'

ਬੱਚੇ ਕਿਸੇ ਸੱਟ-ਫੇਟ ਉਤੇ ਪੱਟੀ ਬੰਨ੍ਹ ਕੇ ਖੁਸ਼ ਹੁੰਦੇ ਹਨ, ਕਿਉਂਕਿ ਇਵੇਂ ਉਹ ਸਕੂਲ ਜਾਣ ਤੋਂ ਬੱਚ ਜਾਂਦੇ ਹਨ ਅਤੇ ਆਪਣੇ ਆਪ ਨੂੰ ਮਹੱਤਵਪੂਰਨ ਵੀ ਸਮਝਦੇ ਹਨ।

ਬੀਮਾਰ ਵਿਅਕਤੀ ਨੂੰ ਇਸ ਗੱਲ ਦੀ ਪ੍ਰਸੰਨਤਾ ਹੁੰਦੀ ਹੈ ਕਿ 'ਵੱਡੇ ਵੱਡੇ ਡਾਕਟਰ ਮੈਨੂੰ ਰੋਜ਼ ਵੇਖਣ ਆਉਂਦੇ ਹਨ, ਕਈ ਬੰਦੇ ਮੇਰੀ ਤਾਮੀਰਦਾਰੀ ਵਿਚ ਰੁੱਝੇ ਹੋਏ ਹਨ ਅਤੇ ਮੇਰੀ ਹਰ ਮੰਗ ਪੂਰੀ ਕੀਤੀ ਜਾ ਰਹੀ ਹੈ।'

ਜਦੋਂ ਅਜਿਹਾ ਵਿਅਕਤੀ ਕਹਿੰਦਾ ਹੈ, 'ਬੰਬਈ ਤਕ ਦੇ ਡਾਕਟਰ ਮੇਰਾ ਇਲਾਜ ਨਹੀਂ ਕਰ ਸਕੇ' ਤਾਂ ਉਸ ਦਾ ਅਸਲ ਅਰਥ ਇਹ ਹੁੰਦਾ ਹੈ ਕਿ 'ਮੈਂ ਕੋਈ ਐਰਾ-ਗੈਰਾ ਆਦਮੀ ਨਹੀਂ, ਮੈਂ ਬੰਬਈ ਤਕ ਦੇ ਡਾਕਟਰਾਂ ਨੂੰ ਨਾਲਾਇਕ ਸਿੱਧ ਕਰ ਦਿੱਤਾ ਹੈ।'

ਜਦੋਂ ਕੋਈ ਹਾਲ-ਚਾਲ ਪੁੱਛਣ ਆਵੇ ਤਾਂ ਅਜਿਹੇ ਵਿਅਕਤੀ ਬੇਲੋੜੀ 'ਹਾਏ, ਹਾਏ' ਕਰਨ ਲੱਗ ਪੈਂਦੇ ਹਨ। ਇਨ੍ਹਾਂ ਵੱਲ ਘਰ ਦੇ ਜੀਆਂ ਵਲੋਂ ਧਿਆਨ ਦੇਣਾ ਬੰਦ ਕਰਨ ਨਾਲ ਇਹ ਆਪੇ ਠੀਕ ਹੋ ਜਾਣਗੇ।

ਜੇ ਪਤਨੀ ਬੀਮਾਰ ਹੋਵੇ ਅਤੇ ਪਤੀ ਵੀ ਬੀਮਾਰ ਹੋ ਜਾਵੇ ਤਾਂ ਪਤਨੀ ਇਸ ਕਰਕੇ ਠੀਕ ਹੋ ਜਾਂਦੀ ਹੈ, ਕਿਉਂਕਿ ਵੱਡੀ ਮੁਸੀਬਤ ਉਪਜ ਪਈ ਹੁੰਦੀ ਹੈ।

ਇਕ ਡਾਕਟਰ ਨਾਲ ਇਕ ਵਾਰੀ ਮਰੀਜ਼ ਔਰਤ ਦਾ ਪਿਆਰ ਹੋ ਗਿਆ, ਉਸ ਨੂੰ ਮਿਲਦੇ ਰਹਿਣ ਦੀ ਮਨਸ਼ਾ ਕਾਰਨ, ਉਹ ਠੀਕ ਹੋਣ ਲਈ ਤਿਆਰ ਹੀ ਨਹੀਂ ਸੀ।

ਇਵੇਂ ਹੀ ਉਦਾਹਰਣ ਵਜੋਂ ਜਦੋਂ ਇਕ ਔਰਤ ਚਾਹੁੰਦੀ ਹੈ ਕਿ ਉਸ ਦਾ ਪਤੀ ਵਿਸ਼ੇਸ਼ ਪਾਰਟੀ ਵਿਚ ਨਾ ਜਾਵੇ, ਕਿਉਂਕਿ ਉਥੇ ਉਸ ਨੂੰ ਉਸ ਦੀ ਪ੍ਰੇਮਿਕਾ ਮਿਲੇਗੀ ਤਾਂ ਆਪਣੇ ਪਤੀ ਨੂੰ ਉਥੇ ਜਾਣ ਤੋਂ ਰੋਕਣ ਵਾਸਤੇ ਉਹ ਸਿਰ ਵਿਚ ਚੱਕਰ ਆਉਣ, ਪੇਟ ਦਰਦ ਜਾਂ ਕਿਸੇ ਹੋਰ ਬੀਮਾਰੀ ਦਾ ਬਹਾਨਾ ਲਾਉਂਦੀ ਹੈ ਤਾਂ ਕਿ ਉਹ ਆਪਣੇ ਪਤੀ ਨੂੰ ਆਪਣੇ ਕੋਲੋਂ ਦੂਰ ਅਰਥਾਤ ਆਪਣੀ ਪ੍ਰੇਮਿਕਾ ਦੇ ਨੇੜੇ ਜਾਣ ਤੋਂ ਰੋਕ ਸਕੇ।

ਬੱਚਾ ਦੂਰ ਗਈ ਹੋਈ ਮਾਂ ਨੂੰ ਵਾਪਸ ਬੁਲਾਉਣ ਜਾਂ ਆਪਣੇ ਪਿਓ ਦੀ ਮਾਰ ਤੋਂ ਬੱਚਣ ਲਈ ਬੁਖ਼ਾਰ ਸਹੇੜ ਲੈਂਦਾ ਹੈ ਅਤੇ ਮਾਂ ਦੇ ਆਉਣ ਨਾਲ ਜਾਂ ਪਿਓ ਵੱਲੋਂ ਹਮਦਰਦੀ ਅਤੇ ਪਿਆਰ ਕੀਤੇ ਜਾਣ ਨਾਲ ਠੀਕ ਹੋ ਜਾਂਦਾ ਹੈ। ਅਜਿਹੀਆਂ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਬੀਮਾਰੀਆਂ ਲਗਦੀਆਂ ਨਹੀਂ, ਲਾਈਆਂ ਅਤੇ ਸਹੇੜੀਆਂ ਜਾਂਦੀਆਂ ਹਨ।

ਕੋਈ ਵੱਡੀ ਬੀਮਾਰੀ ਅਚਾਨਕ ਨਹੀਂ ਲਗਦੀ, ਕਿਉਂਕਿ ਹਰ ਵੱਡੀ ਬੀਮਾਰੀ ਲੰਮਾ ਅਰਸਾ ਆਪਣੇ ਸਰੀਰ ਨਾਲ ਕੀਤੀਆਂ ਵਧੀਕੀਆਂ ਦਾ ਸਿੱਟਾ ਹੁੰਦੀ ਹੈ।

ਸਾਡੀ ਬੀਮਾਰੀ ਦੇ ਕੋਈ ਨਾ ਕੋਈ ਨਿਸ਼ਚਿਤ ਕਾਰਨ ਹੁੰਦੇ ਹਨ, ਜਦ ਤਕ ਉਹ ਕਾਰਨ ਰਹਿੰਦੇ ਹਨ, ਬੀਮਾਰੀ ਠੀਕ ਨਹੀਂ ਹੁੰਦੀ। ਕੋਈ ਵੀ ਸਰੀਰਕ ਮੁਸੀਬਤ ਰਾਤੋ-ਰਾਤ ਨਹੀਂ ਆਉਂਦੀ, ਉਸ ਦੇ ਕਾਰਨ ਇਕੱਠੇ ਹੁੰਦੇ ਰਹਿੰਦੇ ਹਨ।

ਕੁਝ ਲੋਕ ਕਹਿਣਗੇ ਕਿ ਸਾਰੀਆਂ ਬੀਮਾਰੀਆਂ ਬਾਰੇ ਇਹ ਗੱਲ ਨਹੀਂ ਕਹੀ ਜਾ ਸਕਦੀ, ਜਿਸ ਦਾ ਉੱਤਰ ਇਹ ਹੈ ਕਿ ਹਰ ਬੀਮਾਰੀ ਦੇ ਕੁਝ ਮਨੋਵਿਗਿਆਨਕ ਕਾਰਨ ਜ਼ਰੂਰ ਹੁੰਦੇ ਹਨ, ਪਰ ਮਰੀਜ਼ ਅਗਿਆਨਤਾ ਕਾਰਨ ਉਨ੍ਹਾਂ ਦਾ ਸੰਬੰਧ ਨਹੀਂ ਜੋੜ ਸਕਦਾ ਜਾਂ ਉਸ ਵਿਚ ਅਸਲ ਕਾਰਨ ਦੱਸਣ ਜਾਂ ਜਾਣਨ ਦੀ ਦਲੇਰੀ ਨਹੀਂ ਹੁੰਦੀ।

ਹਰ ਬੀਮਾਰੀ ਇਕ ਪ੍ਰਕਾਰ ਦੀ ਸਰੀਰਕ ਅਤੇ ਮਾਨਸਿਕ ਹੜਤਾਲ ਹੁੰਦੀ ਹੈ।

ਜਦੋਂ ਸਥਿਤੀ ਬਦਲ ਜਾਂਦੀ ਹੈ ਜਾਂ ਸਰੀਰ ਦੀਆਂ ਆਰਾਮ ਕਰਨ ਆਦਿ ਦੀਆਂ ਮੰਗਾਂ ਮੰਨੀਆਂ ਜਾਂਦੀਆਂ ਹਨ ਤਾਂ ਮਨੁੱਖ, ਬੀਮਾਰੀ ਤਿਆਗ ਦਿੰਦਾ ਹੈ।

ਇਹ ਵੀ ਵੇਖਿਆ ਗਿਆ ਹੈ ਕਿ ਜਦੋਂ ਕੋਈ ਸੰਕਟ ਆ ਪਵੇ ਤਾਂ ਬੀਮਾਰ ਵਿਅਕਤੀ ਉਸ ਵਿਚ ਭਾਗ ਲੈਣ ਤੋਂ ਬੱਚਣ ਲਈ ਆਪਣੀ ਬੀਮਾਰੀ ਨੂੰ ਵੱਧਾ ਲੈਂਦਾ ਹੈ, ਜਾਂ ਜੇ ਉਸ ਦਾ ਮਨ ਮੰਨੇ ਤਾਂ ਵੱਡੇ ਸੰਕਟ ਵਿਚ ਆਪਣੀ ਬੀਮਾਰੀ ਨੂੰ ਬਹੁਤ ਛੋਟੀ ਗੱਲ ਸਮਝ ਕੇ, ਬੀਮਾਰੀ ਦਾ ਹੀ ਤਿਆਗ ਕਰ ਦਿੰਦਾ ਹੈ।

ਜਿਹੜੇ ਲੋਕ ਕੁਝ ਨਾ ਕੁਝ ਕਰਨ ਵਿਚ ਰੁੱਝੇ ਰਹਿੰਦੇ ਹਨ, ਉਹ ਬੀਮਾਰ ਨਹੀਂ ਹੁੰਦੇ ਅਰਥਾਤ ਉਨ੍ਹਾਂ ਕੋਲ ਬੀਮਾਰ ਹੋਣ ਲਈ ਸਮਾਂ ਹੀ ਨਹੀਂ ਹੁੰਦਾ।

ਪਤੀ-ਪਤਨੀ

ਇਕ ਪੁਰਾਤਨ ਕਹਾਣੀ ਅਨੁਸਾਰ ਇਕ ਦੰਪਤੀ ਜੋੜੇ ਦੀ ਨਿੱਘੀ ਸੇਵਾ ਤੋਂ ਖੁਸ਼ ਹੋ ਕੇ ਰਿਸ਼ੀ ਨੇ ਉਨ੍ਹਾਂ ਨੂੰ ਵਰ ਦਿੱਤਾ 'ਰਬ ਕਰੇ ਤੁਸੀਂ ਦੋਵੇਂ ਇਕੱਠੇ ਮਰੋ ਤਾਂ ਕਿ ਇਕ ਦੂਜੇ ਦੇ ਵਿਛੋੜੇ ਦਾ ਦੁੱਖ ਤੁਹਾਨੂੰ ਨਾ ਸਤਾਏ।' ਕਿਹਾ ਜਾਂਦਾ ਹੈ ਕਿ ਉਹ ਪਤੀ-ਪਤਨੀ, ਦਰਖੱਤ ਬਣ ਗਏ ਅਤੇ ਮਰ ਕੇ ਵੀ ਇਕ ਦੂਜੇ ਦੀ ਨੇੜਤਾ ਦਾ ਨਿੱਘ ਮਾਣਦੇ ਰਹੇ।

ਆਧੁਨਿਕ ਜੀਵਨ ਵਿਚ ਆਦਰਸ਼ਕ ਦੰਪਤੀ ਜੋੜਾ ਉਦਾਹਰਣ ਦੇਣ ਲਈ ਵੀ ਨਹੀਂ ਮਿਲਦਾ। ਕਿਸੇ ਨੇ ਆਪਣੇ ਦੋਸਤ ਨੂੰ ਦੱਸਿਆ, 'ਮੈਂ ਤਲਾਕ ਦਾ ਪਹਿਲਾ ਕਦਮ ਚੁੱਕ ਲਿਆ ਹੈ।' ਦੋਸਤ ਨੇ ਪੁੱਛਿਆ, 'ਕੀ ? ' ਪਹਿਲੇ ਦੋਸਤ ਨੇ ਦੱਸਿਆ, 'ਮੈਂ ਵਿਆਹ ਕਰਵਾ ਲਿਆ ਹੈ।'

ਹੈਰਾਨੀ ਦੀ ਗੱਲ ਨਹੀਂ ਕਿ ਯੋਰਪ ਵਿਚ ਅੱਧ ਨਾਲੋਂ ਵੱਧ ਵਿਆਹ ਪਹਿਲੇ ਚਾਰ ਸਾਲਾਂ ਵਿਚ ਹੀ ਤਲਾਕ ਦੀ ਭੇਟ ਹੋ ਜਾਂਦੇ ਹਨ। ਜਿਹੜੇ ਵਿਆਹ ਟੁੱਟਦੇ ਨਹੀਂ, ਉਨ੍ਹਾਂ ਦਾ ਕਾਰਨ ਪਤੀ-ਪਤਨੀ ਦਾ ਪਿਆਰ ਨਹੀਂ ਹੁੰਦਾ ਸਗੋਂ ਉਨ੍ਹਾਂ ਵਿਚ ਤਲਾਕ ਲੈਣ ਦੀ ਹਿੰਮਤ ਨਹੀਂ ਰਹਿੰਦੀ, ਕਿਉਂਕਿ ਉਹ ਇੰਨੇ ਸੁੱਸਤ ਹੋ ਜਾਂਦੇ ਹਨ ਕਿ ਸਭ ਕੁਝ ਬਰਦਾਸ਼ਤ ਕਰੀ ਜਾਂਦੇ ਹਨ। ਇਵੇਂ ਹੀ ਬਹੁਤੇ ਵਿਆਹ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਬੇਢੰਗੀ ਚਾਲ ਚੱਲੀ ਜਾਂਦੇ ਹਨ।

ਇਕੱਠੇ ਰਹਿੰਦੇ ਰਹਿਣ ਕਾਰਨ ਪਤੀ-ਪਤਨੀ ਲਈ, ਭਾਵੇਂ ਉਹ ਕਿਹੋ ਜਿਹੇ ਮਰਜ਼ੀ ਹੋਣ, ਇਕ-ਦੂਜੇ ਬਿਨਾਂ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਇਸੇ ਕਰਕੇ ਕਹਿੰਦੇ ਹਨ ਜੇ ਸਾਰੇ ਵਿਆਹ ਇਕ ਦਮ ਤੋੜ ਦਿੱਤੇ ਜਾਣ ਅਤੇ ਪਤੀਆਂ ਅਤੇ ਪਤਨੀਆਂ ਨੂੰ ਮੁੜ ਵਿਆਹ ਕਰਾਉਣ ਲਈ ਕਿਹਾ ਜਾਵੇ ਤਾਂ ਪੁਰਾਣੇ ਪਤੀਆਂ ਅਤੇ ਪਤਨੀਆਂ ਦੇ ਮੁੜ ਵਿਆਹ ਕਰਾਉਣ ਦੀ ਸੰਭਾਵਨਾ ਬਣੀ ਰਹੇਗੀ, ਕਿਉਂਕਿ ਮਨੁੱਖ ਕਿਸੇ ਨਵੀਂ ਮੁਸੀਬਤ ਦੀ ਥਾਂ ਜਾਣੀ-ਪਛਾਣੀ ਮੁਸੀਬਤ ਨੂੰ ਤਰਜੀਹ ਦਿੰਦਾ ਹੈ।

ਆਮ ਕਰ ਕੇ ਪਹਿਲੇ ਚਾਰ ਸਾਲ ਮਗਰੋਂ ਵਿਆਹ ਪੱਕੇ ਪੈਰੀਂ ਹੋ ਜਾਂਦੇ ਹਨ ਅਤੇ ਪਤੀ-ਪਤਨੀ ਵਿਚ ਇਕ-ਦੂਜੇ ਦੀਆਂ ਆਦਤਾਂ, ਵਰਤੋਂ-ਵਿਹਾਰ ਦੇ ਢੰਗਾਂ, ਔਗੁਣਾਂ ਆਦਿ ਨਾਲ ਸਮਝੌਤਾ ਕਰਨ ਦੀ ਸਮਰੱਥਾ ਵੱਧ ਜਾਂਦੀ ਹੈ। ਵਿਆਹ ਇਕ ਮੈਚ ਹੈ, ਜਿਸ ਦੀ ਇਕ ਧਿਰ ਪਤੀ-ਪਤਨੀ ਅਤੇ ਦੂਜੀ ਧਿਰ ਸਾਰਾ ਸੰਸਾਰ ਹੁੰਦੀ ਹੈ। ਇਸ ਗੱਲ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਵੱਖ-ਵੱਖ ਢੰਗਾਂ ਨਾਲ ਬਿਆਨ ਕੀਤਾ ਗਿਆ ਹੈ।

ਮਨੁੱਖ ਨੇ ਬੜਾ ਕੁਝ ਬਦਲ ਦਿੱਤਾ ਹੈ ਪਰ ਵਿਆਹ ਦਾ ਬਦਲ ਅਜੇ ਉਹ ਲੱਭ ਨਹੀਂ ਸਕਿਆ। ਵਿਆਹ ਬਾਰੇ ਅਤੇ ਪਤੀ, ਪਤਨੀ ਆਦਿ ਬਾਰੇ ਲੱਖਾਂ ਹੀ ਚੁਟਕਲੇ ਹਨ ਪਰ ਸਭ ਕੁਝ ਦੇ ਬਾਵਜੂਦ ਵਿਆਹ ਇਕ ਤੰਦਰੁਸਤ ਜੀਵਨ ਅਨੁਭਵ ਹੈ।

ਇਸੇ ਲਈ ਆਮ ਕਰਕੇ ਹਰ ਕੋਈ ਵਿਆਹ ਕਰਵਾਉਣਾ ਚਾਹੁੰਦਾ ਹੈ ਅਤੇ ਲਗਭਗ ਹਰ ਕਿਸੇ ਦਾ ਵਿਆਹ ਹੋ ਵੀ ਜਾਂਦਾ ਹੈ।

ਵਿਆਹ ਨਾਲ ਵਿਅਕਤੀ ਨੂੰ ਸਮਾਜਿਕ ਮਾਨਤਾ ਮਿਲਦੀ ਹੈ, ਸਭ ਪ੍ਰਕਾਰ ਦੀਆਂ ਭੁੱਖਾਂ ਸੰਤੁਸ਼ਟ ਹੁੰਦੀਆਂ ਹਨ, ਭਵਿੱਖ ਬਾਰੇ ਸਾਡੇ ਵਿਚ ਵਿਸ਼ਵਾਸ ਉਪਜਦਾ ਹੈ, ਜੀਵਨ ਨੂੰ ਅਰਥ ਪ੍ਰਾਪਤ ਹੁੰਦੇ ਹਨ ਅਤੇ ਸਾਨੂੰ ਜ਼ਿੰਮੇਵਾਰੀ ਮਾਣਨ ਦਾ ਅਵਸਰ ਮਿਲਦਾ ਹੈ।

ਸਾਡੀ ਸੂਝ ਦੇ ਕਈ ਬੂਹੇ ਵਿਆਹ ਦੀ ਕੁੰਜੀ ਨਾਲ ਹੀ ਖੁੱਲ੍ਹਦੇ ਹਨ।

ਵਿਆਹ ਨਾਲ ਜੀਵਨ ਵਿਚ ਸਥਿਰਤਾ ਆਉਂਦੀ ਹੈ।

ਨਿਰਸੰਦੇਹ ਜੀਵਨ ਵਿਚ ਸਥਿਰਤਾ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਹੀ ਆਉਂਦੀ ਹੈ, ਸੋ ਵਿਆਹ ਦੇ ਅਰਥ ਇਕ-ਦੂਜੇ ਪ੍ਰਤੀ ਜ਼ਿੰਮੇਵਾਰੀ ਵੀ ਹਨ।

ਦੰਪਤੀ ਜੀਵਨ ਵਿਚ ਤਰੇੜ ਕਿਵੇਂ ਪੈਂਦੀ ਹੈ?

ਵਿਆਹ ਦੇ ਚਾਰ ਪੜਾਅ ਹੁੰਦੇ ਹਨ। ਪਹਿਲੇ ਪੜਾਅ ਵਿਚ ਪਤੀ ਅਤੇ ਪਤਨੀ ਕੇਵਲ ਆਪਣੀਆਂ ਲੋੜਾਂ ਬਾਰੇ ਹੀ ਸੋਚਦੇ ਹਨ, ਉਹ ਇਕ ਦੂਜੇ ਨੂੰ ਆਪਣੇ ਸੁਆਰਥ ਲਈ ਵਰਤਦੇ ਹਨ।

ਦੂਜੇ ਪੜਾਅ ਵਿਚ ਬੱਚਿਆਂ ਨੂੰ ਪਾਲਣ-ਪੋਸਣ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਉਹ ਸੇਵਾਵਾਂ ਦਾ ਲੈਣ-ਦੇਣ ਕਰਦੇ ਹਨ, ਜਿਵੇਂ ਕਹਿ ਰਹੇ ਹੋਣ 'ਤੂੰ ਮੇਰੇ ਲਈ ਇਹ ਕਰ, ਮੈਂ ਤੇਰੇ ਲਈ ਇਹ ਕਰਾਂਗਾ।'

ਤੀਜੇ ਪੜਾਅ ਵਿਚ ਉਹ ਇਕ ਦੂਜੇ ਦੀਆਂ ਮਾਨਤਾ ਦੀਆਂ ਲੋੜਾਂ ਅਤੇ ਰੀਝਾਂ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਦੇ ਹਨ ਅਤੇ ਦੋਵੇਂ ਰਲ ਕੇ ਬੱਚਿਆਂ ਦੀਆਂ ਸਮੱਸਿਆਵਾਂ ਹੱਲ ਕਰਦੇ ਹਨ।

ਚੌਥੇ ਪੜਾਅ ਵਿਚ ਵਿਆਹੁਤਾ ਜੀਵਨ ਨੂੰ ਨੇਮਬਧ ਕਰ ਕੇ ਉਹ ਆਪਣੇ-ਆਪਣੇ ਫਰਜ਼ ਵੰਡ ਲੈਂਦੇ ਹਨ। ਇਸ ਪੜਾਅ ਉਤੇ ਉਹ ਗੱਡੀ ਦੇ ਦੋ ਪਹੀਏ ਬਣ ਜਾਂਦੇ ਹਨ।

ਚੌਥੇ ਪੜਾਅ ਉਤੇ ਪਹੁੰਚਦਿਆਂ ਜੋੜਾ ਤਲਾਕ ਬਾਰੇ ਸੋਚਦਾ ਹੀ ਨਹੀਂ, ਸਗੋਂ ਕਿਸੇ ਤਲਾਕ ਬਾਰੇ ਸੋਚਣ ਵਾਲੇ ਨੂੰ ਨਸੀਹਤ ਦੇਣ ਲੱਗ ਪੈਂਦਾ ਹੈ।

ਜਿਹੜੇ ਲੋਕ ਵਿਆਹ ਤੋਂ ਬਹੁਤ ਵੱਡੀਆਂ ਆਸਾਂ ਲਾਉਂਦੇ ਹਨ, ਉਹੀ ਸਭ ਤੋਂ ਵੱਧ ਨਿਰਾਸ਼ ਹੁੰਦੇ ਹਨ। ਵਿਆਹ ਜਿਥੇ ਮਰਜ਼ੀ ਹੋਵੇ ਪਰ ਵਿਆਹ ਤੋਂ ਪਹਿਲੇ ਦਾ ਪਿਆਰ-ਅਨੁਭਵ, ਇਸਤਰੀ-ਪੁਰਸ਼ ਨੂੰ ਇਕ-ਦੂਜੇ ਦੇ ਅੰਸਤ ਵਿਹਾਰ ਦੀ ਸੋਝੀ ਕਰਾਉਣ ਕਾਰਨ ਵਿਆਹ ਨੂੰ ਸਫਲ ਬਣਾਉਣ ਵਿਚ ਸਹਾਈ ਹੁੰਦਾ ਹੈ।

ਪਿਆਰ, ਅਸਲ ਵਿਚ ਆਪਣੀ ਹਉਮੈ ਤਿਆਗਣ ਅਤੇ ਦੂਜੇ ਨਾਲ ਬਣਾ ਕੇ ਰੱਖਣ ਦੀ ਸਿਖਿਆ ਹੈ। ਵਿਆਹ ਉਪਰੰਤ ਮਨੁੱਖ ਨੂੰ ਪਤਾ ਲੱਗਦਾ ਹੈ ਕਿ ਅਸਲ ਖ਼ੁਸ਼ੀ, ਚੀਜ਼ਾਂ ਵਿਚੋਂ ਨਹੀਂ, ਬੰਦਿਆਂ ਦੇ ਸਾਥ ਵਿਚੋਂ ਲੱਭਦੀ ਹੈ।

ਧਾਰਮਿਕ ਰੁਚੀਆਂ ਵਾਲੇ ਪਤੀ-ਪਤਨੀ ਦੇ ਰਿਸ਼ਤੇ ਵਿਚ ਤਰੇੜ ਪੈਣ ਦੀ ਸੰਭਾਵਨਾ ਘੱਟ ਹੁੰਦੀ ਹੈ, ਕਿਉਂਕਿ ਦੋਹਾਂ ਲਈ ਕੋਈ ਬਾਹਰੀ ਅਦਿੱਖ ਸ਼ਕਤੀ ਜੀਵਨ ਦਾ ਆਧਾਰ ਹੁੰਦੀ ਹੈ ਅਤੇ ਉਹ ਇਕ-ਦੂਜੇ ਦੇ ਸਾਥ ਵਿਚ ਫਰਜ਼ ਨਿਭਾਉਣ, ਸੇਵਾ ਕਰਨ, ਆਦਿ ਨੂੰ ਵਧੇਰੇ ਮਹੱਤਵ ਦਿੰਦੇ ਹਨ।

ਜਿਨ੍ਹਾਂ ਘਰਾਂ ਵਿਚ ਮਹਿਮਾਨ ਵਧੇਰੇ ਆਉਂਦੇ ਹਨ, ਉਹ ਵਧੇਰੇ ਸਫਲ ਪਤਨੀ ਅਤੇ ਪਤੀ ਸਾਬਤ ਹੁੰਦੇ ਹਨ, ਕਿਉਂਕਿ ਉਨ੍ਹਾਂ ਵਿਚ ਹਰ ਕਿਸੇ ਨੂੰ ਖਿੜੇ-ਮੱਥੇ ਬਰਦਾਸ਼ਤ ਕਰਨ ਦੀ ਯੋਗਤਾ ਹੁੰਦੀ ਹੈ।

ਇਹ ਵੀ ਵੇਖਿਆ ਗਿਆ ਹੈ ਕਿ ਕਿਸੇ ਸ਼ੌਕ ਨੂੰ ਪਾਲਣ ਵਾਲੇ ਪਤਨੀ ਅਤੇ ਪਤੀ ਵਧੇਰੇ ਸੰਤੁਸ਼ਟ ਹੁੰਦੇ ਹਨ।

ਸਭ ਤੋਂ ਵੱਧ ਸਮੱਸਿਆਵਾਂ ਉਹ ਪਤੀ-ਪਤਨੀ ਪੈਦਾ ਕਰਦੇ ਹਨ, ਜਿਨ੍ਹਾਂ ਦੀ ਬੱਚਪਨ ਵਿਚ ਹਰ ਮੰਗ ਪੂਰੀ ਹੁੰਦੀ ਰਹੀ ਹੋਵੇ।

ਉਦਾਹਰਣ ਵਜੋਂ ਇਕਲੌਤੀ ਧੀ ਜਦੋਂ ਵੱਡੇ ਟੱਬਰ ਵਿਚ ਵਿਆਹੀ ਜਾਂਦੀ ਹੈ ਤਾਂ ਆਪਣੇ ਪਤੀ ਦਾ ਧਿਆਨ ਇਕੱਲਿਆਂ ਹੀ ਪ੍ਰਾਪਤ ਕਰਨ ਵਾਸਤੇ ਉਹ ਆਪਣੇ ਪਤੀ ਨੂੰ ਮਾਪਿਆਂ ਤੋਂ ਵੱਖ ਹੋਣ ਲਈ ਮਜਬੂਰ ਕਰਦੀ ਹੈ।

ਅਸਲੀਅਤ ਇਹ ਹੈ ਕਿ ਉਸ ਨੂੰ ਦੂਜਿਆਂ ਨਾਲ ਕੁਝ ਵੰਡਣ ਦੀ ਜਾਚ ਨਹੀਂ ਸਿਖਾਈ ਗਈ ਹੁੰਦੀ। ਉਸ ਨੂੰ ਸਭ ਕੁਝ ਲੈਣ ਦੀ ਜਾਚ ਆਉਂਦੀ ਹੈ, ਕੁਝ ਦੇਣ ਦਾ ਸਲੀਕਾ ਨਹੀਂ ਆਉਂਦਾ।

ਹਰ ਘਰੇਲੂ ਝਗੜੇ ਦੀ ਬੁਨਿਆਦ ਵਿਚ ਕੋਈ ਨਾ ਕੋਈ ਝੂਠ ਹੁੰਦਾ ਹੈ।

ਕਿਸੇ ਨਾਲ ਝੂਠ ਬੋਲਣਾ ਉਸ ਦੀ ਬੇਇੱਜ਼ਤੀ ਕਰਨ ਸਮਾਨ ਹੁੰਦਾ ਹੈ।

ਪਤੀ-ਪਤਨੀ ਦਾ ਰਿਸ਼ਤਾ ਇਤਨਾ ਲੰਮਾ ਹੁੰਦਾ ਹੈ ਕਿ ਕਿਸੇ ਨਾ ਕਿਸੇ ਵੇਲੇ ਝੂਠ ਪ੍ਰਗਟ ਹੋ ਹੀ ਜਾਂਦਾ ਹੈ।

ਕਈ ਪਤੀ-ਪਤਨੀ ਸੁਚੇਤ ਤੌਰ ਉਤੇ ਇਕ ਦੂਜੇ ਨੂੰ ਆਪਣੇ ਪ੍ਰਭਾਵ ਥੱਲੇ ਰੱਖਣਾ ਚਾਹੁੰਦੇ ਹਨ। ਅਸਲੀਅਤ ਇਹ ਹੈ ਕਿ ਵੱਧ ਸਹਿਣਸ਼ੀਲਤਾ, ਧੀਰਜ, ਸੰਜਮ, ਸੰਕੋਚ, ਦ੍ਰਿੜ੍ਹਤਾ, ਸਵੈ-ਵਿਸ਼ਵਾਸ ਵਾਲਾ ਵਿਅਕਤੀ ਆਪੇ ਹੀ ਆਗੂ ਬਣ ਜਾਂਦਾ ਹੈ। ਉਸ ਨੂੰ ਆਗੂ ਬਣਨ ਲਈ ਸੁਚੇਤ ਯਤਨ ਕਰਨ ਦੀ ਲੋੜ ਨਹੀਂ ਪੈਂਦੀ।

ਜਿਸ ਵਿਚ ਵਧੇਰੇ ਯੋਗਤਾ ਅਤੇ ਸਮਰੱਥਾ ਹੋਵੇ ਉਸ ਨੂੰ ਆਗੂ ਮੰਨਣ ਵਿਚ ਇਤਰਾਜ਼ ਨਹੀਂ ਹੋਣਾ ਚਾਹੀਦਾ ਪਰ ਸਮਾਜਿਕ ਲੈਣ-ਦੇਣ ਵਿਚ ਪਤਨੀ ਜੇ ਪਤੀ ਨੂੰ ਪਿਛੇ ਕਰ ਕੇ ਆਪ ਅੱਗੇ ਹੋਣ ਦਾ ਯਤਨ ਕਰੇਗੀ ਤਾਂ ਸਮੱਸਿਆਵਾਂ ਦਾ ਉਪਜਣਾ ਸੁਭਾਵਿਕ ਹੁੰਦਾ ਹੈ।

ਇਸਤਰੀ ਦੇ ਆਪਣੇ ਹਿੱਤ ਵਿਚ ਹੈ ਕਿ ਉਹ ਆਪਣੀ ਸਿਆਣਪ ਨਾਲ ਆਪਣੇ ਪਤੀ ਨੂੰ ਦਲੇਰ, ਇਰਾਦੇ ਦਾ ਪੱਕਾ, ਸਿਆਣਾ ਅਤੇ ਸੂਝਵਾਨ ਬਣਾਵੇ।

ਕਿਸੇ ਵੀ ਹਾਲਤ ਵਿਚ ਕਿਸੇ ਦੇ ਸਾਹਮਣੇ ਪਤੀ-ਪਤਨੀ ਵਲੋਂ ਇਕ-ਦੂਜੇ ਦੀ ਨਿੰਦਾ ਨਹੀਂ ਕਰਨੀ ਚਾਹੀਦੀ, ਕਿਉਂਕਿ ਪਤੀ-ਪਤਨੀ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਉਹ ਦੋਵੇਂ ਇਕ-ਦੂਜੇ ਦੀ ਬੁਨਿਆਦ, ਤਾਕਤ ਅਤੇ ਇੱਜ਼ਤ ਹਨ ਅਤੇ ਉਹ ਇਕ-ਦੂਜੇ ਦਾ ਸੱਜਾ-ਖੱਬਾ ਹੱਥ ਹਨ।

ਜਿਹੜੇ ਪਤੀ-ਪਤਨੀ ਇਕ-ਦੂਜੇ ਸਾਹਮਣੇ ਡੀਂਗਾਂ ਮਾਰਦੇ ਹਨ, ਉਹ ਆਪਣੀਆਂ ਕਮਜ਼ੋਰੀਆਂ ਹੀ ਨੰਗੀਆਂ ਕਰ ਰਹੇ ਹੁੰਦੇ ਹਨ।

ਕਿਸੇ ਘਰੇਲੂ ਝਗੜੇ 'ਚ ਝੱਟਪੱਟ ਫੈਸਲਾ ਲੈਣ, ਕੋਈ ਧਮਕੀ ਦੇਣ, ਕੋਈ ਬੇਬੁਨਿਆਦ ਦੋਸ਼ ਲਾਉਣ ਤੋਂ ਸੰਕੋਚ ਹੀ ਕਰਨਾ ਚਾਹੀਦਾ ਹੈ, ਕਿਉਂਕਿ ਉਪਰੋਕਤ ਕਾਹਲ ਹੀ ਮਗਰੋਂ ਸਮਝੌਤੇ ਦੇ ਰਾਹ 'ਚ ਰੋੜਾ ਬਣਦੀ ਹੈ।

ਜਿਹੜੇ ਪਤੀ-ਪਤਨੀ ਹਰ ਗੱਲ ਇਕ-ਦੂਜੇ ਪ੍ਰਤੀ ਸਤਿਕਾਰ ਅਤੇ ਵਿਸ਼ਵਾਸ ਦੀ ਭਾਵਨਾ ਨਾਲ ਬਿਨਾਂ ਸੰਕੋਚ ਕਰ ਸਕਦੇ ਹਨ, ਸਮਝ ਲਓ ਉਨ੍ਹਾਂ ਦੇ ਵਿਆਹ ਦੀ ਨੀਂਹ ਬੜੀ ਮਜ਼ਬੂਤ ਹੈ।

ਹਰ ਗੱਲ ਸਾਂਝੀ ਕਰਨੀ ਇਕ ਦੂਜੇ ਵਿਚ ਵਿਸ਼ਵਾਸ ਦਾ ਪ੍ਰਗਟਾਵਾ ਹੀ ਨਹੀਂ ਹੁੰਦੀ ਸਗੋਂ ਇਹ ਢੰਗ ਅਤੇ ਵਿਧੀ, ਜਾਚਣ-ਮਾਪਣ ਅਤੇ ਪਰਖਣ ਦਾ ਵੀ ਢੰਗ ਹੁੰਦੀ ਹੈ ਕਿ 'ਕੀ ਮੈਂ ਠੀਕ ਕਰ ਰਿਹਾ ਹਾਂ ?'

ਨਿਰਸੁਆਰਥ ਸਲਾਹ ਘਰ ਦੇ ਜੀਆਂ ਤੋਂ ਹੀ ਪ੍ਰਾਪਤ ਹੋ ਸਕਦੀ ਹੈ।

ਨੌਕਰੀ ਕਰਨ ਵਾਲੀਆਂ ਪਤਨੀਆਂ, ਪਤੀ ਦੇ ਉਸਾਰੂ ਸਹਿਯੋਗ ਅਤੇ ਉਤਸ਼ਾਹ ਬਿਨਾਂ ਜਲਦੀ ਥੱਕ ਜਾਂਦੀਆਂ ਹਨ।

ਅਜਿਹੀ ਹਾਲਤ ਵਿਚ ਜਿੰਨਾ ਵੱਧ ਤੋਂ ਵੱਧ ਹੋ ਸਕੇ ਪਤੀ ਨੂੰ ਸਮਾਂ ਘਰ ਗੁਜ਼ਾਰਨਾ ਚਾਹੀਦਾ ਹੈ ਅਤੇ ਘੱਟ-ਘੱਟ ਆਪਣੀਆਂ ਚੀਜ਼ਾਂ ਨੂੰ ਸੰਭਾਲਣ ਅਤੇ ਥਾਂ ਸਿਰ ਰੱਖਣ ਦੀ ਜਾਚ ਸਿਖਣੀ ਚਾਹੀਦੀ ਹੈ।

ਨਿਰਸੰਦੇਹ ਇਕ ਦੂਜੇ ਦੇ ਸਹਿਯੋਗ ਨਾਲ ਜ਼ਿੰਦਗੀ ਦੀ ਹਰ ਮੁਸ਼ਕਿਲ ਹੱਲ ਕੀਤੀ ਜਾ ਸਕਦੀ ਹੈ। ਸੱਚ ਤਾਂ ਇਹ ਹੈ ਕਿ ਸਹਿਯੋਗ ਭਰੀ ਸਥਿਤੀ ਵਿਚ ਮੁਸ਼ਕਿਲ ਉਪਜਦੀ ਹੀ ਨਹੀਂ, ਜੇ ਉਪਜਦੀ ਵੀ ਹੈ ਤਾਂ ਉਸ ਨੂੰ ਸੁਲਝਾਉਣਾ ਹਰ ਕਿਸੇ ਲਈ ਇਕ ਪ੍ਰਕਾਰ ਦਾ ਮਨਪਰਚਾਵਾ ਬਣ ਜਾਂਦਾ ਹੈ।

ਸੱਚ ਤਾਂ ਇਹ ਵੀ ਹੈ ਕਿ ਸੁੱਖ ਵਸਤੂਆਂ ਵਿਚ ਨਹੀਂ, ਮਨੁੱਖ ਦੀ ਦੂਜਿਆਂ ਪ੍ਰਤੀ ਸਨੇਹ ਅਤੇ ਪਿਆਰ ਭਰੀ ਸੋਚਣੀ ਵਿਚ ਹੁੰਦਾ ਹੈ।

ਜਿਸ ਘਰ ਦੇ ਜੀਆਂ ਦੀ ਸੋਚਣੀ ਉਸਾਰੂ ਹੈ, ਆਪਸੀ ਸਤਿਕਾਰ ਅਤੇ ਪਿਆਰ ਅਤੇ ਹਮਦਰਦੀ ਸੱਚੀ ਹੈ, ਉਹ ਜੀਅ ਥੁੜ੍ਹਾਂ ਵਿਚ ਵੀ ਬਾਦਸ਼ਾਹ ਹੁੰਦੇ ਹਨ।

ਆਤਮਘਾਤ

ਆਤਮਘਾਤ ਭਾਵੇਂ ਕਿਸੇ ਵਿਅਕਤੀ ਦਾ ਨਿੱਜੀ ਫੈਸਲਾ ਹੁੰਦਾ ਹੈ ਪਰ ਇਸ ਸਮੱਸਿਆ ਦੇ ਕਾਰਨ ਸਮਾਜਿਕ ਅਤੇ ਮਨੋਵਿਗਿਆਨਕ ਹੁੰਦੇ ਹਨ।

ਕੁਝ ਸਮਾਜਿਕ ਪਰਿਸਥਿਤੀਆਂ ਅਤੇ ਗੁੰਝਲਦਾਰ ਮਾਨਸਿਕ ਪ੍ਰੇਸ਼ਾਨੀਆਂ ਹੀ ਕਿਸੇ ਵਿਅਕਤੀ ਨੂੰ ਆਤਮਘਾਤ ਵਲ ਪ੍ਰੇਰਦੀਆਂ ਹਨ।

ਆਤਮਘਾਤ ਦਾ ਨਿਰਣਾ ਕਰਨਾ ਨਾ ਬਹਾਦਰੀ ਹੈ, ਨਾ ਡਰਪੋਕਪੁਣਾ ਸਗੋਂ ਇਹ ਮਨ ਦੀ ਇਕ ਅਵਸਥਾ ਹੁੰਦੀ ਹੈ।

ਜਦੋਂ ਆਤਮਘਾਤ ਦਾ ਫੈਸਲਾ ਕੀਤਾ ਜਾਂਦਾ ਹੈ ਤਾਂ ਜ਼ਿੰਦਗੀ ਅਸਹਿ ਹੋਈ ਹੁੰਦੀ ਹੈ ਅਤੇ ਅਜਿਹਾ ਵਿਅਕਤੀ ਆਪਣੀ ਅਸੰਤੁਸ਼ਟਤਾ, ਅਸਫਲਤਾ, ਨਿਰਾਦਰ, ਗਰੀਬੀ, ਬੀਮਾਰੀ ਆਦਿ ਦਾ ਦੋਸ਼ ਸਮਾਜ ਉਤੇ ਥੋਪ ਕੇ ਜ਼ਿੰਦਗੀ ਤੋਂ ਅਸਤੀਫ਼ਾ ਦਿੰਦਾ ਹੈ ਅਤੇ ਸੰਸਾਰ ਵਿਚੋਂ ਬਾਹਰ ਨਿਕਲ ਜਾਂਦਾ ਹੈ।

ਜੀਵਨ ਵਿਚ ਕਈ ਵਾਰੀ ਅਜਿਹੀ ਸਥਿਤੀ ਆ ਜਾਂਦੀ ਹੈ ਕਿ ਵਿਅਕਤੀ ਆਪਣੇ ਆਪ ਨਾਲ ਰੁੱਸ ਜਾਂਦਾ ਹੈ। ਉਸ ਨੂੰ ਹਰ ਇਕ ਚੀਜ਼ ਦੁੱਖ ਦਿੰਦੀ ਹੈ।

ਆਤਮਘਾਤੀ ਆਪਣੇ ਅਸਲ ਦੁਸ਼ਮਣ ਦਾ ਕਤਲ ਕਰ ਸਕਣ ਦੀ ਅਸਮਰਥਾ ਕਾਰਨ ਸਵੈਕਤਲ ਕਰਦਾ ਹੈ। ਉਸ ਨੂੰ ਸਮੁੱਚੇ ਸੰਸਾਰ ਉਤੇ ਗੁੱਸਾ ਆਉਂਦਾ ਹੈ। ਉਸ ਵਿਚ ਫੁੱਲਾਂ ਦੀ ਰੁੱਤੇ ਵੀ ਪੱਤਝੜਾਂ ਵੇਖਣ ਦੀ ਪ੍ਰਵਿਰਤੀ ਬਲਵਾਨ ਹੁੰਦੀ ਹੈ। ਅਜਿਹੇ ਗੁੱਸੇ ਸਮੇਂ ਦਲੀਲ ਕਿਸ ਨੂੰ ਸੁਝਦੀ ਹੈ।

ਈਸ਼ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਆਤਮਘਾਤੀ ਵਿਅਕਤੀ ਸੂਰਜਹੀਣ, ਕਾਲੀ ਅਤੇ ਉਦਾਸ ਦੁਨੀਆਂ ਵਿਚ ਜਾਂਦੇ ਹਨ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਆਤਮਘਾਤ ਕਰਦਾ ਹੀ ਉਹ ਹੈ, ਜਿਸ ਨੂੰ ਇਹ ਸੰਸਾਰ ਸੂਰਜਹੀਣ, ਕਾਲਾ ਅਤੇ ਉਦਾਸ ਲੱਗਣ ਲੱਗ ਪਵੇ।

ਆਤਮਘਾਤ ਕਰਨ ਵਾਲਾ ਆਪਣੇ ਆਪ ਨਾਲ ਲੰਮਾ ਮਾਨਸਿਕ ਘੋਲ ਕਰਦਾ ਹੈ। ਉਹ ਆਪਣੇ ਮਨ ਵਿਚ 'ਜੀਵਾਂ ਕਿ ਮਰਾਂ' ਦਾ ਮੁੱਕਦਮਾ ਲੜਦਾ ਹੈ ਅਤੇ ਮਰਨ ਦੇ ਹੱਕ ਵਿਚ ਫੈਸਲਾ ਕਰਦਾ ਹੈ।

ਸਮਾਜਿਕ ਕਾਰਨਾਂ ਤੋਂ ਇਲਾਵਾ ਆਤਮਘਾਤ ਦੇ ਮਨੋਵਿਗਿਆਨਕ ਕਾਰਨ ਵੀ ਹੁੰਦੇ ਹਨ। ਅਜਿਹੇ ਵਿਅਕਤੀ ਆਪਣੇ ਆਪ ਨੂੰ ਨਿਰਦੋਸ਼ ਸਮਝਦੇ ਹਨ। ਨਿਰਦੋਸ਼ਤਾ

ਭਾਵੇਂ ਆਪਣੇ ਆਪ ਵਿਚ ਇਕ ਤਰ੍ਹਾਂ ਦਾ ਬਲ ਰੱਖਦੀ ਹੈ ਪਰ ਜਦੋਂ ਇਹ ਨਿਆਸਰੀ ਹੋ ਜਾਵੇ ਤਾਂ ਇਸ ਦਾ ਬਲ ਕਮਜ਼ੋਰੀ ਦਾ ਰੂਪ ਧਾਰ ਲੈਂਦਾ ਹੈ।

ਕਿਸੇ ਨਾ ਕਿਸੇ ਪ੍ਰਕਾਰ ਦੀ ਅਸੰਤੁਸ਼ਟਤਾ ਅਜਿਹੇ ਵਿਅਕਤੀ ਨੂੰ ਨਿਰਾਸ਼ ਕਰਦੀ ਹੈ ਅਤੇ ਉਹ ਨਿਰਾਸ਼ਾਵਾਦੀ ਫ਼ਿਲਾਸਫ਼ਰ ਬਣ ਕੇ ਹਰ ਇਕ ਵਸਤੂ ਜਾਂ ਰਿਸ਼ਤੇ ਨੂੰ ਸਨਕੀ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ ਅਤੇ ਸੰਸਾਰ ਨੂੰ ਉਹ ਆਪਣੇ ਯੋਗ ਨਹੀਂ ਸਮਝਦਾ।

ਉਹ ਦੋਸ਼ ਲਾਉਂਦਾ ਹੈ ਕਿ ਸਮਾਜ ਬੇਰਹਿਮ ਹੈ, ਜ਼ਾਲਮ ਹੈ, ਇਸ ਸਮਾਜ ਵਿਚ ਉਸ ਨੇ ਜਿਊਂ ਕੇ ਕੀ ਲੈਣਾ ਹੈ! ਅਸੰਤੁਸ਼ਟਤਾ ਆਮ ਹਾਲਤਾਂ ਵਿਚ ਸਬੰਧਤ ਵਿਅਕਤੀ ਦੇ ਇਰਾਦੇ ਅਤੇ ਸ਼ਕਤੀ ਨੂੰ ਡਾਵਾਂ-ਡੋਲ ਕਰਦੀ ਹੈ।

ਜਿਥੇ ਜ਼ਿੰਦਗੀ ਦੀ ਭਰਪੂਰ ਤਸੱਲੀ ਨਹੀਂ, ਉੱਥੇ ਗਾਲ੍ਹਾਂ, ਨਸ਼ਾ ਅਤੇ ਹੋਰ ਮਾਰ ਦੇਣ ਵਾਲੀਆਂ ਗਲਤ ਰੁਚੀਆਂ ਸਾਉਣ ਦੇ ਮਹੀਨੇ ਵਿਚ ਖੁੰਭਾਂ ਵਾਂਗ ਉੱਠ ਖਲੋਂਦੀਆਂ ਹਨ। ਇਹ ਰੁਚੀਆਂ ਹੀ ਸਾਨੂੰ ਨਿਰਾਸ਼ਾਵਾਦੀ ਬਣਾਉਂਦੀਆਂ ਹਨ। ਅਜਿਹਾ ਵਿਅਕਤੀ ਸਭ ਪਾਸਿਆਂ ਤੋਂ ਉਦਾਸ ਹੋ ਜਾਂਦਾ ਹੈ।

ਚੈਖਵ ਦੇ ਸ਼ਬਦਾਂ ਵਿਚ ਉਦਾਸੀ ਤਾਂ ਆਤਮਾ ਨੂੰ ਲਕਵਾ ਮਾਰ ਜਾਣਾ ਅਤੇ ਸਮੇਂ ਤੋਂ ਪਹਿਲਾਂ ਮੌਤ ਦਾ ਵਾਪਰ ਜਾਣਾ ਹੁੰਦਾ ਹੈ।

ਸਵਰਗ ਅਤੇ ਨਰਕ ਸਾਡੀ ਸੋਚ ਦੀਆਂ ਅਵਸਥਾਵਾਂ ਹਨ।

ਜਦੋਂ ਨਿਰਾਸ਼ਾਵਾਦੀ ਵਿਅਕਤੀ ਆਪਣੇ ਝਰੋਖੇ ਵਿਚੋਂ ਬਾਹਰ ਵੇਖਦਾ ਹੈ ਤਾਂ ਉਹ ਸਤਰੰਗੀ ਪੀਂਘ ਵੱਲ ਨਹੀਂ, ਚਿੱਕੜ ਵੱਲ ਵੇਖਦਾ ਹੈ। ਅਜਿਹਾ ਵਿਅਕਤੀ ਕਿਸੇ ਨਾਲ ਖੁਲ੍ਹ ਕੇ ਗੱਲ ਨਹੀਂ ਕਰਦਾ, ਕਿਉਂਕਿ ਉਸ ਨੂੰ ਡਰ ਹੁੰਦਾ ਹੈ ਕਿ ਕਿਧਰੇ ਦੂਜੇ ਵਿਅਕਤੀ ਦੀ ਦਲੀਲ ਨਾਲ ਉਸ ਦਾ ਮਰਨ ਦਾ ਇਰਾਦਾ ਨਾ ਬਦਲ ਜਾਵੇ।

ਇਵੇਂ ਆਤਮਘਾਤ ਕਰਨ ਵਾਲੇ ਸਭ ਵਿਅਕਤੀ ਆਪਣੇ ਆਪ ਨੂੰ ਸਮਾਜ ਦੀ ਕਠੋਰਤਾ ਦੇ ਸ਼ਿਕਾਰ ਹੋਏ ਹੋਏ ਸਮਝਦੇ ਹਨ।

ਕਈ ਲੋਕ ਕਿਸੇ ਵੱਲੋਂ ਮਾਰੇ ਜਾਣ ਜਾਂ ਤਸੀਹੇ ਦਿਤੇ ਜਾਣ ਜਾਂ ਅਪਮਾਨ ਕੀਤੇ ਜਾਣ ਦੇ ਡਰ ਨਾਲ ਵੀ ਆਤਮਘਾਤ ਕਰ ਲੈਂਦੇ ਹਨ।

ਪੁਰਾਣੇ ਸਮਿਆਂ ਵਿਚ ਆਤਮਘਾਤ ਦੀਆਂ ਘਟਨਾਵਾਂ ਇਸ ਲਈ ਘੱਟ ਸਨ, ਕਿਉਂਕਿ ਧਰਮ ਇਹ ਪ੍ਰਚਾਰ ਕਰਦਾ ਸੀ ਕਿ ਮਨੁੱਖਾ-ਜੀਵਨ ਸਭ ਤੋਂ ਉੱਚਾ ਜੀਵਨ ਹੈ, ਦੁੱਖ ਸਾਡੇ ਕਰਮਾਂ ਦਾ ਫਲ ਹਨ, ਮਨੁੱਖ ਨੂੰ ਰੱਬ ਆਪਣੇ ਰੂਪ ਵਿਚ ਘੜਦਾ ਹੈ ਅਤੇ ਰੱਬ ਦੀ ਰਜ਼ਾ ਵਿਚ ਰਹਿਣਾ ਹੀ ਬੰਦੇ ਦਾ ਧਰਮ ਹੈ।

ਉਸ ਸਮੇਂ ਨਿਰਾਸ਼ ਹੋਣਾ ਰੱਬ ਵਿਚ ਅਵਿਸ਼ਵਾਸ ਸਮਝਿਆ ਜਾਂਦਾ ਸੀ ਅਤੇ ਖਿੜੇ-ਮੱਥੇ ਤੰਗੀਆਂ, ਦੁੱਖਾਂ ਅਤੇ ਤਕਲੀਫਾਂ ਨੂੰ ਸਹਾਰਨਾ ਉੱਚੇ ਆਚਰਣ ਅਤੇ ਰਸੀ ਹੋਈ ਮਾਨਸਿਕ ਸਥਿਤੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਧਰਮ ਨੇ ਜੀਵਨ ਦੇ ਹਰ ਪੜਾਅ ਉਤੇ ਜੀਵਨ-ਕਿਰਿਆ ਲਈ ਨੇਮ ਘੜੇ ਹੁੰਦੇ ਸਨ। ਧਾਰਮਿਕ ਮਨੁੱਖ ਕੋਲ ਵਿਹਲ ਹੀ ਨਹੀਂ ਹੁੰਦੀ ਸੀ ਕਿ ਉਹ ਮਰਨ ਬਾਰੇ ਸੋਚੇ।

ਪੁਰਾਣੇ ਜ਼ਮਾਨੇ ਵਿਚ ਹਰ ਕੋਈ ਸੌ ਸਾਲ ਦੇ ਜੀਵਨ ਦੀ ਵਿਉਂਤ ਬਣਾਉਂਦਾ ਸੀ ਅਤੇ ਜ਼ਿੰਦਗੀ ਦੀਆਂ ਪ੍ਰਾਪਤੀਆਂ ਅਤੇ ਅਸਫਲਤਾਵਾਂ ਨੂੰ ਸਹਿਜ ਸੁਭਾਅ ਸਵੀਕਾਰ ਕੀਤਾ ਜਾਂਦਾ ਸੀ ਅਰਥਾਤ ਸਮੁੱਚੇ ਜੀਵਨ ਅਤੇ ਸਮਾਜ ਦੀ ਟੇਕ ਧਰਮ ਸੀ।

ਆਧੁਨਿਕ ਯੁੱਗ ਵਿਚ ਸਾਡੇ ਗਿਲੇ-ਸ਼ਿਕਵੇ ਵੱਧ ਗਏ ਹਨ। ਇਸ ਦਾ ਕਾਰਨ ਇਹ ਹੈ ਕਿ ਸਾਡੇ ਦਿਲ ਸੁੰਗੜ ਗਏ ਹਨ। ਸੋਚ ਭਾਵੇਂ ਸਾਡੀ ਅੰਤਰਰਾਸ਼ਟਰੀ ਹੋ ਗਈ ਹੈ ਪਰ ਸਾਡੇ ਵਰਤਾਰੇ ਵਿਚ ਸੁਆਰਥ ਪ੍ਰਧਾਨ ਹੈ ਅਤੇ ਸਥਾਨਕ ਪੱਖਪਾਤ ਭਾਰੂ ਹਨ।

ਸਾਡੇ ਵਿਚ ਸਹਿਣਸ਼ੀਲਤਾ ਨਹੀਂ ਰਹੀ, ਜਿਸ ਕਾਰਨ ਉਪਰਾਮਤਾ ਅਤੇ ਕਾਹਲ ਦੇ ਉਪਜਾਏ ਆਤਮਘਾਤ ਵੱਧ ਰਹੇ ਹਨ। ਅਜੋਕੇ ਸੰਸਾਰ ਵਿਚ ਸੜਕਾਂ ਖੁਲ੍ਹੀਆਂ ਹੋ ਗਈਆਂ ਹਨ ਪਰ ਮਨੁੱਖ ਸੁੰਗੜ ਗਿਆ ਹੈ।

ਆਪਣੇ ਪ੍ਰੇਮੀ ਪ੍ਰਤੀ ਗਿਲਾ-ਸ਼ਿਕਵਾ, ਸਮਾਜਿਕ ਅਨਿਆਇ, ਸਮਾਜਿਕ ਨਿਰਾਦਰੀ, ਅਸਫਲਤਾ, ਗਰੀਬੀ, ਬੀਮਾਰੀ, ਆਉਣ ਵਾਲੀ ਸਥਿਤੀ ਪ੍ਰਤੀ ਉਪਰਾਮਤਾ, ਸਹਿਮ, ਸ਼ੱਕ, ਪਰੰਪਰਾਗਤ ਸਮਾਜ ਵਿਚ ਵਿਆਹ ਤੋਂ ਪਹਿਲੇ ਗਰਭਵਤੀ ਹੋਣਾ, ਸਵੈਮਾਣ ਨੂੰ ਧੱਕਾ, ਵਪਾਰਕ ਨੁਕਸਾਨ, ਕਿਸੇ ਪਿਆਰੇ ਦੀ ਮੌਤ ਆਦਿ ਕਾਰਨਾਂ ਕਰ ਕੇ ਸਾਡੇ ਵਿਚ ਭਾਵਕ ਅਤੇ ਮਾਨਸਿਕ ਅਸੰਤੁਲਨ ਉਪਜਦਾ ਹੈ।

ਇਸ ਅਸੰਤੁਲਨ ਦੀ ਅਤਿ ਦੀਰਘ ਅਵਸਥਾ ਸਾਨੂੰ ਆਤਮਘਾਤ ਲਈ ਪ੍ਰੇਰਦੀ ਹੈ।

ਹੈਰਾਨੀ ਵਾਲੀ ਗੱਲ ਨਹੀਂ ਕਿ ਭਾਰਤ ਵਿਚ ਹਰ ਸਾਲ ਲਗਭਗ ਪੰਜਾਹ ਹਜ਼ਾਰ ਵਿਅਕਤੀ ਆਤਮਘਾਤ ਕਰਦੇ ਹਨ।

ਹਰ ਵਿਅਕਤੀ ਆਪਣੇ ਸਮਾਜਿਕ ਰੁਤਬੇ, ਆਰਥਿਕ ਸਥਿਤੀ, ਵਿਦਿਅਕ ਯੋਗਤਾ, ਉਮਰ, ਆਤਮਘਾਤ ਦੇ ਸਾਧਨ ਦੀ ਨੇੜਤਾ ਅਤੇ ਮਰਨ ਉਪਰੰਤ ਇੱਛਿਤ ਮਾਨਤਾ ਦੇ ਆਧਾਰ 'ਤੇ, ਆਤਮਘਾਤ ਲਈ ਆਪਣੀ ਸੋਚ ਅਨੁਸਾਰ, ਢੁੱਕਵਾਂ ਢੰਗ ਚੁਣਦਾ ਹੈ।

ਨਹਿਰ, ਗੱਡੀ ਦੀ ਲਾਈਨ, ਫਾਹਾ, ਪਿਸਤੌਲ, ਨੀਂਦ ਦੀਆਂ ਗੋਲੀਆਂ, ਸਰੋਵਰ, ਕਿਸੇ ਉੱਚੀ ਇਮਾਰਤ ਤੋਂ ਛਾਲ, ਖੂਹ, ਮਿੱਟੀ ਦਾ ਤੇਲ ਪਾ ਕੇ ਸੜ ਮਰਨਾ ਆਦਿ ਆਤਮਘਾਤ ਲਈ ਅਪਣਾਏ ਜਾਂਦੇ ਵੱਖ-ਵੱਖ ਢੰਗ ਹਨ।

ਨਹਿਰ ਨੂੰ ਆਮ ਕਰਕੇ ਚੜ੍ਹਦੀ ਜਵਾਨੀ ਦੇ ਮੁੰਡੇ ਕੁੜੀਆਂ ਵਰਤਦੇ ਹਨ।

ਗੱਡੀ ਦੀ ਲਾਈਨ ਆਰਥਿਕ ਪੱਖੋਂ ਤੰਗ ਵਿਅਕਤੀਆਂ ਦਾ ਸਹਾਰਾ ਬਣਦੀ ਹੈ।

ਬੰਦ ਕਮਰੇ ਵਿਚ ਫਾਹਾ ਉਹ ਲੈਂਦੇ ਹਨ, ਜਿਨ੍ਹਾਂ ਵਿਚ ਬਾਹਰ ਆਪਣਾ ਇਰਾਦਾ ਪੂਰਾ ਕਰਨ ਦਾ ਵਿਸ਼ਵਾਸ ਨਹੀਂ ਹੁੰਦਾ, ਇਸੇ ਲਈ ਫਾਹਾ, ਆਪਣਾ ਕਮਰਾ ਅੰਦਰੋਂ ਬੰਦ ਕਰਕੇ ਲਿਆ ਜਾਂਦਾ ਹੈ।

ਆਰਥਿਕ ਪੱਖੋਂ ਸੁਖਾਲੇ ਪਰ ਕਿਸੇ ਮਾਨਸਿਕ ਉਲਝਣ ਜਾਂ ਵਿਆਹ ਨਾਲ ਸੰਬੰਧਿਤ ਕਾਰਨ ਕਰਕੇ ਅਮੀਰ ਲੋਕ ਆਮ ਕਰਕੇ ਪਿਸਤੌਲ ਵਰਤਦੇ ਹਨ ਅਤੇ ਪੁੜਪੁੜੀਆਂ ਜਾਂ ਸੰਘ ਵਿਚ ਗੋਲੀ ਮਾਰਦੇ ਹਨ।

ਪਿਸਤੌਲ ਦੀ ਬਹੁਤੀ ਵਰਤੋਂ ਅਮੀਰ ਪੁਰਸ਼ ਹੀ ਕਰਦੇ ਹਨ। ਅਜਿਹੇ ਘਰਾਂ ਵਿਚ ਔਰਤਾਂ ਅਕਸਰ ਨੀਂਦ ਦੀਆਂ ਗੋਲੀਆਂ ਵਰਤਦੀਆਂ ਹਨ।

ਆਰਥਿਕ ਪੱਖੋਂ ਗਰੀਬ ਔਰਤਾਂ ਆਪਣੇ ਆਪ ਉਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾਉਂਦੀਆਂ ਹਨ ਜਾਂ ਕੋਈ ਜ਼ਹਿਰੀਲੀ ਦਵਾਈ ਪੀ ਲੈਂਦੀਆਂ ਹਨ।

ਆਪਣੀ ਸੰਤਾਨ ਜਾਂ ਪਤਨੀ ਜਾਂ ਪਤੀ ਦੇ ਹੱਥੋਂ ਸਤਾਇਆ ਧਾਰਮਿਕ ਰੁਚੀਆਂ ਵਾਲਾ ਵਿਅਕਤੀ ਕਿਸੇ ਸਰੋਵਰ ਦਾ ਸਹਾਰਾ ਲੈਂਦਾ ਹੈ।

ਵੱਡੇ ਸ਼ਹਿਰਾਂ ਵਿਚ ਨੌਕਰੀ ਪੇਸ਼ਾ ਵਿਅਕਤੀ ਸਭ ਥਾਂਵਾਂ ਉਤੇ ਭੀੜ ਭੜੱਕੇ ਕਾਰਨ ਕੋਈ ਯੋਗ ਥਾਂ ਨਾ ਮਿਲਣ ਕਰਕੇ, ਉਪਰ ਚਲੇ ਜਾਂਦੇ ਹਨ ਅਰਥਾਤ ਕਿਸੇ ਉੱਚੀ ਇਮਾਰਤ ਤੋਂ ਛਾਲ ਮਾਰਦੇ ਹਨ।

ਪਿੰਡਾਂ ਵਿਚ ਕਸ਼ਟਪੂਰਨ ਘਰੇਲੂ ਜ਼ਿੰਦਗੀ, ਸਹੁਰਿਆਂ ਦੇ ਹੱਥੋਂ ਹੁੰਦੀ ਨਿੱਤ ਬੇਪਤੀ ਅਤੇ ਕੁਰਚੀਆਂ ਵਾਲੇ ਪਤੀ ਦੀ ਸਤਾਈ ਇਸਤਰੀ, ਬਹੁਤੀਆਂ ਹਾਲਤਾਂ ਵਿਚ ਆਪਣੇ ਬੱਚਿਆਂ ਸਮੇਤ, ਨਹਿਰ ਵਿਚ ਛਾਲ ਮਾਰਦੀ ਹੈ।

ਆਤਮਘਾਤ ਲਈ ਜਿਹੜੇ ਢੰਗ ਵਰਤੇ ਜਾਂਦੇ ਹਨ, ਸੰਜੋਗ ਵੱਸ ਅਕਸਰ ਉਹੀ ਢੰਗ ਕਿਸੇ ਦੇ ਕਤਲ ਲਈ ਵੀ ਵਰਤੇ ਜਾਂਦੇ ਹਨ।

ਆਤਮਘਾਤ ਲਈ ਕੋਈ ਇਕ ਸਮਾਂ ਨਿਸ਼ਚਿਤ ਨਹੀਂ ਹੁੰਦਾ ਪਰ ਵਿਅਕਤੀ ਆਪਣੀ ਨਿਵੇਕਲੀ ਆਰਥਿਕ, ਸਮਾਜਿਕ ਸਥਿਤੀ ਅਤੇ ਆਪਣੀ ਸੌਖ ਅਨੁਸਾਰ ਹੀ ਸਮਾਂ ਨਿਸ਼ਚਿਤ ਕਰਦਾ ਹੈ। ਆਤਮਘਾਤ ਦਾ ਯਤਨ ਵਧੇਰੇ ਇਸਤਰੀਆਂ ਕਰਦੀਆਂ ਹਨ ਪਰ ਸਫਲ ਵਧੇਰੇ ਪੁਰਸ਼ ਹੁੰਦੇ ਹਨ।

ਆਤਮਘਾਤ ਕਰਨ ਵਾਲਾ ਇਸ ਗੱਲ ਦਾ ਧਿਆਨ ਰੱਖਦਾ ਹੈ ਕਿ ਕੰਮ ਨੇਪਰੇ ਚਾੜ੍ਹਨ ਵਿਚ ਕੋਈ ਵਿਘਨ ਨਾ ਪਵੇ। ਇਸ ਲਈ ਦੂਰ-ਦੁਰਾਡੀਆਂ ਖੁਲ੍ਹੀਆਂ ਥਾਂਵਾਂ, ਜਿਵੇਂ ਨਹਿਰ, ਗੱਡੀ ਦੀ ਲਾਈਨ ਆਦਿ ਉਤੇ ਤਾਂ ਆਤਮਘਾਤ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ ਪਰ ਨੀਂਦਰ ਦੀਆਂ ਗੋਲੀਆਂ ਰਾਤ ਨੂੰ ਹੀ ਖਾਧੀਆਂ ਜਾਂਦੀਆਂ ਹਨ। ਫਾਹਾ ਅਕਸਰ ਬਹੁਤ ਸਵੇਰੇ ਲਿਆ ਜਾਂਦਾ ਹੈ ਅਤੇ ਪਿਸਤੌਲ ਉਸ ਸਮੇਂ ਵਰਤਿਆ ਜਾਂਦਾ ਹੈ ਜਦੋਂ ਘਰ ਵਿਚ ਹੋਰ ਕੋਈ ਨਾ ਹੋਵੇ।

ਆਤਮਘਾਤ, ਤਲਾਕ ਵਾਂਗ, ਅਜੋਕੇ ਯੁਗ ਦਾ ਇਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਯੋਰਪ ਦੇ ਕਈ ਦੇਸ਼ਾਂ ਵਿਚ ਕੁਦਰਤੀ ਮੌਤ ਦੇ ਮੁਕਾਬਲੇ ਆਤਮਘਾਤੀ ਮੌਤਾਂ ਦੀ ਗਿਣਤੀ ਵਧੇਰੇ ਹੁੰਦੀ ਹੈ।

ਜਿਉਂ-ਜਿਉਂ ਮਨੁੱਖ ਦੀ ਭਟਕਣ, ਬੇਵਸੀ, ਬੇਚੈਨੀ ਅਤੇ ਅਸੰਤੁਸ਼ਟਤਾ ਵੱਧੇਗੀ, ਤਿਉਂ-ਤਿਉਂ ਸਮਾਜ ਵਿਚ ਆਤਮਘਾਤ ਵੀ ਵੱਧਣਗੇ।

***

ਆਦਤਾਂ

ਚੰਗੀ ਆਦਤ ਪਾਉਣੀ ਉੱਨੀ ਹੀ ਔਖੀ ਹੁੰਦੀ ਹੈ ਜਿੰਨੀ ਭੈੜੀ ਆਦਤ ਛੱਡਣੀ। ਇਨ੍ਹਾਂ ਦੋਹਾਂ ਕੰਮਾਂ ਲਈ ਦ੍ਰਿੜ੍ਹ ਸੰਕਲਪ ਅਤੇ ਬੜੇ ਪੱਕੇ ਇਰਾਦੇ ਦੀ ਲੋੜ ਹੁੰਦੀ ਹੈ।

ਜ਼ਰੂਰੀ ਗੁਣਾਂ ਦੀ ਨਿੱਤ ਵੱਧਦੀ ਘਾਟ ਵਾਂਗ ਦ੍ਰਿੜ੍ਹ ਇਰਾਦੇ ਦੀ ਘਾਟ ਵੀ ਇਕ ਆਮ ਗੱਲ ਹੋ ਗਈ ਹੈ। ਕੁਝ ਵੀ ਠੀਕ ਹੋ ਰਿਹਾ ਪ੍ਰਤੀਤ ਨਹੀਂ ਹੁੰਦਾ। ਉਦਾਹਰਣ ਵਜੋਂ ਹਰ ਇਕ ਵਿਅਕਤੀ ਨੇ ਘੜੀ ਬੰਨ੍ਹੀ ਹੁੰਦੀ ਹੈ, ਪਰ ਸਮੇਂ ਸਿਰ ਪੁੱਜਣ ਦੀ ਆਦਤ ਕਿਸ ਨੂੰ ਹੈ ?

ਸਾਰੇ ਜਾਣਦੇ ਹਨ ਕਿ ਸਵੇਰੇ ਉੱਠਣਾ ਚੰਗਾ ਹੈ, ਸੈਰ ਸਿਹਤ ਲਈ ਬੜੀ ਗੁਣਕਾਰੀ ਹੁੰਦੀ ਹੈ, ਸਿਗਰਟ, ਬੀੜੀ, ਅਫੀਮ, ਨਸ਼ੇ ਦੀਆਂ ਗੋਲੀਆਂ, ਲੋੜੋਂ ਵੱਧ ਭੋਜਨ ਖਾਣਾ, ਆਦਿ ਸਿਹਤ ਲਈ ਹਾਨੀਕਾਰਕ ਹਨ ਪਰ ਇਹ ਸਭ ਕੁਝ ਜਾਣਦੇ ਹੋਏ ਵੀ ਅਸੀਂ ਨਾ ਸਵੇਰੇ ਉੱਠ ਸਕਦੇ ਹਾਂ, ਨਾ ਨਸ਼ੇ ਛੱਡ ਸਕਦੇ ਹਾਂ।

ਖੰਡ ਮਹਿੰਗੀ ਹੋਣ ਦੀ ਸਾਰੇ ਦੁਹਾਈ ਦਿੰਦੇ ਹਨ ਪਰ ਚਾਹ ਜਾਂ ਮਿੱਠੇ ਤਰਲ-ਪਦਾਰਥ ਛੱਡਣ ਲਈ ਕੋਈ ਤਿਆਰ ਨਹੀਂ। ਇਸੇ ਲਈ ਚਾਹ ਦੀਆਂ ਦੁਕਾਨਾਂ ਨਵੀਂ ਕਿਸਮ ਦੇ ਠੇਕੇ ਬਣਦੀਆਂ ਜਾ ਰਹੀਆਂ ਹਨ।

ਵਰਤਮਾਨ ਸਮੇਂ ਵਿਚ ਕਈ ਨਵੀਆਂ ਭੈੜੀਆਂ ਆਦਤਾਂ, ਜਿਵੇਂ ਨਹਾਉਣ ਦਾ ਤਿਆਗ, ਸਵੇਰੇ ਦੇਰ ਨਾਲ ਉੱਠਣਾ, ਪੈੱਨ-ਕਾਪੀ ਤੋਂ ਬਿਨਾਂ ਹੀ ਕਲਾਸ ਵਿਚ ਜਾਣਾ, ਫ਼ਜ਼ੂਲ ਗੱਲਾਂ ਵਿਚ ਸਮਾਂ ਗੁਆਉਣਾ, ਮੂੰਹ ਵਿਚ ਹਰ ਸਮੇਂ ਕੁਝ ਚੱਬਦੇ ਰਹਿਣਾ ਅਤੇ ਹਰ ਵੇਲੇ ਮੋਬਾਈਲ ਨੂੰ ਚਿਮੜੇ ਰਹਿਣਾ ਆਦਿ ਆਦਤਾਂ ਪੈਣ ਦੀ ਸੰਭਾਵਨਾ ਵੱਧ ਗਈ ਹੈ ਜਦੋਂ ਕਿ ਇਨ੍ਹਾਂ ਦਾ ਤਿਆਗ ਕਰਨ ਦੀ ਸਮਰੱਥਾ ਦਿਨੋ ਦਿਨ ਘੱਟ ਰਹੀ ਹੈ।

ਨਸ਼ਿਆਂ ਦੀ ਆਦਤ ਨਾਲ ਨਿੱਜੀ ਵਿਕਾਸ ਦੀਆਂ ਸੰਭਾਵਨਾਵਾਂ ਤਾਂ ਖੁੰਢੀਆਂ ਹੁੰਦੀਆਂ ਹੀ ਹਨ, ਅਜਿਹੇ ਵਿਅਕਤੀਆਂ ਨਾਲ ਸੰਬੰਧਤ ਉਨ੍ਹਾਂ ਦੇ ਮਾਪੇ, ਪਤਨੀਆਂ, ਬੱਚੇ ਆਦਿ ਵੀ ਘੋਰ ਨਿਰਾਸ਼ਾ ਦਾ ਸ਼ਿਕਾਰ ਹੋ ਕੇ ਜੀਵਨ ਖੇਡ ਵਿਚ ਬਦਰੰਗ ਦੁੱਕੀਆਂ-ਤਿੱਕੀਆਂ ਬਣ ਕੇ ਰਹਿ ਜਾਂਦੇ ਹਨ।

ਜਿਸ ਸਮਾਜਿਕ ਢਾਂਚੇ 'ਚ ਅਸੀਂ ਰਹਿ ਰਹੇ ਹਾਂ, ਉਸ ਵਿਚ ਸਾਨੂੰ ਭੈੜੀਆਂ ਆਦਤਾਂ ਦੇ ਗੁਲਾਮ ਬਣਾਉਣ ਦੀ ਅਸੀਮ ਸ਼ਕਤੀ ਹੈ।

ਆਦਤ ਦੇ ਅਰਥ ਹਨ, ਕਿਸੇ ਕੰਮ ਨੂੰ ਸੁੱਤੇ-ਸਿੱਧ ਕਰਨਾ।

ਬੂਟਾਂ ਦੇ ਤਸਮੇ ਬੰਨ੍ਹਣੇ, ਕੰਘੀ ਕਰਨੀ, ਪੱਗ ਬੰਨ੍ਹਣੀ, ਕਮੀਜ਼ ਦੇ ਬਟਨ ਬੰਦ ਕਰਨੇ, ਸਾਈਕਲ, ਸਕੂਟਰ, ਕਾਰ ਚਲਾਉਂਦਿਆਂ ਹੱਥਾਂ, ਪੈਰਾਂ, ਅੱਖਾਂ, ਕੰਨਾਂ ਦੀ ਸੁੱਤੇ-ਸਿੱਧ ਵਰਤੋਂ,

ਕਿਸੇ ਦਾ ਨਾਂ, ਪਤਾ, ਟੈਲੀਫੂਨ ਨੰਬਰ ਆਦਿ ਯਾਦ ਰੱਖਣਾ, ਸਾਰੀਆਂ ਚੀਜ਼ਾਂ ਨੂੰ ਥਾਂ ਸਿਰ ਟਿਕਾਉਣਾ, ਕੱਪੜੇ ਪਾਉਣੇ-ਲਾਹੁਣੇ, ਬਿਨਾਂ ਅਲਾਰਮ ਦੇ ਠੀਕ ਸਮੇਂ ਉੱਠ ਪੈਣਾ, ਬੈਠਦਿਆਂ ਹੀ ਫੁਾਸਣਾ ਲਾਉਣਾ, ਕੁਝ ਖਾਸ ਸ਼ਬਦ ਬੋਲਣੇ, ਵਿਸ਼ੇਸ਼ ਢੰਗ ਨਾਲ ਕੱਪੜੇ ਪਾਉਣੇ, ਖਾਣਾ, ਸੌਣਾ, ਝੁੰਜਲਾਹਟ ਸਮੇਂ ਸਿਗਰਟ ਪੀਣੀ, ਥਕਾਵਟ ਸਮੇਂ ਚਾਹ ਪੀਣੀ; ਮੌਜ ਮੇਲੇ ਲਈ ਜੂਆ ਖੇਡਣਾ, ਗਮ ਭੁਲਾਉਣ ਲਈ ਸ਼ਰਾਬ ਪੀਣੀ, ਪੈਸੇ ਹੋਣ ਦੇ ਬਾਵਜੂਦ ਉਧਾਰ ਲੈਣਾ, ਝੂਠ ਬੋਲਣਾ, ਬਹਾਨੇ ਲਾਉਣੇ, ਪਿਆਰ ਕਰਨਾ ਆਦਿ ਸਾਡੀਆਂ ਕੁਝ ਆਮ ਜਿਹੀਆਂ ਚੰਗੀਆਂ-ਮਾੜੀਆਂ ਆਦਤਾਂ ਹਨ।

ਨਿਤਾ-ਪ੍ਰਤੀ ਦੇ ਕੰਮਾਂ ਨੂੰ ਆਦਤ ਵੱਸ ਕਰਨ ਨਾਲ ਸਾਡਾ ਢੇਰ ਸਮਾਂ ਬੱਚ ਜਾਂਦਾ ਹੈ। ਬਿਨਾਂ ਧਿਆਨ ਦਿੱਤੇ ਅਸੀਂ ਆਦਤ ਵੱਸ ਅਨੇਕਾਂ ਕੰਮ ਕਰ ਜਾਂਦੇ ਹਾਂ।

ਆਦਤ ਜਨਮ-ਜਾਤ ਨਹੀਂ ਹੁੰਦੀ, ਕਿਸੇ ਕੰਮ ਨੂੰ ਕਰਨ ਦਾ ਇਹ ਇਕ ਸਿਖਿਆ ਹੋਇਆ ਢੰਗ ਹੁੰਦੀ ਹੈ।

ਰੋਟੀ ਹਜ਼ਮ ਕਰਨੀ, ਸਾਹ ਲੈਣਾ, ਸਰਦੀ ਵਿਚ ਸਰੀਰ ਕੰਬਣਾ ਆਦਿ ਸਾਡੀਆਂ ਆਦਤਾਂ ਨਹੀਂ ਸਰੀਰਕ ਕਿਰਿਆਵਾਂ ਹਨ ਪਰ ਸਰੀਰ ਦਾ ਬਾਹਰੀ ਰਖ-ਰਖਾਓ ਸਾਡੀਆਂ ਆਦਤਾਂ ਨਾਲ ਸਬੰਧਤ ਹੁੰਦਾ ਹੈ।

ਚੰਗੀਆਂ ਆਦਤਾਂ ਜੀਵਨ ਦੀਆਂ ਵਧੇਰੇ ਮਹੱਤਵਪੂਰਣ ਗੱਲਾਂ ਲਈ ਸੋਚਣ ਵਾਸਤੇ ਵਿਹਲ ਪ੍ਰਦਾਨ ਕਰਦੀਆਂ ਹਨ। ਆਦਤਾਂ ਸਾਡੇ ਸਰੀਰ ਵਿਚਲੀ ਤੰਤੂ-ਪ੍ਰਣਾਲੀ ਵਿਚ ਵੱਖ-ਵੱਖ ਪੜਾਵਾਂ ਦਾ ਇਕ ਤਾਰ-ਪ੍ਰਬੰਧ ਉਸਾਰਦੀਆਂ ਹਨ।

ਉਦਾਹਰਣ ਵਜੋਂ ਕੋਟ ਪਾਉਣ ਸਮੇਂ ਬਾਹਵਾਂ ਚੁਕਣੀਆਂ, ਇਕ ਮਗਰੋਂ ਦੂਜੀ ਬਾਂਹ ਦਾ ਕੋਟ ਵਿਚ ਪਾਉਣਾ, ਕੋਟ ਨੂੰ ਖਿੱਚ ਕੇ ਥਾਂ ਸਿਰ ਕਰਨਾ, ਬਟਨ ਬੰਦ ਕਰਨੇ ਆਦਿ ਇਸ ਲਈ ਬੜੇ ਸੁਭਾਵਿਕ ਕਾਰਜ ਅਤੇ ਵਰਤਾਰੇ ਲਗਦੇ ਹਨ, ਕਿਉਂਕਿ ਅਸੀਂ ਸਭ ਕੁਝ ਆਦਤ ਵੱਸ ਝੱਟਪੱਟ ਕਰ ਜਾਂਦੇ ਹਾਂ।

ਤੁਸੀਂ ਉਸ ਸਮੇਂ ਨੂੰ ਸੋਚੋ ਜਦੋਂ ਸਾਈਕਲ ਚਲਾਉਣੀ ਨਹੀਂ ਆਉਂਦੀ ਸੀ, ਕਿਵੇਂ ਹਰ ਚੀਜ਼ ਪਹਾੜ ਜਿੰਨੀ ਔਖੀ ਪ੍ਰਤੀਤ ਹੁੰਦੀ ਸੀ, ਪਰ ਸਿਖਣ ਉਪਰੰਤ ਅਸੀਂ ਗੱਲਾਂ ਕਰਦਿਆਂ ਵੀ ਸਾਈਕਲ ਠੀਕ ਚਲਾਈ ਜਾਂਦੇ ਹਾਂ।

ਇਵੇਂ ਹੀ ਲਿਖਣਾ ਸਿੱਖਣ ਸਮੇਂ ਅੱਖਰ ਠੀਕ ਨਹੀਂ ਪੈਂਦੇ ਸਨ ਪਰ ਮਗਰੋਂ ਸਭ ਕੁਝ ਸੁਭਾਵਿਕ ਲੱਗਣ ਲੱਗ ਪੈਂਦਾ ਹੈ।

ਕਿਸੇ ਵੀ ਵਿਅਕਤੀ ਦੀਆਂ ਆਦਤਾਂ ਦੂਜੇ ਦੀਆਂ ਆਦਤਾਂ ਨਾਲ ਨਹੀਂ ਮਿਲਦੀਆਂ, ਇਸੇ ਲਈ ਅਸੀਂ ਵੱਖ-ਵੱਖ ਪ੍ਰਤੀਤ ਹੁੰਦੇ ਹਾਂ। ਸਾਡੀਆਂ ਵੱਖਰੀਆਂ ਆਦਤਾਂ ਹੀ ਸਾਡੀ ਵਿਲੱਖਣਤਾ ਦਾ ਆਧਾਰ ਹੁੰਦੀਆਂ ਹਨ।

ਚੰਗੀਆਂ ਅਤੇ ਭੈੜੀਆਂ ਆਦਤਾਂ ਪੱਕਣ ਦਾ ਢੰਗ ਇਕ ਹੀ ਹੈ। ਦੁਪਹਿਰ ਵੇਲੇ ਭੋਜਨ ਖਾਣ ਦੀ ਆਦਤ ਹੋਵੇ, ਠੀਕ ਉਸੇ ਸਮੇਂ ਆਦਤ ਵੱਸ ਭੁੱਖ ਲੱਗੇਗੀ।

ਇਵੇਂ ਹੀ ਸ਼ਰਾਬੀ ਨੂੰ, ਵਿਸ਼ੇਸ਼ ਸਮੇਂ ਹੀ ਸ਼ਰਾਬ ਦੀ ਤਲਬ ਜਾਗੇਗੀ।

ਸਾਡੀਆਂ ਬਹੁਤੀਆਂ ਆਦਤਾਂ ਬੱਚਪਨ ਵਿਚ ਹੀ ਪੱਕ ਜਾਂਦੀਆਂ ਹਨ, ਵੱਡੇ ਹੋ ਕੇ ਤਾਂ ਉਹ ਵਧੇਰੇ ਗੁੰਝਲਦਾਰ ਹੋ ਜਾਂਦੀਆਂ ਹਨ।

ਜਿਸ ਬੱਚੇ ਨੂੰ ਸਕੂਲੋਂ ਦੌੜਨ ਦੀ ਆਦਤ ਪੈ ਜਾਵੇ, ਕਾਲਜ ਵਿਚ ਉਸ ਦੇ ਰੈਗੂਲਰ ਹੋਣ ਦੀ ਸੰਭਾਵਨਾ ਬੜੀ ਘੱਟ ਹੁੰਦੀ ਹੈ। ਮਾਰ-ਧਾੜ, ਚੋਰੀ, ਹਿੰਸਾ, ਗੁੰਡਾਗਰਦੀ, ਜੁਰਮ ਆਦਿ ਆਦਤ ਵੱਸ ਹੀ ਕੀਤੇ ਜਾਂਦੇ ਹਨ।

ਉਦਾਹਰਣ ਵਜੋਂ ਜਲਦੀ ਗੁੱਸਾ ਚੜ੍ਹਨ ਦੀ ਆਦਤ ਕਾਰਨ ਇਕ ਵਿਅਕਤੀ ਸਥਿਤੀ ਨੂੰ ਬੇਲੋੜਾ ਉਲਝਾ ਕੇ ਆਪਣੇ ਲਈ ਮੁਸੀਬਤਾਂ ਖੜ੍ਹੀਆਂ ਕਰੇਗਾ।

ਮਿਲੀ ਸਜ਼ਾ ਤੋਂ ਉਪਜੇ ਗੁੱਸੇ ਕਾਰਨ ਉਹ ਕੁਝ ਹੋਰ ਕਰੇਗਾ, ਇਵੇਂ ਤਾਣੀ ਵਿਗੜਦੀ-ਵਿਗੜਦੀ ਉਸ ਨੂੰ ਕੁਝ ਦਾ ਕੁਝ ਬਣਾ ਦੇਵੇਗੀ।

ਇਵੇਂ ਹੀ ਜਿਨ੍ਹਾਂ ਨੂੰ ਬੱਚਪਨ ਵਿਚ ਹੀ ਮਿਹਨਤ, ਸਮੇਂ ਸਿਰ ਕੰਮ ਕਰਨ ਆਦਿ ਦੀ ਆਦਤ ਨਹੀਂ ਪੈਂਦੀ, ਉਹ ਵੱਡੇ ਹੋ ਕੇ ਅਜਿਹੀ ਆਦਤ ਤੋਂ ਕੋਰੇ ਹੀ ਰਹਿੰਦੇ ਹਨ ਅਤੇ ਆਪਣੇ ਪੱਛੜੇਪਣ ਨੂੰ ਪੂਰਨ ਲਈ ਉਹ ਜੋ ਕੁਝ ਵੀ ਕਰਨਗੇ ਉਹ ਸਾਧਾਰਨ, ਉਪਯੋਗੀ ਅਤੇ ਸਮਾਜ ਦੇ ਹਿੱਤ ਵਿਚ ਨਹੀਂ ਹੋਵੇਗਾ।

ਅਜਿਹੇ ਵਿਅਕਤੀ ਹੀ ਸਮਾਜ-ਵਿਰੋਧੀ ਅੰਸ਼ ਹੋ ਨਿਬੜਦੇ ਹਨ।

ਜਿਨ੍ਹਾਂ ਨੂੰ ਧਨ ਜਾਂ ਚੀਜ਼ਾਂ ਸੰਭਾਲ ਕੇ ਵਰਤਣ ਦੀ ਆਦਤ ਨਹੀਂ ਹੁੰਦੀ, ਉਹ ਵੱਡੀਆਂ ਆਮਦਨਾਂ ਦੇ ਬਾਵਜੂਦ ਥੁੜ੍ਹੇ ਹੀ ਰਹਿੰਦੇ ਹਨ।

ਇਸੇ ਲਈ ਕਿਹਾ ਜਾਂਦਾ ਹੈ ਕਿ ਚੰਗੀਆਂ ਆਦਤਾਂ ਪਾਉਣ ਜਾਂ ਉਸਾਰਨ ਦਾ ਠੀਕ ਸਮਾਂ ਬੱਚਪਨ ਹੁੰਦਾ ਹੈ।

ਕਿਸੇ ਵੀ ਆਦਤ ਨੂੰ ਛੱਡਣਾ ਬਹੁਤ ਔਖਾ ਹੁੰਦਾ ਹੈ।

ਸਾਡਾ ਦਿਮਾਗ ਵੀ ਆਦਤ ਵੱਸ ਮੁੜ-ਘਿੜ ਕੇ ਉਸੇ ਰਾਹ ਤੁਰ ਪੈਂਦਾ ਹੈ।

ਇਕ ਸ਼ਰਾਬੀ ਅਨੇਕਾਂ ਵਾਰੀ ਸ਼ਰਾਬ ਨੂੰ ਛੱਡਣ ਦਾ ਯਤਨ ਕਰਦਾ ਹੈ ਪਰ ਆਦਤ ਵੱਸ ਉਹ ਸ਼ਰਾਬ ਨੂੰ ਜਾਂ ਸ਼ਰਾਬ ਉਸ ਨੂੰ ਲੱਭ ਹੀ ਲੈਂਦੀ ਹੈ।

ਇਥੇ ਹੀ ਬਸ ਨਹੀਂ, ਉਸ ਦੀ ਸੋਚ ਦਾ ਮਾਪ-ਮਿਆਰ ਵੀ ਸ਼ਰਾਬ ਬਣ ਜਾਂਦੀ ਹੈ ਜੇ ਘਰ ਦੀ ਸਫੈਦੀ ਕਰਾਉਣੀ ਹੈ, ਵੀਹ ਹਜ਼ਾਰ ਰੁਪਏ ਖਰਚ ਹੋਵੇਗਾ ਤਾਂ ਉਹ ਸੋਚੇਗਾ, ਦਸ ਪੇਟੀਆਂ ਆ ਸਕਦੀਆਂ ਹਨ, ਪੂਰਾ ਸਾਲ ਮੌਜ ਬਣੀ ਰਹੇਗੀ। ਇਵੇਂ ਹੀ ਲਾਟਰੀ ਪਾਉਣ ਦੀ, ਉਧਾਰ ਮੰਗਣ ਦੀ ਅਤੇ ਵੱਧ ਖਾਣ ਦੀ ਆਦਤ ਛੱਡਣੀ ਬੜੀ ਕਠਿਨ ਹੁੰਦੀ ਹੈ।

ਅੱਜ ਕੱਲ੍ਹ ਬਹੁਤੇ ਵਿਦਿਆਰਥੀਆਂ ਵਿਚ ਮਿਹਨਤ ਦੀ ਆਦਤ ਨਹੀਂ, ਦੋ ਘੰਟੇ ਪੜ੍ਹ ਕੇ ਉਹ ਸਮਝਦੇ ਹਨ ਬੜੇ ਥੱਕ ਗਏ ਹਾਂ, ਸੋ ਉਹ ਉਨ੍ਹਾਂ ਸਿਧਾਂਤਾਂ ਦੀ ਪ੍ਰੋੜ੍ਹਤਾ ਕਰਨਗੇ ਜਿਨ੍ਹਾਂ ਅਨੁਸਾਰ ਦੋ ਘੰਟੇ ਤੋਂ ਵੱਧ ਨਹੀਂ ਪੜ੍ਹਨਾ ਚਾਹੀਦਾ।

ਜਦੋਂ ਕੋਈ ਆਪਣੀ ਆਦਤ ਨੂੰ ਜਾਇਜ਼ ਠਹਿਰਾਉਣ ਲੱਗ ਪਵੇ ਤਾਂ ਉਸ ਆਦਤ ਦਾ ਤਿਆਗ ਅਸੰਭਵ ਹੀ ਸਮਝੋ। ਜੇਕਰ ਪੜ੍ਹਦਿਆਂ ਕੋਈ ਵਿਹਲੜ ਮਿਲਣ ਆ ਜਾਵੇ ਤਾਂ

ਨਾਲਾਇਕ ਵਿਦਿਆਰਥੀ ਉਸ ਨੂੰ ਫੜ-ਫੜ ਬਹਾਉਣਗੇ, ਚਾਹ ਪਿਲਾਉਣਗੇ ਤਾਂ ਕਿ ਪੜ੍ਹਨ ਦਾ ਸਮਾਂ ਜਿਵੇਂ-ਕਿਵੇਂ ਨਿਕਲ ਜਾਵੇ।

ਜੇਕਰ ਕਿਸੇ ਕੰਮ ਨੂੰ ਕਰਨ ਦੀ ਆਦਤ ਨਹੀਂ ਤਾਂ ਹਾਲਾਤ ਵਿਅਕਤੀ ਦੀ ਲੋੜ ਅਨੁਸਾਰ ਮਦਦ ਕਰਨਗੇ, ਬਿਜਲੀ ਚਲੀ ਜਾਵੇਗੀ, ਕਮਰੇ ਦੀ ਚਾਬੀ ਹੀ ਗੁੰਮ ਜਾਵੇਗੀ, ਅਚਾਨਕ ਕੋਈ ਕੰਮ ਪੈ ਜਾਵੇਗਾ, ਪੈਨ ਹੀ ਗੁੰਮ ਹੋ ਜਾਵੇਗਾ, ਜਾਂ ਬਲਬ ਫਿਊਜ਼ ਹੋ ਜਾਵੇਗਾ। ਪੜ੍ਹਨ-ਲਿਖਣ ਲਈ ਜਿਹੜਾ ਕੁਝ ਸਮਾਂ ਬਚੇਗਾ, ਉਸ ਨੂੰ ਹੋਰ ਵਿਦਿਆਰਥੀਆਂ ਨਾਲ ਰਲ ਕੇ ਇਮਤਿਹਾਨ ਅੱਗੇ ਪਾਉਣ ਲਈ ਜੱਦੋ-ਜਹਿਦ ਲਈ ਵਰਤਿਆ ਜਾਵੇਗਾ, ਇਵੇਂ ਵਿਦਿਆਰਥੀਆਂ ਵਿਚ ਕੰਮ ਨਾ ਕਰਨ ਦੀ ਆਦਤ ਪੱਕ ਜਾਂਦੀ ਹੈ।

ਆਪਣੀਆਂ ਭੈੜੀਆਂ ਆਦਤਾਂ ਜਾਣਦੇ ਹੋਏ ਵੀ ਉਨ੍ਹਾਂ ਤੋਂ ਛੁਟਕਾਰਾ ਕਿਉਂ ਨਹੀਂ ਪਾਇਆ ਜਾ ਸਕਦਾ ? ਭੈੜੀਆਂ ਆਦਤਾਂ ਸੌਖੀਆਂ ਹੁੰਦੀਆਂ ਹਨ, ਸੋ ਉਨ੍ਹਾਂ ਤੋਂ ਛੁਟਕਾਰਾ ਪਾਉਣਾ ਔਖਾ ਹੁੰਦਾ ਹੈ। ਚੰਗੀ ਆਦਤ ਸਾਡੀ ਸ਼ਖ਼ਸੀਅਤ ਨੂੰ ਬਲਵਾਨ ਬਣਾਉਂਦੀ ਹੈ ਅਤੇ ਹੋਰ ਚੰਗੀਆਂ ਆਦਤਾਂ ਨੂੰ ਅਪਨਾਉਣਾ ਸੌਖਾ ਹੋ ਜਾਂਦਾ ਹੈ।

ਤੁਸੀਂ ਕੋਈ ਇਕ ਚੰਗੀ ਆਦਤ, ਜਿਵੇਂ ਸਵੇਰੇ ਉਠਣ ਦੀ, ਸਭ ਥਾਂ ਸਮੇਂ ਸਿਰ ਪਹੁੰਚਣ ਦੀ, ਆਪਣਾ ਲਿਬਾਸ ਸਾਫ ਰੱਖਣ ਦੀ, ਹਰ ਚੀਜ਼ ਨਕਦ ਖਰੀਦਣ ਦੀ, ਨੇਮ ਨਾਲ ਰੋਜ਼ ਸੌ ਪੰਨੇ ਪੜ੍ਹਨ ਜਾਂ ਹਰ ਚਿੱਠੀ ਦਾ ਉੱਤਰ ਦੇਣ ਆਦਿ ਦੀ ਆਦਤ ਪਾ ਲਵੋ, ਬਾਕੀ ਚੰਗੀਆਂ ਆਦਤਾਂ ਆਪ-ਮੁਹਾਰੇ ਪੈ ਜਾਣਗੀਆਂ।

ਉਦਾਹਰਣ ਵਜੋਂ ਸਭ ਥਾਂ ਸਮੇਂ ਸਿਰ ਪਹੁੰਚਣ ਵਾਲਾ ਵਿਅਕਤੀ, ਫਜ਼ੂਲ ਖਰਚੀ ਤੋਂ ਬੱਚ ਜਾਵੇਗਾ, ਲੋੜ ਅਨੁਸਾਰ ਖਾਣ ਲੱਗ ਪਵੇਗਾ, ਬਹਾਨੇ ਲਾਉਣੇ ਛੱਡ ਦੇਵੇਗਾ ਅਤੇ ਕਈ ਭੈੜੀਆਂ ਆਦਤਾਂ ਤੋਂ ਬਚ ਜਾਵੇਗਾ।

ਇਕ ਨਿਸ਼ਚਿਤ ਉਦੇਸ਼, ਦੂਜਿਆਂ ਦੀ ਨਜ਼ਰ ਵਿਚ ਉੱਚੇ ਉਠਣ ਦੀ ਅਭਿਲਾਸ਼ਾ ਅਤੇ ਭੈੜੀਆਂ ਆਦਤਾਂ ਵਾਲੇ ਵਿਅਕਤੀਆਂ ਦੀ ਮਿਸਾਲ, ਸਾਨੂੰ ਚੰਗੀਆਂ ਆਦਤਾਂ ਪਾਉਣ ਅਤੇ ਅਪਨਾਉਣ ਲਈ ਉਤਸ਼ਾਹਿਤ ਕਰਦੀਆਂ ਹਨ।

ਚੰਗਿਆਂ ਨੂੰ ਚੰਗੇ ਲਗਣ ਦੀ ਰੀਝ, ਹਰ ਕਿਸੇ ਵਿਚ ਚੰਗੀਆਂ ਆਦਤਾਂ ਅਪਨਾਉਣ ਦੀ ਪ੍ਰੇਰਨਾ ਬਣ ਜਾਂਦੀ ਹੈ।

ਭੈੜੀਆਂ ਆਦਤਾਂ ਸਾਡੇ ਸਰੀਰ ਅਤੇ ਸਾਡੀ ਸੋਚ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਕਮਜ਼ੋਰ ਵਿਅਕਤੀ ਬਲਵਾਨ ਫੈਸਲੇ ਨਹੀਂ ਕਰ ਸਕਦੇ।

ਸਾਡੀਆਂ ਪ੍ਰਾਪਤੀਆਂ ਦੀ ਪ੍ਰਕਾਰ ਅਤੇ ਪੱਧਰ ਸਾਡੀਆਂ ਚੰਗੀਆਂ-ਮਾੜੀਆਂ ਆਦਤਾਂ ਉਤੇ ਨਿਰਭਰ ਕਰਦੀ ਹੈ।

ਕੁਚੱਜੀਆਂ ਆਦਤਾਂ ਵਾਲਾ ਵਿਅਕਤੀ ਸੁਚੱਜਾ ਹੋ ਹੀ ਨਹੀਂ ਸਕਦਾ ਅਤੇ ਸੁਚੱਜੇ ਵਿਅਕਤੀ ਨੂੰ ਕੋਈ ਭੈੜੀ ਆਦਤ ਭਰਮਾ ਨਹੀਂ ਸਕਦੀ।

***

ਅਫ਼ਵਾਹਾਂ

ਕਿਸੇ ਸੂਚਨਾ ਦੇ ਵਿਗੜੇ ਹੋਏ ਜਾਂ ਜਾਣ ਕੇ ਵਿਗਾੜੇ ਹੋਏ ਰੂਪ ਜਾਂ ਕਿਸੇ ਮਨਘੜਤ ਅਤੇ ਗੁਮਰਾਹ ਕਰਨ ਵਾਲੀ ਸੂਚਨਾ ਨੂੰ ਅਫ਼ਵਾਹ ਆਖਦੇ ਹਨ।

ਜਦੋਂ ਅਜਿਹੀ ਸੂਚਨਾ ਜਾਂ ਖ਼ਬਰ ਆਪਣੇ ਅੰਤਲੇ ਪੜਾਅ ਉੱਤੇ ਜਾਂ ਅੰਤਲੇ ਵਿਅਕਤੀ ਤਕ ਪਹੁੰਚਦੀ ਹੈ ਤਾਂ ਉਸ ਦਾ ਆਕਾਰ, ਮੁਹਾਂਦਰਾ ਅਤੇ ਰੂਪ-ਰੰਗ ਉਸ ਦੀ ਆਰੰਭ ਵਾਲੀ ਸਥਿਤੀ ਤੋਂ ਬਹੁਤ ਬਦਲ ਚੁੱਕਾ ਹੁੰਦਾ ਹੈ।

ਹਰ ਪੁਰਸ਼ ਅਤੇ ਇਸਤਰੀ ਜਮਾਂਦਰੂ ਕਹਾਣੀਕਾਰ ਹੁੰਦੇ ਹਨ।

ਉਹ ਨਾ ਕੇਵਲ ਆਪਣੀ ਕਲਪਨਾ ਦੇ ਸਹਾਰੇ ਨਵੇਂ ਬਿੰਬ, ਰੂਪਕ, ਚਿੰਨ੍ਹ ਆਦਿ ਉਸਾਰਦੇ ਹਨ ਸਗੋਂ ਆਪਣੇ ਪ੍ਰਾਪਤ ਕੀਤੇ ਗਿਆਨ ਦਾ ਵੀ ਆਪਣੀ ਸੀਮਾ ਅਤੇ ਸਮਰੱਥਾ ਅਨੁਸਾਰ ਅਜਨਬੀਕਰਣ ਕਰਦੇ ਰਹਿੰਦੇ ਹਨ।

ਮਨੁੱਖ ਦੀ ਸਿਰਜਣਾਤਮਕ ਅਤੇ ਕਲਾਤਮਿਕ ਸ਼ਕਤੀ, ਕਲਪਨਾਤਮਿਕ ਸ਼ਕਤੀ ਨਾਲ ਮਿਲ ਕੇ ਕੁਝ ਨਾ ਕੁਝ ਨਵਾਂ ਉਸਾਰਨ ਦੀ ਕਿਰਿਆ ਵਿਚ ਰੁੱਝੀ ਰਹਿੰਦੀ ਹੈ। ਮਨੁੱਖ ਨਾ ਕੇਵਲ ਆਪਣੇ ਵੇਖੇ-ਸੁਣੇ ਨੂੰ ਪਹਿਲੇ ਪ੍ਰਾਪਤ ਕੀਤੇ ਗਿਆਨ ਨਾਲ ਜੋੜਦਾ ਰਹਿੰਦਾ ਹੈ ਸਗੋਂ ਅਜਿਹੇ ਜੋੜ-ਤੋੜ ਨਾਲ ਨਵੀਆਂ ਧਾਰਨਾਵਾਂ ਵੀ ਬਣਾਉਂਦਾ ਰਹਿੰਦਾ ਹੈ।

ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਨਾ ਕੇਵਲ ਸਾਡੇ ਵਿਚ ਅਫ਼ਵਾਹ ਫੈਲਾਉਣ ਦੀ ਰੁੱਚੀ ਹੁੰਦੀ ਹੈ ਸਗੋਂ ਅਫ਼ਵਾਹ ਸੁਣਨ ਦੀ ਰੁੱਚੀ ਵੀ ਹੁੰਦੀ ਹੈ।

ਅਫ਼ਵਾਹ ਚੁਗਲੀ ਦਾ ਹੀ ਸੁਧਰਿਆ ਹੋਇਆ ਰੂਪ ਹੁੰਦੀ ਹੈ।

ਹਰ ਅਫ਼ਵਾਹ ਦਾ ਕਿਸੇ ਨਾ ਕਿਸੇ ਵਿਅਕਤੀ ਨਾਲ ਸੰਬੰਧ ਹੁੰਦਾ ਹੈ।

ਕਈ ਅਫ਼ਵਾਹਾਂ ਸਮੇਂ ਦੇ ਬੀਤਣ ਨਾਲ ਝੂਠੀਆਂ ਸਾਬਤ ਹੋ ਜਾਂਦੀਆਂ ਹਨ ਪਰ ਕਈ ਅਫ਼ਵਾਹਾਂ ਨੂੰ ਝੂਠਾ ਸਾਬਤ ਕਰਨ ਦੀ ਨਾ ਕਿਸੇ ਕੋਲ ਵਿਹਲ ਹੁੰਦੀ ਹੈ ਅਤੇ ਨਾ ਹੀ ਸਮਰੱਥਾ, ਸੋ ਉਹ ਸਮਾਜ ਦਾ ਗੇੜਾ ਕਟ ਕੇ ਲੋਪ ਹੋ ਜਾਂਦੀਆਂ ਹਨ।

ਬਹੁਤੀਆਂ ਅਫ਼ਵਾਹਾਂ ਕਿਸੇ ਡਰ ਜਾਂ ਆਸ ਉੱਤੇ ਆਧਾਰਿਤ ਹੁੰਦੀਆਂ ਹਨ। ਜੰਗ ਦੇ ਦਿਨਾਂ ਵਿਚ ਕਿਸੇ ਜਸੂਸ ਦੇ ਫੜੇ ਜਾਣ, ਕਿਸੇ ਜਹਾਜ਼ ਦੇ ਡੇਗੇ ਜਾਣ ਜਾਂ ਕਿਸੇ ਫਰੰਟ ਉੱਤੇ ਭਾਰੀ ਨੁਕਸਾਨ ਦੀਆਂ ਅਫ਼ਵਾਹਾਂ ਇਸ ਕਰ ਕੇ ਤੇਜ਼ੀ ਨਾਲ ਚੱਕਰ ਲਾਉਂਦੀਆਂ ਹਨ, ਕਿਉਂਕਿ ਅਜਿਹਾ ਕੁਝ ਹੋਣ ਦਾ ਸਾਨੂੰ ਡਰ ਬਣਿਆ ਰਹਿੰਦਾ ਹੈ।

ਐਮਰਜੰਸੀ ਦੇ ਦੌਰਾਨ ਸਕੂਲਾਂ ਵਿਚ ਜਦੋਂ ਬੱਚਿਆਂ ਨੂੰ ਚੇਚਕ ਦੇ ਟੀਕੇ ਲਾਉਣ ਦਾ ਕੌਮੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ ਤਾਂ ਅਫ਼ਵਾਹ ਫੈਲ ਗਈ ਸੀ ਕਿ ਬੱਚਿਆਂ ਨੂੰ

ਸਰਕਾਰ ਵਲੋਂ ਅਜਿਹੇ ਟੀਕੇ ਲਾਏ ਜਾ ਰਹੇ ਸਨ ਕਿ ਉਹ ਵੱਡੇ ਹੋ ਕੇ ਸੰਤਾਨ ਪੈਦਾ ਨਹੀਂ ਕਰ ਸਕਣਗੇ। ਕਿਉਂਕਿ ਸਰਕਾਰ ਵੱਲੋਂ ਜਬਰੀ ਸੰਤਾਨ-ਸੰਜਮ ਦੀਆਂ ਕਈ ਉਦਾਹਰਣਾਂ ਲੋਕਾਂ ਨੂੰ ਪਤਾ ਸਨ ਇਸ ਲਈ ਮਨੋਵਿਗਿਆਨਕ ਤੌਰ ਉਤੇ ਸਰਕਾਰ ਵਿਚ ਵਿਸ਼ਵਾਸ ਘਟਣ ਕਾਰਨ ਲੋਕ ਹਰ ਉਸ ਗੱਲ ਨੂੰ ਮੰਨਣ ਲਈ ਸਹਿਜੇ ਹੀ ਤਿਆਰ ਸਨ, ਜਿਹੜੀ ਜਬਰੀ ਸੰਤਾਨ-ਸੰਜਮ ਦੇ ਖੇਤਰ ਵਿਚ ਆਉਂਦੀ ਸੀ।

ਇਵੇਂ ਹੀ ਇਕ ਵਾਰੀ ਮੋਟਰ ਸਾਈਕਲ ਦੇ ਤਿੰਨ ਸਵਾਰਾਂ ਵੱਲੋਂ ਇਕ ਪ੍ਰਸਿੱਧ ਵਿਅਕਤੀ ਦੇ ਕਤਲ ਉਪਰੰਤ ਹਰ ਵਾਰਦਾਤ ਪਿੱਛੇ ਮੋਟਰ ਸਾਈਕਲ ਦੇ ਤਿੰਨ ਸਵਾਰਾਂ ਦੀ ਗੱਲ ਸਹਿਜੇ ਹੀ ਜੋੜ ਦਿੱਤੀ ਜਾਣ ਲੱਗ ਪਈ ਸੀ।

ਪਤੀ-ਪਤਨੀ ਵਿਚਕਾਰ ਝਗੜਾ ਹੋਣ ਦੀ ਸੂਰਤ ਵਿਚ ਉਨ੍ਹਾਂ ਦੀ ਹਰ ਨਿੱਕੀ-ਮੋਟੀ ਗੱਲ ਨੂੰ ਨਵਾਂ ਰੂਪ ਦੇ ਕੇ ਰਿਸ਼ਤੇਦਾਰਾਂ ਜਾਂ ਸ਼ਰੀਕਾਂ ਵੱਲੋਂ ਜਾਰੀ ਕਰ ਦਿੱਤਾ ਜਾਂਦਾ ਹੈ।

ਕਈ ਵਾਰੀ ਅਫ਼ਵਾਹਾਂ ਦਾ ਬਾਜ਼ਾਰ ਇਤਨਾ ਗਰਮ ਹੁੰਦਾ ਹੈ ਕਿ ਸਭ ਖੋਟੀਆਂ-ਸੱਚੀਆਂ ਗੱਲਾਂ ਚੱਲ ਨਿਕਲਦੀਆਂ ਹਨ।

ਬੰਗਲਾਦੇਸ਼ ਦੀ ਲੜਾਈ ਸਮੇਂ ਪਾਕਿਸਤਾਨੀ ਫ਼ੌਜਾਂ ਵੱਲੋਂ ਕੀਤੇ ਜਾਣ ਵਾਲੇ ਜ਼ੁਲਮਾਂ ਦੀਆਂ ਇਤਨੀਆਂ ਕਹਾਣੀਆਂ ਪ੍ਰਚਲਿਤ ਹੋ ਗਈਆਂ ਸਨ ਕਿ ਇੰਜ ਪ੍ਰਤੀਤ ਹੁੰਦਾ ਸੀ ਕਿ ਪਾਕਿਸਤਾਨੀ ਸਿਪਾਹੀ ਇਨਸਾਨ ਨਾ ਰਹਿ ਕੇ ਸਭ ਜਾਨਵਰ ਬਣ ਗਏ ਸਨ ਅਤੇ ਬੰਗਾਲੀ ਔਰਤਾਂ ਦਾ ਬਲਾਤਕਾਰ ਕਰਨਾ ਹੀ ਉਨ੍ਹਾਂ ਦਾ ਮੁੱਖ ਕੰਮ ਬਣ ਗਿਆ ਸੀ।

ਅਕਬਰ ਅਤੇ ਬੀਰਬਲ ਦੀਆਂ ਇਤਨੀਆਂ ਕਹਾਣੀਆਂ ਪ੍ਰਸਿੱਧ ਹਨ ਕਿ ਕਿਸੇ ਵੀ ਚੁਸਤੀ-ਚਲਾਕੀ ਵਾਲੀ ਗੱਲ ਨੂੰ ਸਹਿਜੇ ਹੀ ਬੀਰਬਲ ਨਾਲ ਜੋੜਿਆ ਜਾ ਸਕਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਅਕਬਰ ਅਤੇ ਬੀਰਬਲ ਨੂੰ ਹੋਰ ਕੋਈ ਕੰਮ ਹੀ ਨਹੀਂ ਸੀ ਅਤੇ ਉਹ ਹਰ ਵੇਲੇ ਚੁਟਕਲੇ ਹੀ ਘੜਦੇ ਰਹਿੰਦੇ ਸਨ।

ਨਾ ਕੇਵਲ ਵੱਡੇ ਸਗੋਂ ਬੱਚੇ ਵੀ ਅਫ਼ਵਾਹਾਂ ਦਾ ਸ਼ਿਕਾਰ ਹੁੰਦੇ ਹਨ।

ਜਦੋਂ ਪੰਜਾਬ ਦੇ ਰਹਿ ਚੁੱਕੇ ਗਵਰਨਰ ਸ਼੍ਰੀ ਜੇ ਸੁਖ ਲਾਲ ਹਥੀ ਦੇ ਸਵਰਗਵਾਸ ਹੋਣ ਉਤੇ ਸਕੂਲਾਂ ਵਿਚ ਛੁੱਟੀ ਕਰ ਦਿੱਤੀ ਗਈ ਤਾਂ ਛੋਟੇ ਬੱਚਿਆਂ ਨੇ ਘਰ ਜਾ ਕੇ ਸੂਚਨਾ ਦਿੱਤੀ ਕਿ ਇਕ ਹਾਥੀ ਮਰ ਗਿਆ ਹੈ, ਇਸ ਲਈ ਸਕੂਲ ਵਿਚ ਛੁੱਟੀ ਹੋ ਗਈ ਹੈ।

ਨਿਰਸੰਦੇਹ ਬੱਚਿਆਂ ਦੇ ਹਾਥੀ ਸੰਬੰਧੀ ਗਿਆਨ ਦੇ ਸੰਦਰਭ ਵਿਚ ਛੁੱਟੀ ਬਹੁਤੀ ਵੱਡੀ ਹੈਰਾਨੀ ਦਾ ਕਾਰਨ ਨਹੀਂ ਸੀ।

ਜਿਵੇਂ ਹਰ ਅਫ਼ਵਾਹ ਕਿਸੇ ਨਾ ਕਿਸੇ ਡਰ ਉਤੇ ਆਧਾਰਿਤ ਹੁੰਦੀ ਹੈ, ਉਵੇਂ ਹੀ ਕੁਝ ਅਫ਼ਵਾਹਾਂ ਸਾਡੀ ਕਿਸੇ ਅਭਿਲਾਸ਼ਾ ਦੀ ਪੂਰਤੀ ਦੇ ਭਰਮ ਕਾਰਨ ਵੀ ਪ੍ਰਚਲਿਤ ਹੋ ਜਾਂਦੀਆਂ ਹਨ। ਜੇ ਕਿਸੇ ਚੀਜ਼ ਦੀ ਥੁੜ੍ਹ ਦੇ ਸ਼ਿਕਾਰ ਕਿਸੇ ਵਿਅਕਤੀ ਨੂੰ ਕੋਈ ਦੱਸੇ ਕਿ ਹੁਣ ਸੀਮਿੰਟ ਦੇ ਆਯਾਤ ਕਾਰਨ ਸਪਲਾਈ ਖੁੱਲ੍ਹ ਜਾਵੇਗੀ ਤਾਂ ਇਹ ਅਫ਼ਵਾਹ ਹੋਣ ਦੇ ਬਾਵਜੂਦ ਉਸ ਦੀ ਸੀਮਿੰਟ ਪ੍ਰਾਪਤ ਕਰਨ ਦੀ ਅਭਿਲਾਸ਼ਾ ਕਾਰਨ, ਉਸ ਨੂੰ ਸੁਖਦਾਇਕ ਲੱਗਣ ਦੇ ਨਾਲ-ਨਾਲ ਚੰਗੀ ਵੀ ਲੱਗੇਗੀ।

ਕਿਉਂਕਿ ਸਾਧਾਰਨ ਲੋਕ ਫਿਲਮੀ ਸਿਤਾਰਿਆਂ ਵਾਂਗ ਜੀਵਨ ਗੁਜ਼ਾਰਨ ਦੇ ਸੁਪਨੇ ਲੈਂਦੇ ਰਹਿੰਦੇ ਹਨ, ਇਸ ਲਈ ਫਿਲਮੀ ਸਿਤਾਰਿਆਂ ਸੰਬੰਧੀ ਅਨੇਕਾਂ ਅਫ਼ਵਾਹਾਂ ਹਰ ਸਮਾਜ ਵਿਚ ਚਲਿਤ ਰਹਿੰਦੀਆਂ ਹਨ।

ਕਈ ਫਿਲਮੀ ਅਦਾਕਾਰ ਜਾਣ ਬੁੱਝ ਕੇ ਤਲਾਕ ਦੇਣ, ਫਿਲਮਾਂ ਤੋਂ ਸੰਨਿਆਸ ਲੈਣ ਆਦਿ ਦੀਆਂ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ।

ਕਈ ਲੋਕ ਦੂਜਿਆਂ ਨੂੰ ਖੁਸ਼ ਕਰਨ ਲਈ ਵੀ ਮਨਘੜਤ ਗੱਲਾਂ ਬਣਾਉਂਦੇ ਰਹਿੰਦੇ ਹਨ। ਇਕ ਵਿਅਕਤੀ ਦਾ ਪੁੱਤਰ ਜਦੋਂ ਲੰਮਾ ਸਮਾਂ ਗਾਇਬ ਰਿਹਾ ਤਾਂ ਉਸ ਨੇ ਸਮਝਿਆ ਮਰ ਗਿਆ ਹੋਵੇਗਾ ਪਰ ਜਦੋਂ ਕਿਸੇ ਨੇ ਆਪਣੇ ਵੱਲੋਂ ਐਵੇਂ ਹੀ ਕਿਹਾ ਕਿ ਉਸ ਨੇ ਉਸ ਨੂੰ ਪਿਛਲੇ ਮਹੀਨੇ ਗੱਡੀ ਚੜ੍ਹਦਿਆਂ ਵੇਖਿਆ ਸੀ ਤਾਂ ਇਹ ਗੱਲ ਮੁੰਡੇ ਦੇ ਪਿਤਾ ਅਤੇ ਰਿਸ਼ਤੇਦਾਰਾਂ ਨੂੰ ਬੜੀ ਚੰਗੀ ਲੱਗੀ।

ਹਰ ਅਫ਼ਵਾਹ ਫੈਲਾਉਣ ਵਾਲੇ ਦਾ ਕੋਈ ਨਾ ਕੋਈ ਸੁਆਰਥ ਹੁੰਦਾ ਹੈ।

ਇਕ ਵਿਅਕਤੀ ਨੇ ਇਕ ਲੜਕੀ ਨੂੰ ਬਦਨਾਮ ਕਰਨ ਲਈ ਉਸ ਨਾਲ ਆਪਣੇ ਵਿਆਹ ਸੰਬੰਧੀ ਸੱਦਾ-ਪੱਤਰ ਛਾਪ ਕੇ ਵੰਡ ਦਿੱਤੇ ਸਨ।

ਕੁਝ ਆਪੇ ਆਗੂ ਬਣੇ ਲੜਕਿਆਂ ਨੇ ਚੋਣਾਂ ਦੌਰਾਨ ਆਪਣੇ ਨਾਲੋਂ ਵੱਖ ਹੋਏ ਸਾਥੀ ਬਾਰੇ ਅਫ਼ਵਾਹ ਫੈਲਾ ਦਿੱਤੀ ਕਿ ਉਸ ਨੂੰ ਏਡਜ਼ ਹੋਈ ਹੋਈ ਹੈ, ਇਸ ਲਈ ਅਸੀਂ ਉਸ ਨੂੰ ਆਪਣੇ ਧੜੇ ਵਿਚੋਂ ਕੱਢ ਦਿੱਤਾ ਹੈ।

ਇਕ ਲੜਕੀ ਦੀ ਗੈਰਹਾਜ਼ਰੀ ਵਿਚ ਉਸ ਨਾਲ ਈਰਖਾ ਕਰਨ ਵਾਲੀਆਂ ਲੜਕੀਆਂ ਨੇ ਅਫ਼ਵਾਹ ਫੈਲਾ ਦਿੱਤੀ ਕਿ ਉਹ ਦੌੜ ਗਈ ਹੈ।

ਉਪਰੋਕਤ ਉਦਾਹਰਣਾਂ ਦਾ ਭਾਵ ਇਹ ਹੈ ਕਿ ਉਹ ਅਫ਼ਵਾਹ ਜਲਦੀ ਫੈਲਦੀ ਹੈ ਜਿਸ ਦੀ ਤਸਦੀਕ ਕਰਨ ਦਾ ਕੋਈ ਸਾਧਨ ਨਾ ਹੋਵੇ।

ਐਮਰਜੰਸੀ ਉਪਰੰਤ ਜਨਤਾ ਪਾਰਟੀ ਦੀ ਚੋਣਾਂ ਵਿਚ ਜਿੱਤ ਦਾ ਕਾਰਨ ਬਹੁਤ ਹੱਦ ਤੱਕ ਐਮਰਜੰਸੀ ਦੌਰਾਨ ਅਖ਼ਬਾਰਾਂ ਉਤੇ ਸੈਂਸਰ ਸੀ। ਅਫ਼ਵਾਹਾਂ ਫੈਲ ਰਹੀਆਂ ਸਨ ਪਰ ਉਨ੍ਹਾਂ ਦੀ ਤਸਦੀਕ ਸੰਭਵ ਨਹੀਂ ਸੀ।

ਇਵੇਂ ਬਹੁਤ ਹੱਦ ਤਕ ਅਖ਼ਬਾਰਾਂ, ਅਫ਼ਵਾਹਾਂ ਨੂੰ ਫੈਲਾਉਣ ਵਿਚ ਅਤੇ ਕੁੱਚਲਣ ਵਿਚ ਸਹਾਈ ਹੁੰਦੀਆਂ ਹਨ।

ਇਹ ਵੱਖਰੀ ਗੱਲ ਹੈ ਕਿ ਕੁਝ ਅਖ਼ਬਾਰਾਂ ਅਫ਼ਵਾਹਾਂ ਫੈਲਾ ਕੇ ਹੀ ਜਿਊਂਦੇ ਰਹਿਣ ਦਾ ਹੀਲਾ ਕਰਦੀਆਂ ਹਨ।

ਅਫ਼ਵਾਹ ਸੁਣਨ ਨਾਲ ਸਾਨੂੰ ਕੁਝ ਅਜਿਹੀ ਤਸੱਲੀ ਮਿਲਦੀ ਹੈ, ਜਿਹੋ ਜਿਹੀ ਖਾਜ ਕਰਨ ਨਾਲ ਪ੍ਰਾਪਤ ਹੁੰਦੀ ਹੈ।

ਅਫ਼ਵਾਹ ਸੁਣਾਉਣ ਵਾਲਾ ਆਪਣੇ ਆਪ ਨੂੰ ਬੜਾ ਮਹੱਤਵਪੂਰਨ ਵਿਅਕਤੀ ਸਮਝਦਾ ਹੈ ਅਤੇ ਉਹ ਇਵੇਂ ਬੋਲਦਾ ਹੈ ਜਿਵੇਂ ਕਹਿ ਰਿਹਾ ਹੋਵੇ, 'ਵੇਖੋ, ਮੈਂ ਤੁਹਾਡੇ ਨਾਲੋਂ ਕਿੰਨਾ ਕੁਝ ਵਧੇਰੇ ਜਾਣਦਾ ਹਾਂ!'

ਅਫ਼ਵਾਹਾਂ ਵਿਹਲੇ, ਅਸੰਤੁਸ਼ਟ ਅਤੇ ਮਾਯੂਸ ਲੋਕਾਂ ਦਾ ਮਨ ਪਰਚਾਵਾ ਕਰਦੀਆਂ ਹਨ। ਅਜਿਹੀ ਸਥਿਤੀ ਵਿਚ ਤੁਸੀਂ ਲੋਕਾਂ ਨੂੰ ਕਹਿੰਦਿਆਂ ਸੁਣਿਆ ਹੋਵੇਗਾ 'ਅੱਛਾ ਫਿਰ ਕੁਝ ਹੋਰ ਸੁਣਾਓ।'

ਜਿਨ੍ਹਾਂ ਲੋਕਾਂ ਦੀ ਦਿਲਚਸਪੀ ਦਾ ਪੱਧਰ ਨੀਵਾਂ ਹੁੰਦਾ ਹੈ, ਉਹ ਕਿਸੇ ਪਤੀ-ਪਤਨੀ ਦੀ ਅਣਬਣ, ਕਿਸੇ ਪ੍ਰੇਮੀ-ਪ੍ਰੇਮਿਕਾ ਦੇ ਝਗੜੇ ਅਤੇ ਕਿਸੇ ਦਫ਼ਤਰੀ ਹੇਰਾਫੇਰੀ ਦੀਆਂ ਘਟਨਾਵਾਂ ਨੂੰ ਚਸਕੇ ਲਾ-ਲਾ ਕੇ ਸੁਣਦੇ-ਸੁਣਾਉਂਦੇ ਹਨ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਧੇਰੇ ਅਫ਼ਵਾਹਾਂ ਫੈਲਾਉਂਦੀਆਂ ਹਨ।

ਇਸਤਰੀਆਂ ਬਾਰੇ ਵਧੇਰੇ ਅਫ਼ਵਾਹਾਂ ਇਸ ਕਰਕੇ ਫੈਲਦੀਆਂ ਹਨ, ਕਿਉਂਕਿ ਉਨ੍ਹਾਂ ਵਿਚ ਇਸਤਰੀਆਂ ਆਪ ਵੀ ਵਧੇਰੇ ਦਿਲਚਸਪੀ ਲੈਂਦੀਆਂ ਹਨ।

ਅਫ਼ਵਾਹਾਂ ਦੱਬੀਆਂ-ਕੁੱਚਲੀਆਂ ਖ਼ਾਹਿਸ਼ਾਂ ਅਤੇ ਲਾਲਸਾਵਾਂ ਤੋਂ ਨਿਜਾਤ ਪ੍ਰਾਪਤ ਕਰਨ ਦਾ ਸਾਰਥਕ ਵਸੀਲਾ ਹੁੰਦੀਆਂ ਹਨ।

ਆਪਣੇ ਵਿਰੋਧੀ ਜਾਂ ਦੁਸ਼ਮਣ ਜਾਂ ਰਕੀਬ ਬਾਰੇ ਅਫ਼ਵਾਹ ਫੈਲਾ ਕੇ ਅਸੀਂ ਉਸ ਉੱਤੇ ਇਕ ਸ਼ਾਬਦਿਕ ਹਮਲਾ ਕਰ ਰਹੇ ਹੁੰਦੇ ਹਾਂ।

ਅਫਵਾਹ ਧਮਕੀ ਦਾ ਜ਼ਖਮੀ ਹੋਇਆ ਰੂਪ ਵੀ ਕਹੀ ਜਾ ਸਕਦੀ ਹੈ।

ਆਪਣੇ ਦੁਸ਼ਮਣ ਨੂੰ ਸਰੀਰਕ ਪੱਖੋਂ ਹਰਾ ਸਕਣ ਦੀ ਅਸਮਰੱਥਾ ਕਾਰਨ ਹੀ, ਅਜਿਹੇ ਵਿਅਕਤੀ ਵਿਚ ਅਫ਼ਵਾਹਾਂ ਫੈਲਾਉਣ ਦੀ ਪ੍ਰਵਿਰਤੀ ਬਲਵਾਨ ਹੁੰਦੀ ਹੈ।

ਅਫ਼ਵਾਹ ਫੈਲਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ।

ਕਲਾਤਮਿਕ ਢੰਗ ਨਾਲ ਫੈਲਾਈ ਅਫ਼ਵਾਹ ਰਾਹੀਂ ਆਪਣੇ ਵਿਰੋਧੀ ਜਾਂ ਸ਼ਰੀਕ ਤੋਂ ਵੱਡੇ ਤੋਂ ਵੱਡਾ ਬਦਲਾ ਲਿਆ ਜਾ ਸਕਦਾ ਹੈ।

ਗਲਤ ਅਫ਼ਵਾਹਾਂ ਲੱਖਾਂ ਲੋਕਾਂ ਦੀਆਂ ਜਾਨਾਂ ਵੀ ਲੈ ਸਕਦੀਆਂ ਹਨ, ਜਿਵੇਂ ਦੇਸ਼ ਵੰਡ ਸਮੇਂ ਦੇ ਫਸਾਦ ਵਧੇਰੇ ਕਰਕੇ ਅਫ਼ਵਾਹਾਂ ਦਾ ਹੀ ਸਿੱਟਾ ਸਨ।

ਵਿਸ਼ੇਸ਼ ਤੇ ਭੇਤ ਭਰੀਆਂ ਗੱਲਾਂ ਜਾਣਨਾ ਇਕ ਸਦੀਵੀ ਮਨੁੱਖੀ ਜਗਿਆਸਾ ਹੈ। ਇਹ ਰੁਚੀ ਪੜ੍ਹੇ-ਲਿਖੇ ਲੋਕਾਂ ਦੇ ਮੁਕਾਬਲੇ ਅਨਪੜ੍ਹਾਂ ਵਿਚ ਵਧੇਰੇ ਹੁੰਦੀ ਹੈ।

ਗਣੇਸ਼ ਦੀ ਮੂਰਤੀ ਵਲੋਂ ਦੁੱਧ ਪੀਣ ਦੀ ਅਫ਼ਵਾਹ ਤੋਂ ਸਾਰੇ ਜਾਣੂ ਹਨ।

ਆਮ ਕਰਕੇ ਅਫ਼ਵਾਹ ਫੈਲ ਜਾਂਦੀ ਹੈ ਕਿ ਇਕ ਬੱਚਾ ਪਿਛਲੇ ਜਨਮ ਦੀਆਂ ਗੱਲਾਂ ਦਸਦਾ ਹੈ। ਅਨਪੜ੍ਹ ਲੋਕ ਟਰੈਕਟਰ-ਟਰਾਲੀਆਂ ਲੈ ਕੇ ਇਹ ਅਜੂਬਾ ਦੇਖਣ ਟੁਰ ਪੈਣਗੇ। ਸੁਭਾਵਿਕ ਹੀ ਅਜਿਹੇ ਲੋਕ ਅਜੂਬਾਪ੍ਰਸਤ ਹੁੰਦੇ ਹਨ। ਉਨ੍ਹਾਂ ਨੂੰ ਕਿਸੇ ਵੀ ਅਜੂਬੇ ਦੀ ਅਫ਼ਵਾਹ ਪ੍ਰਭਾਵਿਤ ਕਰ ਸਕਦੀ ਹੈ, ਭਾਵੇਂ ਉਹ ਦੋ ਸਿਰਾਂ ਵਾਲਾ ਬੱਚਾ ਹੋਵੇ ਜਾਂ ਤਿੰਨ ਅੱਖਾਂ ਵਾਲੀ ਗਊ।

ਸੱਚ ਤਾਂ ਇਹ ਹੈ ਕਿ ਅਜਿਹੇ ਲੋਕਾਂ ਨੂੰ ਸਾਧਾਰਨਤਾ ਦੇ ਮੁਕਾਬਲੇ ਅਸਾਧਾਰਨਤਾ ਵਧੇਰੇ ਖਿੱਚਦੀ ਹੈ। ਇਵੇਂ ਹੀ ਬਹੁਤ ਸਾਰੇ ਰਸਮ, ਰਿਵਾਜ, ਵਹਿਮ ਅਤੇ ਭਰਮ ਵੀ ਅਫ਼ਵਾਹਾਂ ਉੱਤੇ ਆਧਾਰਿਤ ਹੁੰਦੇ ਹਨ।

ਅਫ਼ਵਾਹਾਂ ਨੂੰ ਫੈਲਾਉਣ ਵਿਚ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਇਸ ਲਈ ਵਧੇਰੇ ਕਾਰਜਸ਼ੀਲ ਹੁੰਦੀਆਂ ਹਨ ਕਿਉਂਕਿ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਿਚ ਅਕਸਰ ਤਰਕ-ਵਿਤਰਕ ਧੁੰਦਲਾ ਅਤੇ ਲਚਕਦਾਰ ਹੁੰਦਾ ਹੈ।

ਹੁਣ ਵੀ ਅਫ਼ਵਾਹਾਂ ਪਹਿਲੇ ਵਾਂਗ ਹੀ ਉਪਜਦੀਆਂ ਹਨ ਪਰ ਡਾਕ, ਤਾਰ, ਟੈਲੀਫੋਨ, ਟੈਲੀਵਿਜ਼ਨ, ਅਖ਼ਬਾਰਾਂ, ਆਵਾਜਾਈ ਦੇ ਤੇਜ਼ ਸਾਧਨਾਂ ਕਾਰਨ, ਇਨ੍ਹਾਂ ਦੀ ਪੜਤਾਲ, ਪੁਸ਼ਟੀ ਜਾਂ ਤਸਦੀਕ ਝੱਟ ਹੋ ਜਾਂਦੀ ਹੈ।

ਪੁਰਾਣੀਆਂ ਅਫ਼ਵਾਹਾਂ ਇਲਾਕਾਈ ਜਾਂ ਸੂਬਾਈ ਹੁੰਦੀਆਂ ਸਨ ਪਰ ਅਜੋਕੀਆਂ ਅਫ਼ਵਾਹਾਂ ਕੌਮੀ ਅਤੇ ਕੌਮਾਂਤਰੀ ਹੁੰਦੀਆਂ ਹਨ।

ਹੁਣ ਵੱਖ-ਵੱਖ ਪ੍ਰਕਾਰ ਦੀਆਂ ਅਫ਼ਵਾਹਾਂ ਦੇ ਵੱਖ ਵੱਖ ਮੌਸਮ ਹੁੰਦੇ ਹਨ। ਚੋਣਾਂ ਸਮੇਂ ਚੋਣਾਂ ਸੰਬੰਧੀ, ਬਜਟ ਦੇ ਨੇੜੇ-ਤੇੜੇ ਬਜਟ ਸੰਬੰਧੀ, ਜੁਰਮਾਂ ਦੇ ਵਾਧੇ ਸਮੇਂ ਜੁਰਮਾਂ ਸੰਬੰਧੀ, ਅਤੇ ਫਿਰਕੂ ਫਸਾਦਾਂ ਸਮੇਂ ਫਿਰਕੂ ਹਿੰਸਾ ਬਾਰੇ ਅਫ਼ਵਾਹਾਂ ਫੈਲਦੀਆਂ ਹਨ।

ਜਿਹੜੇ ਲੋਕ ਅਫ਼ਵਾਹਾਂ ਦੇ ਆਧਾਰ ਉੱਤੇ ਆਪਣਾ ਪ੍ਰੋਗਰਾਮ ਨਿਰਧਾਰਤ ਕਰਦੇ ਹਨ, ਉਹ ਆਮ ਕਰਕੇ ਪਿੱਛੋਂ ਪਛਤਾਉਂਦੇ ਹਨ।

ਜੀਵਨ ਕੁਝ ਇਸ ਹੱਦ ਤਕ ਗੁੰਝਲਦਾਰ ਹੋ ਗਿਆ ਹੈ ਕਿ ਅਫ਼ਵਾਹਾਂ ਇਸ ਦਾ ਇਕ ਅਨਿੱਖੜ ਅੰਗ ਬਣ ਗਈਆਂ ਹਨ।

ਬਹੁਤ ਘੱਟ ਵਿਅਕਤੀ ਹਨ ਜਿਹੜੇ ਅਫ਼ਵਾਹਾਂ ਦਾ ਸ਼ਿਕਾਰ ਨਹੀਂ ਹੁੰਦੇ।

ਰਾਜਨੀਤਕ ਪਾਰਟੀਆਂ, ਵਪਾਰਕ ਅਦਾਰੇ ਆਦਿ ਵੀ ਆਪਣੇ-ਆਪਣੇ ਸੁਆਰਥ ਲਈ ਹੀਲੇ-ਬਹੀਲੇ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ।

ਅਫ਼ਵਾਹ ਮਨੁੱਖ ਵੱਲੋਂ ਸਥਿਤੀ ਨਾਲ ਨਿਪਟਣ, ਵਿਰੋਧੀ ਤੋਂ ਬਦਲਾ ਲੈਣ, ਤਮਾਸ਼ਾ ਵੇਖਣ ਆਦਿ ਦੇ ਸੰਦਰਭ ਵਿਚ ਸੁਭਾਵਿਕ ਅਤੇ ਰਚਨਾਤਮਕ ਲੋੜ ਹੁੰਦੀ ਹੈ, ਇਸ ਲਈ ਇਸ ਦੀ ਹੋਂਦ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।

***

ਰੰਗ

ਕੀ ਅਸੀਂ ਰੰਗ-ਹੀਣ ਸੰਸਾਰ ਦੀ ਕਲਪਨਾ ਕਰ ਸਕਦੇ ਹਾਂ ?

ਰੰਗ, ਸਾਡੇ ਜੀਵਨ ਦਾ ਇਕ ਅਜਿਹਾ ਭਾਗ ਹਨ ਕਿ ਅਸੀਂ ਅਚੇਤ ਹੀ ਇਨ੍ਹਾਂ ਦੀ ਵਰਤੋਂ ਕਰਦੇ ਰਹਿੰਦੇ ਹਾਂ।

ਜਿਹੜੀ ਚੀਜ਼ ਵੇਖਣ ਨੂੰ ਚੰਗੀ ਨਹੀਂ ਲਗਦੀ, ਉਹ ਉਪਯੋਗੀ ਵੀ ਨਹੀਂ ਸਮਝੀ ਜਾਂਦੀ। ਦਵਾਈਆਂ ਵੀ ਹੁਣ ਦਿਲ-ਲੁਭਾਉਣੇ ਰੰਗਾਂ ਵਿਚ ਬਣਦੀਆਂ ਹਨ।

ਚੀਜ਼ਾਂ ਦੀ ਵਿਕਰੀ ਸੰਬੰਧੀ ਇਸ਼ਤਿਹਾਰਬਾਜ਼ੀ ਵਿਚ ਚੰਗੇ ਅਤੇ ਢੁੱਕਵੇਂ ਰੰਗਾਂ ਦੀ ਵਰਤੋਂ ਨਿਰਸੰਦੇਹ ਵਿਕਰੀ ਵੱਧਾਉਂਦੀ ਹੈ।

ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਰੰਗਾਂ ਦੀ ਵਧੇਰੇ ਸੂਝ ਅਤੇ ਪਛਾਣ ਹੁੰਦੀ ਹੈ ਅਤੇ ਆਪਣੇ ਲਿਬਾਸ ਵਿਚ ਉਹ ਰੰਗਾਂ ਪ੍ਰਤੀ ਵਧੇਰੇ ਸੁਚੇਤ ਹੁੰਦੀਆਂ ਹਨ।

ਆਧੁਨਿਕ ਯੁੱਗ ਵਿਚ ਵਿਗਿਆਨ ਦੀ ਉਨਤੀ ਨਾਲ ਮੁੱਢਲੇ ਰੰਗਾਂ ਦੇ ਮਿਸ਼ਰਣ ਨਾਲ ਅਨੇਕਾਂ ਹੀ ਨਵੇਂ ਰੰਗਾਂ ਅਤੇ ਰੰਗਤਾਂ ਦਾ ਨਿਰਮਾਣ ਹੋਇਆ ਹੈ।

ਰੰਗਾਂ ਦੀ ਕੋਈ ਗਿਣਤੀ ਨਹੀਂ ਪਰ ਕਿਉਂਕਿ ਮਨੁੱਖੀ ਅੱਖ ਕੇਵਲ ਸੱਤ ਰੰਗ ਹੀ ਵੇਖ ਸਕਦੀ ਹੈ, ਇਸ ਲਈ ਅਸੀਂ ਇਸ ਭੁਲੇਖੇ ਵਿਚ ਹਾਂ ਕਿ ਮੁੱਢਲੇ ਰੰਗ ਹਨ ਹੀ ਸੱਤ। ਮੁੱਢਲੇ ਸੱਤ ਰੰਗ ਅਸਮਾਨ ਵਿਚ ਸਤਰੰਗੀ ਪੀਂਘ ਤੋਂ ਵੇਖੇ ਜਾ ਸਕਦੇ ਹਨ।

ਮੁੱਢਲੇ ਰੰਗ ਤਾਂ ਭਾਵੇਂ ਸੱਤ ਹਨ ਪਰ ਕੈਲੰਡਰਾਂ, ਰਸਾਲਿਆਂ ਆਦਿ ਵਿਚ ਕੇਵਲ ਤਿੰਨ ਰੰਗ ਹੀ ਵਰਤੇ ਜਾਂਦੇ ਹਨ (ਸੰਗਤਰੀ, ਪੀਲਾ ਅਤੇ ਨੀਲਾ), ਬਾਕੀ ਸਾਰੇ ਰੰਗ ਇਨ੍ਹਾਂ ਤਿੰਨ ਰੰਗਾਂ ਦੇ ਮਿਸ਼ਰਣ ਤੋਂ ਉਪਜਦੇ ਹਨ।

ਸਾਰੇ ਰੰਗਾਂ ਦੀ ਅਣਹੋਂਦ ਕਾਲਾ ਰੰਗ ਅਖਵਾਉਂਦੀ ਹੈ।

ਕਾਲਾ ਆਪਣੇ ਆਪ ਵਿਚ ਕੋਈ ਰੰਗ ਨਹੀਂ। ਜਦੋਂ ਅਸੀਂ ਕੋਈ ਅਖ਼ਬਾਰ ਜਾਂ ਰਸਾਲਾ ਜਾਂ ਪੁਸਤਕ ਪੜ੍ਹਦੇ ਹਾਂ ਤਾਂ ਅਸਲ ਵਿਚ ਅਸੀਂ ਕਾਲੇ ਅੱਖਰਾਂ ਦੇ ਆਲੇ-ਦੁਆਲੇ ਚਿੱਟੀ ਥਾਂ ਵੇਖ ਰਹੇ ਹੁੰਦੇ ਹਾਂ।

ਟਰੈਫਿਕ ਲਾਈਟਾਂ ਲਈ ਉਪਰੋਕਤ ਤਿੰਨ ਰੰਗ ਹੀ ਵਰਤੇ ਜਾਂਦੇ ਹਨ।

ਟਰੈਫਿਕ ਲਾਈਟਾਂ ਵਿਚ ਸੰਗਤਰੀ ਨੂੰ ਲਾਲ ਅਤੇ ਨੀਲੇ ਨੂੰ ਹਰੀ ਭਾਹ ਵਾਲਾ ਬਣਾ ਲਿਆ ਜਾਂਦਾ ਹੈ।

ਇਨ੍ਹਾਂ ਤਿੰਨ ਰੰਗਾਂ ਦੀ ਵਰਤੋਂ ਹੋਰ ਰੰਗਾਂ ਦੇ ਮੁਕਾਬਲੇ ਬਹੁਤ ਵਧੇਰੇ ਹੁੰਦੀ ਹੈ।

ਭਾਰਤੀ ਸਭਿਆਚਾਰ ਵਿਚ ਰੰਗਾਂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

ਵਿਆਹ ਸਮੇਂ ਜਾਂਞੀਆਂ ਅਤੇ ਮਾਂਜੀਆਂ ਦਾ ਪਹਿਰਾਵਾ ਰੰਗਾਂ ਦੀ ਵੰਨ-ਸੁਵੰਨਤਾ ਨੂੰ ਪ੍ਰਗਟਾਉਂਦਾ ਹੈ। ਭਾਰਤੀ ਸਭਿਆਚਾਰ ਵਿਚ ਲਾਲ ਰੰਗ ਅਤੇ ਇਸ ਦੇ ਵੱਖ ਵੱਖ ਸ਼ੇਡ ਬੜੇ ਹਰਮਨ ਪਿਆਰੇ ਹਨ। ਜੋਗੀਆਂ ਰੰਗ ਜਿਸ ਨੂੰ ਕੇਸਰੀ ਵੀ ਕਿਹਾ ਜਾਂਦਾ ਹੈ, ਹਿੰਦੂ ਸਭਿਅਤਾ ਦਾ ਪ੍ਰਮੁੱਖ ਰੰਗ ਹੈ।

ਭਾਰਤੀ ਤਿਰੰਗੇ ਵਿਚ ਕੇਸਰੀ ਅਤੇ ਹਰਾ ਰੰਗ ਹਿੰਦੂ ਅਤੇ ਮੁਸਲਿਮ ਸਭਿਅਤਾ ਦੀ ਸਹਿਹੋਂਦ ਦਾ ਅਚੇਤ ਪ੍ਰਗਟਾਵਾ ਕਰਦੇ ਹਨ।

ਹੋਰ ਤਾਂ ਹੋਰ ਭਾਰਤ ਵਿਚ ਰੰਗਾਂ ਦਾ ਇਕ ਵਿਸ਼ੇਸ਼ ਤਿਉਹਾਰ 'ਹੋਲੀ' ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਵੱਖ-ਵੱਖ ਤਿਉਹਾਰਾਂ ਅਤੇ ਧਾਰਮਿਕ ਰਸਮਾਂ ਸਮੇਂ ਵੱਖ-ਵੱਖ ਰੰਗ ਵਰਤੇ ਜਾਂਦੇ ਹਨ। ਉਦਾਹਰਨ ਵਜੋਂ ਵਿਆਹ ਦੇ ਸਮੇਂ ਔਰਤਾਂ ਆਮ ਕਰਕੇ ਲਾਲ ਰੰਗ ਦੇ ਕੱਪੜੇ ਪਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੀਆਂ ਹਨ ਜਦੋਂ ਕਿ ਸੋਗ ਸਮੇਂ ਚਿੱਟੇ ਜਾਂ ਰੰਗਹੀਣ ਕੱਪੜੇ ਪਹਿਨੇ ਜਾਂਦੇ ਹਨ।

ਲਾਲ ਰੰਗ ਜਵਾਨੀ, ਪਿਆਰ, ਸ਼ੋਖੀ, ਉਤਸ਼ਾਹ, ਖੁਸ਼ੀ, ਖੇੜੇ ਆਦਿ ਦਾ ਪ੍ਰਤੀਕ ਹੈ ਜਦੋਂ ਕਿ ਚਿੱਟਾ ਰੰਗ ਗੰਭੀਰਤਾ, ਪਵਿਤਰਤਾ, ਸਹਿਜਤਾ, ਸਾਫ-ਸਫਾਈ ਅਤੇ ਪ੍ਰੋੜ੍ਹ ਉਮਰ ਅਤੇ ਸਾਦਗੀ ਦਾ ਪ੍ਰਤੀਕ ਹੈ।

ਯੋਰਪ ਵਿਚ ਕਿਉਂਕਿ ਬਰਫ ਆਮ ਪੈਂਦੀ ਹੈ, ਉਥੇ ਵਿਆਹ ਸਮੇਂ ਵੀ ਚਿੱਟਾ ਰੰਗ ਵਰਤਿਆ ਜਾਂਦਾ ਹੈ, ਜਿਹੜਾ ਪਵਿੱਤਰਤਾ, ਸੱਚਾਈ, ਸੁੱਚਤਾ ਅਤੇ ਸ਼ੁੱਧਤਾ ਆਦਿ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਭਾਰਤ ਵਿਚ ਕਾਲਾ ਰੰਗ ਮਨਹੂਸ ਸਮਝਿਆ ਜਾਂਦਾ ਹੈ।

ਇਸ ਦਾ ਇਕ ਕਾਰਨ ਇਹ ਹੈ ਕਿ ਬਹੁਤੇ ਭਾਰਤੀਆਂ ਦੀ ਚਮੜੀ ਕਾਲੀ ਹੁੰਦੀ ਹੈ ਅਤੇ ਕਾਲਾ ਰੰਗ ਕਾਲੇਪਣ ਨੂੰ ਵੱਧਾਉਂਦਾ ਹੈ, ਜਦੋਂ ਕਿ ਠੰਡੇ ਇਲਾਕਿਆਂ ਵਿਚ ਲੋਕਾਂ ਦਾ ਰੰਗ ਗੋਰਾ ਹੁੰਦਾ ਹੈ ਅਤੇ ਕਾਲਾ ਰੰਗ ਚਿੱਟੇ ਦਾ ਵਿਰੋਧੀ ਹੋਣ ਕਾਰਨ, ਚਿੱਟੀ ਚਮੜੀ ਨੂੰ ਵਧੇਰੇ ਆਕਰਸ਼ਕ ਬਣਾਉਂਦਾ ਹੈ।

ਇਸਲਾਮ ਵਿਚ ਬੁਰਕੇ ਦਾ ਰੰਗ ਕਾਲਾ ਇਸ ਲਈ ਹੈ ਕਿ ਜਦੋਂ ਪੁਰਸ਼ ਨੂੰ ਇਸਤਰੀ ਚਿਹਰਾ ਵਿਖਾਉਂਦੀ ਹੈ ਤਾਂ ਇੰਜ ਲਗਦਾ ਹੈ ਕਿ ਜਿਵੇਂ ਰਾਤ ਨੂੰ ਪੂਰਨਮਾਸ਼ੀ ਦਾ ਚੰਨ ਨਿਕਲ ਆਇਆ ਹੋਵੇ।

ਭਾਰਤ ਵਿਚ ਵਿਦਵਤਾ ਦਾ ਪ੍ਰਤੀਕ ਚਿੱਟਾ ਰੰਗ ਹੈ, ਜਦੋਂ ਕਿ ਯੋਰਪ ਵਿਚ ਇਸ ਉਦੇਸ਼ ਲਈ ਕਾਲਾ ਰੰਗ ਵਰਤਿਆ ਜਾਂਦਾ ਹੈ।

ਧਾਰਮਿਕ ਸਥਾਨਾਂ ਉੱਤੇ ਰੰਗਾਂ ਦੀ ਵਰਤੋਂ ਸਦੀਆਂ ਤੋਂ ਚੱਲੀ ਆ ਰਹੀ ਹੈ। ਹੋਰ ਤਾਂ ਹੋਰ ਅਸੀਂ ਆਪਣੇ ਦੇਵਤਿਆਂ ਦੇ ਵੀ ਰੰਗ ਨਿਰਧਾਰਿਤ ਕੀਤੇ ਹੋਏ ਹਨ, ਜਿਵੇਂ ਭਾਰਤੀ ਮਿਥਿਹਾਸ ਵਿਚ ਬ੍ਰਹਮਾ ਲਾਲ ਹੈ, ਸ਼ਿਵ ਚਿੱਟਾ ਹੈ ਅਤੇ ਵਿਸ਼ਨੂੰ ਨੀਲਾ ਹੈ।

ਹਰ ਧਰਮ ਨੇ ਵੱਖਰੇ ਵੱਖਰੇ ਰੰਗਾਂ ਨੂੰ ਧਾਰਮਿਕ ਨਿਸ਼ਾਨੀ ਵਜੋਂ ਵਰਤਿਆ ਹੈ, ਜਿਵੇਂ

ਈਸਾਈ ਧਰਮ ਨੇ ਚਿੱਟਾ ਰੰਗ, ਹਿੰਦੂ ਧਰਮ ਨੇ ਕੇਸਰੀ ਜਾਂ ਲਾਲ, ਇਸਲਾਮ ਨੇ ਹਰਾ ਅਤੇ ਸਿੱਖ ਧਰਮ ਨੇ ਕੇਸਰੀ ਅਤੇ ਨੀਲਾ ਰੰਗ ਅਪਣਾਏ ਹਨ।

ਭੂਗੋਲਿਕ ਅਤੇ ਮਨੋਵਿਗਿਆਨਕ ਪੱਖ ਤੋਂ ਉਪਰੋਕਤ ਧਾਰਮਿਕ ਰੰਗ ਉਸ ਧਰਮ ਨਾਲ ਸੰਬੰਧਿਤ ਲੋਕਾਂ ਦੀ ਸਦਭਾਵਨਾ ਲਈ ਅਚੇਤ ਇੱਛਾ, ਮਾਨਸਿਕ ਤ੍ਰਿਪਤੀ, ਪ੍ਰਕਿਰਤੀ ਨਾਲ ਨੇੜਤਾ ਆਦਿ ਨੂੰ ਵੀ ਪ੍ਰਗਟਾਉਂਦੇ ਹਨ।

ਚਿੱਟਾ ਰੰਗ ਈਸਾਈ ਧਰਮ ਦਾ ਹੀ ਪ੍ਰਤੀਕ ਨਹੀਂ ਸਗੋਂ ਯੋਰਪੀਨ ਬੋਲੀਆਂ ਵਿਚ ਚੰਗੇ ਗੁਣ, ਚਿੱਟੇ ਰੰਗ ਨਾਲ, ਜਦੋਂ ਕਿ ਸਾਰੇ ਭੈੜੇ ਕੰਮ ਕਾਲੇ ਰੰਗ ਨਾਲ ਜੋੜੇ ਗਏ ਹਨ।

ਇਸਲਾਮ ਜਿਨ੍ਹਾਂ ਇਲਾਕਿਆਂ ਵਿਚ ਫੈਲਿਆ ਹੈ, ਉਥੇ ਹਰਿਆਵਲ ਦੀ ਘਾਟ ਕਾਰਨ, ਹਰਾ ਰੰਗ ਹਰਿਆਵਲ ਪ੍ਰਤੀ ਇੱਛਾ ਦਾ ਪ੍ਰਤੀਕ ਬਣਿਆ ਹੈ।

ਭਾਰਤ ਵਿਚ ਹਰਿਆਵਲ ਹੀ ਹਰਿਆਵਲ ਰਹੀ ਹੈ, ਇਸ ਨਾਲ ਭਿੰਨਤਾ ਵਜੋਂ ਕੇਸਰੀ ਜਾਂ ਲਾਲ ਰੰਗ ਸੁਭਾਵਕ ਹੀ ਖਿੱਚ ਦਾ ਕਾਰਨ ਬਣਿਆ ਹੈ।

ਸਿੱਖ ਧਰਮ ਸਾਂਝੀਵਾਲਤਾ ਅਤੇ ਅੰਬਰ ਵਿਚ ਵਸਦੇ ਵਾਹਿਗੁਰੂ ਉਤੇ ਟੇਕ ਰੱਖਣ ਵਾਲਾ ਧਰਮ ਹੋਣ ਕਾਰਨ ਕੇਸਰੀ (ਧਰਤੀ ਦੀ ਉਪਜ, ਮਿਹਨਤ, ਹੱਥੀਂ ਕੰਮ ਕਰਨ, ਚੜ੍ਹਦੀ ਕਲਾ ਅਤੇ ਖੁਸ਼ੀ ਦੇ ਪ੍ਰਤੀਕ ਵਜੋਂ) ਅਤੇ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਨੀਲਾ ਰੰਗ ਇਸ ਦੀ ਸੁਭਾਵਕ ਪਸੰਦ ਬਣਿਆ ਹੈ।

ਸਾਡੇ ਨਿਤਾਪ੍ਰਤੀ ਦੇ ਜੀਵਨ ਵਿਚ ਵੱਖ ਵੱਖ ਰੰਗ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਸਰਦੀਆਂ ਵਿਚ ਅਸੀਂ ਨਿੱਘੇ ਰੰਗ, ਲਾਲ ਅਤੇ ਇਸ ਦੇ ਵੱਖ-ਵੱਖ ਸ਼ੇਡ ਔਰਤਾਂ ਲਈ ਅਤੇ ਗੂੜ੍ਹਾ ਨੀਲਾ, ਹਰਾ, ਸਲੇਟੀ ਆਦਿ ਮਰਦਾਂ ਲਈ ਵਰਤਦੇ ਹਾਂ।

ਗਰਮੀਆਂ ਵਿਚ ਗੂੜ੍ਹੇ ਰੰਗਾਂ ਦੀ ਥਾਂ ਹਲਕੇ ਸ਼ੇਡ ਵਰਤੇ ਜਾਂਦੇ ਹਨ।

ਸਰਦੀਆਂ ਵਿਚ ਬੱਚਿਆਂ ਨੂੰ ਹੋਰ ਕਿਸੇ ਵੀ ਰੰਗ ਦੇ ਮੁਕਾਬਲੇ ਲਾਲ ਰੰਗ ਵਧੇਰੇ ਫੱਬਦਾ ਅਤੇ ਚੰਗਾ ਲੱਗਦਾ ਹੈ ਜਦੋਂ ਕਿ ਗਰਮੀਆਂ ਵਿਚ ਚਿੱਟਾ ਰੰਗ ਉਨ੍ਹਾਂ ਦੇ ਹਲਕੇ-ਫੁਲਕੇ ਹੋਣ ਦਾ ਪ੍ਰਭਾਵ ਦਿੰਦਾ ਹੈ।

ਅਨਪੜ੍ਹ ਅਤੇ ਗਰੀਬ ਲੋਕ ਹਰ ਮੌਸਮ ਵਿਚ ਗੂੜ੍ਹੇ ਰੰਗ ਪਹਿਨਦੇ ਹਨ, ਜਿਹੜੇ ਜਲਦੀ ਮੈਲੇ ਵਿਖਾਈ ਨਹੀਂ ਦਿੰਦੇ।

ਮਕਾਨਾਂ ਵਿਚਲੇ ਕਮਰਿਆਂ ਵਿਚ ਸਫੈਦੀ ਛੋਟੇ ਕਮਰੇ ਨੂੰ ਵੱਡਾ ਪ੍ਰਤੀਤ ਕਰਾਉਂਦੀ ਹੈ। ਅਜੋਕੇ ਮਕਾਨਾਂ ਦੀਆਂ ਛੱਤਾਂ ਨੀਵੀਆਂ ਹੁੰਦੀਆਂ ਹਨ, ਸੋ ਸਫੈਦੀ ਉਨ੍ਹਾਂ ਦੇ ਉੱਚੇ ਹੋਣ ਦਾ ਪ੍ਰਭਾਵ ਦਿੰਦੀ ਹੈ।

ਸਰਦੀਆਂ ਵਿਚ ਸਫੈਦੀ ਵਾਲੇ ਕਮਰੇ ਵਿਚ ਠੰਡ ਜਿਹੀ ਪ੍ਰਤੀਤ ਹੁੰਦੀ ਰਹਿੰਦੀ ਹੈ ਜਦੋਂ ਕਿ ਰੰਗ ਵਾਲੀਆਂ ਕੰਧਾਂ ਨਿੱਘ ਦਾ ਪ੍ਰਭਾਵ ਦਿੰਦੀਆਂ ਹਨ।

ਖਾਣ ਵਾਲੇ ਕਮਰੇ ਵਿਚ ਗੂੜ੍ਹਾ ਭੂਰਾ ਰੰਗ ਖਾਣ-ਪੀਣ ਦੀ ਕਿਰਿਆ ਅਤੇ ਹਾਜ਼ਮੇ ਉਪਰ ਭੈੜਾ ਅਸਰ ਪਾਉਂਦਾ ਹੈ, ਇੱਥੋਂ ਤਕ ਕਿ ਉਸ ਸਮੇਂ ਉਲਟੀ ਆਉਣ ਦਾ ਡਰ ਵੀ ਬਣਿਆ ਰਹਿੰਦਾ ਹੈ।

ਇਸ ਲਈ ਖਾਣ-ਪੀਣ ਵਾਲੀਆਂ ਥਾਂਵਾਂ ਤੇ ਹਲਕੇ ਰੰਗ ਵਰਤੇ ਜਾਂਦੇ ਹਨ।

ਗੁਸਲਖਾਨੇ ਵਿਚ ਚਿੱਟਾ ਰੰਗ ਸਫਾਈ, ਤਾਜ਼ਗੀ ਅਤੇ ਸਵੱਛਤਾ ਦਾ ਪ੍ਰਭਾਵ ਦਿੰਦਾ ਹੈ, ਜਦੋਂ ਕਿ ਸੌਣ ਵਾਲੇ ਕਮਰੇ ਵਿਚ ਹਲਕਾ ਸਲੇਟੀ ਰੰਗ ਸੌਣ ਵਾਲਿਆਂ ਲਈ ਨਿਰਵਿਘਨ ਨੀਂਦਰ ਲਿਆਉਂਦਾ ਹੈ।

ਹਸਪਤਾਲਾਂ ਵਿਚ ਚਿੱਟਾ ਰੰਗ ਸਫਾਈ ਦਾ ਪ੍ਰਤੀਕ ਹੁੰਦਾ ਹੈ।

ਅਸੀਂ ਭਾਵੇਂ ਅਚੇਤ ਹੀ ਕਈ ਰੰਗਾਂ ਦੇ ਕੱਪੜੇ ਪਹਿਨਦੇ ਹਾਂ ਪਰ ਕੋਈ ਵੀ ਵਿਅਕਤੀ ਅਜਿਹਾ ਨਹੀਂ ਹੋਵੇਗਾ, ਜਿਹੜਾ ਸਾਰੇ ਰੰਗਾਂ ਨੂੰ ਪਸੰਦ ਕਰਦਾ ਹੋਵੇ।

ਹਰ ਇਕ ਵਿਅਕਤੀ ਸਾਰੇ ਰੰਗ ਨਹੀਂ ਪਹਿਨ ਸਕਦਾ।

ਉਦਾਹਰਣ ਵਜੋਂ ਕਾਲੇ ਰੰਗ ਦੀ ਔਰਤ ਜੇਕਰ ਜਾਮਨੀ ਰੰਗ ਦੇ ਕੱਪੜੇ ਪਾ ਲਵੇ ਤਾਂ ਉਸ ਦੀ ਬਿਰਤੀ ਇਸ ਹੱਦ ਤੱਕ ਵਿਗੜ ਜਾਏਗੀ ਕਿ ਉਹ ਬੀਮਾਰ ਵੀ ਪੈ ਸਕਦੀ ਹੈ।

ਇਹੀ ਕਾਰਨ ਹੈ ਕਿ ਹਰੇਕ ਵਿਅਕਤੀ ਨੂੰ ਕੁਝ ਰੰਗ ਬਹੁਤ ਪਸੰਦ ਹੁੰਦੇ ਹਨ ਅਤੇ ਕੁਝ ਰੰਗਾਂ ਨਾਲ ਬੜੀ ਚਿੜ੍ਹ ਹੁੰਦੀ ਹੈ।

ਜੇ ਤੁਸੀਂ ਕਿਸੇ ਨਾਲ ਲੜਾਈ ਉਪਰੰਤ ਸਮਝੌਤਾ ਕਰਨਾ ਚਾਹੁੰਦੇ ਹੋ ਜਾਂ ਕਿਸੇ ਪ੍ਰਤੀ ਦੋਸਤੀ ਜਾਂ ਸਨੇਹ ਵਧਾਉਣਾ ਚਾਹੁੰਦੇ ਹੋ ਤਾਂ ਲਾਲ ਰੰਗ ਦੀ ਮਦਦ ਲਵੋ, ਜੇਕਰ ਸਿਆਣੇ ਅਤੇ ਗੰਭੀਰ ਪ੍ਰਤੀਤ ਹੋਣਾ ਚਾਹੁੰਦੇ ਹੋ ਤਾਂ ਨੀਲੇ ਰੰਗ ਦਾ ਕੋਈ ਸ਼ੇਡ ਵਰਤੋ।

ਜਿਨ੍ਹਾਂ ਲੋਕਾਂ ਦੇ ਪਹਿਰਾਵੇ ਵਿਚ ਰੰਗਾਂ ਦੀ ਕੋਈ ਇਕਸੁਰਤਾ ਨਹੀਂ ਹੁੰਦੀ, ਉਹ ਅਸਲ ਵਿਚ ਆਪਣੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿਚ ਵੀ ਤਾਲਮੇਲ ਦੀ ਅਣਹੋਂਦ ਅਤੇ ਬੇਸੁਰੇਪਣ ਦਾ ਵਿਖਾਲਾ ਕਰ ਰਹੇ ਹੁੰਦੇ ਹਨ।

ਰੰਗਾਂ ਦੀ ਵੰਨ-ਸੁਵੰਨਤਾ ਕਾਰਨ ਹੀ ਸਾਡੇ ਵਿਚ ਬਹੁਤੇ ਕੱਪੜੇ ਲੈਣ ਦੀ ਲਾਲਸਾ ਉਪਜਦੀ ਹੈ। ਬਹੁਤੇ ਕਪੜੇ ਲੈਣ ਦੀ ਥਾਂ ਆਪਣੀ ਪਸੰਦ ਦੇ ਰੰਗਾਂ ਪ੍ਰਤੀ ਸਪਸ਼ਟ ਹੋ ਕੇ ਅਸੀਂ ਘੱਟ ਕਪੜਿਆਂ ਨਾਲ ਵਧੇਰੇ ਪ੍ਰਸੰਨ ਹੋ ਸਕਦੇ ਹਾਂ।

ਨਾਈਲਨ ਅਤੇ ਪਲਾਸਟਿਕ ਨੇ ਜੀਵਨ ਨੂੰ ਹੋਰ ਰੰਗੀਨ ਬਣਾ ਦਿੱਤਾ ਹੈ, ਜਿਸ ਕਾਰਨ ਰੰਗਾਂ ਦੀ ਵਿਸ਼ਾਲ ਵੰਨ-ਸੁਵੰਨਤਾ ਉਪਜ ਪਈ ਹੈ। ਹੁਣ ਪ੍ਰਕ੍ਰਿਤਕ ਰੰਗਾਂ ਦੀ ਥਾਂ ਮਨੁੱਖ ਸਿੰਥੇਟਿਕ ਰੰਗਾਂ ਦੀ ਵਧੇਰੇ ਵਰਤੋਂ ਕਰਦਾ ਹੈ।

ਰੰਗਦਾਰ ਫੋਟੋਗ੍ਰਾਫੀ, ਰੰਗਦਾਰ ਟੈਲੀਵਿਜ਼ਨ ਪ੍ਰੋਗਰਾਮਾਂ, ਰੰਗਦਾਰ ਲਫਾਫਿਆਂ, ਰੰਗਦਾਰ ਰਸਾਲਿਆਂ-ਅਖ਼ਬਾਰਾਂ ਨੇ ਵੀ ਰੰਗਾਂ ਪ੍ਰਤੀ ਮਨੁੱਖ ਦੀ ਬਿਰਤੀ ਬਦਲ ਦਿੱਤੀ ਹੈ।

ਹੁਣ ਰੰਗੀਨ ਨੂੰ ਰੰਗਾ-ਰੰਗ ਜੀਵਨ ਅਤੇ ਰੰਗਹੀਣਤਾ ਨੂੰ ਮੌਤ ਦੇ ਅਰਥਾਂ ਵਿਚ ਵਰਤਿਆ ਜਾਣ ਲਗ ਪਿਆ ਹੈ।

***

ਤੂੰ ਆਰ ਚੰਨ ਵੇ, ਮੈਂ ਪਾਰ ਚੰਨ ਵੇ...

ਇਹ ਲੇਖ ਉਨ੍ਹਾਂ ਪਤੀਆਂ-ਪਤਨੀਆਂ ਬਾਰੇ ਹੈ, ਜਿਹੜੇ ਰੋਜ਼ਗਾਰ ਦੀਆਂ ਮਜਬੂਰੀਆਂ ਵੱਸ ਵੱਖ-ਵੱਖ ਥਾਂਵਾਂ ਉਤੇ ਰਹਿ ਰਹੇ ਹਨ।

ਸਾਂਝੀ ਟੱਬਰਦਾਰੀ ਸਾਮੰਤਵਾਦੀ ਸਮਾਜ ਦਾ ਧੁਰਾ ਰਹੀ ਹੈ ਪਰ ਪੂੰਜੀਵਾਦ ਦੇ ਪ੍ਰਭਾਵਾਂ ਅਧੀਨ ਇਹ ਟੁੱਟਦੀ-ਟੁੱਟਦੀ ਟੁੱਟ ਗਈ ਹੈ।

ਸਾਮੰਤਵਾਦੀ ਸਮਾਜ ਵਿਚ ਪੁੱਤਰ ਨੂੰ ਪਿਤਾ ਦਾ ਕਿੱਤਾ ਵਿਰਸੇ ਵਿਚ ਮਿਲਦਾ ਸੀ ਪਰ ਪੂੰਜੀਵਾਦੀ ਯੁੱਗ ਵਿਚ ਘਰ ਦੇ ਸਾਰੇ ਜੀਅ ਵੱਖ-ਵੱਖ ਕੰਮਾਂ ਵੱਲ ਪਰੇਰੇ ਜਾ ਰਹੇ ਹਨ ਅਤੇ ਨਤੀਜੇ ਵੱਜੋਂ ਰੁਜ਼ਗਾਰ ਦੀਆਂ ਮਜਬੂਰੀਆਂ ਕਾਰਨ ਉਨ੍ਹਾਂ ਨੂੰ ਦੂਰ-ਦੁਰਾਡੀਆਂ ਥਾਂਵਾਂ ਤੇ ਇਕੱਲਿਆਂ ਜਾਣਾ ਪੈਂਦਾ ਹੈ।

ਇਸ ਦੇ ਨਾਲ ਹੀ ਕੰਮ ਕਰਨ ਵਾਲੀਆਂ ਥਾਂਵਾਂ ਰਹਿਣ ਦੀਆਂ ਥਾਂਵਾਂ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਹਰ ਰੋਜ਼ ਸ਼ਾਮ ਨੂੰ ਘਰ ਮੁੜ ਆਉਣਾ ਮਾਇਕ ਪੱਖੋਂ ਔਖਾ ਹੁੰਦਾ ਜਾ ਰਿਹਾ ਹੈ ਅਤੇ ਨਤੀਜੇ ਵਜੋਂ ਵੱਖ-ਵੱਖ ਥਾਂਵਾਂ ਉਤੇ ਰਹਿਣ ਵਾਲੇ ਪਤੀ-ਪਤਨੀਆਂ ਦੀ ਗਿਣਤੀ ਵੱਧ ਰਹੀ ਹੈ।

ਜਿਥੇ ਪਤੀ ਅਤੇ ਪਤਨੀ ਦੋਵੇਂ ਵੱਖ ਵੱਖ ਥਾਂਵਾਂ ਉਤੇ ਕੰਮ ਕਰਦੇ ਹਨ, ਉਹ ਆਮ ਕਰਕੇ ਹਫ਼ਤੇ ਮਗਰੋਂ ਇਕੱਠੇ ਹੋ ਜਾਂਦੇ ਹਨ ਪਰ ਉਚੀਆਂ ਪੱਦਵੀਆਂ ਵਾਲੀਆਂ ਨੌਕਰੀਆਂ ਦੂਰ-ਦੁਰਾਡੀਆਂ ਥਾਂਵਾਂ ਉਤੇ ਹੋਣ ਕਾਰਨ ਪਤੀ-ਪਤਨੀ ਦੇ ਇਕ ਦੂਜੇ ਤੋਂ ਵਿਛੋੜੇ ਦਾ ਸਮਾਂ ਵੱਧਦਾ ਜਾ ਰਿਹਾ ਹੈ।

ਪਹਿਲਾਂ ਤਾਂ ਫੌਜੀ ਹੀ ਅਜਿਹੀਆਂ ਨੌਕਰੀਆਂ ਵਾਲੇ ਸਨ, ਹੁਣ ਬਹੁਤ ਸਾਰੀਆਂ ਨੌਕਰੀਆਂ ਫੌਜੀਆਂ ਦੀ ਨੌਕਰੀ ਵਾਂਗ ਹੋ ਗਈਆਂ ਹਨ।

ਵਿਦੇਸ਼ਾਂ ਵਿਚ ਜਾਂ ਆਪਣੇ ਹੀ ਦੇਸ਼ ਵਿਚ ਦੂਰ-ਦੁਰਾਡੀਆਂ ਥਾਂਵਾਂ ਉਤੇ ਨੌਕਰੀ ਕਾਰਨ ਲੰਮੇ ਸਮੇਂ ਲਈ ਘਰੋਂ ਗੈਰਹਾਜ਼ਰੀ ਕਰਕੇ ਪਤੀ-ਪਤਨੀਆਂ ਵਿਚਕਾਰ ਕਈ ਨਵੀਆਂ ਸਮੱਸਿਆਵਾਂ ਉਪਜ ਪਈਆਂ ਹਨ।

ਇਕ ਦੂਜੇ ਤੋਂ ਲੰਮੇ ਸਮੇਂ ਲਈ ਵਿਛੋੜਾ ਪਤੀ-ਪਤਨੀ ਦੋਹਾਂ ਦੀ ਸੋਚ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ ਵਿਅਕਤੀਆਂ ਦੀਆਂ ਪਤਨੀਆਂ ਸੁਹਾਗਣ-ਵਿਧਵਾਵਾਂ ਆਖੀਆਂ ਜਾ ਸਕਦੀਆਂ ਹਨ।

ਅਜਿਹੇ ਟੱਬਰਾਂ ਵਿਚ ਸਭ ਤੋਂ ਵੱਧ ਮੁਸ਼ਕਿਲਾਂ ਬੱਚਿਆਂ ਸੰਬੰਧੀ ਹੁੰਦੀਆਂ ਹਨ, ਕਿਉਂਕਿ ਪਤਨੀ ਦੇ ਨਾਲ-ਨਾਲ ਬੱਚੇ ਵੀ ਅਸੁਰੱਖਿਆ ਦੀ ਭਾਵਨਾ ਦਾ ਸ਼ਿਕਾਰ ਹੁੰਦੇ

ਹਨ। ਹਰ ਰੋਜ਼ ਪੁਰਸ਼ ਅਤੇ ਇਸਤਰੀ ਦੋਹਾਂ ਨੂੰ ਘਰ ਗ੍ਰਹਿਸਤੀ ਚਲਾਉਣ ਲਈ ਕਈ ਫੈਸਲੇ ਕਰਨੇ ਪੈਂਦੇ ਹਨ ਪਰ ਪਤਨੀ ਅਤੇ ਪਤੀ ਵਿਚਕਾਰ ਨੇੜੇ ਦਾ ਸੰਪਰਕ ਟੁੱਟ ਜਾਣ ਕਾਰਨ, ਫੈਸਲੇ ਮੁਲਤਵੀ ਹੁੰਦੇ ਰਹਿੰਦੇ ਹਨ।

ਜਦੋਂ ਫੈਸਲੇ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਦਾ ਸੰਦਰਭ ਵਿਗੜ ਚੁੱਕਾ ਹੁੰਦਾ ਹੈ। 'ਜਦੋਂ ਪਾਪਾ ਆਉਣਗੇ ਉਦੋਂ' ਦੀ ਧਰਵਾਸ ਬਹੁਤ ਸਾਰੀਆਂ ਆਸਾਂ-ਉਮੰਗਾਂ ਨੂੰ ਕੁਚਲਣ ਦਾ ਇਕ ਬਹਾਨਾ ਬਣ ਕੇ ਰਹਿ ਜਾਂਦੀ ਹੈ।

ਅਜਿਹੇ ਬੱਚਿਆਂ ਦੀ ਸ਼ਖ਼ਸੀਅਤ ਵਿਚ ਸੰਤੁਲਨ ਨਹੀਂ ਆਉਂਦਾ, ਜਾਂ ਉਹ ਡਰੂ ਬਣ ਜਾਣਗੇ ਜਾਂ ਜ਼ਿੱਦੀ। ਇਹ ਦੋਵੇਂ ਸਥਿਤੀਆਂ ਨੁਕਸਾਨਦੇਹ ਹੁੰਦੀਆਂ ਹਨ।

ਵੇਖਿਆ ਗਿਆ ਹੈ ਕਿ ਪਿਤਾ ਦੀ ਗੈਰਹਾਜ਼ਰੀ ਵਿਚ ਪਲਣ ਵਾਲੇ ਬੱਚਿਆਂ ਨਾਲ ਮਾਂਵਾਂ ਇੰਝ ਗੱਲਾਂ ਕਰਦੀਆਂ ਹਨ ਜਿਵੇਂ ਉਹ ਬੱਚੇ ਨਾ ਹੋ ਕੇ ਵੱਡੇ ਵਿਅਕਤੀ ਹੋਣ। ਉਨ੍ਹਾਂ ਨਾਲ ਮਾਂਵਾਂ ਇੰਝ ਵਰਤਦੀਆਂ ਹਨ ਜਿਵੇਂ ਉਹ ਸਿਆਣੇ-ਬਿਆਣੇ ਬਾਲਗ ਹੋਣ।

ਪਿਤਾ ਦੇ ਆਉਣ 'ਤੇ ਉਨ੍ਹਾਂ ਨੂੰ ਅਜਿਹੇ ਵਰਤਾਰੇ ਲਈ ਤਿਆਰ ਕਰਦੀਆਂ ਹਨ ਜਿਵੇਂ ਪਿਤਾ, ਪਿਤਾ ਨਾ ਹੋ ਕੇ ਕੋਈ ਇੰਸਪੈਕਟਰ ਜਾਂ ਥਾਣੇਦਾਰ ਹੋਵੇ।

ਸੁਭਾਵਿਕ ਹੀ ਅਜਿਹੇ ਬੱਚੇ ਬੱਚਪਨ ਦੇ ਅਨੁਸ਼ਾਸਨ ਅਤੇ ਬੱਚਪਨ ਦੀਆਂ ਲਾਪਰਵਾਹੀਆਂ ਤੋਂ ਵਾਂਝੇ ਰਹਿ ਜਾਂਦੇ ਹਨ।

ਅਜਿਹੇ ਬੱਚਿਆਂ ਉਤੇ ਬੜੀ ਜਲਦੀ ਸਿਆਣਿਆਂ ਵਾਂਗ ਵਿਚਰਣ ਵਾਲੀਆਂ ਜ਼ਿੰਮੇਵਾਰੀਆਂ ਦਾ ਬੋਝ ਪਾ ਦਿੱਤਾ ਜਾਂਦਾ ਹੈ।

ਨਤੀਜੇ ਵਜੋਂ ਅਜਿਹੇ ਬੱਚਿਆਂ ਦਾ ਸੰਸਾਰ ਪ੍ਰਤੀ ਦ੍ਰਿਸ਼ਟੀਕੋਣ ਬੱਚਿਆਂ ਵਾਲਾ ਨਹੀਂ, ਬਜ਼ੁਰਗਾਂ ਵਾਲਾ ਹੋ ਜਾਂਦਾ ਹੈ।

ਦੂਰ-ਦੁਰਾਡੀਆਂ ਥਾਂਵਾਂ ਉਤੇ ਰਹਿਣ ਵਾਲੇ ਪਤੀ-ਪਤਨੀ ਜਦੋਂ ਮਿਲਦੇ ਹਨ ਤਾਂ ਥਕਾਵਟ ਉਨ੍ਹਾਂ ਦੇ ਵਰਤਾਰੇ ਉਤੇ ਭਾਰੂ ਹੁੰਦੀ ਹੈ। ਉਹ ਚੀਜ਼ਾਂ ਇਵੇਂ ਖਰੀਦਦੇ ਹਨ, ਜਿਵੇਂ ਕੁਝ ਚਿਰ ਮਗਰੋਂ ਹੀ ਕਰਫਿਊ ਲੱਗ ਜਾਣਾ ਹੋਵੇ। ਕਿਉਂਕਿ ਬਹੁਤ ਸਾਰੇ ਪ੍ਰੋਗਰਾਮ ਮੁਲਤਵੀ ਹੁੰਦੇ ਹੁੰਦੇ ਇਕੱਠੇ ਹੋਏ ਹੁੰਦੇ ਹਨ, ਛੁੱਟੀਆਂ ਵੀ ਉਹ ਇਵੇਂ ਗੁਜ਼ਾਰਦੇ ਹਨ, ਜਿਵੇਂ ਓਵਰਟਾਈਮ 'ਤੇ ਕੰਮ ਕਰ ਰਹੇ ਹੋਣ।

ਅਜਿਹੇ ਜੋੜੇ ਕਈ ਚੀਜ਼ਾਂ ਇਸ ਲਈ ਨਹੀਂ ਖਰੀਦਦੇ, ਕਿਉਂਕਿ ਘਰ ਦੋ ਥਾਂਵਾਂ 'ਤੇ ਵੰਡਿਆ ਹੋਣ ਕਾਰਨ ਚੀਜ਼ਾਂ ਦੀ ਯੋਗ ਵਰਤੋਂ ਨਹੀਂ ਹੋ ਸਕਦੀ ਹੁੰਦੀ।

ਪਤੀ ਦੇ ਆਉਣ ਉਤੇ ਉਸ ਨੂੰ ਬਹੁਤ ਸਾਰੀਆਂ ਵਿਗੜੀਆਂ ਚੀਜ਼ਾਂ ਦੀ ਮੁਰੰਮਤ ਕਰਾਉਣੀ ਪੈਂਦੀ ਹੈ ਅਤੇ ਉਹ ਜਿਹੜੇ ਆਰਾਮ ਕਰਨ ਦੇ ਸੁਪਨੇ ਲੈ ਕੇ ਆਉਂਦਾ ਹੈ, ਉਹ ਨਿਗੂਣੀਆਂ ਘਰੇਲੂ ਸਮੱਸਿਆਵਾਂ ਦੇ ਚੱਕਰਾਂ ਵਿਚ ਢਹਿ-ਢੇਰੀ ਹੋ ਜਾਂਦੇ ਹਨ ਅਤੇ ਉਸ ਦਾ ਮੁਖ ਕੰਮ ਅਦਾਇਗੀਆਂ ਕਰਨਾ ਹੀ ਹੋ ਨਿਬੜਦਾ ਹੈ।

ਵੱਖ-ਵੱਖ ਥਾਂਵਾਂ ਉਤੇ ਕੰਮ ਕਰਨ ਅਤੇ ਰਹਿਣ ਵਾਲੇ ਪਤੀ-ਪਤਨੀਆਂ ਵਿਚ ਅਜਿਹੇ ਰੰਗਾਂ ਦੇ ਕੱਪੜੇ ਖਰੀਦਣ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ, ਜਿਹੜੇ ਮੈਲੇ ਹੋਣ ਦੀ ਸੂਰਤ ਵਿਚ ਵੀ ਮੈਲੇ ਨਾ ਦਿਸਣ।

ਸੰਜੋਗਵਸ ਅਜਿਹੇ ਵਿਅਕਤੀਆਂ ਨੂੰ ਜਦੋਂ ਵੀ ਕਿਧਰੇ ਜਾਣ ਲਈ ਚੰਗੇ ਕੱਪੜਿਆਂ ਦੀ ਲੋੜ ਹੁੰਦੀ ਹੈ ਤਾਂ ਉਹ ਆਮ ਕਰਕੇ ਦੂਜੀ ਥਾਂ 'ਤੇ ਪਏ ਹੁੰਦੇ ਹਨ।

ਅਜਿਹੇ ਟੱਬਰਾਂ ਵਿਚ ਥਕਾਵਟ ਕਾਰਨ ਝੱਟਪੱਟ ਤਿਆਰ ਹੋ ਜਾਣ ਵਾਲੀਆਂ ਜਾਂ ਬਣੀਆਂ-ਬਣਾਈਆਂ ਚੀਜ਼ਾਂ ਖਾਣ ਦੀ ਆਦਤ ਵੱਧਦੀ ਹੈ।

ਪਤੀਆਂ ਤੋਂ ਦੂਰ ਹੋਣ ਕਾਰਨ ਪਤਨੀਆਂ ਵਿਚ ਸਜ-ਸਜਾਵਟ ਦਾ ਸ਼ੌਕ ਘੱਟਦਾ ਹੈ ਅਤੇ ਪਤੀਆਂ ਵਿਚ ਆਪਣੇ ਕਪੜਿਆਂ ਪ੍ਰਤੀ ਬੇਧਿਆਨੀ ਵੱਧਦੀ ਹੈ। ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਅਜਿਹੇ ਵਿਅਕਤੀਆਂ ਦਾ ਖਾਣ-ਪੀਣ, ਪਹਿਰਾਵਾ ਅਤੇ ਰਹਿਣ-ਸਹਿਣ ਆਦਿ ਉਖੜਿਆ-ਉਖੜਿਆ ਅਤੇ ਕੰਮ-ਟਪਾਊ ਹੁੰਦਾ ਹੈ।

ਆਪਣੀ ਗੈਰ-ਹਾਜ਼ਰੀ ਦੇ ਖੱਪੇ ਨੂੰ ਪੂਰਨ ਲਈ ਵਧੇਰੇ ਬੋਲਣ ਦੀ, ਵਿਛੜੇ ਮਗਰੋਂ ਮਿਲਣ ਕਰਕੇ ਵਧੇਰੇ ਖਾਣ ਦੀ, ਵਧੇਰੇ ਸੰਭੋਗ ਕਰਨ ਦੀ, ਥਕਾਵਟ ਦੇ ਬਹਾਨੇ ਵਜੋਂ ਬਿਸਤਰੇ 'ਚ ਵਧੇਰੇ ਰਹਿਣ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ ਅਤੇ ਨਤੀਜੇ ਵਜੋਂ ਪੁਰਸ਼ ਆਪਣੇ ਹੀ ਘਰ ਵਿਚ ਮਹਿਮਾਨ ਵਾਂਗ ਵਿਚਰਦਾ ਹੈ।

ਅਜਿਹੇ ਵਿਅਕਤੀ ਇਕੋ ਸਮੇਂ ਦੋ ਜ਼ਿੰਦਗੀਆਂ ਗੁਜ਼ਾਰਨ ਦਾ ਕਾਰਜ ਕਰ ਰਹੇ ਹੁੰਦੇ ਹਨ ਅਤੇ ਨਤੀਜਾ ਇਹ ਹੁੰਦਾ ਹੈ ਕਿ ਅਜਿਹੇ ਵਿਅਕਤੀਆਂ ਦੀ ਜ਼ਿੰਦਗੀ ਵਿਚ ਰਫਤਾਰ ਅਤੇ ਕਾਹਲ ਵਧੇਰੇ ਹੁੰਦੀ ਹੈ।

ਅਜਿਹੇ ਲੋਕ ਆਪਣੀ ਸਥਿਤੀ ਅਨੁਸਾਰ ਕੁਝ ਵਾਕ ਆਮ ਬੋਲਣਗੇ, ਜਿਵੇਂ ਜ਼ਿੰਦਗੀ ਇਕ ਸਫਰ ਹੈ, ਘੁੰਮ-ਫਿਰ ਕੇ ਦੁਨੀਆਂ ਵੇਖਦੇ ਹਾਂ, ਹੁਣ ਤਾਂ ਜਿਸ ਦਿਨ ਸਫਰ ਨਾ ਕਰੀਏ ਬੜਾ ਅਜੀਬ-ਅਜੀਬ ਲਗਦਾ ਹੈ, ਇਨ੍ਹਾਂ ਦਾ ਤਾਂ ਗੱਡੀ ਨਾਲ ਵਿਆਹ ਹੋਇਆ ਹੋਇਆ ਹੈ, ਆਦਿ।

ਤੁਸੀਂ ਬੱਸਾਂ ਗੱਡੀਆਂ ਦੀਆਂ ਗੱਲਾਂ ਕਰੋ, ਅਜਿਹੇ ਵਿਅਕਤੀ ਵਿਸ਼ੇਸ਼ੱਗਾਂ ਵਾਂਗ ਆਪਣੀ ਰਾਇ ਦੇਣਗੇ।

ਭਾਵੇਂ ਇਹ ਅਜੀਬ ਹੀ ਲੱਗੇ ਪਰ ਇਹ ਸੱਚ ਹੈ ਕਿ ਰੋਜ਼ ਸਫਰ ਕਰਨ ਵਾਲਿਆਂ ਲਈ ਸਫਰ ਕਰਨਾ ਹੀ ਮੁੱਖ ਧੰਦਾ ਹੁੰਦਾ ਹੈ ਅਤੇ ਹਰ ਰੋਜ਼ ਕੰਮ ਕਰਨ ਵਾਲੀ ਥਾਂ ਹਾਜ਼ਰ ਹੋ ਜਾਣ ਨੂੰ ਹੀ ਇਹ ਨੌਕਰੀ ਪੂਰੀ ਹੋ ਗਈ ਸਮਝਦੇ ਹਨ।

ਭਾਵੇਂ ਦੇਰ ਨਾਲ ਪਹੁੰਚਣ ਦਾ ਕਾਰਨ ਕੋਈ ਵੀ ਹੋਵੇ, ਪਰ ਇਹ ਪੈਂਕਚਰ ਹੋਣ ਜਾਂ ਬੱਸ ਖਰਾਬ ਹੋ ਜਾਣ ਦਾ ਬਹਾਨਾ ਹੀ ਵਰਤਦੇ ਹਨ।

ਸਰਦੀ ਅਤੇ ਬਾਰਸ਼ਾਂ ਦੇ ਦਿਨਾਂ ਵਿਚ ਅਜਿਹੇ ਵਿਅਕਤੀਆਂ ਦੀ ਹਾਲਤ ਬੜੀ ਤਰਸਯੋਗ ਹੁੰਦੀ ਹੈ, ਕਿਉਂਕਿ ਇਨ੍ਹਾਂ ਦਿਨਾਂ ਵਿਚ ਇਹ ਕਰਮਚਾਰੀ ਘੱਟ ਅਤੇ ਸ਼ਰਨਾਰਥੀ ਵਧੇਰੇ ਨਜ਼ਰ ਆਉਂਦੇ ਹਨ।

ਵੱਖ-ਵੱਖ ਥਾਂਵਾਂ ਉਤੇ ਕੰਮ ਕਰਨ ਵਾਲੇ ਪਤੀ-ਪਤਨੀ ਜਦੋਂ ਮਿਲਦੇ ਹਨ ਤਾਂ ਉਹ ਪਰਿਆਪਤ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਯਤਨ ਕਰਦੇ ਹਨ।

ਹਰ ਸਮੇਂ ਰੁੱਝੇ ਰਹਿਣ ਕਰਕੇ ਉਨ੍ਹਾਂ ਦਾ ਸਮਾਂ ਬੜੀ ਤੇਜ਼ੀ ਨਾਲ ਬੀਤ ਜਾਂਦਾ ਹੈ ਅਤੇ ਵਾਪਸ ਜਾਣ ਦੀ ਚਿੰਤਾ ਦੋਹਾਂ ਨੂੰ ਨਿਰਾਸ਼ ਕਰ ਦਿੰਦੀ ਹੈ।

ਦੁਰਭਾਗਵਸ ਅਜਿਹੇ ਜੋੜੇ ਨਿੱਕੀਆਂ-ਨਿੱਕੀਆਂ ਗੱਲਾਂ ਦੀ ਖੁਸ਼ੀ ਤੋਂ ਵਿਰਵੇ ਰਹਿੰਦੇ ਹਨ। ਪਤੀ-ਪਤਨੀ ਵਿਚਕਾਰ ਸੜਕਾਂ ਦਾ ਫ਼ਾਸਲਾ ਉਨ੍ਹਾਂ ਨੂੰ ਬੜੀਆਂ ਖੁਸ਼ੀਆਂ ਕੁਰਬਾਨ ਕਰਨ ਲਈ ਮਜਬੂਰ ਕਰਦਾ ਹੈ।

ਬੱਚਿਆਂ ਉਤੇ ਵੀ ਇਸ ਹਾਲਤ ਦਾ ਪ੍ਰਭਾਵ ਪੈਂਦਾ ਹੈ।

ਇਕ ਬੱਚੇ ਦੀ ਮਾਂ ਨੂੰ ਹਰ ਹਫ਼ਤੇ ਦੋ ਸੌ ਮੀਲ ਦੂਰ ਕੰਮ ਉਤੇ ਜਾਣਾ ਪੈਂਦਾ ਸੀ ਅਤੇ ਪਤੀ, ਬੱਚੇ ਸਮੇਤ ਜਦੋਂ ਪਤਨੀ ਨੂੰ ਬੱਸ ਉਤੇ ਚੜ੍ਹਾਉਣ ਜਾਂਦਾ ਸੀ ਤਾਂ ਬੱਚਾ ਬੱਸ ਨੂੰ ਹੀ ਮੰਮੀ ਕਹਿਣ ਲੱਗ ਪੈਂਦਾ ਸੀ।

ਦੂਜੇ ਪਾਸੇ, ਕਿਉਂਕਿ ਬੱਸ ਮੰਮੀ ਜਾਂ ਪਾਪਾ ਨੂੰ ਦੂਰ ਲੈ ਜਾਂਦੀ ਹੈ, ਕਈ ਬੱਚੇ ਬੱਸ ਨੂੰ ਹੀ ਨਫ਼ਰਤ ਕਰਨ ਲੱਗ ਪੈਂਦੇ ਹਨ।

ਬੱਚੇ ਮਾਂਵਾਂ ਕੋਲ ਹੋਣ ਦੀ ਸੂਰਤ ਵਿਚ, ਪਿਤਾ ਬੱਚਿਆਂ ਵਲ ਯੋਗ ਧਿਆਨ ਨਾ ਦੇ ਸਕਣ ਕਾਰਨ, ਦੋਸ਼-ਭਾਵਨਾ ਦਾ ਸ਼ਿਕਾਰ ਹੋਏ ਰਹਿੰਦੇ ਹਨ ਅਤੇ ਜਦੋਂ ਮਿਲਾਪ ਹੁੰਦਾ ਹੈ ਤਾਂ ਬੱਚਾ ਕਈ ਵਾਰੀ ਆਪਣੀਆਂ ਨਾਜਾਇਜ਼ ਅਤੇ ਮਹਿੰਗੀਆਂ ਮੰਗਾਂ ਵੀ ਮੰਨਵਾ ਲੈਂਦਾ ਹੈ। ਇਸ ਪ੍ਰਵਿਰਤੀ ਨਾਲ ਸਾਰਿਆਂ ਦੇ ਵਿਹਾਰ ਵਿਚ ਅਸਾਵਾਂਪਣ ਆ ਜਾਂਦਾ ਹੈ।

ਵਾਹ ਲੱਗਦਿਆਂ ਪੁਰਸ਼ ਆਪ ਦੂਰ ਜਾਣ ਲਈ ਤਿਆਰ ਹੁੰਦਾ ਹੈ ਪਰ ਕਈ ਹਾਲਤਾਂ ਵਿਚ ਪਤਨੀਆਂ ਨੂੰ ਜਾਣਾ ਪੈਂਦਾ ਹੈ। ਅਜਿਹੀਆਂ ਪਤਨੀਆਂ ਦੇ ਪਤੀ, ਔਰਤ ਸਵਾਰੀਆਂ ਨਾਲ ਡਰਾਈਵਰਾਂ, ਕੰਡਕਟਰਾਂ ਅਤੇ ਹਾਬੜੀਆਂ ਸਵਾਰੀਆਂ ਦੇ ਵਤੀਰੇ ਨੂੰ ਵੇਖ ਕੇ, ਦਿਲ ਮਸੋਸ ਕੇ ਰਹਿ ਜਾਂਦੇ ਹਨ ਅਤੇ ਉਨ੍ਹਾਂ ਦੇ ਦਿਲ ਵਿਚੋਂ ਜ਼ਿੰਦਗੀ ਦੀ ਕਠੋਰਤਾ ਅਤੇ ਕਰੂਪਤਾ ਆਦਿ ਦੀ ਕਸਕ ਉਠਦੀ ਹੈ। ਕਿਉਂਕਿ ਅਜਿਹੇ ਪਤੀ-ਪਤਨੀ ਅਕਸਰ ਨੀਵੀਂ ਮੱਧ-ਸ਼੍ਰੇਣੀ ਵਿਚੋਂ ਹੁੰਦੇ ਹਨ, ਜਿਸ ਕਾਰਨ ਉਹ ਪਤਨੀਆਂ ਦੀ ਨੌਕਰੀ ਕੁਰਬਾਨ ਕਰਨ ਤੋਂ ਵੀ ਅਸਮਰਥ ਹੁੰਦੇ ਹਨ।

ਅਜਿਹੇ ਪਤੀ-ਪਤਨੀ ਉਨ੍ਹਾਂ ਦਿਨਾਂ ਨੂੰ ਉਡੀਕਦੇ ਰਹਿੰਦੇ ਹਨ ਜਦੋਂ ਕੁਝ ਨਾ ਕੁਝ ਅਜਿਹਾ ਜ਼ਰੂਰ ਵਾਪਰੇਗਾ ਜਿਸ ਕਰਕੇ ਉਹ ਦੋਵੇਂ ਇਕ ਥਾਂ ਰਹਿਣ ਲੱਗ ਪੈਣਗੇ। ਜਿਵੇਂ ਦੋ ਵੱਖ-ਵੱਖ ਥਾਂਵਾਂ ਉਤੇ ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿਚ ਕੰਮ ਕਰਨ ਵਾਲੇ ਪਤਨੀ ਅਤੇ ਪਤੀ ਆਸ ਲਾਈ ਰੱਖਦੇ ਹਨ ਕਿ ਵਿਦਿਅਕ ਸੰਸਥਾਵਾਂ ਦਾ ਕੌਮੀਕਰਨ ਹੋ ਜਾਣਾ ਹੈ, ਸੋ ਉਨ੍ਹਾਂ ਦੀ ਇਕੋ ਥਾਂ ਬਦਲੀ ਸੰਭਵ ਹੋ ਜਾਵੇਗੀ।

ਇਹ ਭਰਮ ਜਾਂ ਸੁਪਨਾ ਕੁਝ ਅਰਸੇ ਲਈ ਉਨ੍ਹਾਂ ਨੂੰ ਦੁੱਖ-ਦਰਦ ਦੰਦ ਵੱਟ ਕੇ ਗੁਜ਼ਾਰਨ ਦਾ ਬਹਾਨਾ ਅਤੇ ਉਤਸ਼ਾਹ ਪ੍ਰਦਾਨ ਕਰਦਾ ਹੈ।

ਜਿਹੜੇ ਪਤੀ-ਪਤਨੀ ਲੰਮੇ ਸਮੇਂ ਲਈ ਇਕ ਦੂਜੇ ਤੋਂ ਦੂਰ ਰਹਿੰਦੇ ਹਨ, ਉਹ ਨਾ ਕੇਵਲ ਕਾਮ-ਅਤ੍ਰਿਪਤੀ ਤੋਂ ਉਪਜਣ ਵਾਲੀਆਂ ਉਲਝਣਾਂ ਦਾ ਸ਼ਿਕਾਰ ਹੁੰਦੇ ਹਨ, ਸਗੋਂ ਉਨ੍ਹਾਂ ਵਿਚ ਇਕ ਦੂਜੇ ਦੇ ਪਤੀ-ਪਤਨੀ ਹੋਣ ਦਾ ਵਿਚਾਰ ਵੀ ਧੁੰਦਲਾ ਹੁੰਦਾ ਰਹਿੰਦਾ ਹੈ।

ਉਹ ਦੋਵੇਂ ਦੋ ਵੱਖ-ਵੱਖ ਦੇਸ਼ਾਂ ਦੇ ਵਾਸੀਆਂ ਵਾਂਗ ਵਿਚਰਦੇ ਹਨ। ਉਹ ਉਨ੍ਹਾਂ ਦਿਨਾਂ ਨੂੰ ਉਡੀਕਦੇ ਰਹਿੰਦੇ ਹਨ, ਜਦੋਂ ਉਹ ਰੱਜਵਾਂ ਮਿਲਾਪ ਮਾਣ ਸਕਣਗੇ।

ਅਜਿਹੇ ਵਿਅਕਤੀਆਂ ਨੂੰ ਉਨ੍ਹਾਂ ਦੀ ਮਾਨਸਿਕ ਸਥਿਤੀ ਕਾਰਨ ਹੀ ਗੰਭੀਰ ਗੀਤ ਅਤੇ ਭਾਵਕ ਫਿਲਮਾਂ ਵਧੇਰੇ ਚੰਗੀਆਂ ਲੱਗਦੀਆਂ ਹਨ।

ਕਈ ਸਥਿਤੀ ਦੀ ਮਜਬੂਰੀ ਕਾਰਨ ਨਾਜਾਇਜ਼ ਸਬੰਧ ਵੀ ਉਸਾਰ ਲੈਂਦੇ ਹਨ।

ਮਿਲਾਪ ਦੇ ਦਿਨਾਂ ਵਿਚ ਅਜਿਹੇ ਜੋੜਿਆਂ ਦੀਆਂ ਸੰਭੋਗ ਸਰਗਰਮੀਆਂ ਬਹੁਤ ਵੱਧ ਜਾਂਦੀਆਂ ਹਨ। ਅਜਿਹੇ ਜੋੜਿਆਂ ਦੀ ਸਥਿਤੀ ਕਾਲ ਦੇ ਮਾਰੇ ਲੋਕਾਂ ਨੂੰ ਇਕ ਦਮ ਭੋਜਨ ਪ੍ਰਾਪਤ ਹੋ ਜਾਣ ਵਾਲੀ ਹੁੰਦੀ ਹੈ।

ਲੰਮੇ ਸਮੇਂ ਮਗਰੋਂ ਘਰ ਮੁੜਨ ਵਾਲਾ ਪਤੀ ਇਸ ਹੱਦ ਤਕ ਕਾਮ-ਗ੍ਰਸਤ ਹੁੰਦਾ ਹੈ ਕਿ ਉਹ ਵਾਵਰੋਲੇ ਅਤੇ ਅੱਗ ਵਾਂਗ ਆਪਣਾ ਰਾਹ ਬਣਾਉਂਦਾ ਵਾਹੋਦਾਹੀ ਆਪਣੀ ਮੰਜ਼ਲ 'ਤੇ ਅਪੜਨ ਲਈ ਹਰ ਰੁਕਾਵਟ ਨੂੰ ਕੁਚਲ ਦੇਣ ਦੀ ਸਮਰੱਥਾ ਰੱਖਦਾ ਹੈ ਅਤੇ ਜਦੋਂ ਉਹ ਵਾਪਸ ਮੁੜਦਾ ਹੈ ਤਾਂ ਇੰਝ ਹੁੰਦਾ ਹੈ ਜਿਵੇਂ ਕਿਸੇ ਖੇਤ ਨੂੰ ਟਿੱਡੀ ਦੱਲ ਖਾ ਗਿਆ ਹੋਵੇ।

ਵੱਖ-ਵੱਖ ਥਾਂਵਾਂ ਉਤੇ ਕੰਮ ਕਰਨ ਵਾਲੇ ਪਤੀ-ਪਤਨੀਆਂ ਦੀ ਗਿਣਤੀ ਵੱਧ ਰਹੀ ਹੈ ਅਤੇ ਇਕ ਅਜਿਹਾ ਸਮਾਜਿਕ ਵਰਗ ਉਭਰ ਕੇ ਸਾਹਮਣੇ ਆ ਰਿਹਾ ਹੈ, ਜਿਸ ਦੀਆਂ ਸਮਾਜਿਕ, ਸਭਿਆਚਾਰਕ ਅਤੇ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਿਲਚਸਪ ਅਧਿਐਨ ਦਾ ਵਿਸ਼ਾ ਬਣ ਸਕਦੀਆਂ ਹਨ।

***

ਮਿਹਦਾ

ਭੋਜਨ ਵਿਗਿਆਨ ਅਨੁਸਾਰ ਹਰ ਘਰ ਦੀ ਰਸੋਈ ਉਸ ਘਰ ਵਿਚਲੇ ਜੀਆਂ ਦੀ ਸ਼ਖ਼ਸੀਅਤ ਢਾਲਣ ਅਤੇ ਉਸਾਰਨ ਵਿਚ ਇਕ ਅਹਿਮ ਰੋਲ ਅਦਾ ਕਰਦੀ ਹੈ। ਇਵੇਂ ਖ਼ੁਰਾਕ ਅਤੇ ਮਿਹਦਾ ਮਨੁੱਖੀ ਸ਼ਖ਼ਸੀਅਤ ਨੂੰ ਬੜੀ ਨੇੜਿਓਂ ਪ੍ਰਭਾਵਿਤ ਕਰਦੇ ਹਨ।

ਭਾਰਤੀਆਂ ਦੇ ਅਹਿੰਸਾਵਾਦੀ ਹੋਣ ਦਾ ਕਾਰਨ ਉਨ੍ਹਾਂ ਦੀ ਮਾਸ, ਪਿਆਜ਼, ਲੱਸਣ ਆਦਿ ਤੋਂ ਸੱਖਣੀ ਖ਼ੁਰਾਕ ਰਹੀ ਹੈ। ਇਹ ਚੀਜ਼ਾਂ ਸ਼ਕਤੀਸ਼ਾਲੀ ਮਿਹਦਾ ਹੀ ਹਜ਼ਮ ਕਰ ਸਕਦਾ ਹੈ। ਸਾਡੀ ਸਰੀਰਕ ਸ਼ਕਤੀ ਸਾਡੇ ਮਿਹਦੇ ਦੀ ਸ਼ਕਤੀ ਦੇ ਅਨੁਪਾਤ ਵਿਚ ਹੀ ਘੱਟ-ਵੱਧ ਹੁੰਦੀ ਹੈ।

ਇਹ ਵੀ ਵੇਖਿਆ ਗਿਆ ਹੈ ਕਿ ਜਿਨ੍ਹਾਂ ਘਰਾਂ ਵਿਚ ਖਾਣ-ਪਕਾਉਣ ਵੱਲ ਯੋਗ ਧਿਆਨ ਨਹੀਂ ਦਿੱਤਾ ਜਾਂਦਾ, ਉਨ੍ਹਾਂ ਘਰਾਂ ਦੇ ਜੀਆਂ ਵਿਚ ਘਰੋਂ ਬਾਹਰ ਖਾਣ-ਪੀਣ ਦੀ ਆਦਤ ਪੈ ਜਾਂਦੀ ਹੈ।

ਅਜਿਹੇ ਵਿਅਕਤੀਆਂ ਦਾ ਘਰ ਨਾਲ ਮੋਹ ਵੀ ਘੱਟ ਜਾਂਦਾ ਹੈ।

ਸ਼ਾਇਦ ਇਸੇ ਕਰਕੇ ਘਰੋਂ ਦੂਰ ਨੌਕਰੀ ਕਰਨ ਵਾਲੇ ਅਣਵਿਆਹੇ ਵਿਅਕਤੀ ਢਾਬਿਆਂ, ਹੋਟਲਾਂ, ਆਦਿ ਦੀਆਂ ਰੋਟੀਆਂ ਖਾ ਕੇ ਅੱਕ ਜਾਣ ਕਾਰਨ ਜਦੋਂ ਘਰ ਨੂੰ ਯਾਦ ਕਰਦੇ ਹਨ ਤਾਂ ਅਸਲ ਵਿਚ ਉਹ ਘਰ ਦੀ ਰੋਟੀ ਅਤੇ ਹੋਰ ਪਕਵਾਨਾਂ ਦੇ ਸੰਦਰਭ ਵਿਚ ਹੀ ਗੱਲ ਕਰ ਰਹੇ ਹੁੰਦੇ ਹਨ।

'ਜੋ ਸੁਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ' ਦਾ ਭਾਵ ਸਪਸ਼ਟ ਹੈ।

ਜਦੋਂ ਕਿਸੇ ਦਾ ਘਰ ਵੱਸਦਾ ਹੈ ਤਾਂ ਵੀ ਇਸ਼ਾਰਾ ਇਹੀ ਹੁੰਦਾ ਹੈ ਕਿ ਹੁਣ ਉਸ ਨੂੰ ਠੀਕ ਢੰਗ ਨਾਲ ਪੱਕੀ ਚੰਗੀ ਰੋਟੀ ਨਸੀਬ ਹੋਣ ਲੱਗ ਪਵੇਗੀ।

ਜਦੋਂ ਕੋਈ ਬੁੱਢੀ ਮਾਂ ਆਪਣੇ ਜਵਾਨ ਪੁੱਤਰ ਨੂੰ ਵਿਆਹ ਕਰਨ ਲਈ ਪ੍ਰੇਰਦੀ ਹੈ ਤਾਂ ਉਹ ਇਵੇਂ ਕਹਿ ਰਹੀ ਪ੍ਰਤੀਤ ਹੁੰਦੀ ਹੈ ਕਿ ਪੁੱਤਰ ਨੂੰ ਠੀਕ ਰੋਟੀ, ਠੀਕ ਸਮੇਂ ਸਿਰ ਮਿਲਣ ਲੱਗ ਪਵੇਗੀ ਅਤੇ ਉਸ ਦੀਆਂ ਸਾਰੀਆਂ ਭੁੱਖਾਂ ਸ਼ਾਂਤ ਹੋ ਜਾਣਗੀਆਂ।

ਸਰੀਰ ਦੀਆਂ ਦੋ ਮੁੱਖ ਭੁੱਖਾਂ ਹਨ, ਖ਼ੁਰਾਕ ਦੀ ਅਤੇ ਕਾਮ ਦੀ। ਇਨ੍ਹਾਂ ਵਿਚੋਂ ਖ਼ੁਰਾਕ ਦੀ ਭੁੱਖ ਦਾ ਨੰਬਰ ਪਹਿਲਾ ਹੈ ਅਤੇ ਖ਼ੁਰਾਕ ਦਾ ਸੰਬੰਧ ਮਿਹਦੇ ਨਾਲ ਹੈ।

ਮਿਹਦਾ ਸਾਡੇ ਸਰੀਰ ਦਾ ਸ਼ਕਤੀ ਕੇਂਦਰ ਹੁੰਦਾ ਹੈ।

ਇਹ ਠੀਕ ਹੋਵੇ ਤਾਂ ਪੱਥਰ ਵੀ ਹਜ਼ਮ ਹੋ ਜਾਂਦਾ ਹੈ ਅਰਥਾਤ ਮਨੁੱਖ ਹਰ ਪ੍ਰਕਾਰ ਦੀ ਜੱਦੋ-ਜਹਿਦ ਖਿੜੇ ਮੱਥੇ ਕਰ ਸਕਦਾ ਹੈ। ਜੇ ਇਹ ਠੀਕ ਨਾ ਹੋਵੇ ਤਾਂ ਮਨੁੱਖ ਨਿਰਾਸ਼ਾਵਾਦੀ, ਝਗੜਾਲੂ, ਸੁੱਸਤ, ਸਨਕੀ ਅਤੇ ਕਮਜ਼ੋਰ ਹੋ ਜਾਂਦਾ ਹੈ।

ਮਿਹਦਾ ਠੀਕ ਨਾ ਹੋਣ ਕਾਰਨ ਮਨੁੱਖ ਦਾ ਦੁਨੀਆਂ ਨਾਲੋਂ ਮੋਹ ਵੀ ਟੁੱਟ ਜਾਂਦਾ ਹੈ, ਜਿਸ ਦਾ ਪ੍ਰਗਟਾਵਾ ਉਹ ਵਧੇਰੇ ਚਿਰ ਬਿਸਤਰੇ ਵਿਚ ਰਹਿ ਕੇ ਕਰਦਾ ਹੈ। ਮਿਹਦੇ ਦੀ ਖਰਾਬੀ ਹਰੇਕ ਕੰਮ ਵਿਚ ਦਿਲਚਸਪੀ ਦੀ ਘਾਟ, ਵਪਾਰ ਵਿਚ ਘਾਟੇ ਅਤੇ ਇਮਤਿਹਾਨ ਵਿਚ ਅਸਫਲਤਾ ਆਦਿ ਦਾ ਕਾਰਨ ਵੀ ਬਣਦੀ ਹੈ।

ਅਜਿਹਾ ਵਿਅਕਤੀ ਮੌਤ ਬਾਰੇ ਵਧੇਰੇ ਸੋਚਦਾ ਹੈ ਅਤੇ ਤੰਦਰੁਸਤ ਵਿਅਕਤੀ, ਉਸ ਨੂੰ, ਉਸ ਦੇ ਆਰਾਮ ਵਿਚ ਵਿਘਨ ਪਾਉਂਦੇ ਪ੍ਰਤੀਤ ਹੁੰਦੇ ਹਨ।

ਜੇ ਕਿਸੇ ਦਾ ਮਿਹਦਾ ਖਰਾਬ ਹੋਵੇ, ਕਿਸੇ ਨਾਲ ਵੀ ਗੱਲ ਕਰਦਿਆਂ ਉਹ ਪਹਿਲੇ ਪੰਜਾਂ ਵਾਕਾਂ ਦੇ ਵਿਚ-ਵਿਚ ਆਪਣੇ ਮਿਹਦੇ ਦੀ ਚਰਚਾ ਜ਼ਰੂਰ ਛੇੜੇਗਾ।

ਅਜਿਹਾ ਵਿਅਕਤੀ ਨਾ ਕਿਸੇ ਪਾਰਟੀ ਵਿਚ ਸ਼ਾਮਲ ਹੋ ਸਕਦਾ ਹੈ ਨਾ ਕਿਸੇ ਰੌਣਕ ਜਾਂ ਹਾਸੇ-ਮਖੌਲ ਵਿਚ।

ਜਦੋਂ ਕਿਸੇ ਘਰ ਦੇ ਮੁਖੀ ਦੀ ਖਾਣ-ਪੀਣ ਦੀ ਕਿਰਿਆ ਵਿਚ ਵਿਘਨ ਪੈ ਜਾਵੇ ਤਾਂ ਸਾਰੇ ਘਰ ਦਾ ਵਾਤਾਵਰਣ ਸੋਗੀ ਹੋ ਜਾਂਦਾ ਹੈ ਅਤੇ ਅਜਿਹੇ ਘਰ ਵਿਚ ਸੁਆਦ ਲਗਣ ਵਾਲੇ ਪਕਵਾਨ ਬਣਨੇ ਬੰਦ ਹੋ ਜਾਂਦੇ ਹਨ।

ਜਦੋਂ ਮਨੁੱਖ ਕਿਸੇ ਚਿੰਤਾ ਵਿਚ ਘਿਰ ਜਾਂਦਾ ਹੈ ਤਾਂ ਉਸ ਦਾ ਮਿਹਦਾ ਹੀ ਸਭ ਤੋਂ ਪਹਿਲਾਂ ਪ੍ਰਭਾਵਿਤ ਹੁੰਦਾ ਹੈ। ਅਜਿਹੇ ਵਿਅਕਤੀ ਨੂੰ ਕੋਈ ਵਿਚਾਰ ਖਿੱਚਦਾ ਨਹੀਂ। ਉਸ ਦਾ ਮਿਹਦਾ ਸੁਆਦੀ ਤੋਂ ਸੁਆਦੀ ਭੋਜਨ ਨੂੰ ਵੀ ਅਸਵੀਕਾਰ ਕਰ ਦਿੰਦਾ ਹੈ, ਅਰਥਾਤ ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ।

ਜਵਾਨੀ ਇਸੇ ਲਈ ਜੋਸ਼ ਦਾ ਠਾਠਾਂ ਮਾਰਦਾ ਸਮੁੰਦਰ ਹੁੰਦੀ ਹੈ, ਕਿਉਂਕਿ ਇਸ ਸਮੇਂ ਅਸੀਂ ਸਭ ਕੁਝ ਹਜ਼ਮ ਕਰ ਸਕਦੇ ਹਾਂ ਅਤੇ ਨਵੇਂ ਅਨੁਭਵਾਂ ਦੀ ਜਗਿਆਸਾ ਵਾਂਗ ਮਿਹਦਾ ਵੀ ਨਵੇਂ-ਨਵੇਂ ਪਦਾਰਥਾਂ ਲਈ ਤਾਂਘਦਾ ਹੈ।

ਬੁਢਾਪਾ ਅਸਲ ਵਿਚ ਇਸ ਲਈ ਨਿਰਾਸ਼ਾਵਾਦ ਦਾ ਸ਼ਿਕਾਰ ਹੋ ਜਾਂਦਾ ਹੈ, ਕਿਉਂਕਿ ਮਿਹਦੇ ਦੀ ਪਾਚਨ-ਸ਼ਕਤੀ ਘੱਟ ਜਾਂਦੀ ਹੈ।

ਜਦੋਂ ਕੋਈ ਕਹਿੰਦਾ ਹੈ ਸੁਆਦਾਂ ਵਿਚ ਕੀ ਪਿਆ ਹੈ ਤਾਂ ਉਸ ਦੀ ਗੱਲ ਦਾ ਅਸਲ ਮਤਲਬ ਇਹ ਹੁੰਦਾ ਹੈ ਕਿ ਉਸ ਦੇ ਮਿਹਦੇ ਦੀ ਅਵਸਥਾ ਬੜੀ ਕਮਜ਼ੋਰ ਹੈ।

ਇਵੇਂ ਹੀ ਜਦੋਂ ਅਸੀਂ ਕਿਸੇ ਨਾਲ ਰੁੱਸਦੇ ਹਾਂ ਤਾਂ ਉਸ ਨਾਲ ਬੈਠ ਕੇ ਕੁਝ ਖਾਣ ਨੂੰ ਪਹਿਲਾਂ ਤਾਂ ਮਨ ਹੀ ਨਹੀਂ ਕਰਦਾ ਅਤੇ ਜੇ ਖਾਣਾ ਪੈ ਹੀ ਜਾਵੇ ਤਾਂ ਖਾਧੇ ਦਾ ਆਨੰਦ ਨਹੀਂ ਮਿਲਦਾ ਅਰਥਾਤ ਸਾਡਾ ਮਿਹਦਾ ਵੀ ਰੁੱਸ ਜਾਂਦਾ ਹੈ।

ਸਾਡੀ ਮਾਨਸਿਕ ਸਥਿਤੀ ਦਾ ਮਿਹਦੇ ਉਤੇ ਅਤੇ ਮਿਹਦੇ ਦਾ ਮਾਨਸਿਕ ਸਥਿਤੀ ਉਤੇ ਸਿੱਧਾ, ਸਪਸ਼ਟ, ਡੂੰਘਾ ਅਤੇ ਵਿਸ਼ਾਲ ਪ੍ਰਭਾਵ ਪੈਂਦਾ ਹੈ।

ਮਿਹਦੇ ਨਾਲ ਸਬੰਧਤ ਹੋਣ ਕਰਕੇ ਉਲਟੀ ਆਉਣ ਜਾਂ ਦੱਸਤ ਲੱਗਣ ਦੇ ਮਨੋਵਿਗਿਆਨਕ ਕਾਰਨ ਹੁੰਦੇ ਹਨ। ਦੋਵੇਂ ਕ੍ਰਿਆਵਾਂ ਦਾ ਰੂਪ ਇਕ ਹੀ ਹੈ, ਭਾਵੇਂ ਇਨ੍ਹਾਂ ਦੇ ਨਿਕਾਸ-ਰਾਹ ਵੱਖਰੇ ਹਨ।

ਮਿਹਦੇ ਅਤੇ ਆਂਤੜੀਆਂ ਵਿਚ ਜਮ੍ਹਾਂ ਅੰਸ਼ਾਂ ਦੇ ਜ਼ੋਰ ਨਾਲ ਖਾਰਜ ਹੋਣ ਨੂੰ ਉਲਟੀ ਕਹਿੰਦੇ ਹਨ। ਖੱਟੇ ਡਕਾਰ ਉਲਟੀ ਦੀ ਪਹਿਲੀ ਸੂਚਨਾ ਹੁੰਦੇ ਹਨ।

ਉਲਟੀ ਮਿਹਦੇ ਵੱਲੋਂ ਖੁਰਾਕ ਅਸਵੀਕਾਰ ਕੀਤੇ ਜਾਣ ਦਾ ਪ੍ਰਗਟਾਵਾ ਹੁੰਦੀ ਹੈ ਅਤੇ ਅੰਦਰ ਭੱਜਦੌੜ ਮੱਚ ਜਾਂਦੀ ਹੈ।

ਖੁਰਾਕ ਦੇ ਹਜ਼ਮ ਨਾ ਹੋਏ ਅੰਸ਼ਾਂ ਨੂੰ ਜਿੱਧਰ ਰਾਹ ਮਿਲਦਾ ਹੈ ਉਹ ਉਧਰ ਵਗ ਤੁਰਦੇ ਹਨ। ਖੁਰਾਕ ਦੇ ਅੰਸ਼ਾਂ ਨੂੰ ਸਾਹ ਨਾਲੀ ਵਿਚ ਜਾਣ ਤੋਂ ਰੋਕਣ ਲਈ ਅਸੀਂ ਸਾਹ-ਦੁਆਰ ਹੀ ਬੰਦ ਕਰ ਲੈਂਦੇ ਹਾਂ ਅਰਥਾਤ ਰੋਕ ਲਾ ਦਿੰਦੇ ਹਾਂ ਪਰ ਅਜਿਹੇ ਯਤਨਾਂ ਦਾ ਉਲਟਾ ਅਸਰ ਹੁੰਦਾ ਹੈ। ਛਾਤੀ ਵਿਚਲੇ ਦਬਾਅ ਵਿਚ ਵਾਧਾ ਹੋ ਜਾਂਦਾ ਹੈ ਅਤੇ ਸਾਡਾ ਆਪਣੇ ਆਪ ਉਤੇ ਕਾਬੂ ਟੁੱਟ ਜਾਂਦਾ ਹੈ ਅਤੇ ਰੋਕ ਦੀ ਉਲੰਘਣਾ ਹੋ ਜਾਂਦੀ ਹੈ ਅਤੇ ਉਲਟੀ ਆ ਜਾਂਦੀ ਹੈ।

ਉਲਟੀ ਆਉਣ ਦੀ ਅਵਸਥਾ ਵਿਚ ਸਭ ਮਾਣ-ਸਤਿਕਾਰ ਢਹਿ-ਢੇਰੀ ਹੋ ਜਾਂਦੇ ਹਨ ਅਤੇ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਇਸ ਸੰਸਾਰ ਵਿਚੋਂ ਖਾਰਜ ਹੋ ਰਹੇ ਹੋਈਏ ਪਰ ਹੌਲੀ-ਹੌਲੀ ਮਿਹਦੇ ਵਿਚ ਟਿਕਾਓ ਆਉਣ ਕਾਰਨ ਸੰਸਾਰ ਨਾਲ ਸਾਡਾ ਮੋਹ ਮੁੜ ਉਸਰਨ ਲੱਗ ਪੈਂਦਾ ਹੈ ਅਤੇ ਪਹਿਲੇ ਵਾਲੀ ਸਥਿਤੀ ਮੁੜ ਸਥਾਪਤ ਹੋ ਜਾਂਦੀ ਹੈ।

ਨਵੇਂ ਮਰੀਜ਼, ਹਸਪਤਾਲ ਵਿਚ ਸ਼ੁਰੂ-ਸ਼ੁਰੂ ਵਿਚ ਇਸ ਲਈ ਕੁਝ ਨਹੀਂ ਖਾ ਸਕਦੇ ਕਿਉਂਕਿ ਨਵੀਂ ਥਾਂ ਨਾਲ ਉਹ ਮਾਨਸਿਕ ਤੌਰ 'ਤੇ ਇਕ-ਸੁਰ ਨਹੀਂ ਹੋਏ ਹੁੰਦੇ। ਗਰਭ ਦੇ ਮੁੱਢਲੇ ਦਿਨਾਂ ਵਿਚ ਆਉਣ ਵਾਲੀਆਂ ਉਲਟੀਆਂ ਮਨੋਵਿਗਿਆਨਕ ਤੌਰ 'ਤੇ ਇਸ ਗੱਲ ਦਾ ਪ੍ਰਗਟਾਵਾ ਹੁੰਦੀਆਂ ਹਨ ਕਿ ਕੁਝ ਨਵਾਂ ਵਾਪਰ ਗਿਆ ਹੈ, ਅਰਥਾਤ ਸਥਿਤੀ ਬਦਲ ਗਈ ਹੈ ਅਰਥਾਤ ਦਿੱਤੀ ਜਾਣ ਵਾਲੀ ਖੁਰਾਕ ਹੀ ਕਾਫੀ ਨਹੀਂ ਅਤੇ ਉਸ ਵਿਚ ਸੁਧਾਰ ਅਤੇ ਤਬਦੀਲੀ ਦੀ ਲੋੜ ਹੈ।

ਇਕ ਵਿਸ਼ੇਸ਼ ਸਮੇਂ, ਖਾਣਾ ਖਾ ਚੁੱਕੇ ਵਿਅਕਤੀ ਅਤੇ ਖਾਣਾ ਉਡੀਕ ਰਹੇ ਵਿਅਕਤੀ ਦੀ, ਇਕ ਹੀ ਸਥਿਤੀ ਪ੍ਰਤੀ ਪਹੁੰਚ ਵਿਚ ਫਰਕ ਹੁੰਦਾ ਹੈ।

ਰਜੇਵਾਂ ਸਾਡੀ ਸੋਚ ਨੂੰ ਹਾਂ ਪਾਸੇ ਤੋਰਦਾ ਹੈ ਜਦੋਂ ਕਿ ਭੁੱਖ ਸਾਡੇ ਵਿਚ ਡਰ, ਸਹਿਮ, ਨਿਰਾਸ਼ਾ, ਚਿੜਚਿੜਾਪਣ ਅਤੇ ਅਸਹਿਣਸ਼ੀਲਤਾ ਉਪਜਾਉਂਦੀ ਹੈ।

ਇਵੇਂ ਹੀ ਜਿਸ ਵਿਅਕਤੀ ਨੇ ਲੋੜ ਤੋਂ ਵੱਧ ਖਾ ਲਿਆ ਹੋਵੇ, ਉਸ ਨੂੰ ਸਿੱਧੀਆਂ ਚੀਜ਼ਾਂ ਵੀ ਟੇਢੀਆਂ, ਥੋੜ੍ਹੇ ਫਾਸਲੇ ਵੀ ਲੰਮੇ ਅਤੇ ਸਾਧਾਰਨ ਚੀਜ਼ਾਂ ਆਪਣੇ ਆਕਾਰ ਨਾਲੋਂ ਵੱਡੀਆਂ ਜਾਂ ਛੋਟੀਆਂ ਲੱਗਣ ਲੱਗ ਪੈਂਦੀਆਂ ਹਨ ਅਰਥਾਤ ਉਸ ਦੇ ਮਿਹਦੇ ਉਤੇ ਪਏ ਭਾਰ ਨਾਲ ਉਸ ਦਾ ਸਮੁੱਚਾ ਸੰਤੁਲਨ ਵਿਗੜ ਜਾਂਦਾ ਹੈ।

ਇਹ ਵੇਖਿਆ ਗਿਆ ਹੈ ਕਿ ਰਸੋਈ ਵਿਚ ਉਹੀ ਚੀਜ਼ ਬਣਦੀ ਹੈ, ਜਿਹੜੀ ਘਰ ਦੇ ਮੁਖੀ ਜਾਂ ਬੱਚਿਆਂ ਦੀ ਪਸੰਦ ਹੋਵੇ।

ਜੇ ਪਤੀ ਮੀਟ-ਮੁਰਗਾ ਖਾਂਦਾ ਹੈ, ਤਾਂ ਹੀ ਇਹ ਬਣੇਗਾ ਨਹੀਂ ਤਾਂ ਨਹੀਂ।

ਘਰਾਂ ਵਿਚਲੇ ਬਹੁਤੇ ਝਗੜੇ ਜਾਂ ਤਾਂ ਖਾਣਾ ਪਕਾਉਣ ਸਮੇਂ ਹੁੰਦੇ ਹਨ ਜਾਂ ਖਾਣਾ ਖਾਣ ਸਮੇਂ ਹੁੰਦੇ ਹਨ ਅਰਥਾਤ ਖਾਣਾ ਝਗੜੇ ਵਿਚ ਆਪਣਾ ਰੋਲ ਅਦਾ ਕਰਦਾ ਹੈ। ਔਰਤ ਦੇ ਸੁਭਾਅ ਵਿਚ ਨਰਮੀ ਅਤੇ ਉਸ ਦਾ ਸਮੁੱਚਾ ਵਰਤਾਰਾ ਉਸ ਦੇ ਮਿਹਦੇ ਦੀ ਸਥਿਤੀ ਨਾਲ ਜੁੜਿਆ ਹੁੰਦਾ ਹੈ।

ਜੇਕਰ ਰਾਤ ਵੇਲੇ ਤੁਸੀਂ ਕੋਈ ਸਖਤ, ਬਾਸੀ ਆਦਿ ਚੀਜ਼ ਖਾ ਲਓ ਤਾਂ ਡਰਾਉਣੇ ਸੁਪਨੇ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਬੱਚਿਆਂ ਵਿਚ ਚੁਸਤੀ ਦਾ ਆਧਾਰ ਉਨ੍ਹਾਂ ਦਾ ਤੰਦਰੁਸਤ ਮਿਹਦਾ ਹੁੰਦਾ ਹੈ।

ਜਿਹੜੀ ਗ੍ਰਹਿਣੀ ਰਸੋਈ ਵਿਚ ਮਾਹਿਰ ਹੁੰਦੀ ਹੈ, ਉਸ ਦਾ ਘਰ ਖੁਸ਼ੀਆਂ ਅਤੇ ਹਾਸਿਆਂ ਦਾ ਸਥਾਨ ਹੋ ਨਿਬੜਦਾ ਹੈ।

ਘਰ ਦੀਆਂ ਚੀਜ਼ਾਂ ਖਾਣ ਨਾਲ ਸਾਡੇ ਮਿਹਦੇ ਦੇ ਵਿਗੜਨ ਦੀ ਸੰਭਾਵਨਾ ਘੱਟ ਹੁੰਦੀ ਹੈ। ਫਾਲਤੂ, ਵਧੇਰੇ ਤਲੀਆਂ ਹੋਈਆਂ, ਵਧੇਰੇ ਮਸਾਲੇ ਵਾਲੀਆਂ ਅਤੇ ਯੋਗ ਮਾਤਰਾ ਤੋਂ ਵੱਧ ਖਾਧੀਆਂ ਚੀਜ਼ਾਂ ਹੀ ਸਾਡਾ ਮਿਹਦਾ ਵਿਗਾੜਦੀਆਂ ਹਨ।

ਆਯੁਰਵੇਦ ਅਨੁਸਾਰ ਸਾਡੀ ਮਾਨਸਿਕਤਾ, ਅਰੋਗਤਾ ਅਤੇ ਸਾਡੇ ਸਾਰੇ ਰੋਗ ਸਾਡੇ ਮਿਹਦੇ ਨਾਲ ਜੁੜੇ ਹੁੰਦੇ ਹਨ।

ਜਿਹੜੇ ਵਿਅਕਤੀ ਖੁੰਦਕ ਜਾਂ ਬਦਲੇ ਦੀ ਭਾਵਨਾ ਨਾਲ ਸੜਦੇ ਰਹਿੰਦੇ ਹਨ, ਉਨ੍ਹਾਂ ਦੇ ਮਿਹਦੇ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ।

ਜਿਹੜੇ ਵਿਅਕਤੀ ਚੰਗੇ ਮਿਹਦੇ ਵਾਲੇ ਹੁੰਦੇ ਹਨ, ਉਹ ਖਾਣ-ਪੀਣ ਦੇ ਸ਼ੌਕੀਨ ਵੀ ਹੁੰਦੇ ਹਨ ਅਤੇ ਅਜਿਹੇ ਵਿਅਕਤੀਆਂ ਦੇ ਸੁਭਾਅ ਵਿਚ ਵੀ ਖੁਲਾਸਾਪਣ ਹੁੰਦਾ ਹੈ ਅਤੇ ਉਹ ਹਰ ਇਕ ਨਾਲ ਝੱਟ ਦੋਸਤੀ ਪਾ ਲੈਂਦੇ ਹਨ।

ਦੱਸਣ ਦੀ ਲੋੜ ਨਹੀਂ ਕਿ ਮਿਹਦੇ ਨੂੰ ਕਿਵੇਂ ਠੀਕ ਰੱਖਿਆ ਜਾਏ।

ਜੇ ਸਾਡਾ ਮਿਹਦਾ ਖਰਾਬ ਹੈ ਤਾਂ ਇਸ ਦੇ ਕਾਰਨਾਂ ਨੂੰ ਅਸੀਂ ਭਲੀ ਭਾਂਤ ਜਾਣਦੇ ਹੁੰਦੇ ਹਾਂ ਅਤੇ ਉਨ੍ਹਾਂ ਦਾ ਹੱਲ ਵੀ ਸਾਨੂੰ ਪਤਾ ਹੁੰਦਾ ਹੈ।

ਆਪਣੇ ਮਿਹਦੇ ਨੂੰ ਤੰਦਰੁਸਤ ਅਤੇ ਠੀਕ ਰੱਖਣ ਦੀ ਜਿੰਮੇਵਾਰੀ ਸਾਡੀ ਆਪਣੀ ਹੁੰਦੀ ਹੈ ਅਤੇ ਆਪਣੀ ਹੀ ਹੋਣੀ ਚਾਹੀਦੀ ਹੈ।

***

ਮਾਰ-ਕੁਟਾਈ

ਪਤੀਆਂ ਵੱਲੋਂ ਪਤਨੀਆਂ ਨੂੰ ਮਾਰਨ-ਕੁੱਟਣ ਦੀਆਂ ਘਟਨਾਵਾਂ ਸਮਾਜ ਲਈ ਇਕ ਸੁਭਾਵਿਕ ਗੱਲ ਹਨ ਪਰ ਇਹ ਰੋਗ ਪ੍ਰੇਮੀਆਂ ਵਿਚ ਵੀ ਫੈਲਦਾ ਜਾ ਰਿਹਾ ਹੈ।

ਅਮਰੀਕਾ ਦੇ ਇਕ ਸਮਾਜ ਵਿਗਿਆਨੀ ਦੇ ਵੇਰਵਿਆਂ ਅਤੇ ਅੰਕੜਿਆਂ ਅਨੁਸਾਰ ਅਮਰੀਕਾ ਵਰਗੇ ਵਿਕਸਿਤ ਦੇਸ਼ ਵਿਚ ਵੀ ਲਗਭਗ ਵੀਹ ਪ੍ਰਤੀਸ਼ਤ ਪਤੀ ਆਪਣੀਆਂ, ਪਤਨੀਆਂ ਨੂੰ ਮਾਰਦੇ-ਕੁੱਟਦੇ ਰਹਿੰਦੇ ਹਨ।

ਭਾਰਤ ਵਿਚ ਪਤੀ ਵੱਲੋਂ ਪਤਨੀ ਨੂੰ ਝਾੜ ਪਾਉਣੀ, ਬੇਇਜ਼ਤੀ ਕਰਨੀ, ਧਮਕੀ ਦੇਣੀ ਅਤੇ ਉਸ ਵਲੋਂ ਪਰੋਸੀ ਹੋਈ ਥਾਲੀ ਨੂੰ ਵਗਾਹ ਮਾਰਨਾ ਬੜੀ ਆਮ ਜਿਹੀ ਗੱਲ ਹੈ ਪਰ ਪਤੀਆਂ ਵੱਲੋਂ ਪਤਨੀਆਂ ਨੂੰ ਮਾਰਨਾ-ਕੁੱਟਣਾ ਵਿਆਹ ਦੀ ਸੰਸਥਾ ਲਈ ਇਕ ਖਤਰਾ ਬਣਦਾ ਜਾ ਰਿਹਾ ਹੈ, ਕਿਉਂਕਿ ਹੁਣ ਮਾਰਨ-ਕੁੱਟਣ ਦੇ ਜੁਰਮ ਅਧੀਨ ਪਤਨੀ, ਪਤੀ ਤੋਂ ਤਲਾਕ ਲੈ ਸਕਦੀ ਹੈ।

ਬਹੁ-ਵਿਆਹ ਦੀ ਪ੍ਰਥਾ ਅਧੀਨ ਮਾਰ-ਕੁਟ ਰੋਜ਼ਾਨਾ ਜੀਵਨ ਦਾ ਇਕ ਪ੍ਰਕਾਰ ਦਾ ਅੰਗ ਹੀ ਬਣ ਗਈ ਸੀ, ਕਿਉਂਕਿ ਈਰਖਾ ਅਤੇ ਸਾੜੇ ਕਾਰਨ ਜਿਸ ਪਤਨੀ ਦਾ ਵੀ ਵੱਸ ਚਲਦਾ ਸੀ ਉਹ ਦੂਜੀ ਪਤਨੀ ਨੂੰ ਕੁਟਵਾ ਦਿੰਦੀ ਸੀ।

ਜਦੋਂ ਇਸ ਸਦੀ ਦੇ ਛੇਵੇਂ ਦਹਾਕੇ ਦੇ ਮੱਧ ਵਿਚ ਇਕ ਨਾਲੋਂ ਵਧੇਰੇ ਪਤਨੀਆਂ ਰਖਣਾ ਜੁਰਮ ਬਣ ਗਿਆ ਤਾਂ ਇਹ ਸਮੱਸਿਆ ਇਕ ਨਵਾਂ ਰੂਪ ਧਾਰ ਗਈ। ਪਤੀ ਹੱਥੋਂ ਮਾਰ-ਕੁਟ ਖਾਣ ਨੂੰ ਪਤਨੀ ਨੇ ਇੱਕ ਸੁਭਾਵਿਕ ਕਿਰਿਆ ਮੰਨ ਲਿਆ।

ਕਿਹਾ ਜਾਂਦਾ ਹੈ ਕਿ ਇਕ ਔਰਤ ਨੇ ਇਕ ਡਿਪਟੀ ਕਮਿਸ਼ਨਰ ਦੇ ਦੌਰੇ ਸਮੇਂ ਉਸ ਨੂੰ ਸ਼ਿਕਾਇਤ ਕੀਤੀ ਕਿ ਉਸ ਦਾ ਜਵਾਈ ਉਸ ਦੀ ਧੀ ਨੂੰ ਪਿਆਰ ਨਹੀਂ ਕਰਦਾ। ਜਦੋਂ ਡਿਪਟੀ ਕਮਿਸ਼ਨਰ ਨੇ ਪੁੱਛਿਆ ਕਿ ਉਸ ਕੋਲ ਸਬੂਤ ਕੀ ਹੈ ਤਾਂ ਉਸ ਔਰਤ ਨੇ ਕਿਹਾ ਕਿ ਉਸ ਦੇ ਜਵਾਈ ਨੇ ਉਸ ਦੀ ਧੀ ਨੂੰ ਕਦੀ ਮਾਰਿਆ-ਕੁੱਟਿਆ ਹੀ ਨਹੀਂ ਸੀ।

ਕੁਝ ਸਾਲ ਪਹਿਲੇ ਜਾਪਾਨ ਦੇ ਪ੍ਰਧਾਨ ਮੰਤਰੀ ਨੇ ਜਾਪਾਨ ਦੀ ਸੰਸਦ ਵਿਚ ਇਹ ਮੰਨਿਆ ਕਿ ਉਹ ਆਪਣੀ ਪਤਨੀ ਨੂੰ ਕੁੱਟਦਾ ਸੀ।

ਘਰੇਲੂ ਰਿਸ਼ਤਿਆਂ ਸੰਬੰਧੀ ਕੁਝ ਅਜਿਹੇ ਪ੍ਰਸ਼ਨ ਹੁੰਦੇ ਹਨ, ਜਿਨ੍ਹਾ ਦਾ ਉੱਤਰ ਹਾਂ ਜਾਂ ਨਾਂਹ ਦੋਹਾਂ ਹਾਲਤਾਂ ਵਿਚ ਹਾਨੀਕਾਰਕ ਹੋ ਸਕਦਾ ਹੈ।

ਜਿਵੇਂ ਉਦਾਹਰਣ ਵਜੋਂ ਕੋਈ ਤੁਹਾਨੂੰ ਪੁੱਛੇ, 'ਕੀ ਤੁਸੀਂ ਅੱਜ ਵੀ ਆਪਣੀ ਪਤਨੀ

ਨੂੰ ਕੁੱਟ ਕੇ ਆਏ ਹੋ ? ' ਜੇ ਉੱਤਰ ਨਾਂਹ ਵਿਚ ਵੀ ਹੋਵੇ ਤਾਂ ਉਸ ਦੇ ਅਰਥ ਇਹੀ ਹੋਣਗੇ ਕਿ ਰੋਜ਼ ਕੁੱਟਦੇ ਹੋ ਪਰ ਅਜ ਕੁੱਟ ਕੇ ਨਹੀਂ ਆਏ।

ਔਰਤਾਂ ਨੇ ਪੁਰਸ਼ਾਂ ਦੇ ਹੱਥੋਂ ਕੁੱਟ ਖਾਣ ਨੂੰ ਜਾਇਜ਼ ਠਹਿਰਾਉਣ ਲਈ ਕਈ ਸਮਝੌਤੇਵਾਦੀ ਵਾਕਾਂ ਦਾ ਨਿਰਮਾਣ ਕੀਤਾ ਹੈ, ਜਿਵੇਂ ਕਦੀ-ਕਦੀ ਮਾਰਨਾ ਕੁੱਟਣਾ ਤਾਂ ਪਿਆਰ ਦੀ ਨਿਸ਼ਾਨੀ ਹੈ ਜਾਂ ਜਿਥੇ ਦੋ ਭਾਂਡੇ ਹੋਣਗੇ, ਖੜਕਣਗੇ ਹੀ।

ਪਰੰਪਰਾਵਾਦੀ ਪਤੀ ਵੀ ਕਹਿੰਦੇ ਹਨ ਜੇ ਦਸਾਂ-ਪੰਦਰ੍ਹਾਂ ਦਿਨਾਂ ਬਾਅਦ ਪਤਨੀਆਂ ਨੂੰ ਕਸ ਦਿੱਤਾ ਜਾਵੇ ਤਾਂ ਉਹ ਠੀਕ ਰਹਿੰਦੀਆਂ ਹਨ।

ਨਿਰਸੰਦੇਹ ਪਤੀ ਵੱਲੋਂ ਪਤਨੀ ਨੂੰ ਕੁੱਟਿਆ ਜਾਣਾ ਇਕ ਵਹਿਸ਼ੀ ਅਤੇ ਅਸਭਿਅਕ ਕਰਮ ਹੈ ਪਰ ਇਸ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਇਹ ਵੇਖਣ ਵਿਚ ਆਇਆ ਹੈ ਕਿ ਮਾਰ-ਕੁੱਟ ਦੀਆਂ ਬਹੁਤੀਆਂ ਘਟਨਾਵਾਂ ਨੀਵੀਂ ਮੱਧ ਸ਼੍ਰੇਣੀ ਅਤੇ ਮਜ਼ਦੂਰ ਸ਼੍ਰੇਣੀ ਵਿਚ ਹੁੰਦੀਆਂ ਹਨ ਪਰ ਸਮਾਜ ਦੀ ਕੋਈ ਵੀ ਸ਼੍ਰੇਣੀ ਜਾਂ ਕੋਈ ਵੀ ਵਰਗ ਅਜਿਹੀਆਂ ਘਟਨਾਵਾਂ ਤੋਂ ਪੂਰੀ ਤਰ੍ਹਾਂ ਮੁੱਕਤ ਨਹੀਂ।

ਪਤੀ ਵੱਲੋਂ ਪਤਨੀ ਨੂੰ ਕੁੱਟਣ ਦੇ ਕਈ ਮਨੋਵਿਗਿਆਨਕ ਕਾਰਨ ਹੁੰਦੇ ਹਨ।

ਹਿੰਸਾ ਨੂੰ ਅਸੀਂ ਜੀਵਨ ਦਾ ਇਕ ਅੰਗ ਸਵੀਕਾਰ ਕਰ ਲਿਆ ਹੈ।

ਅੱਜ ਅਸੀਂ ਉਨ੍ਹਾਂ ਚੀਜ਼ਾਂ ਲਈ ਆਮ ਲੜ ਪੈਂਦੇ ਹਾਂ, ਜਿਨ੍ਹਾਂ ਬਾਰੇ ਲੜਨਾ ਅੱਜ ਤੋਂ ਦੱਸ ਵਰ੍ਹੇ ਪਹਿਲਾਂ ਅਸੀਂ ਸੋਚਿਆ ਵੀ ਨਹੀਂ ਸੀ।

ਕਤਲਾਂ, ਡਾਕਿਆਂ ਆਦਿ ਸੰਬੰਧੀ ਫਿਲਮਾਂ ਦੇ ਪ੍ਰਭਾਵ ਅਧੀਨ ਕੁੱਟਣਾ, ਮਾਰਨਾ ਇਕ ਆਮ ਜਿਹੀ ਗੱਲ ਹੋ ਗਈ ਪ੍ਰਤੀਤ ਹੁੰਦੀ ਹੈ।

ਜਿਹੜੇ ਬੱਚੇ ਸਾਰੀਆਂ ਸਮੱਸਿਆਵਾਂ ਲੜ ਕੇ ਸੁਲਝਾਉਂਦੇ ਹਨ, ਉਹ ਵਿਆਹ ਉਪਰੰਤ ਵੀ ਇਹੀ ਢੰਗ ਵਰਤਦੇ ਹਨ।

ਅੱਜ-ਕੱਲ੍ਹ ਪਤਨੀਆਂ ਨੂੰ ਸੈਂਕੜੇ ਹੀ ਵਿਅਕਤੀਆਂ ਦੇ ਸੰਪਰਕ ਵਿਚ ਆਉਣਾ ਪੈਂਦਾ ਹੈ ਜਿਸ ਕਾਰਨ ਸੀਮਤ ਜਿਹੇ ਘੇਰੇ ਵਿਚ ਪਲਣ ਵਾਲੇ ਅਤੇ ਦਕਿਆਨੂਸੀ ਸਮਾਜਿਕ ਕਦਰਾਂ-ਕੀਮਤਾਂ ਦੇ ਮਾਲਕ ਪਤੀ ਝੱਟਪੱਟ ਸ਼ੱਕ ਦਾ ਸ਼ਿਕਾਰ ਹੋ ਜਾਂਦੇ ਹਨ। ਝੂਠੇ ਦੂਸ਼ਣ ਲਾਉਣ ਅਤੇ ਆਪਣੇ ਠੀਕ ਹੋਣ ਦਾ ਮੁਜ਼ਾਹਰਾ ਕਰਨ ਲਈ ਉਹ ਆਮ ਹਾਲਤਾਂ ਵਿਚ ਹੀ ਹੱਥ ਚੁੱਕ ਲੈਂਦੇ ਹਨ। ਜਿਹੜੇ ਅਜਿਹਾ ਨਹੀਂ ਕਰ ਸਕਦੇ ਉਹ ਉੱਚੀ-ਉੱਚੀ ਗਰਜ ਕੇ ਪਤਨੀ ਦੇ ਅਮਨ-ਚੈਨ ਨੂੰ ਖ਼ਤਮ ਕਰ ਦਿੰਦੇ ਹਨ।

ਇਵੇਂ ਘਰ ਵਿਚ ਹੀ ਮੋਰਚੇਬੰਦੀ ਆਰੰਭ ਹੋ ਜਾਂਦੀ ਹੈ।

ਕਈ ਸ਼ੱਕੀ ਸੁਭਾਅ ਵਾਲੇ ਪਤੀ ਆਪਣੀਆਂ ਨੌਕਰੀ ਕਰਨ ਵਾਲੀਆਂ ਪਤਨੀਆਂ ਦੀ ਜਸੂਸੀ ਕਰਦੇ ਹਨ।

ਜਦੋਂ ਘਰੇਲੂ ਜੀਵਨ ਵਿਚ ਪੁਰਸ਼ ਦਾ ਦਾਬਾ ਨਹੀਂ ਮੰਨਿਆ ਜਾਂਦਾ ਤਾਂ ਉਹ ਹਿੰਸਾ 'ਤੇ ਉਤਰ ਆਉਂਦਾ ਹੈ। ਬੱਚਿਆਂ ਨੂੰ ਕੁੱਟਣਾ ਅਤੇ ਪਤਨੀ ਨੂੰ ਕੁੱਟਣਾ ਆਪਣਾ ਦਾਬਾ ਸਥਾਪਤ ਕਰਨ ਲਈ ਸੌਖੇ ਢੰਗ ਵਜੋਂ ਵਰਤਿਆ ਜਾਂਦਾ ਹੈ।

ਵੱਧਦੀ ਮਹਿੰਗਾਈ ਕਾਰਨ ਜਦੋਂ ਸੀਮਤ ਆਮਦਨ ਵਿਚ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਤਾਂ ਇਹ ਮੁਸ਼ਕਿਲ ਉੱਚਾ ਬੋਲ ਕੇ, ਲੜ-ਝਗੜ ਕੇ ਅਤੇ ਕਈ ਵਾਰੀ ਪਤਨੀ ਦੀ ਮਾਰ-ਕੁੱਟ ਰਾਹੀਂ ਪ੍ਰਗਟ ਹੁੰਦੀ ਹੈ।

ਚੀਜ਼ਾਂ ਮਹਿੰਗੀਆਂ ਹੋਣ ਨਾਲ ਪਤਨੀਆਂ ਦੇ ਨਾਲ-ਨਾਲ ਬੱਚੇ ਵੀ ਵਡਿਆਂ ਦੇ ਦੁਰਵਿਵਹਾਰ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਮਾਰ-ਕੁਟਾਈ ਦੀਆਂ ਘਟਨਾਵਾਂ ਵੀ ਵੱਧ ਜਾਂਦੀਆਂ ਹਨ।

ਪਤਨੀ ਵੱਲੋਂ ਬਰਾਬਰ ਹੱਕਾਂ ਦੀ ਮੰਗ ਦਾ ਉੱਤਰ ਪਤੀ ਅਕਸਰ ਤਾਨਾਸ਼ਾਹ ਅਤੇ ਜਾਬਰ ਪੁਲਸੀਏ ਦਾ ਰੂਪ ਧਾਰ ਕੇ ਦਿੰਦਾ ਹੈ।

ਉਂਝ ਤਾਂ ਕਾਮ-ਸੰਭੋਗ ਵੀ ਇਕ ਹਿੰਸਾਤਮਕ ਪ੍ਰਕਿਰਿਆ ਹੈ ਪਰ ਇਸ ਖੇਤਰ ਵਿਚ ਅਸਫਲਤਾ ਜ਼ਰੂਰ ਹਿੰਸਾ ਰਾਹੀਂ ਪ੍ਰਗਟ ਹੁੰਦੀ ਹੈ।

ਪ੍ਰੇਮ-ਵਿਆਹ ਉਪਰੰਤ ਪਤੀ-ਪਤਨੀ ਦੋਹਾਂ ਦੇ ਸੁਪਨੇ ਜਦੋਂ ਖੇਰੂੰ-ਖੇਰੂੰ ਹੁੰਦੇ ਹਨ ਤਾਂ ਬੇਸਬਰੀ ਹਿੰਸਾ ਰਾਹੀਂ ਪ੍ਰਗਟ ਹੁੰਦੀ ਹੈ।

ਅਜਿਹੀ ਸਥਿਤੀ ਵਿਚ ਪਤਨੀ ਪਤੀ ਵਲੋਂ ਕੁੱਟੇ ਜਾਣ ਨੂੰ ਆਪਣੀ ਭੈੜੀ ਕਿਸਮਤ ਅਤੇ ਆਪਣੇ ਗਲਤ ਫੈਸਲੇ ਦੀ ਸਜ਼ਾ ਮੰਨ ਕੇ ਸਵੀਕਾਰ ਕਰ ਲੈਂਦੀ ਹੈ।

ਕਈ ਪਤਨੀਆਂ ਮਾਪਿਆਂ ਦੀ ਬੇਰੁੱਖੀ ਅਤੇ ਭਰਾਵਾਂ ਦੀ ਬੇਮੁੱਖਤਾ ਕਾਰਨ ਵੀ ਮਾਰਕੁੱਟ ਬਰਦਾਸ਼ਤ ਕਰਦੀਆਂ ਰਹਿੰਦੀਆਂ ਹਨ। ਨੌਕਰੀ ਕਰਨ ਵਾਲੀਆਂ ਔਰਤਾਂ ਆਪਣੀ ਸਮਰੱਥਾ ਅਨੁਸਰ ਵਿਰੋਧ ਵੀ ਕਰਦੀਆਂ ਹਨ ਅਤੇ ਮੌਕਾ ਲਗਣ ਉਤੇ ਪਤੀ ਉਤੇ ਵੇਲਣਾ ਵੀ ਫੇਰ ਲੈਂਦੀਆਂ ਹਨ ਅਤੇ ਕਿਸੇ ਹੱਦ ਤੱਕ ਉਹ ਘਰ ਵਿਚ ਬਰਾਬਰੀ ਦਾ ਦਰਜਾ ਕਾਇਮ ਕਰਨ ਵਿਚ ਸਫਲ ਵੀ ਹੋ ਜਾਂਦੀਆਂ ਹਨ ਪਰ ਇਨ੍ਹਾਂ ਹਾਲਤਾਂ ਕਾਰਨ ਆਪਸੀ ਸਬੰਧਾਂ ਦੀ ਸੁਰ-ਤਾਲ ਪੂਰੀ ਤਰ੍ਹਾਂ ਵਿਗੜ ਜਾਂਦੀ ਹੈ।

ਜਿਥੇ ਪਤਨੀ, ਪਤੀ ਦੇ ਮੁਕਾਬਲੇ ਵਧੇਰੇ ਪੜ੍ਹੀ ਹੋਵੇ, ਵਧੇਰੇ ਤਨਖਾਹ ਲੈਂਦੀ ਹੋਵੇ, ਉਥੇ ਪਤੀ ਦਾ ਵਰਤਾਰਾ ਬਹੁਤੀਆਂ ਹਾਲਤਾਂ ਵਿਚ ਸੰਤੁਲਤ ਨਹੀਂ ਹੁੰਦਾ ਅਤੇ ਇਹ ਅਸੰਤੁਲਨ ਹੀਣਤਾ ਦੀ ਭਾਵਨਾ ਪੈਦਾ ਕਰ ਕੇ ਉਸ ਨੂੰ ਸ਼ਰਾਬ ਪੀਣ ਜਾਂ ਕਿਸੇ ਹੋਰ ਗਲਤ ਰਸਤੇ ਪਾਉਣ ਲਈ ਵੀ ਜ਼ਿੰਮੇਵਾਰ ਹੁੰਦਾ ਹੈ।

ਅਚੇਤ ਪੱਧਰ ਉਤੇ ਅਜਿਹੀ ਸਥਿਤੀ ਵਿਚ ਪਤੀ ਜੂਆ ਖੇਡਣ, ਸ਼ਰਾਬ ਪੀਣ ਜਾਂ ਕੋਈ ਹੋਰ ਨਸ਼ਾ ਕਰਨ ਰਾਹੀਂ ਆਪਣੇ ਆਪ ਨੂੰ ਤਸੱਲੀ ਦੇ ਰਿਹਾ ਹੁੰਦਾ ਹੈ ਕਿ 'ਮੈਂ ਕਿਸ ਤੋਂ ਘੱਟ ਹਾਂ ?' ਅਰਥਾਤ ਸ਼ਰਾਬ ਉਸ ਨੂੰ ਯਥਾਰਥ ਤੋਂ ਬਗੈਰਾ ਬਣਾਉਣ ਵਿਚ ਸਹਾਈ ਹੁੰਦੀ ਹੈ। ਅਜਿਹੇ ਕਈ ਪਤੀ ਆਪਣੀ ਪਤਨੀ ਨੂੰ ਕੁੱਟਣ ਉਪਰੰਤ, ਆਪ ਹੀ ਰੋਣ ਲੱਗ ਪੈਂਦੇ ਹਨ ਅਤੇ ਪਤਨੀ ਤੋਂ ਮਾਫ਼ੀਆਂ ਵੀ ਮੰਗਦੇ ਹਨ।

ਘੁੱਟਣ ਵਿਚ ਰਹਿ ਰਹੇ ਪਤੀ-ਪਤਨੀ ਕਈ ਵਾਰੀ ਆਪਣੇ ਮਨ ਦਾ ਗੁਬਾਰ ਕੱਢਦੇ ਕੱਢਦੇ ਹੱਥੋਪਾਈ ਹੋ ਜਾਂਦੇ ਹਨ।

ਮਾਰਨ-ਕੁੱਟਣ ਦੀਆਂ ਵਾਰਦਾਤਾਂ ਦੀ ਬਹੁਗਿਣਤੀ ਦਾ ਕਾਰਨ ਆਮ ਕਰਕੇ ਪਤੀ ਦਾ ਪਤਨੀ ਦੇ ਚਾਲ-ਚਲਣ ਸਬੰਧੀ ਸ਼ੱਕ ਹੁੰਦਾ ਹੈ।

ਦੂਜਾ ਵੱਡਾ ਕਾਰਨ ਆਰਥਿਕ ਸਮੱਸਿਆਵਾਂ ਹੁੰਦੀਆਂ ਹਨ।

ਕਈ ਪਤਨੀਆਂ ਆਪਣੀ ਬੇਸਮਝੀ ਅਤੇ ਮੂਰਖਤਾ ਕਰਕੇ ਵੀ ਮਾਰ ਖਾਂਦੀਆਂ ਹਨ ਅਰਥਾਤ ਜਦੋਂ ਪਤੀ ਘਰ ਆਉਂਦਾ ਹੈ ਤਾਂ ਉਹ ਸੱਸ-ਸਹੁਰੇ ਵਿਰੁੱਧ, ਇਥੋਂ ਤਕ ਕਿ ਆਪਣੇ ਬੱਚਿਆਂ ਵਿਰੁਧ ਵੀ ਸ਼ਿਕਾਇਤਾਂ ਲਾਉਂਦੀਆਂ-ਲਾਉਂਦੀਆਂ ਪਤੀ ਨੂੰ ਹਿੰਸਾ ਉਤੇ ਉਤਰਨ ਲਈ ਮਜਬੂਰ ਕਰ ਦਿੰਦੀਆਂ ਹਨ।

ਪਤੀ ਜਦੋਂ ਕਈ ਕਾਰਨਾਂ ਕਰਕੇ ਭਰਿਆ-ਪੀਤਾ ਘਰ ਅਪੜਦਾ ਹੈ ਤਾਂ ਪਤਨੀ ਵੱਲੋਂ ਕਿਸੇ ਕੰਮ ਵਿਚ ਦੇਰੀ ਜਾਂ ਕੋਈ ਕੰਮ ਉਸ ਦੀ ਮਰਜ਼ੀ ਅਨੁਸਾਰ ਨਾ ਹੋਣ ਦੀ ਸੂਰਤ ਵਿਚ ਵੀ ਉਹ ਧੌਲਧੱਪਾ ਕਰ ਦਿੰਦਾ ਹੈ।

ਜਿਹੜੀ ਇਸਤਰੀ ਘਰੇਲੂ ਕੰਮਾਂ ਵਿਚ ਨਿਪੁੰਨ ਨਹੀਂ ਹੁੰਦੀ ਅਤੇ ਠੀਕ ਖਾਣਾ ਨਹੀਂ ਪਕਾਉਂਦੀ, ਉਸ ਦੀ ਮੁਰੰਮਤ ਹੁੰਦੀ ਹੀ ਰਹਿੰਦੀ ਹੈ।

ਅਜੋਕੇ ਸੰਸਾਰ ਵਿਚ ਕਈ ਪਤਨੀਆਂ ਵੀ ਆਪਣੇ ਪਤੀਆਂ ਨੂੰ ਕੁਟਾਪਾ ਚਾੜ੍ਹਨ ਲਗ ਪਈਆਂ ਹਨ ਅਤੇ ਕਈ ਇਸ ਕਾਰਜ ਵਿਚ ਆਪਣੇ ਪੁੱਤਰਾਂ-ਧੀਆਂ ਨੂੰ ਵੀ ਸ਼ਾਮਲ ਕਰ ਲੈਂਦੀਆਂ ਹਨ।

ਨਸ਼ਿਆਂ ਦੇ ਆਦੀ ਪਤੀ ਨਾਲ ਇਹ ਕੁਝ ਅਕਸਰ ਵਾਪਰਦਾ ਰਹਿੰਦਾ ਹੈ।

ਮਨੋਵਿਗਿਆਨਕ ਤੌਰ ਉਤੇ ਕਮਜ਼ੋਰ ਪਤੀ ਹੀ ਆਪਣੀਆਂ ਪਤਨੀਆਂ ਨੂੰ ਕੁੱਟਦੇ ਹਨ, ਕਿਉਂਕਿ ਬਾਹਰ ਕੋਈ ਉਨ੍ਹਾਂ ਦਾ ਰੋਅਬ ਨਹੀਂ ਮੰਨਦਾ, ਇਸ ਲਈ ਉਹ ਆਪਣਾ ਬਲ-ਪ੍ਰਯੋਗ ਉਸ ਧਿਰ ਉਤੇ ਕਰਦੇ ਹਨ, ਜਿਹੜੀ ਜਵਾਬੀ ਹਮਲਾ ਕਰਨ ਦੀ ਸਮਰੱਥਾ ਨਹੀਂ ਰਖਦੀ। ਦੂਜੇ ਪਾਸੇ ਚੁੱਪ-ਚਾਪ ਕੁੱਟ ਖਾ ਕੇ, ਪਤਨੀਆਂ ਵੀ ਪਤੀਆਂ ਦੇ ਹੌਸਲੇ ਵੱਧਾਉਂਦੀਆਂ ਹਨ।

ਘਰ ਨੂੰ ਸਾਫ-ਸੁਥਰਾ ਰੱਖ ਕੇ ਅਤੇ ਪਤੀ ਨੂੰ ਵਧੇਰੇ ਮਾਨਤਾ ਦੇ ਕੇ ਕਿਸੇ ਹੱਦ ਤਕ ਪਤਨੀਆਂ, ਪਤੀਆਂ ਦੀ ਮਾਰ-ਕੁੱਟ ਤੋਂ ਬੱਚ ਸਕਦੀਆਂ ਹਨ।

ਦੋਹਾਂ ਧਿਰਾਂ ਨੂੰ ਹੀ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਘਰ ਨੂੰ ਮੋਰਚੇ ਵਿਚ ਬਦਲ ਕੇ ਉਹ ਨਾ ਕੇਵਲ ਆਪਣਾ ਸਗੋਂ ਸਾਰਿਆਂ ਦਾ ਨੁਕਸਾਨ ਕਰਦੇ ਹਨ ਅਤੇ ਆਪਣੀ ਜ਼ਿੰਦਗੀ ਵਿਚੋਂ ਤਸੱਲੀਆਂ ਕੱਢ ਕੇ ਤਲਖੀਆਂ ਭਰ ਦਿੰਦੇ ਹਨ।

***

ਜੌੜੇ ਬੱਚੇ

ਔਸਤ ਹਰ ਛਿਆਸੀਵੇਂ ਜਣੇਪੇ ਸਮੇਂ ਜੌੜੇ ਅਤੇ ਹਰ ਅੱਠ-ਹਜ਼ਾਰਵੇਂ ਜਣੇਪੇ ਸਮੇਂ ਤੇਗੜੇ ਬੱਚੇ ਜੰਮਦੇ ਹਨ। ਹਰ ਪੰਜ ਲੱਖ ਜਣੇਪਿਆਂ ਵਿਚੋਂ ਇੱਕ ਵਾਰੀ ਚਾਰ ਬੱਚਿਆਂ ਦੇ ਇਕੱਠੇ ਜੰਮਣ ਅਤੇ ਹਰ ਛੇ ਕਰੋੜ ਜਣੇਪਿਆਂ ਵਿਚੋਂ ਇੱਕ ਵਾਰੀ ਪੰਜ ਬੱਚੇ ਇਕੱਠੇ ਜੰਮਣ ਦੀ ਸੰਭਾਵਨਾ ਹੁੰਦੀ ਹੈ।

ਜੌੜੇ ਬੱਚਿਆਂ ਦਾ ਹੋਣਾ ਸਾਡੇ ਅਨੁਭਵ ਵਿਚ ਆਉਣ ਵਾਲੀ ਇੱਕ ਆਮ ਜਿਹੀ ਗੱਲ ਬਣਦੀ ਜਾ ਰਹੀ ਹੈ।

ਪੂਰਵ-ਇਤਿਹਾਸਕ ਕਾਲ ਵਿਚ ਵੱਖ- ਵੱਖ ਸਭਿਆਤਾਵਾਂ ਵਿਚ ਜੌੜੇ ਬੱਚਿਆਂ ਦੇ ਜੰਮਣ ਬਾਰੇ ਵੱਖ-ਵੱਖ ਵਹਿਮ, ਭਰਮ ਅਤੇ ਪ੍ਰਤੀਕਰਮ ਪ੍ਰਗਟ ਹੁੰਦੇ ਰਹੇ ਹਨ।

ਕਈ ਥਾਂਈਂ ਇਨ੍ਹਾਂ ਨੂੰ ਪੂਜਿਆ ਗਿਆ ਅਤੇ ਕਈ ਥਾਂਈਂ ਜੌੜੀਆਂ ਕੁੜੀਆਂ ਨੂੰ ਜਾਂ ਇੱਕ ਮੁੰਡਾ ਅਤੇ ਇਕ ਕੁੜੀ ਹੋਣ ਦੀ ਸੂਰਤ ਵਿਚ ਕੁੜੀ ਨੂੰ ਗਲਾ ਘੁੱਟ ਕੇ ਮਾਰ ਦਿੱਤਾ ਜਾਂਦਾ ਰਿਹਾ ਹੈ।

ਕਈ ਸਮਾਜ ਜੌੜੇ ਬੱਚਿਆਂ ਦੇ ਜਨਮ ਨੂੰ ਮਾਂ ਦੀ ਬੇਵਫ਼ਾਈ ਮੰਨਦੇ ਰਹੇ ਹਨ ਅਤੇ ਅਜਿਹੇ ਬੱਚਿਆਂ ਦੀ ਬਲੀ ਦਿੰਦੇ ਰਹੇ ਹਨ।

ਫਿਲਮਾਂ ਵਿਚ ਕਿਸੇ ਅਦਾਕਾਰ ਦੇ ਡਬਲ-ਰੋਲ ਦੀ ਪੇਸ਼ਕਾਰੀ ਪਿੱਛੇ ਅਚੇਤ ਭਾਵਨਾ ਜੌੜੇ ਬੱਚਿਆਂ ਦੀ ਹੀ ਹੁੰਦੀ ਹੈ।

ਜੌੜੇ ਬੱਚੇ ਦੋ ਭਾਂਤ ਦੇ ਹੁੰਦੇ ਹਨ। ਪਹਿਲੀ ਭਾਂਤ ਉਨ੍ਹਾਂ ਬੱਚਿਆਂ ਦੀ ਹੁੰਦੀ ਹੈ ਜਿਹੜੇ ਮਾਂ ਦੇ ਗਰਭ ਵਿਚ ਦੋ ਆਂਡਿਆਂ ਦੇ ਇਕੋ ਸਮੇਂ ਪੱਕਣ ਦਾ ਨਤੀਜਾ ਹੁੰਦੇ ਹਨ। ਅਜਿਹੇ ਬੱਚਿਆਂ ਵਿਚ ਇਕ ਮੁੰਡਾ ਅਤੇ ਇਕ ਕੁੜੀ ਜਾਂ ਦੋਵੇਂ ਮੁੰਡੇ ਜਾਂ ਦੋਵੇਂ ਕੁੜੀਆਂ ਹੋ ਸਕਦੀਆਂ ਹਨ ਪਰ ਅਜਿਹੇ ਬੱਚਿਆਂ ਦੀ ਸਾਂਝ ਇਕੋ ਸਮੇਂ ਜੰਮਣ ਤੱਕ ਹੀ ਸੀਮਤ ਰਹਿੰਦੀ ਹੈ। ਜਨਮ ਮਗਰੋਂ ਉਨ੍ਹਾਂ ਦਾ ਆਪਸ ਵਿਚ ਕੁਝ ਵੀ ਸਾਂਝਾ ਨਹੀਂ ਹੁੰਦਾ।

ਦੂਜੀ ਭਾਂਤ ਅਜਿਹੇ ਬੱਚਿਆਂ ਦੀ ਹੁੰਦੀ ਹੈ ਜੋ ਮਾਂ ਦੇ ਗਰਭ ਵਿਚ ਇਕ ਹੀ ਆਂਡਾ ਦੋ ਭਾਗਾਂ ਵਿਚ ਵੰਡੇ ਜਾਣ ਦਾ ਨਤੀਜਾ ਹੁੰਦੇ ਹਨ। ਇਸ ਭਾਂਤ ਦੇ ਜੌੜਿਆਂ ਵਿਚ ਦੋਵੇਂ ਮੁੰਡੇ ਜਾਂ ਦੋਵੇਂ ਕੁੜੀਆਂ ਹੀ ਹੋਣਗੀਆਂ।

ਅਜਿਹੇ ਬੱਚਿਆਂ ਵਿਚ ਲਗਭਗ ਸਭ ਕੁਝ ਸਾਂਝਾ ਹੁੰਦਾ ਹੈ। ਉਨ੍ਹਾਂ ਦੇ ਵਾਲ, ਅੱਖਾਂ, ਦੰਦਾਂ ਦੀ ਬਣਤਰ, ਚਮੜੀ ਆਦਿ ਦਾ ਰੰਗ, ਹਥੇਲੀ ਅਤੇ ਉਂਗਲਾਂ ਦੇ ਨਿਸ਼ਾਨ, ਲਹੂ-ਗਰੁਪ ਆਦਿ ਤਾਂ ਸਾਂਝੇ ਹੁੰਦੇ ਹੀ ਹਨ, ਉਨ੍ਹਾਂ ਦੇ ਵਿਕਾਸ ਵਿਚ ਵੀ ਸਾਂਝ ਬਣੀ ਰਹਿੰਦੀ ਹੈ।

ਇਹ ਸਾਂਝ ਇਸ ਹੱਦ ਤੱਕ ਹੁੰਦੀ ਹੈ ਕਿ ਇਕ ਦਾ ਗੁਰਦਾ ਦੂਜੇ ਨੂੰ ਲਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਰੋਗ ਵੀ ਇਕੋ ਜਿਹੇ ਲੱਗਦੇ ਹਨ ਅਤੇ ਗੁੱਸੇ ਅਤੇ ਖੁਸ਼ੀ, ਮਿਹਨਤ ਅਤੇ ਆਲਸ ਦੀਆਂ ਆਦਤਾਂ ਵੀ ਸਾਂਝੀਆਂ ਹੁੰਦੀਆਂ ਹਨ।

ਸਾਰੇ ਜੌੜਿਆਂ ਵਿਚੋਂ ਇਕ ਤਿਹਾਈ ਅਜਿਹੇ ਜੌੜੇ ਹੁੰਦੇ ਹਨ।

ਅਜੇ ਤੱਕ ਚਿਕਿਤਸਾ-ਵਿਗਿਆਨ ਜੌੜੇ ਬੱਚੇ ਹੋਣ ਦੇ ਕਾਰਨਾਂ ਨੂੰ ਅੰਡਾ-ਸਿਧਾਂਤ ਤੋਂ ਅੱਗੇ ਨਹੀਂ ਲਿਜਾ ਸਕਿਆ। ਕਈ ਟੱਬਰਾਂ ਵਿਚ ਜੌੜੇ ਜੰਮਣ ਦੀ ਪਰੰਪਰਾ ਵੀ ਹੁੰਦੀ ਹੈ, ਜਿਹੜੀ ਕੇਵਲ ਇਸਤਰੀ ਰਾਹੀਂ ਅੱਗੇ ਤੋਂ ਅੱਗੇ ਚਲਦੀ ਹੈ।

ਜੌੜੇ ਬੱਚੇ ਹੋਣ ਦੀ ਵਧੇਰੇ ਸੰਭਾਵਨਾ ਤੀਹ ਤੋਂ ਚਾਲ੍ਹੀ ਸਾਲਾਂ ਦੀ ਉਮਰ ਵਿਚਕਾਰ ਹੁੰਦੀ ਹੈ। ਗਰਭ ਦੇ ਕੁਝ ਚਿਰ ਮਗਰੋਂ ਹੀ ਹੁਣ ਡਾਕਟਰ ਜੌੜੇ ਹੋਣ ਦੀ ਸੰਭਾਵਨਾ ਨੂੰ ਨਿਸ਼ਚਿਤ ਤੌਰ ਉਤੇ ਦੱਸ ਸਕਦਾ ਹੈ।

ਜਿਹੜੇ ਕਾਰਨਾਂ ਕਰਕੇ ਜੌੜੇ ਬੱਚੇ ਜੰਮਦੇ ਹਨ, ਉਹੀ ਕਾਰਨ ਤਿੰਨ, ਚਾਰ, ਪੰਜ ਜਾਂ ਛੇ ਬੱਚਿਆਂ ਦੇ ਜੰਮਣ ਵਿਚ ਕਾਰਜਸ਼ੀਲ ਹੁੰਦੇ ਹਨ।

ਜੌੜੇ ਬੱਚੇ ਆਮ ਕਰਕੇ ਪੂਰੇ ਸਮੇਂ ਤੋਂ ਪਹਿਲਾਂ ਹੀ ਜਨਮ ਲੈ ਲੈਂਦੇ ਹਨ।

ਇਨ੍ਹਾਂ ਦਾ ਭਾਰ ਪੰਜ ਪੌਂਡ ਜਾਂ ਇਸ ਤੋਂ ਘੱਟ ਹੁੰਦਾ ਹੈ।

ਅਜੋਕੀ ਸਦੀ ਦੇ ਚੌਥੇ ਦਹਾਕੇ ਤੋਂ ਇਕੱਠੇ ਪੰਜ ਬੱਚਿਆਂ ਦੇ ਜੰਮਣ ਅਤੇ ਬੱਚਣ ਦੀਆਂ ਉਦਾਹਰਣਾਂ ਮਿਲਦੀਆਂ ਹਨ ਪਰ ਛੇ ਬੱਚਿਆਂ ਦੇ ਜਿਊਂਦੇ ਰਹਿਣ ਦੀ ਅਜੇ ਕੋਈ ਮਿਸਾਲ ਨਹੀਂ ਮਿਲਦੀ। ਜੌੜੇ ਜਾਂ ਇਕੋ ਸਮੇਂ ਵਧੇਰੇ ਜੰਮੇ ਬੱਚਿਆਂ ਦੀ ਮੌਤ-ਦਰ ਇਕੱਲੇ ਬੱਚੇ ਦੇ ਮੁਕਾਬਲੇ ਵਧੇਰੇ ਹੁੰਦੀ ਹੈ।

ਸਾਰੇ ਜਾਣਦੇ ਹਨ ਕਿ ਜੌੜੇ ਬੱਚੇ ਜੰਮਣ ਨਾਲ ਸਭ ਤੋਂ ਵੱਡੀ ਸਮੱਸਿਆ ਉਨ੍ਹਾਂ ਦੇ ਪਾਲਣ-ਪੋਸਣ ਦੀ ਹੁੰਦੀ ਹੈ।

ਜੌੜੇ ਬੱਚਿਆਂ ਦੇ ਪੈਦਾ ਹੋਣ ਦੀ ਹਾਲਤ ਵਿਚ ਮਗਰੋਂ ਪੈਦਾ ਹੋਣ ਵਾਲੀਆਂ ਕੁਝ ਸਮੱਸਿਆਵਾਂ ਦਾ ਹੱਲ ਪਹਿਲਾਂ ਹੀ ਲੱਭਿਆ ਜਾ ਸਕਦਾ ਹੈ।

ਜੌੜੇ ਪੈਦਾ ਹੋਣ ਦੀ ਸੂਰਤ ਵਿਚ ਹਰ ਮਾਂ ਨੂੰ ਹੈਰਾਨੀ ਭਰਿਆ ਧੱਕਾ ਲਗਦਾ ਹੈ। ਰੁਝੇਵਿਆਂ ਭਰੇ ਆਧੁਨਿਕ ਜੀਵਨ ਵਿਚ ਇਕ ਬੱਚੇ ਲਈ ਵੀ ਥਾਂ ਸੁੰਗੜਦੀ ਜਾ ਰਹੀ ਹੈ ਪਰ ਜੌੜੇ ਬੱਚਿਆਂ ਦੇ ਹੋਣ ਨਾਲ ਕਈ ਸਮੱਸਿਆਵਾਂ ਉਤਪੰਨ ਹੋ ਜਾਂਦੀਆਂ ਹਨ। ਅਜਿਹੀ ਹਾਲਤ ਵਿਚ ਸੱਸ, ਮਾਂ ਜਾਂ ਰਿਸ਼ਤੇਦਾਰੀ ਵਿਚੋਂ ਕੋਈ ਹੋਰ ਔਰਤ ਸੀਮਤ ਹੱਦ ਤੱਕ ਹੀ ਸਹਾਈ ਹੋ ਸਕਦੀ ਹੈ।

ਜੌੜੇ ਬੱਚਿਆਂ ਦਾ ਪਹਿਲਾ ਸਾਲ ਵਿਸ਼ੇਸ਼ ਧੀਰਜ ਅਤੇ ਧਿਆਨ ਦੀ ਮੰਗ ਕਰਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਉਨ੍ਹਾਂ ਦੀ ਹਰ ਗੱਲ ਸਮੱਸਿਆ ਬਣ ਜਾਂਦੀ ਹੈ।

ਪੂਰੇ ਸਮੇਂ ਤੋਂ ਪਹਿਲਾਂ ਜੰਮਣ ਕਾਰਨ ਜੌੜੇ ਬੱਚੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆਪਣੇ ਨਾਲ ਲੈ ਕੇ ਆਉਂਦੇ ਹਨ।

ਇਕੋ ਵਾਤਾਵਰਣ ਵਿਚ ਰਹਿਣ ਕਰਕੇ, ਇਕ ਦੂਜੇ ਤੋਂ ਪ੍ਰਭਾਵਿਤ ਹੋ ਕੇ ਅਤੇ ਅਵਿਕਸਤ ਹੋਣ ਕਰਕੇ ਉਹ ਝੱਟ ਬੀਮਾਰ ਹੋ ਜਾਂਦੇ ਹਨ।

ਮਾਂ ਦਾ ਪਿਆਰ ਅਤੇ ਧਿਆਨ ਖਿੱਚਣ ਲਈ ਬੱਚਿਆਂ ਦੀਆਂ ਆਪਸੀ ਸਮੱਸਿਆਵਾਂ ਵੀ ਉਤਪੰਨ ਹੁੰਦੀਆਂ ਹਨ। ਇਸ ਸਮੇਂ ਮਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਦੋਵੇਂ ਬੱਚਿਆਂ ਨੂੰ ਵਾਰੀ ਸਿਰ ਪਹਿਲ ਮਿਲੇ।

ਦੁੱਧ ਪਿਲਾਉਣ, ਨੁਹਾਉਣ, ਗੋਦ ਵਿਚ ਬਿਠਾਉਣ ਜਾਂ ਨਾਲ ਸੁਆਉਣ ਵਿਚ ਦੋਹਾਂ ਨਾਲ ਬਰਾਬਰੀ ਦਾ ਸਲੂਕ, ਬੱਚਿਆਂ ਵਿਚ ਇਕ ਦੂਜੇ ਦੀ ਹੋਂਦ ਪ੍ਰਤੀ ਸਮਝੌਤੇ ਦੀ ਭਾਵਨਾ ਪੈਦਾ ਕਰਦਾ ਹੈ।

ਮਾਪਿਆਂ ਵੱਲੋਂ ਦੋਵੇਂ ਬੱਚਿਆਂ ਨੂੰ ਭਿੰਨ ਹੋਣ ਦਾ ਅਹਿਸਾਸ ਕਰਾਉਣਾ ਚਾਹੀਦਾ ਹੈ।

ਉਨ੍ਹਾਂ ਦੇ ਜੌੜੇ ਹੋਣ ਦੀ ਗੱਲ ਉਨ੍ਹਾਂ ਦੀ ਸੋਚਣੀ 'ਚ ਨਹੀਂ ਆਉਣ ਦੇਣੀ ਚਾਹੀਦੀ, ਨਹੀਂ ਤਾਂ ਬੱਚੇ ਆਪਣੀਆਂ ਹਰਕਤਾਂ ਇਕ ਦੂਜੇ ਦੀ ਨਕਲ ਤੱਕ ਹੀ ਸੀਮਤ ਰੱਖਣਗੇ ਅਤੇ ਉਨ੍ਹਾਂ ਦੀ ਸੂਝ-ਯੋਗਤਾ ਔਸਤ ਵਿਅਕਤੀ ਦੀ ਸੌ ਦੀ ਮਾਤਰਾ ਦੇ ਮੁਕਾਬਲੇ ਸੱਠ ਤੋਂ ਨਹੀਂ ਵਧੇਗੀ।

ਉਨ੍ਹਾਂ ਨੂੰ ਇਕੋ ਜਿਹੇ ਕੱਪੜੇ ਨਹੀਂ ਪਾਉਣੇ ਚਾਹੀਦੇ। ਨਾ ਹੀ ਉਨ੍ਹਾਂ ਨੂੰ ਇਕੋ ਜਿਹੇ ਖਿਡਾਉਣੇ ਲੈ ਕੇ ਦੇਣੇ ਚਾਹੀਦੇ ਹਨ। ਖਾਣ-ਪੀਣ ਦੀ ਪਸੰਦ ਵਿਚ ਵੀ ਉਨ੍ਹਾਂ ਦੀ ਨਿੱਜੀ ਤਰਜੀਹ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਜੌੜੇ ਬੱਚਿਆਂ ਨੂੰ ਇਕੋ ਜਿਹਾ ਬਣਾ ਕੇ ਰੱਖਣ ਵਾਲੇ ਮਾਪੇ ਅਚੇਤ ਹੀ ਉਨ੍ਹਾਂ ਦੇ ਮਾਨਸਿਕ ਵਿਕਾਸ ਵਿਚ ਰੁਕਾਵਟਾਂ ਪੈਦਾ ਕਰਦੇ ਹਨ। ਅਜਿਹੀ ਹਾਲਤ ਵਿਚ ਬੱਚਿਆਂ ਨੂੰ ਘਰ ਅੰਦਰ ਅਤੇ ਬਾਹਰ ਵੱਖਰੇ-ਵੱਖਰੇ ਰਹਿਣ ਅਤੇ ਆਪਣੇ-ਆਪਣੇ ਸੰਗੀ ਸਾਥੀਆਂ ਨਾਲ ਖੇਡਣ ਲਈ ਪ੍ਰੇਰਨਾ ਚਾਹੀਦਾ ਹੈ।

ਜੌੜੇ ਬੱਚੇ ਚਾਹੇ ਨਹੀਂ ਜਾਂਦੇ ਹੋ ਜਾਂਦੇ ਹਨ। ਜੌੜੇ ਬੱਚੇ ਦੋ ਹੋ ਜਾਣ ਕਾਰਨ ਮਾਂ ਲਈ ਗੰਭੀਰ ਜ਼ਿੰਮੇਵਾਰੀਆਂ ਉਪਜ ਪੈਂਦੀਆਂ ਹਨ, ਜਿਹੜੀਆਂ ਤਾਂ ਹੀ ਹੱਲ ਹੁੰਦੀਆਂ ਹਨ ਜੇ ਪਰਿਵਾਰ ਦੇ ਹੋਰ ਜੀਆਂ ਦਾ ਅਤੇ ਵਿਸ਼ੇਸ਼ ਕਰਕੇ ਸੱਸ ਦਾ ਸਹਿਯੋਗ ਪ੍ਰਾਪਤ ਹੋਵੇ।

ਜੇ ਦੋਵੇਂ ਬੱਚੇ ਤੰਦਰੁਸਤ ਹੋਣ ਤਾਂ ਮਾਂ ਲਈ ਕੰਮ ਤਾਂ ਵੱਧ ਜਾਂਦਾ ਹੈ ਪਰ ਪਾਲਣ-ਪੋਸਣ ਦੀਆਂ ਸਮੱਸਿਆਵਾਂ ਘੱਟ ਉਪਜਦੀਆਂ ਹਨ।

ਅਕਸਰ ਵੇਖਿਆ ਗਿਆ ਹੈ ਕਿ ਥੋੜ੍ਹੇ ਅਰਸੇ ਮਗਰੋਂ ਜੌੜੇ ਬੱਚੇ ਇਕ-ਦੂਜੇ ਦੇ ਸੁਭਾਵਿਕ ਸਾਥੀ ਅਤੇ ਸਹਿਯੋਗੀ ਹੋ ਨਿਬੜਦੇ ਹਨ ਅਤੇ ਇਕ-ਦੂਜੇ ਦੀ ਨਕਲ ਵੀ ਕਰਦੇ ਹਨ, ਇਵੇਂ ਉਨ੍ਹਾਂ ਵਿਚ ਵਿਰੋਧੀ ਅਤੇ ਸਹਿਯੋਗੀ ਪੈਂਤੜੇ ਅਪਨਾਉਣ ਦੀ ਸੰਭਾਵਨਾ ਅਤੇ ਸਮਰੱਥਾ ਵੱਧ ਜਾਂਦੀ ਹੈ।

ਉਹ ਲੜਨਗੇ ਵੀ ਪਰ ਸਮਝੌਤਾ ਵੀ ਕਰਨਗੇ।

ਅਜਿਹੇ ਬੱਚਿਆਂ ਦੇ ਚੰਗੇਰੇ ਵਿਕਾਸ ਲਈ ਮਾਪਿਆਂ ਨੂੰ ਉਹ ਖਿਡੌਣੇ ਅਤੇ ਖੇਡਾਂ ਹੀ ਖਰੀਦਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਉਹ ਦੋਵੇਂ ਬੱਚੇ ਰਲ ਕੇ ਖੇਡ ਸਕਣ।

ਨੀਂਦਰ

ਹਰੇਕ ਮਨੁੱਖ ਆਪਣੀ ਜ਼ਿੰਦਗੀ ਦਾ ਲਗਭਗ ਤੀਜਾ ਭਾਗ ਸੌਂ ਕੇ ਗੁਜ਼ਾਰਦਾ ਹੈ।

ਨੀਂਦਰ ਦੇ ਆਪਣੇ ਕਾਇਦੇ-ਕਾਨੂੰਨ ਹਨ, ਜਿਨ੍ਹਾਂ ਨੂੰ ਤੋੜਨ ਨਾਲ ਬਾਕੀ ਦੀ ਦੋ-ਤਿਹਾਈ ਜ਼ਿੰਦਗੀ ਉਤੇ ਵੀ ਅਸਰ ਪੈਂਦਾ ਹੈ।

ਕਈ ਪ੍ਰਕਾਰ ਦੇ ਰੌਲੇ ਰੱਪੇ, ਸਮੱਸਿਆਵਾਂ, ਕੰਮ-ਕਾਜ, ਭੱਜ-ਦੌੜ, ਆਦਿ ਨੇ ਨੀਂਦਰ ਦੇ ਖੇਤਰ ਵਿਚ ਖਤਰਨਾਕ ਹੱਦ ਤੱਕ ਦਖਲ ਦੇਣਾ ਆਰੰਭ ਦਿੱਤਾ ਹੈ।

ਇਕ ਸਾਧਾਰਨ ਮਨੁੱਖ ਦੀ ਜ਼ਿੰਦਗੀ ਵਿਚ ਵੀ ਗੂੜ੍ਹੀ, ਆਰਾਮਦੇਹ ਅਤੇ [illegible] ਭਰੀ ਨੀਂਦਰ ਦੇ ਅਵਸਰ ਘੱਟਦੇ ਜਾ ਰਹੇ ਹਨ।

ਉੱਚੀਆਂ ਪੱਦਵੀਆਂ ਉਤੇ ਲੱਗੇ ਅਫਸਰ, ਵਪਾਰ ਦੇ ਉਤਰਾਵਾਂ-ਚੜ੍ਹਾਵਾਂ ਵਿਚ ਰੁੱਝੇ ਵਪਾਰੀ, ਆਪਣੀ ਸਮਰੱਥਾ ਨਾਲੋਂ ਵਧੇਰੇ ਖੱਜਲ-ਖੁਆਰ ਹੋ ਰਹੇ ਵਿਅਕਤੀ, ਗੂੜ੍ਹੀ ਨੀਂਦ ਲਈ ਤਰਲੇ ਹੀ ਲੈਂਦੇ ਦਿਖਾਈ ਦਿੰਦੇ ਹਨ।

ਫਿਕਰ, ਚਿੰਤਾ, ਅਸੁਰੱਖਿਆ, ਆਰਥਿਕ ਸਮੱਸਿਆਵਾਂ ਆਦਿ ਕੁਝ ਇਸ ਹੱਦ ਤੱਕ ਵੱਧ ਗਈਆਂ ਹਨ ਕਿ ਹੁਣ ਕਿਸੇ ਨੂੰ ਅਸਲੀ ਨੀਂਦਰ ਤਾਂ ਆਉਂਦੀ ਨਹੀਂ, ਸੋ ਨੀਂਦਰ ਲਿਆਉਣ ਲਈ ਨੀਂਦਰ ਦੀਆਂ ਗੋਲੀਆਂ, ਨਸ਼ੇ ਦੇ ਟੀਕੇ, ਸ਼ਰਾਬ, ਅਫੀਮ ਆਦਿ ਦੀ ਵਰਤੋਂ ਵੱਧ ਰਹੀ ਹੈ।

ਜਿਸਮਾਨੀ ਕੰਮ ਕਰਨ ਵਾਲਿਆਂ ਦੇ ਮੁਕਾਬਲੇ ਦਿਮਾਗੀ ਕੰਮ ਵਿਚ ਰੁੱਝੇ ਵਿਅਕਤੀ ਅਨੀਂਦਰੇਪਣ ਦਾ ਵਧੇਰੇ ਸ਼ਿਕਾਰ ਹੋ ਰਹੇ ਹਨ। ਜਿਸਮਾਨੀ ਕੰਮ ਦੀ ਬੋਰੀਅਤ ਦਾ ਇਹ ਹਾਲ ਹੈ ਕਿ ਕੰਮ ਸਮੇਂ ਨੀਂਦ ਆ ਜਾਂਦੀ ਹੈ ਅਤੇ ਨੀਂਦ ਸਮੇਂ ਮੁਲਤਵੀ ਕੀਤੇ ਜਾਂ ਇਕੱਠੇ ਹੋਏ ਕੰਮਾਂ ਦੀ ਚਿੰਤਾ ਖਾਂਦੀ ਰਹਿੰਦੀ ਹੈ।

ਸਾਡੀ ਜ਼ਿੰਦਗੀ ਦਾ ਤੌਰ-ਤਰੀਕਾ ਬਦਲ ਜਾਣ ਕਰਕੇ ਸਾਡੇ ਲਈ ਸੁਖਾਵੀਂ ਨੀਂਦਰ ਦੀ ਸਮੱਸਿਆ ਉੱਠ ਖਲੋਤੀ ਹੈ।

ਘਰ ਦੇ ਸਾਰੇ ਜੀਅ ਇਕੋ ਸਮੇਂ ਘਰ ਨਹੀਂ ਅਪੜਦੇ। ਸਭ ਦੇ ਕੰਮ ਉਤੇ ਜਾਣ ਦਾ ਸਮਾਂ ਇਕ ਨਹੀਂ ਰਿਹਾ। ਸਾਰਿਆਂ ਦੇ ਕੰਮ ਦੀ ਪ੍ਰਕਾਰ ਵੱਖਰੀ ਹੈ ਅਤੇ ਕੰਮ ਲਈ ਦੂਰ-ਦੁਰਾਡੀਆਂ ਥਾਂਵਾਂ ਉਤੇ ਜਾਣਾ ਪੈਂਦਾ ਹੈ।

ਆਵਾਜਾਈ ਦੇ ਸ਼ੋਰ-ਸ਼ਰਾਬੇ ਨਾਲ ਅਸੀਂ ਇਕਾਗਰ-ਚਿੱਤ ਨਹੀਂ ਹੋ ਸਕਦੇ।

ਹਰ ਸਮੇਂ ਟੈਲੀਵਿਜ਼ਨ, ਰੇਡੀਓ, ਪ੍ਰੈਸ਼ਰ ਕੁਕਰ, ਮਿਕਸੀ, ਕਾਲ-ਬੈਲ ਜਾਂ ਟੈਲੀਫੋਨ ਆਦਿ ਦੀ ਆਵਾਜ਼ ਨਾਲ ਸਾਡੇ ਘਰ ਆਰਾਮ ਕਰਨ ਦੇ ਸਥਾਨ ਨਹੀਂ ਰਹੇ, ਛੋਟੀਆਂ ਫੈਕਟਰੀਆਂ ਬਣ ਗਏ ਹਨ।

ਵਿਗਿਆਨ ਦੀ ਕੋਈ ਵੀ ਕਾਢ ਅਰਥਾਤ ਮਸ਼ੀਨ ਸ਼ੋਰ-ਸ਼ਰਾਬੇ ਤੋਂ ਮੁਕਤ ਨਹੀਂ ਹੈ।

ਆਰਾਮ ਕਰਦਿਆਂ ਸਟੀਰੀਓ, ਆਦਿ ਲਾ ਕੇ ਅਸੀਂ ਆਪਣੀ ਥਕਾਵਟ ਵਿਚ ਵਾਧਾ ਹੀ ਕਰ ਰਹੇ ਹੁੰਦੇ ਹਾਂ।

ਐਤਵਾਰ ਦਾ ਦਿਨ ਉਡੀਕਦਿਆਂ-ਉਡੀਕਦਿਆਂ ਹੀ ਆਉਂਦਾ ਹੈ ਕਿ ਇਸ ਦਿਨ ਲਈ ਕਿਸੇ ਵਿਆਹ ਦਾ ਕਾਰਡ ਅਤੇ ਉਸੇ ਸ਼ਾਮ ਲਈ ਕਿਸੇ ਭੋਗ, ਬਰਸੀ ਆਦਿ ਦਾ ਕਾਰਡ ਆ ਜਾਂਦਾ ਹੈ।

ਬੱਸਾਂ ਵਿਚ ਖਲੋ ਕੇ ਸਫਰ ਕਰਨਾ, ਸਵੇਰੇ-ਸਵੇਰੇ ਟੱਕਰਾਂ, ਕਤਲਾਂ, ਹਾਦਸਿਆਂ ਆਦਿ ਦੀਆਂ ਖਬਰਾਂ ਪੜ੍ਹਨਾ, ਛੋਟੇ ਕਮਰੇ, ਬਹੁਤੇ ਜੀਅ, ਤੰਗ ਮੰਜੇ, ਘੱਟ ਬਿਜਲੀ, ਮਹਿੰਗਾਈ ਅਤੇ ਘਰਾਂ ਦੇ ਸਾਰੇ ਜੀਆਂ ਦੀਆਂ ਵੱਖ ਵੱਖ ਮਾਨਸਿਕ ਪੱਧਰਾਂ ਅਨੁਸਾਰ ਵੱਖ-ਵੱਖ ਸ਼ੌਕ ਆਦਿ ਵੀ ਨੀਂਦਰ ਦੀ ਸਮੱਸਿਆ ਨੂੰ ਹੋਰ ਗੰਭੀਰ ਬਣਾਉਂਦੇ ਹਨ।

ਬੇਵਕਤੇ ਅਤੇ ਅਣਚਾਹੇ ਪ੍ਰਾਹੁਣਿਆਂ ਦਾ ਆ ਜਾਣਾ ਵੀ ਤੰਗ ਘਰਾਂ ਵਿਚ ਸੌਣ ਦੇ ਪ੍ਰਬੰਧ ਨੂੰ ਉੱਥਲ-ਪੁੱਥਲ ਕਰ ਦਿੰਦਾ ਹੈ। ਸਾਡਾ ਆਂਢ-ਗੁਆਂਢ ਵੀ ਸਾਡੀ ਸੌਣ ਦੀ ਆਦਤ ਉਤੇ ਪ੍ਰਭਾਵ ਪਾਉਂਦਾ ਹੈ। ਨੇੜੇ ਦੇ ਮੰਦਰ, ਗੁਰਦੁਆਰੇ ਆਦਿ ਤੋਂ ਬੜੀ ਸਵੇਰੇ ਉੱਚੀ ਆਵਾਜ਼ ਵਿਚ ਕੀਰਤਨ ਆਦਿ ਦਾ ਲਾਊਡ ਸਪੀਕਰ 'ਤੇ ਪ੍ਰਸਾਰਣ ਮਨ ਨੂੰ ਸ਼ਾਂਤੀ ਘੱਟ ਅਤੇ ਅਸ਼ਾਂਤੀ ਵਧੇਰੇ ਦਿੰਦਾ ਹੈ।

ਇਨ੍ਹਾਂ ਲਾਊਡ ਸਪੀਕਰਾਂ ਕਰਕੇ ਨੀਂਦਰ ਵਿਚ ਹਰ ਰੋਜ਼ ਵਿਘਨ ਪੈਂਦਾ ਹੈ।

ਕਈ ਸਮਾਜਿਕ ਫਰਜ਼ ਵੀ ਅਜਿਹੇ ਹੁੰਦੇ ਹਨ, ਜਿਹੜੇ ਅਸੀਂ ਨਾ ਪਸੰਦ ਕਰਨ ਦੇ ਬਾਵਜੂਦ ਵੀ ਪੂਰੇ ਕਰਨ ਲਈ ਮਜਬੂਰ ਹੋ ਜਾਂਦੇ ਹਾਂ।

ਦੂਰ-ਦੁਰਾਡੇ ਕਿਸੇ ਰਿਸ਼ਤੇਦਾਰ ਵੱਲੋਂ ਕੋਈ ਰਸਮ ਕਰਨ ਦਾ ਕਾਰਡ ਆ ਜਾਂਦਾ ਹੈ ਅਤੇ ਸਾਨੂੰ ਜਾਣਾ ਹੀ ਪੈਂਦਾ ਹੈ।

ਇਵੇਂ ਹੀ ਕਿਸੇ ਦੀ ਅਰਥੀ ਨਾਲ ਜਾਣ ਕਰਕੇ ਵੀ ਅਸੀਂ ਥੱਕ ਜਾਂਦੇ ਹਾਂ।

ਸਮੇਂ ਦੀ ਪਾਬੰਦੀ ਦੀ ਘਾਟ ਵਿਚੋਂ ਵੀ ਬੇਆਰਾਮੀ ਉਪਜਦੀ ਹੈ।

ਕਦੇ-ਕਦਾਈਂ ਨੀਂਦਰ ਨਾ ਆਉਣੀ ਕੋਈ ਵਿਸ਼ੇਸ਼ ਸਮੱਸਿਆ ਨਹੀਂ, ਪਰ ਹਰ ਰੋਜ਼ ਨੀਂਦਰ ਨਾ ਆਉਣੀ ਜਾਂ ਨੀਂਦ ਦਾ ਝੱਟ ਟੁੱਟ ਜਾਣਾ ਜਾਂ ਕੱਚੀ ਨੀਂਦ ਕਰਕੇ ਡਰਾਉਣੇ ਜਾਂ ਭੱਜਦੌੜ ਵਾਲੇ ਸੁਪਨੇ ਆਉਣੇ ਅਤੇ ਨੀਂਦ ਉਪਰੰਤ ਤਾਜ਼ਗੀ ਦੀ ਥਾਂ ਥਕਾਵਟ ਅਨੁਭਵ ਕਰਨ ਦੇ ਮਨੋਵਿਗਿਆਨਕ ਕਾਰਨ ਹਨ।

ਘੱਟ ਆਰਾਮ, ਘੱਟ ਤਾਜ਼ਗੀ, ਬਹੁਤੀ ਥਕਾਵਟ, ਘੱਟ ਆਮਦਨ, ਘੱਟ ਖ਼ੁਰਾਕ, ਆਦਿ ਦਾ ਅਜਿਹਾ ਚੱਕਰ ਚਲਦਾ ਹੈ ਕਿ ਮਨੁੱਖ ਜੀਵਨ-ਦੌੜ ਵਿਚ ਪਿੱਛੇ ਰਹਿ ਜਾਂਦਾ ਹੈ। ਸਰੀਰਕ ਥਕਾਵਟ ਨੀਂਦ ਨਾਲ ਦੂਰ ਹੋ ਜਾਂਦੀ ਹੈ ਅਤੇ ਥਕਾਵਟ ਉਪਰੰਤ ਨੀਂਦ

ਆਉਂਦੀ ਵੀ ਵਧੇਰੇ ਹੈ, ਪਰ ਦਿਮਾਗੀ ਥਕਾਵਟ ਜਾਂ ਕੰਮ ਦੀ ਚਿੰਤਾ ਜਾਂ ਮਾਨਸਿਕ ਪਰੇਸ਼ਾਨੀ ਕਈ ਵਾਰੀ ਨੀਂਦਰ ਦੀ ਦੁਸ਼ਮਣ ਬਣ ਜਾਂਦੀ ਹੈ।

ਨੀਂਦ ਸਮੇਂ ਸਾਡੇ ਸਰੀਰ ਵਿਚ ਵਿਸ਼ੇਸ ਗਲੈਂਡ ਰੱਸ ਛੱਡਦੇ ਹਨ, ਜਿਨ੍ਹਾਂ ਨਾਲ ਸਾਨੂੰ ਤਾਜ਼ਗੀ ਮਿਲਦੀ ਹੈ। ਇਹ ਗਲੈਂਡ ਰਸ ਛੱਡਦੇ ਉਦੋਂ ਹੀ ਹਨ ਜਦੋਂ ਅਸੀਂ ਸੁੱਤੇ ਹੋਈਏ।

ਜਿਨ੍ਹਾਂ ਨੂੰ ਨੀਂਦ ਨਹੀਂ ਆਉਂਦੀ, ਉਹ ਸਰੀਰਕ ਬਣਤਰ ਵਿਚ ਦੁਬਲੇ-ਪਤਲੇ ਰਹਿ ਜਾਂਦੇ ਹਨ। ਇਸੇ ਕਾਰਨ ਉਹ ਵਧੇਰੇ ਫਿਕਰ ਕਰਦੇ ਹਨ ਅਤੇ ਥੱਕੇ-ਥੱਕੇ ਅਤੇ ਚਿੜਚਿੜੇ ਸੁਭਾਅ ਦੇ ਹੋ ਜਾਂਦੇ ਹਨ।

ਅਜਿਹੇ ਵਿਅਕਤੀ ਗਲਬਾਤ ਨਹੀਂ ਕਰਦੇ ਬਹਿਸ ਕਰਦੇ ਹਨ।

ਮਨੋਵਿਗਿਆਨਕ ਤੌਰ 'ਤੇ ਚਿੜਚਿੜਾਪਣ ਨੀਂਦ ਜਾਂ ਆਰਾਮ ਦੀ ਘਾਟ ਵਿਚੋਂ ਉਪਜਦਾ ਹੈ। ਬੱਸਾਂ ਦੇ ਡਰਾਈਵਰ ਕੁਰੱਖਤ ਬੋਲੀ ਇਸੇ ਕਰਕੇ ਬੋਲਦੇ ਹਨ, ਕਿਉਂਕਿ ਉਨ੍ਹਾਂ ਨੂੰ ਪੂਰਾ ਆਰਾਮ ਨਹੀਂ ਮਿਲਿਆ ਹੁੰਦਾ।

ਸੜਕਾਂ ਉਤੇ ਟੱਕਰਾਂ ਅਤੇ ਖੇਤਾਂ ਵਿਚ ਦੁਰਘਟਨਾਵਾਂ ਦੀ ਬਹੁਗਿਣਤੀ ਦਾ ਕਾਰਨ ਡਰਾਈਵਰ ਜਾਂ ਕਾਮੇ ਦਾ ਅਨੀਂਦਰਾਪਣ ਹੁੰਦਾ ਹੈ।

ਸੋਚ, ਸਿਹਤ ਅਤੇ ਨੀਂਦਰ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ।

ਅਨੀਂਦਰੇ ਵਿਅਕਤੀ ਦੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿਚ ਅਸੰਤੁਲਨ, ਦਿਮਾਗੀ ਕੰਮ ਵਿਚ ਅਰੁਚੀ, ਦੂਜਿਆਂ ਨਾਲ ਵਰਤਾਰੇ ਵਿਚ ਲਾਪ੍ਰਵਾਹੀ, ਆਦਤਾਂ ਵਿਚ ਬੇਨੇਮੀ ਅਤੇ ਇਖਲਾਕੀ ਖੇਤਰ ਵਿਚ ਬੇਪ੍ਰਵਾਹੀ ਪ੍ਰਗਟ ਹੋਣ ਲੱਗ ਪੈਂਦੀ ਹੈ।

ਚੌਕੀਦਾਰਾ ਕੰਮ ਕਰਨ ਵਾਲੇ ਬੰਦਿਆਂ ਦੇ ਚਿਹਰੇ ਬੁਝੇ-ਬੁਝੇ ਲਗਦੇ ਹਨ ਅਤੇ ਵਿਚਾਰਾਂ ਦੇ ਪੱਖੋਂ ਉਹ ਨਿਰਾਸ਼ਾਵਾਦੀ ਹੋ ਨਿਬੜਦੇ ਹਨ।

ਅਨੀਂਦਰਾਪਣ ਸਾਡੀ ਸੋਚ ਨੂੰ ਤਾਂ ਸਿੱਥਲ ਕਰਦਾ ਹੀ ਹੈ, ਇਸ ਸਮੱਸਿਆ ਕਾਰਨ ਹੀ ਸਭ ਕੁਝ ਫਿੱਕਾ-ਫਿੱਕਾ ਅਤੇ ਥੱਕਿਆ-ਥੱਕਿਆ ਵੀ ਪ੍ਰਤੀਤ ਹੁੰਦਾ ਹੈ।

ਜਿਸ ਕੰਮ ਵਿਚ ਸਾਡੀ ਰੁਚੀ ਨਾ ਹੋਵੇ ਉਸ ਕੰਮ ਤੋਂ ਅਸੀਂ ਝੱਟ ਉਕਤਾ ਜਾਂਦੇ ਹਾਂ।

ਉਕਤਾਉਣਾ ਥਕਾਵਟ ਦੀ ਸ਼ੁਰੂਆਤ ਹੁੰਦਾ ਹੈ।

ਨੀਂਦਰ ਸਾਡੀ ਸਰੀਰਕ, ਦਿਮਾਗੀ, ਭਾਵਕ ਅਤੇ ਇਖਲਾਕੀ ਸ਼ਕਤੀ ਦਾ ਦਰਪਣ ਹੁੰਦੀ ਹੈ। ਜਿਸ ਵਿਅਕਤੀ ਨੂੰ ਨੀਂਦ ਦੀ ਕੋਈ ਵੀ ਸਮੱਸਿਆ ਹੈ, ਉਸ ਦਾ ਜੀਵਨ ਅਤੇ ਘਰ ਵਿਚ ਯੋਗਦਾਨ ਗ੍ਰਹਿਣਿਆ ਜਾਂਦਾ ਹੈ।

ਨੀਂਦ ਸੰਬੰਧੀ ਬਹੁਤੀਆਂ ਸਮੱਸਿਆਵਾਂ ਬਿਨਾਂ ਕਿਸੇ ਖਰਚ ਦੇ ਸਹਿਜੇ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ।

ਸਭ ਤੋਂ ਪਹਿਲਾਂ ਹਰ ਵਿਅਕਤੀ ਨੂੰ ਆਪਣੀ ਨੀਂਦਰ ਦੀਆਂ ਲੋੜਾਂ ਜਾਣਨੀਆਂ ਚਾਹੀਦੀਆਂ ਹਨ। ਨੀਂਦਰ ਵਾਲੀ ਥਾਂ ਆਰਾਮਦੇਹ ਅਤੇ ਰੌਲੇ-ਰੱਪੇ ਤੋਂ ਮੁੱਕਤ ਜਾਂ ਦੂਰ ਹੋਣੀ ਚਾਹੀਦੀ ਹੈ।

ਜੇਕਰ ਕੰਧਾਂ ਉੱਤੇ ਹਲਕਾ ਸਲੇਟੀ ਡਿਸਟੈਂਪਰ ਕੀਤਾ ਜਾਵੇ ਤਾਂ ਇਸ ਦਾ ਸਾਡੀ ਸੋਚ ਉੱਤੇ, ਨੀਂਦ ਪੱਖੋਂ ਸੁਖਾਵਾਂ ਅਸਰ ਪੈਂਦਾ ਹੈ।

ਇਵੇਂ ਹੀ ਜੇ ਬਾਹਰ ਮੌਸਮ ਅੱਛਾ ਹੋਵੇ ਤਾਂ ਅੰਦਰ ਨਹੀਂ ਸੌਣਾ ਚਾਹੀਦਾ। ਰਾਤ ਨੂੰ ਸੌਣ ਸਮੇਂ ਕਿਸੇ ਹਲਕੀ-ਫੁਲਕੀ ਕਿਤਾਬ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ।

ਸੌਣ ਲੱਗਿਆਂ ਦੁੱਧ ਦਾ ਇਕ ਗਲਾਸ (ਅਮੀਨੋ ਐਸਿਡ ਪੈਦਾ ਕਰਕੇ) ਨੀਂਦ ਲਿਆਉਣ ਵਿਚ ਮਦਦ ਕਰਦਾ ਹੈ ਅਤੇ ਇਸ ਨਾਲ ਨੀਂਦ ਗੂੜ੍ਹੀ ਆਉਂਦੀ ਹੈ।

ਜੁਰਾਬਾਂ ਪਾ ਕੇ ਜਾਂ ਕਸਵੇਂ ਕੱਪੜੇ ਪਾ ਕੇ ਨਹੀਂ ਸੌਣਾ ਚਾਹੀਦਾ। ਵਿਸ਼ੇਸ਼ ਕਰਕੇ ਬੱਚਿਆਂ ਨੂੰ ਸੌਣ ਸਮੇਂ ਡਰਾਉਣੀਆਂ ਕਹਾਣੀਆਂ ਨਹੀਂ ਸੁਣਾਉਣੀਆਂ ਚਾਹੀਦੀਆਂ। ਖਾਣਾ ਖਾਣ ਸਮੇਂ ਹਲਕੀਆਂ, ਖੁਸ਼ੀ ਅਤੇ ਹਾਸੇ ਵਾਲੀਆਂ ਗੱਲਾਂ ਕਰਨ ਨਾਲ ਸਾਡਾ ਹਾਜ਼ਮਾ ਠੀਕ ਰਹਿੰਦਾ ਹੈ ਅਤੇ ਨੀਂਦਰ ਚੰਗੀ ਆਉਂਦੀ ਹੈ।

ਜਿਨ੍ਹਾਂ ਨੂੰ ਨੀਂਦ ਵਿਚ ਡਰਾਉਣੇ ਸੁਪਨੇ ਆਉਂਦੇ ਹਨ, ਉਹ ਜੇਕਰ ਆਪਣੇ ਪੈਰ ਧੋ ਕੇ ਅਤੇ ਦੰਦ ਸਾਫ ਕਰਕੇ ਅਤੇ ਪਿਸ਼ਾਬ ਆਦਿ ਕਰਕੇ ਸੌਣ ਤਾਂ ਇਸ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ।

ਨੀਂਦ ਨੂੰ ਨੇੜੇ ਲਿਆਉਣ ਵਿਚ ਜਾਂ ਇਸ ਨੂੰ ਦੂਰ ਭਜਾਉਣ ਵਿਚ ਸਦਾ ਹੀ ਅਸੀਂ ਆਪ ਹੀ ਜ਼ਿੰਮੇਵਾਰ ਹੁੰਦੇ ਹਾਂ।

ਹਰ ਇਕ ਵਿਅਕਤੀ ਦੀਆਂ ਨੀਂਦਰ ਸੰਬੰਧੀ ਲੋੜਾਂ ਵੱਖਰੀਆਂ ਹੁੰਦੀਆਂ ਹਨ। ਇਸ ਸੰਬੰਧੀ ਸਾਰੇ ਫੈਸਲੇ ਉਸ ਨੂੰ ਆਪ ਹੀ ਕਰਨੇ ਚਾਹੀਦੇ ਹਨ।

ਨੀਂਦਰ ਸੰਬੰਧੀ ਕਿਸੇ ਵੀ ਸਮੱਸਿਆ ਦੇ ਹੱਲ ਤੋਂ ਪਹਿਲਾਂ ਨੀਂਦਰ ਦੇ ਮਹੱਤਵ ਨੂੰ ਜਾਣਨਾ ਬੜਾ ਜ਼ਰੂਰੀ ਹੈ, ਕਿਉਂਕਿ ਇਸ ਪੱਖੋਂ ਵਿਖਾਈ ਲਾਪ੍ਰਵਾਹੀ ਸਾਡੇ ਵਰਤਾਰੇ ਵਿਚ ਅਸੰਤੁਲਨ ਰਾਹੀਂ ਪ੍ਰਗਟ ਹੋਣੀ ਲਾਜ਼ਮੀ ਹੈ।

***

ਪਹਿਰਾਵਾ

ਮਨੁੱਖੀ ਸਭਿਅਤਾ ਦਾ ਆਰੰਭ ਉਸ ਦਿਨ ਹੋਇਆ ਹੋਵੇਗਾ, ਜਿਸ ਦਿਨ ਮਨੁੱਖ ਨੇ ਆਪਣਾ ਨੰਗੇਜ ਢੱਕਿਆ ਹੋਵੇਗਾ।

ਪਹਿਰਾਵਾ ਸ਼ਖ਼ਸੀਅਤ ਦਾ ਇਕ ਅਜਿਹਾ ਭਾਗ ਬਣ ਗਿਆ ਹੈ ਕਿ ਅਸੀਂ ਕਿਸੇ ਵਿਅਕਤੀ ਦਾ ਉਸ ਦੇ ਕੱਪੜਿਆਂ ਤੋਂ ਬਿਨਾਂ ਕਿਆਸ ਹੀ ਨਹੀਂ ਕਰ ਸਕਦੇ।

ਜਦੋਂ ਕੋਈ ਵਿਅਕਤੀ ਦਰਜ਼ੀ ਕੋਲ ਕੋਈ ਕੱਪੜਾ ਸੁਆਉਣ ਜਾਂਦਾ ਹੈ ਤਾਂ ਉਸ ਦੀ ਇਹੀ ਇੱਛਾ ਹੁੰਦੀ ਹੈ ਕਿ ਦਰਜ਼ੀ ਅਜਿਹੀ ਸਿਲਾਈ ਕਰੇ ਕਿ ਕੱਪੜਾ ਪਹਿਨ ਕੇ ਉਹ ਰਾਜਾ ਨਹੀਂ ਤਾਂ ਰਾਜ ਕੁਮਾਰ ਜ਼ਰੂਰ ਨਜ਼ਰ ਆਵੇ।

ਤੁਸੀਂ ਜਾਣਦੇ ਹੋ ਕਿ ਇਸਤਰੀਆਂ ਕਿਵੇਂ ਨੱਚਦੀਆਂ, ਟੱਪਦੀਆਂ, ਦੌੜਦੀਆਂ ਕੱਪੜੇ ਖਰੀਦਣ ਜਾਂਦੀਆਂ ਹਨ। ਇਸਤਰੀ ਕਪੜਿਆਂ ਬਾਰੇ ਉਵੇਂ ਹੀ ਸੋਚਦੀ ਹੈ, ਜਿਵੇਂ ਪੁਰਸ਼ ਪੈਸਿਆਂ ਬਾਰੇ ਸੋਚਦਾ ਹੈ।

ਕਿਸੇ ਵਿਅਕਤੀ ਦੀ ਸ਼ਖ਼ਸੀਅਤ ਉਸ ਵੱਲੋਂ ਪਹਿਨੇ ਜਾਣ ਵਾਲੇ ਕੱਪੜਿਆਂ ਤੋਂ ਸਹਿਜੇ ਹੀ ਅਨੁਮਾਨੀ ਜਾ ਸਕਦੀ ਹੈ। ਸਾਡਾ ਤੌਰ ਤਰੀਕਾ ਵੀ ਸਾਡੇ ਵੱਲੋਂ ਪਹਿਨੇ ਕੱਪੜਿਆਂ ਉੱਤੇ ਆਧਾਰਿਤ ਹੁੰਦਾ ਹੈ।

ਕਿਸੇ ਦੇ ਪਹਿਰਾਵੇ ਤੋਂ ਪਹਿਲੀ ਨਜ਼ਰੇ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਕੀ ਉਹ ਪ੍ਰੰਪਰਾਵਾਦੀ ਹੈ ਜਾਂ ਅਗਾਂਹਵਧੂ, ਆਜ਼ਾਦ-ਖਿਆਲੀ ਹੈ ਜਾਂ ਕੱਟੜਪੰਥੀ, ਬੇਪ੍ਰਵਾਹ ਹੈ ਜਾਂ ਗੰਭੀਰ, ਉਸ ਨੂੰ ਸੁਹਜ-ਸੁਆਦ ਦੀ ਚੇਟਕ ਹੈ ਜਾਂ ਹੋਛੇਪਣ ਦਾ ਰੋਗ, ਉਸ ਨੂੰ ਨਵੀਨਤਾ ਦੀ ਲਗਨ ਹੈ ਜਾਂ ਪੁਰਾਣੀਆਂ ਚੀਜ਼ਾਂ ਸਾਂਭ-ਸਾਂਭ ਵਰਤਣ ਦੀ ਆਦਤ।

ਮਨੁੱਖ ਆਪਣੇ ਪਹਿਰਾਵੇ ਰਾਹੀਂ ਦੂਜਿਆਂ ਨੂੰ ਸੰਕੇਤ ਦਿੰਦਾ ਹੈ ਕਿ ਉਸ ਨਾਲ ਕਿਹੋ ਜਿਹਾ ਵਿਹਾਰ ਕੀਤਾ ਜਾਵੇ।

ਕੋਈ ਵੀ ਵਿਅਕਤੀ ਆਪਣੇ ਪਹਿਰਾਵੇ ਪ੍ਰਤੀ ਕਿਤਨਾ ਹੀ ਲਾਪ੍ਰਵਾਹ ਕਿਉਂ ਨਾ ਹੋਵੇ, ਉਸ ਦਾ ਪਹਿਰਾਵਾ ਸਹਿਜੇ ਹੀ ਉਸ ਦੇ ਵਿਰਸੇ, ਉਸ ਦੀ ਆਰਥਿਕ ਹਾਲਤ, ਉਸ ਦੇ ਸੁਹਜ-ਸੁਆਦ ਦੀ ਪੱਧਰ, ਉਸ ਦੀ ਸੂਝ-ਬੂਝ ਦੀ ਹੱਦ, ਉਸ ਦੇ ਉਦੇਸ਼ ਆਦਿ ਦੀ ਝਲਕ ਪ੍ਰਦਾਨ ਕਰਦਾ ਹੈ।

ਸ਼ੁਰੂ ਵਿਚ ਮਨੁੱਖ ਨੇ ਮੌਸਮ ਦੇ ਭੈੜੇ ਅਸਰਾਂ ਤੋਂ ਬੱਚਣ ਲਈ ਅਤੇ ਆਪਣੇ ਆਪ ਨੂੰ ਮੱਛਰਾਂ-ਮੱਖੀਆਂ ਤੋਂ ਬਚਾਉਣ ਲਈ ਕੱਪੜੇ ਪਹਿਨਣੇ ਸ਼ੁਰੂ ਕੀਤੇ ਅਤੇ ਘਾਹ, ਪੱਤਿਆਂ, ਜਾਨਵਰਾਂ ਦੀਆਂ ਖੱਲਾਂ ਆਦਿ ਨੂੰ ਉਸ ਨੇ ਆਪਣਾ ਲਿਬਾਸ ਬਣਾਇਆ।

ਸ਼ਿਕਾਰ ਕਰਨ ਲਈ ਨਿਕਲਿਆ ਸ਼ਿਕਾਰੀ-ਮਨੁੱਖ ਇਕ ਹੱਥ ਵਿਚ ਕੋਈ ਹਥਿਆਰ ਅਤੇ ਦੂਜੇ ਹੱਥ ਵਿਚ ਸ਼ਿਕਾਰ ਕੀਤੇ ਜਾਨਵਰ ਨੂੰ ਬੰਨ੍ਹਣ ਲਈ ਕੋਈ ਖੱਲ ਲੈ ਕੇ ਚਲਦਾ ਸੀ। ਦੌੜਨ ਦੀ ਸੌਖ ਲਈ ਉਹ ਖੱਲ ਨੂੰ ਲੱਕ ਦੁਆਲੇ ਬੰਨ੍ਹਣ ਲੱਗ ਪਿਆ।

ਲੱਕ ਦੁਆਲੇ ਬੰਨ੍ਹੀ ਇਹ ਖੱਲ ਹੀ ਕੱਛਾ ਬਣ ਗਈ ਪ੍ਰਤੀਤ ਹੁੰਦੀ ਹੈ।

ਅੱਜ-ਕੱਲ੍ਹ ਵਾਲੇ ਕੱਪੜੇ ਮਨੁੱਖੀ ਵਿਕਾਸ ਦੇ ਮਗਰਲੇ ਪੜਾਅ ਉਤੇ ਹੀ ਸੰਭਵ ਹੋ ਸਕੇ ਹਨ। ਦਰਜ਼ੀ ਤਾਂ ਕੁਝ ਸਦੀਆਂ ਹੀ ਪੁਰਾਣੇ ਹਨ।

ਇਵੇਂ ਹੀ ਫੈਸ਼ਨ ਦਾ ਆਧੁਨਿਕ ਸੰਕਲਪ ਵੀ ਬਹੁਤਾ ਪੁਰਾਣਾ ਨਹੀਂ।

ਪਹਿਰਾਵੇ ਵਿਚ ਰੰਗਾਂ ਦੀ ਵਰਤੋਂ ਬਹੁਤ ਪੁਰਾਣੀ ਹੈ ਅਤੇ ਵੱਖ-ਵੱਖ ਰੰਗਾਂ ਰਾਹੀਂ ਵੱਖ ਵੱਖ ਮਾਨਸਿਕ ਪਰਿਸਥਿਤੀਆਂ ਦਾ ਪ੍ਰਗਟਾਵਾ ਕੀਤਾ ਜਾਂਦਾ ਰਿਹਾ ਹੈ।

ਪਹਿਰਾਵੇ ਬਾਰੇ ਪੌਣ-ਪਾਣੀ ਅਤੇ ਮੌਸਮ ਹੀ ਬਹੁਤੇ ਨਿਰਣੇ ਕਰਦਾ ਹੈ ਪਰ ਮੌਸਮ ਅਤੇ ਪਹਿਰਾਵੇ ਦੇ ਸੰਬੰਧਾਂ ਬਾਰੇ ਕਈ ਗੱਲਾਂ ਬੜੀਆਂ ਹੈਰਾਨ ਕਰਨ ਵਾਲੀਆਂ ਹਨ। ਅਰਬ ਦੇਸ਼ ਬੜੇ ਗਰਮ ਇਲਾਕੇ ਹਨ ਪਰ ਉਥੇ ਪਹਿਰਾਵਾ ਬੜਾ ਭਾਰਾ ਹੈ ਅਤੇ ਦੂਜੇ ਪਾਸੇ ਗਰੀਨਲੈਂਡ ਜਿਹੇ ਬੜੇ ਠੰਡੇ ਇਲਾਕਿਆਂ ਵਿਚ ਪਹਿਰਾਵਾ ਬੜਾ ਹਲਕਾ ਹੈ।

ਅਫਰੀਕਾ ਵਿਚ ਸਰੀਰ ਨੂੰ ਭੈੜੀ ਨਜ਼ਰ ਤੋਂ ਬਚਾਉਣ ਲਈ ਕੱਜਿਆ ਜਾਂਦਾ ਹੈ। ਕਈ ਰੰਗ ਅਤੇ ਗਹਿਣੇ ਵੀ ਭੂਤਾਂ-ਪਰੇਤਾਂ ਨੂੰ ਪਰ੍ਹੇ ਰੱਖਣ ਲਈ ਵਿਸ਼ੇਸ਼ ਤੌਰ ਉੱਤੇ ਪਹਿਨੇ-ਵਰਤੇ ਜਾਂਦੇ ਹਨ।

ਇਵੇਂ ਮਨੁੱਖਤਾ ਦੇ ਲੰਮੇ ਇਤਿਹਾਸ ਵਿਚ ਜਾਦੂ-ਟੂਣੇ ਅਤੇ ਭੂਤ-ਪਰੇਤ ਆਦਿ ਦੇ ਡਰ ਅਤੇ ਵਹਿਮ-ਭਰਮ ਹੀ ਸਾਡੇ ਪਹਿਰਾਵੇ ਨੂੰ ਨਿਰਧਾਰਤ ਕਰਦੇ ਰਹੇ ਹਨ ਅਤੇ ਆਪਸੀ ਆਦਾਨ-ਪ੍ਰਦਾਨ ਦੇ ਨਤੀਜੇ ਵਜੋਂ ਹੀ ਸਾਡੇ ਪਹਿਰਾਵੇ ਵਿਚ ਵੰਨ-ਸੁਵੰਨਤਾ ਆਈ ਹੈ।

ਆਦਿਵਾਸੀਆਂ ਨੂੰ ਗੂੜ੍ਹੇ ਅਤੇ ਸ਼ੁੱਧ ਰੰਗ ਵਧੇਰੇ ਇਸ ਲਈ ਪਸੰਦ ਸਨ ਕਿਉਂਕਿ ਉਨ੍ਹਾਂ ਦੇ ਜੀਵਨ ਵਿਚ ਵੰਨ-ਸੁਵੰਨਤਾ ਦੀ ਅਣਹੋਂਦ ਸੀ ਅਤੇ ਉਨ੍ਹਾਂ ਸਾਹਮਣੇ ਆਲੇ-ਦੁਆਲੇ ਪਸਰੀ ਕੁਦਰਤ ਹੀ ਰੰਗਾਂ ਦਾ ਇਕੋ-ਇਕ ਮਾਡਲ ਅਤੇ ਭੰਡਾਰ ਸੀ।

ਜਿੱਥੇ ਅਜੇ ਵੀ ਪਹਿਰਾਵੇ ਦੀ ਆਦਤ ਨਹੀਂ, ਉਥੋਂ ਦੇ ਵਾਸੀਆਂ ਵਿਚ ਆਪਣੇ ਸਰੀਰ ਉਤੇ ਕੁਝ ਮਲ ਕੇ ਰੱਖਣ, ਵੇਲ-ਮੱਛੀਆਂ ਆਦਿ ਛੱਪਵਾਉਣ ਅਤੇ ਲੱਕ ਦੁਆਲੇ ਕੁਝ ਬੰਨ੍ਹਣ ਦਾ ਕੋਈ ਨਾ ਕੋਈ ਰਿਵਾਜ ਜ਼ਰੂਰ ਹੈ।

ਸਭਿਅਕ ਸੰਸਾਰ ਵਿਚ ਲਿੰਗ ਅੰਗਾਂ ਤੋਂ ਪੈਦਾ ਹੋਣ ਵਾਲੀ ਸ਼ਰਮ ਨੂੰ ਢੱਕਣ ਅਤੇ ਇਕ ਦੂਜੇ ਦਾ ਧਿਆਨ ਖਿਚਣ ਲਈ ਪਹਿਰਾਵਾ ਇਕ ਆਮ ਢੰਗ ਬਣ ਗਿਆ ਹੈ। ਲਿੰਗ ਅੰਗਾਂ ਨੂੰ ਢੱਕ ਕੇ ਮਨੁੱਖ ਨੇ ਉਨ੍ਹਾਂ ਨੂੰ ਮਾਣਨ ਦੀ ਇੱਛਾ ਵਧਾਈ ਹੈ।

ਦੂਜੇ ਪਾਸੇ ਨਾਂਗੇ ਲੋਕ ਕਾਮ-ਖਿੱਚ ਪੈਦਾ ਕਰਨ ਲਈ ਕਪੜੇ ਪਹਿਨਦੇ ਹਨ।

ਜਦੋਂ ਕਿਸੇ ਔਰਤ ਦਾ ਪਤੀ ਉਸ ਵੱਲ ਬਹੁਤਾ ਧਿਆਨ ਨਾ ਦੇਵੇ ਤਾਂ ਵੱਡੀ ਉਮਰ ਦੀਆਂ ਇਸਤਰੀਆਂ ਆਮ ਕਹਿੰਦੀਆਂ ਹਨ ਕਿ ਇਸ ਨੂੰ ਤਾਂ ਆਪਣੇ ਪਤੀ ਨੂੰ ਵੱਸ ਕਰਨ

ਦਾ ਚੱਜ ਨਹੀਂ ਆਉਂਦਾ, ਇਸ ਨੂੰ ਤਾਂ ਬਣਨ-ਸੰਵਰਨ ਦੀ ਜਾਚ ਹੀ ਨਹੀਂ ਆਉਂਦੀ, ਇਸ ਨੂੰ ਤਾਂ ਕਪੜੇ ਪਾਉਣ ਦਾ ਵੱਲ ਹੀ ਨਹੀਂ ਆਉਂਦਾ।

ਪਤੀ-ਪਤਨੀ ਵਿਚ ਅਣ-ਬਣ ਦਾ ਕਾਰਨ ਕਈ ਵਾਰੀ ਪਤੀ ਦਾ ਅਤੇ ਆਮ ਕਰਕੇ ਪਤਨੀ ਦਾ ਕੁਢੰਗਾ ਪਹਿਰਾਵਾ ਹੁੰਦਾ ਹੈ।

ਜਿਥੇ ਪੁਰਸ਼ ਜਾਇਦਾਦ ਦਾ ਇੱਛਕ ਹੁੰਦਾ ਹੈ ਉਥੇ ਔਰਤ ਉਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਵਿਚ ਲੱਗੀ ਰਹਿੰਦੀ ਹੈ, ਜਿਹੜੀਆਂ ਉਸ ਦੀ ਸੁੰਦਰਤਾ, ਆਕਰਸ਼ਣ, ਸੁਹਜ ਅਤੇ ਦਿੱਖ ਨੂੰ ਵਧਾਉਣ।

ਜਦੋਂ ਕਾਰਾਂ ਆਦਿ ਨਹੀਂ ਸਨ, ਉਸ ਸਮੇਂ ਕਿਸੇ ਵਿਅਕਤੀ ਦੀ ਅਮੀਰੀ ਦਾ ਪ੍ਰਗਟਾਵਾ ਕੱਪੜੇ ਹੀ ਹੋਇਆ ਕਰਦੇ ਸਨ।

ਕਿਸੇ ਸਮਾਗਮ ਉਤੇ ਬਣ-ਠਣ ਕੇ ਆਉਣਾ ਹੁਣ ਇਕ ਆਮ ਜਿਹੀ ਗੱਲ ਹੋ ਗਈ ਹੈ ਅਤੇ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪਹਿਰਾਵਾ ਮਨੁੱਖ ਨੂੰ ਕੁਝ ਦਾ ਕੁਝ ਬਣਾ ਦਿੰਦਾ ਹੈ।

ਇਸੇ ਲਈ ਨਵੀਂ ਪੀੜ੍ਹੀ ਆਪਣੇ ਪਹਿਰਾਵੇ ਪ੍ਰਤੀ ਵਧੇਰੇ ਸੁਚੇਤ ਹੈ।

ਔਰਤ ਨੂੰ ਸਭ ਤੋਂ ਵਧੇਰੇ ਖੁਸ਼ੀ ਕੱਪੜੇ ਖਰੀਦਣ ਅਤੇ ਕਪੜੇ ਪਹਿਨਣ ਵਿਚ ਹੀ ਮਿਲਦੀ ਹੈ ਅਤੇ ਬਹੁਤ ਘੱਟ ਔਰਤਾਂ ਨੂੰ ਕੱਪੜੇ ਦਾ ਰੱਜ ਹੁੰਦਾ ਹੈ। ਉਹ ਹਰ ਸਮੇਂ ਇਹੀ ਕਹਿੰਦੀਆਂ ਹਨ 'ਮੈਂ ਕੀ ਪਹਿਨਾਂ, ਮੇਰੇ ਕੋਲ ਤਾਂ ਕੱਪੜੇ ਹੀ ਕੋਈ ਨਹੀਂ!'

ਔਰਤ ਨੂੰ ਦੇਣ ਲਈ ਕੱਪੜੇ ਅਤੇ ਗਹਿਣੇ ਹੀ ਵੱਧੀਆ ਤੋਹਫ਼ਾ ਹੁੰਦੇ ਹਨ।

ਪੁਰਾਤਨ ਰੋਮ ਵਾਂਗ ਭਾਰਤ ਵਿਚ ਵੀ ਵੱਖ-ਵੱਖ ਜਾਤੀਆਂ ਦੇ ਵੱਖ-ਵੱਖ ਪਹਿਰਾਵੇ ਨਿਸ਼ਚਿਤ ਸਨ। ਸੁਨਹਿਰੀ ਰੰਗ ਅਤੇ ਸੋਨੇ ਦੇ ਗਹਿਣੇ ਰਾਜ ਘਰਾਣਿਆਂ ਲਈ ਰਾਖਵੇਂ ਸਨ ਜਦੋਂ ਕਿ ਪੁਰਾਣੇ ਸਮਿਆਂ ਵਿਚ ਭਾਰਤ ਅੰਦਰ ਸ਼ੂਦਰ ਆਪਣੇ ਧੜ ਉਤੇ ਕੱਪੜਾ ਨਹੀਂ ਪਹਿਨ ਸਕਦੇ ਸਨ।

ਅੱਜ ਵੀ ਕੱਪੜੇ ਸਾਡੇ ਸਮਾਜ ਵਿਚ ਸਾਡੀ ਸਥਿਤੀ ਨੂੰ ਨਿਸ਼ਚਿਤ ਕਰਦੇ ਹਨ।

ਹੀਣ ਭਾਵਨਾ ਪਹਿਨੇ ਕੱਪੜਿਆਂ ਦੀ ਬਹੁਤਾਤ ਰਾਹੀਂ ਪ੍ਰਗਟ ਹੁੰਦੀ ਹੈ।

ਜਿਹੜਾ ਵਿਅਕਤੀ ਬਹੁਤ ਅਧਿਕ ਕੱਪੜੇ ਪਹਿਨਦਾ ਹੈ, ਉਸ ਵਿਚ ਸਵੈ-ਵਿਸ਼ਵਾਸ ਦੀ ਘਾਟ ਅਤੇ ਦਿਖਾਵੇ ਦੀ ਲਾਲਸਾ ਹੁੰਦੀ ਹੈ।

ਉਦਯੋਗੀਕਰਣ ਤੋਂ ਪਹਿਲਾਂ ਪਹਿਰਾਵਾ ਆਮ ਕਰਕੇ ਪ੍ਰਾਂਤਿਕ ਅਤੇ ਰਾਸ਼ਟਰੀ ਸੀ ਪਰ ਹੁਣ ਸਾਰੇ ਸੰਸਾਰ ਵਿਚ ਪ੍ਰਾਂਤਿਕ ਅਤੇ ਰਾਸ਼ਟਰੀਪਣ ਖਤਮ ਹੋ ਕੇ ਵਿਸ਼ਵੀਕਰਣ ਕਾਰਨ ਪਹਿਰਾਵੇ ਵਿਚ ਵੀ ਅੰਤਰ-ਰਾਸ਼ਟਰੀਪਣ ਪ੍ਰਧਾਨ ਹੋ ਰਿਹਾ ਹੈ।

ਸੰਸਾਰ ਵਿਚ ਪੁਰਸ਼ਾਂ ਦੀ ਵੱਡੀ ਆਬਾਦੀ ਪੈਂਟ-ਕਮੀਜ਼ ਪਾਉਂਦੀ ਹੈ ਪਰ ਇਹ ਕਿਸੇ ਵੀ ਦੇਸ਼ ਦਾ ਕੌਮੀ ਲਿਬਾਸ ਨਹੀਂ ਹੈ।

ਪ੍ਰਾਂਤਿਕ ਜਾਂ ਕੌਮੀ ਲਿਬਾਸ ਤਾਂ ਹੁਣ ਨਾਚ ਜਾਂ ਗੀਤ-ਮੰਡਲੀਆਂ ਰਾਹੀਂ ਸਟੇਜ ਉਤੇ ਦਿਖਾਉਣ ਜੋਗੇ ਹੀ ਰਹਿ ਗਏ ਹਨ।

ਕਈ ਫੈਸ਼ਨ ਮੈਗਜ਼ੀਨ ਅਤੇ ਕਈ ਵੱਡੀਆਂ ਕੰਪਨੀਆਂ ਸਾਡੇ ਪਹਿਰਾਵੇ ਸੰਬੰਧੀ ਖੋਜ ਉਤੇ ਕਰੋੜਾਂ-ਅਰਬਾਂ ਰੁਪਏ, ਨਵੇਂ ਲਿਬਾਸਾਂ ਦਾ ਨਿਰਮਾਣ ਕਰਨ ਅਤੇ ਉਨ੍ਹਾਂ ਦੇ ਪ੍ਰਚਾਰਨ ਲਈ ਖਰਚ ਕਰ ਰਹੀਆਂ ਹਨ।

ਜਿਉਂ-ਜਿਉਂ ਔਰਤਾਂ ਨੂੰ ਵਧੇਰੇ ਅਧਿਕਾਰ ਮਿਲ ਰਹੇ ਹਨ, ਉਨ੍ਹਾਂ ਵਿਚ ਪਹਿਰਾਵੇ ਪ੍ਰਤੀ ਪ੍ਰਯੋਗਸ਼ੀਲਤਾ ਵੱਧ ਰਹੀ ਹੈ। ਹੁਣ ਤਾਂ ਇਹ ਹਾਲ ਹੋ ਗਿਆ ਹੈ ਕਿ ਪੁਰਸ਼ਾਂ ਦੇ ਫੈਸ਼ਨ, ਔਰਤਾਂ ਦੇ ਫੈਸ਼ਨਾਂ ਦੇ ਪਿੱਛਲੱਗ ਬਣ ਗਏ ਹਨ।

ਹੁਣ ਪਹਿਰਾਵੇ ਦੇ ਪੱਖੋਂ ਹਰ ਕੋਈ ਵਿਲੱਖਣ ਪ੍ਰਤੀਤ ਹੋਣਾ ਚਾਹੁੰਦਾ ਹੈ।

ਹਰ ਫੈਸ਼ਨ ਦਾ ਆਪਣਾ ਕਾਲ-ਚੱਕਰ ਹੁੰਦਾ ਹੈ। ਜਦੋਂ ਨਵਾਂ ਫੈਸ਼ਨ ਥੱਕ ਜਾਂਦਾ ਹੈ ਤਾਂ ਪੁਰਾਣਾ ਫੈਸ਼ਨ ਫਿਰ ਸਥਾਪਤ ਹੋ ਜਾਂਦਾ ਹੈ।

ਹਰ ਸਭਿਆਚਾਰ ਇਕ ਪਹਿਰਾਵਾ ਨਿਰਧਾਰਤ ਕਰਦਾ ਹੈ, ਜਿਹੜਾ ਉਸ ਸਭਿਆਚਾਰ ਦਾ ਬੁਨਿਆਦੀ ਜਾਂ ਕੇਂਦਰੀ ਪਹਿਰਾਵਾ ਬਣ ਜਾਂਦਾ ਹੈ।

ਉਦਾਹਰਣ ਵਜੋਂ ਪੰਜਾਬੀ ਸਭਿਆਚਾਰ ਨੇ ਇਸਤਰੀਆਂ ਲਈ ਸਲਵਾਰ-ਕਮੀਜ਼ ਵਾਲਾ ਪਹਿਰਾਵਾ ਨਿਰਧਾਰਤ ਕੀਤਾ ਹੋਇਆ ਹੈ। ਭਾਵੇਂ ਕਿਤਨੇ ਵੀ ਫੈਸ਼ਨ ਬਦਲਣ, ਸਲਵਾਰ-ਕਮੀਜ਼ ਦੀ ਵਰਤੋਂ ਹੁੰਦੀ ਰਹੇਗੀ।

ਰੰਗਾਂ ਬਾਰੇ ਸਾਡੇ ਸਾਰੇ ਨਿਰਣੇ ਮੁਖ ਤੌਰ 'ਤੇ ਸਾਡੀ ਆਪਣੀ ਚਮੜੀ ਦੇ ਰੰਗ ਉਤੇ ਆਧਾਰਿਤ ਹੁੰਦੇ ਹਨ।

ਸਾਡੇ ਪੁਰਸ਼ਾਂ ਦੇ ਪੈਂਟ-ਕਮੀਜ਼ ਦੇ ਪਹਿਰਾਵੇ ਵਿਚ ਮੂਹਰੀਆਂ ਦੇ ਖੁਲ੍ਹੇ ਹੋਣ ਅਤੇ ਤੰਗ ਹੋਣ ਦਾ ਇੱਕ ਲੈਅਮਈ ਨਿਰੰਤਰ ਉਤਰਾਅ-ਚੜ੍ਹਾਅ ਚਲਦਾ ਰਹਿੰਦਾ ਹੈ।

ਪਹਿਰਾਵੇ ਸੰਬੰਧੀ ਡਾਕਟਰੀ ਵਿਗਿਆਨ ਇਸ ਗੱਲ ਉਤੇ ਜ਼ੋਰ ਦੇ ਰਿਹਾ ਹੈ ਕਿ ਕੱਪੜੇ ਖੁਲ੍ਹੇ ਪਹਿਨੋ ਅਤੇ ਸਰੀਰ ਦੇ ਅੰਗਾਂ ਨੂੰ ਮੌਲਣ ਦਿਓ।

ਪਹਿਰਾਵੇ ਸੰਬੰਧੀ ਕਈ ਖੇਤਰਾਂ ਵਿਚ ਖੋਜ ਕਾਰਜ ਵਿਚ ਰੁੱਝੇ ਖੋਜੀ ਨਵੇਂ-ਨਵੇਂ ਤੱਥ ਲੋਕਾਂ ਸਾਹਮਣੇ ਲਿਆ ਰਹੇ ਹਨ।

ਜ਼ਾਤ-ਪਾਤ ਨੂੰ ਤੋੜਨ ਦਾ ਇਕ ਢੰਗ ਇਕਸਾਰ ਪਹਿਰਾਵਾ ਹੁੰਦਾ ਹੈ।

ਸਕੂਲਾਂ ਵਿਚ ਇਕ ਹੀ ਰੰਗ-ਢੰਗ ਦੇ ਕੱਪੜੇ ਪਹਿਨਣ ਪਿਛੇ ਕਾਰਨ ਇਹ ਹੈ ਕਿ ਬੱਚਿਆਂ ਵਿਚ ਇਕ-ਮਿੱਕਤਾ ਦੀ ਭਾਵਨਾ ਆਵੇ।

ਪੁਲੀਸ, ਫੌਜ, ਨਰਸਾਂ, ਡਾਕਟਰਾਂ ਆਦਿ ਦੀ ਵਰਦੀ ਪਿੱਛੇ ਉਦੇਸ਼ ਅਨੁਸ਼ਾਸਣ ਲਾਗੂ ਕਰਨਾ ਅਤੇ ਆਪਣੀ ਸੰਸਥਾ ਪ੍ਰਤੀ ਵਫ਼ਾਦਾਰੀ ਨੂੰ ਦ੍ਰਿੜ ਕਰਵਾਉਣਾ ਹੁੰਦਾ ਹੈ।

ਬਹੁਤੇ ਲੋਕਾਂ ਵਿਚ ਨਵੀਨਤਾ ਦੀ ਇੱਛਾ ਤਾਂ ਹੁੰਦੀ ਹੈ ਪਰ ਮੌਲਿਕਤਾ ਨਹੀਂ ਹੁੰਦੀ।

ਇਸੇ ਕਾਰਨ ਬਹੁਤੇ ਲੋਕ ਅਕਸਰ ਇਸ ਲਈ ਦੂਜਿਆਂ ਦੀ ਨਕਲ ਕਰਕੇ ਕੱਪੜੇ ਪਾਉਂਦੇ ਹਨ, ਕਿਉਂਕਿ ਉਨ੍ਹਾਂ ਦੀ ਆਪਣੀ ਕੋਈ ਵਿਸ਼ੇਸ਼ ਪਸੰਦ ਨਹੀਂ ਹੁੰਦੀ।

ਕਈ ਸਰੀਰ ਅਤੇ ਸ਼ਕਲਾਂ-ਸੂਰਤਾਂ ਹੀ ਅਜਿਹੀਆਂ ਹੁੰਦੀਆਂ ਹਨ ਕਿ ਉਹ ਕੁਝ ਵੀ ਪਹਿਨ ਲੈਣ, ਕੁੱਚਜੀਆਂ ਹੀ ਪ੍ਰਤੀਤ ਹੁੰਦੀਆਂ ਹਨ।

ਕਲਾਕਾਰਾਂ, ਸੰਗੀਤਕਾਰਾਂ, ਖਿਡਾਰੀਆਂ, ਅਦਾਕਾਰਾਂ ਦੀ ਸੋਚ ਅਤੇ ਵਿਹਾਰ ਮੌਲਿਕ ਹੋਣ ਕਾਰਨ ਉਨ੍ਹਾਂ ਦੇ ਪਹਿਰਾਵੇ ਵਿਚ ਵੀ ਵਿਲੱਖਣਤਾ ਹੁੰਦੀ ਹੈ।

ਸੋਹਣੇ ਬੰਦੇ ਭਾਵੇਂ ਬੋਰੀ ਪਹਿਨ ਲੈਣ, ਉਨ੍ਹਾਂ ਨੂੰ ਉਹ ਵੀ ਖੂਬ ਜੱਚਦੀ ਹੈ।

ਸਰੀਰਕ ਪੱਖੋਂ ਸਾਰੇ ਵਿਅਕਤੀ ਮੁੱਖ ਤੌਰ ਉਤੇ ਤਿੰਨ ਵੰਨਗੀਆਂ ਵਿਚ ਵੰਡੇ ਜਾਂਦੇ ਹਨ: ਲੰਮੇ, ਮੱਧਰੇ ਅਤੇ ਦਰਮਿਆਨੇ। ਇਵੇਂ ਹੀ ਸਰੀਰ ਦੀ ਬਣਤਰ ਪੱਖੋਂ ਤਿੰਨ ਵੰਨਗੀਆਂ ਹਨ: ਮੋਟੇ, ਪਤਲੇ ਅਤੇ ਦਰਮਿਆਨੇ। ਇਸੇ ਤਰ੍ਹਾਂ ਰੰਗ ਦੇ ਪੱਖੋਂ ਤਿੰਨ ਵੰਨਗੀਆਂ ਹਨ : ਕਾਲੇ, ਗੋਰੇ ਅਤੇ ਕਣਕ-ਭਿੰਨੇ।

ਹਰ ਇਕ ਵੰਨਗੀ ਲਈ ਵੱਖ ਵੱਖ ਪ੍ਰਕਾਰ ਦਾ ਲਿਬਾਸ ਹੀ ਠੀਕ ਲੱਗੇਗਾ।

ਲੰਮਾ ਵਿਅਕਤੀ ਉਪਰੋਂ ਥੱਲੇ ਵਲ ਦੀਆਂ ਧਾਰੀਆਂ ਵਾਲਾ ਲਿਬਾਸ ਪਾ ਕੇ ਸਫੈਦੇ ਦਾ ਦਰੱਖਤ ਨਜ਼ਰ ਆਵੇਗਾ ਜਦੋਂ ਕਿ ਮੱਧਰਾ ਵਿਅਕਤੀ ਸਜਿਓਂ ਖੱਬੇ ਜਾਣ ਵਾਲੀਆਂ ਧਾਰੀਆਂ ਜਾਂ ਬਹੁਤ ਵੱਡੀਆਂ ਡਬੀਆਂ ਵਾਲੇ ਕਪੜੇ ਪਾ ਕੇ ਹੋਰ ਮੱਧਰਾ ਪ੍ਰਤੀਤ ਹੋਵੇਗਾ।

ਮੱਧਰੇ ਵਿਅਕਤੀ ਨੂੰ ਹਲਕਾ ਪਹਿਰਾਵਾ ਪਾਉਣਾ ਚਾਹੀਦਾ ਹੈ। ਇਸ ਨਾਲ ਉਹ ਚੁੱਸਤ ਪ੍ਰਤੀਤ ਹੋਵੇਗਾ ਅਤੇ ਉਸ ਦੇ ਮੱਧਰੇਪਣ ਵੱਲ ਘੱਟ ਧਿਆਨ ਜਾਵੇਗਾ।

ਪਹਿਰਾਵੇ ਸੰਬੰਧੀ ਸਭ ਤੋਂ ਪਹਿਲੀ ਲੋੜ ਇਹ ਹੈ ਕਿ ਅਸੀਂ ਆਪਣੇ ਕੱਦ-ਕਾਠ, ਸਰੀਰਕ-ਬਣਤਰ, ਰੰਗ-ਰੂਪ ਨੂੰ ਧਿਆਨ ਵਿਚ ਰੱਖ ਕੇ ਆਪਣੇ ਪਹਿਰਾਵੇ ਸੰਬੰਧੀ ਆਪ ਨਿਰਣਾ ਕਰੀਏ ਅਤੇ ਮਹਿੰਗੇ ਪਹਿਰਾਵੇ ਨੂੰ ਹੀ ਚੰਗਾ ਪਹਿਰਾਵਾ ਸਮਝਣ ਦਾ ਭਰਮ ਛੱਡੀਏ ਅਤੇ ਉਹ ਪਹਿਰਾਵਾ ਪਾਈਏ ਜਿਸ ਵਿਚ ਅਸੀਂ ਸੌਖੇ ਮਹਿਸੂਸ ਕਰੀਏ ਅਤੇ ਜਿਸ ਵਿਚੋਂ ਸਾਡੀ ਉਹ ਸ਼ਖ਼ਸੀਅਤ ਝਲਕੇ, ਜਿਹੜੀ ਅਸੀਂ ਪ੍ਰਗਟਾਉਣੀ ਚਾਹੁੰਦੇ ਹਾਂ।

***

ਅਪਰਾਧੀ

ਮਨੁੱਖ ਕਦੇ ਵੀ ਕਿਸੇ ਪ੍ਰਕਾਰ ਦਾ ਅਜਿਹਾ ਸਮਾਜ ਨਹੀਂ ਸਿਰਜ ਸਕੇਗਾ, ਜਿਸ ਵਿਚ ਅਪਰਾਧ ਅਤੇ ਅਪਰਾਧੀ ਨਹੀਂ ਹੋਣਗੇ।

ਜਿਹੜਾ ਸਮਾਜ ਵੱਡੇ ਚਿੰਤਕ ਉਪਜਾਉਂਦਾ ਹੈ, ਉਹੀ ਸਮਾਜ ਵੱਡੇ ਅਪਰਾਧੀ ਵੀ ਉਪਜਾਉਂਦਾ ਹੈ। ਜਦੋਂ ਮਨੁੱਖ ਦੀ ਕਲਪਨਾ ਕੁਰਾਹੇ ਪੈ ਜਾਵੇ ਅਤੇ ਉਹ ਆਪ ਆਪਣੀ ਊਰਜਾ ਦੀ ਦੁਰਵਰਤੋਂ ਕਰਨ ਲਗ ਜਾਵੇ ਤਾਂ ਅਜਿਹਾ ਵਿਅਕਤੀ ਸਮਾਜ ਲਈ ਖਤਰਾ ਬਣਨ ਕਰਕੇ ਅਪਰਾਧੀ ਕਹਾਉਂਦਾ ਹੈ।

ਅਪਰਾਧੀਆਂ ਦੀ ਅਖਬਾਰਾਂ ਵਿਚ ਹੋਈ ਚਰਚਾ ਅਪਰਾਧੀ ਰੁਚੀਆਂ ਵਾਲੇ ਕਈ ਹੋਰ ਮਾਨਸਿਕ ਰੋਗੀਆਂ ਨੂੰ ਅਜਿਹੀ ਹੀ 'ਪ੍ਰਸਿੱਧੀ' ਪ੍ਰਾਪਤ ਕਰਨ ਲਈ ਉਕਸਾਉਂਦੀ ਹੈ।

ਅਸੀਂ ਸਾਰੇ ਕਹਿੰਦੇ ਹਾਂ ਕਿ ਅਪਰਾਧੀ ਸਮਾਜ-ਵਿਰੋਧੀ ਤੱਤ ਹੁੰਦੇ ਹਨ ਪਰ ਅਸੀਂ ਕਦੇ ਵੀ ਉਨ੍ਹਾਂ ਦੇ ਅਪਰਾਧੀ ਬਣਨ ਦੇ ਕਾਰਨਾਂ ਅਤੇ ਉਨ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਬਾਰੇ ਸੋਚਿਆ ਨਹੀਂ ਹੁੰਦਾ।

ਹਰ ਅਪਰਾਧੀ ਇੱਕ ਕਿਰਿਆਸ਼ੀਲ ਮਾਨਸਿਕ ਰੋਗੀ ਹੁੰਦਾ ਹੈ ਅਤੇ ਉਸ ਦੇ ਰੋਗ ਦੀਆਂ ਜੜ੍ਹਾਂ ਸਮਾਜ ਵਿਚ ਹੀ ਹੁੰਦੀਆਂ ਹਨ।

ਵਿਸ਼ੇਸ਼ ਆਰਥਿਕ ਪ੍ਰਣਾਲੀ ਵੀ ਵਿਸ਼ੇਸ਼ ਅਪਰਾਧਾਂ ਅਤੇ ਅਪਰਾਧੀਆਂ ਨੂੰ ਉਪਜਾਉਂਦੀ ਹੈ। ਪੂੰਜੀਵਾਦੀ ਆਰਥਿਕ ਢਾਂਚੇ ਵਿਚ ਮੁਨਾਫ਼ੇ ਦੀ ਭੁੱਖ, ਸ਼ਰਾਬ, ਨਸ਼ੇ ਅਤੇ ਹਥਿਆਰਾਂ ਦੀ ਖੁੱਲ੍ਹੀ ਵਿਕਰੀ ਇਕ ਅਜਹੇ ਵਿਸ਼ੇਸ਼ ਅਪਰਾਧੀ ਵਰਗ ਨੂੰ ਜਨਮ ਦਿੰਦੀ ਹੈ ਜਿਸ ਲਈ ਅਪਰਾਧ ਇਕ ਧੰਦਾ ਹੋ ਨਿਬੜਦਾ ਹੈ।

ਫਰਕ ਕੇਵਲ ਇਤਨਾ ਹੈ ਕਿ ਇਸ ਧੰਦੇ ਵਿਚ ਦੂਜੇ ਧੰਦਿਆਂ ਦੇ ਮੁਕਾਬਲੇ, ਖਤਰੇ ਅਤੇ ਸੰਕਟ ਵਧੇਰੇ ਹੁੰਦੇ ਹਨ।

ਭਾਵੇਂ ਅਜੇ ਵੀ ਕਈ ਵਿਅਕਤੀ ਅਪਰਾਧੀ ਰੁਚੀਆਂ ਨੂੰ ਜੱਦੀ ਜਾਂ ਵਾਤਾਵਰਣਕ ਲੱਛਣ ਮੰਨਣ ਲਈ ਤਿਆਰ ਨਹੀਂ ਪਰ ਜਿਨ੍ਹਾਂ ਟੱਬਰਾਂ ਵਿਚ ਕੋਈ ਗੰਭੀਰ ਬੀਮਾਰੀ ਜਾਂ ਖੁਰਾਕ ਦੀ ਘਾਟ ਪੀੜ੍ਹੀ-ਦਰ-ਪੀੜ੍ਹੀ ਚਲਦੀ ਹੈ, ਉੱਥੇ ਬੱਚੇ ਸਰੀਰਕ ਅਤੇ ਦਿਮਾਗੀ ਤੌਰ 'ਤੇ ਊਣੇ ਅਤੇ ਹੀਣ-ਭਾਵਨਾ ਵਾਲੇ ਹੋ ਜਾਂਦੇ ਹਨ।

ਅਜਿਹੇ ਬੱਚੇ ਸਾਧਾਰਨ ਸਮਾਜਿਕ ਜੀਵਨ ਜੀਣ ਤੋਂ ਅਸਮਰੱਥ ਹੁੰਦੇ ਹਨ।

ਇਕ ਅਪਰਾਧੀ ਅਤੇ ਸਾਧਾਰਨ ਵਿਅਕਤੀ ਵਿਚ ਕੋਈ ਲਕੀਰ ਨਹੀਂ ਖਿੱਚੀ ਜਾ ਸਕਦੀ। ਸੱਚ ਤਾਂ ਇਹ ਹੈ ਕਿ ਅਸੀਂ ਸਾਰੇ ਹੀ ਅਪਰਾਧੀ ਰੁਚੀਆਂ ਪਾਲਦੇ ਹਾਂ ਪਰ ਸਾਡੇ

ਉਤੇ ਅਨੇਕਾਂ ਸਮਾਜਿਕ ਦਬਾਓ ਅਤੇ ਬੰਧਨ ਹੁੰਦੇ ਹਨ, ਇਸ ਲਈ ਅਸੀ ਅਪਰਾਧ ਕਰਨ ਤੋਂ ਡਰਦੇ ਹਾਂ। ਲੁੱਟ-ਮਾਰ, ਫ਼ਸਾਦ, ਬਲਾਤਕਾਰ ਆਦਿ ਦੀਆਂ ਪ੍ਰਵਿਰਤੀਆਂ ਸਾਡੇ ਵਿਚ ਛੁਪੀਆਂ ਅਪਰਾਧੀ ਰੁਚੀਆਂ ਦੀਆਂ ਉਦਾਹਰਣਾਂ ਹਨ।

ਬੜੇ ਇਜ਼ਤਦਾਰ ਅਤੇ ਠੰਡੇ ਦਿਮਾਗ ਵਾਲੇ ਵਿਅਕਤੀ ਵੀ ਆਪਣੇ ਮਨ ਵਿਚ, ਆਪਣੇ ਵਿਰੋਧੀਆਂ ਨੂੰ ਮਾਰ-ਮੁਕਾਉਣ ਦੀ ਇੱਛਾ ਕਰਦੇ ਹਨ।

ਜਦੋਂ ਤੱਕ ਮਨੁੱਖੀ ਸੁਭਾਅ ਨਹੀਂ ਬਦਲਦਾ, ਜੁਰਮ ਹੁੰਦੇ ਰਹਿਣਗੇ।

ਕੋਈ ਵੀ ਵਿਅਕਤੀ ਰਾਤੋ-ਰਾਤ ਅਪਰਾਧੀ ਨਹੀਂ ਬਣ ਜਾਂਦਾ।

ਹਰ ਅਪਰਾਧ ਮਨ ਵਿਚ ਚਿਰਾਂ ਤੋਂ ਧੁੱਖਦੀ ਕਿਸੇ ਨਫ਼ਰਤ ਦਾ ਉਬਾਲ ਹੁੰਦਾ ਹੈ ਅਰਥਾਤ ਹਰ ਅਪਰਾਧ ਕਿਸੇ ਮਾਨਸਿਕ-ਰੋਗ ਦੀ ਇੱਕ ਸਿਖਰ ਹੁੰਦਾ ਹੈ।

ਹਰ ਬੱਚਾ ਕਿਸੇ ਨਾ ਕਿਸੇ ਸਮਾਜਿਕ ਵਾਤਾਵਰਣ ਵਿਚ ਵਿਚਰਦਾ ਹੈ।

ਉਸ ਵਾਤਾਵਰਣ ਵਿਚ ਉਹ ਆਪਣਾ ਸਥਾਨ ਲਭਦਾ ਹੈ ਤਾਂ ਜੋ ਉਹ ਸਮਾਜ ਵਿਚ ਆਪਣਾ ਮਨ-ਚਾਹਿਆ ਰੋਲ ਅਦਾ ਕਰ ਸਕੇ ਪਰ ਗਰੀਬੀ, ਘਰ ਦੇ ਦੂਸ਼ਿਤ ਵਾਤਾਵਰਣ, ਮਾਪਿਆਂ ਵੱਲੋਂ ਮਜਬੂਰੀ ਵੱਸ ਭੈੜੇ ਵਰਤਾਰੇ ਆਦਿ ਕਾਰਨ ਜਦੋਂ ਉਹ ਆਪਣੇ ਕਾਰਜ ਵਿਚ ਅਸਫਲ ਹੁੰਦਾ ਹੈ ਤਾਂ ਉਸ ਦੇ ਮਨ ਵਿਚ ਵਿਦਰੋਹ ਦੀ ਭਾਵਨਾ ਜਨਮ ਲੈਂਦੀ ਹੈ।

ਜਿਸ ਵਿਅਕਤੀ ਨੂੰ ਬੱਚਪਨ ਅਤੇ ਜਵਾਨੀ ਵਿਚ ਖੁਰਾਕ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ ਹੋਵੇ, ਉਹ ਉਸਾਰੂ ਜੀਵਨ ਨਹੀਂ ਜੀਵੇਗਾ ਅਤੇ ਉਸ ਵਿਚ ਨੈਤਿਕਤਾ ਦੀ ਅਣਹੋਂਦ ਅਤੇ ਅਪਰਾਧੀ ਰੁਚੀਆਂ ਦੀ ਪ੍ਰਧਾਨਤਾ ਹੋਵੇਗੀ।

ਸਾਰੇ ਅਪਰਾਧਾਂ ਦੀ ਜਨਮ-ਭੂਮੀ ਬੱਚਪਨ ਦੀ ਕੋਈ ਅਤ੍ਰਿਪਤ ਇੱਛਾ ਹੁੰਦੀ ਹੈ।

ਮਾਪਿਆਂ ਅਤੇ ਅਧਿਆਪਕਾਂ ਤੋਂ ਪਿਆਰ ਪ੍ਰਾਪਤ ਕਰਨ ਦਾ ਇੱਛਕ ਪਰ ਰੋਜ਼ ਕੁੱਟ ਖਾਣ ਵਾਲਾ ਬੱਚਾ, ਹੋ ਸਕਦਾ ਹੈ ਕਿ ਉਹ ਇਕ ਵਿਸ਼ੇਸ਼ ਉਮਰ ਤੋਂ ਵੱਡੇ ਵਿਅਕਤੀਆਂ ਨੂੰ ਨਫਰਤ ਕਰਨ ਲੱਗ ਪਏ।

ਨਫਰਤ ਦੀ ਭਾਵਨਾ ਬਦਲੇ ਦੀ ਭਾਵਨਾ ਨੂੰ ਜਨਮ ਦਿੰਦੀ ਹੈ। ਜਿਸ ਕਾਰਨ ਬੱਚੇ ਦੇ ਵਰਤਾਰੇ ਵਿਚ ਅਤੇ ਉਸ ਦੇ ਦੂਜਿਆਂ ਨਾਲ ਸੰਬੰਧਾਂ ਵਿਚ ਤਬਦੀਲੀ ਆਉਂਦੀ ਹੈ। ਉਹ ਅਚੇਤ ਹੀ ਅਜਿਹੇ ਕਾਰਜਾਂ ਵੱਲ ਪ੍ਰੇਰਿਆ ਜਾਂਦਾ ਹੈ, ਜਿਹੜੇ ਸਾਧਾਰਨ ਵਿਅਕਤੀ ਦੀਆਂ ਨਜ਼ਰਾਂ ਵਿਚ ਸਮਾਜ-ਵਿਰੋਧੀ ਹੁੰਦੇ ਹਨ।

ਪਹਿਲੇ ਅਪਰਾਧ ਸਮੇਂ ਬੱਚੇ ਦੀ ਔਸਤ ਉਮਰ ਨੌਂ ਵਰ੍ਹੇ ਹੁੰਦੀ ਹੈ। ਪਰਿਵਾਰਕ ਨਿਯੰਤਰਣ ਅਤੇ ਧਰਮ ਦੇ ਘੱਟ ਰਹੇ ਪ੍ਰਭਾਵ ਕਾਰਨ ਉਸ ਨੂੰ ਭਲੇ—ਬੁਰੇ ਦੀ ਪਛਾਣ ਨਹੀਂ ਰਹਿੰਦੀ, ਇਸ ਲਈ ਉਸ ਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ ਹੁੰਦਾ।

ਅਪਰਾਧੀਆਂ ਦੇ ਸਰੀਰ ਉਤੇ ਸੱਟਾਂ ਦੇ ਨਿਸ਼ਾਨ ਕੁਝ ਵਧੇਰੇ ਹੀ ਹੁੰਦੇ ਹਨ, ਕਿਉਂਕਿ ਅਪਰਾਧੀ ਰੁਚੀਆਂ ਤਣਾਓ ਦੀ ਸਥਿਤੀ ਨੂੰ ਜਨਮਦੀਆਂ ਹਨ, ਅਪਰਾਧੀ ਰੁਚੀਆਂ ਵਾਲਾ ਬੱਚਾ ਪਤਲੇ ਅਤੇ ਚੁੱਸਤ ਸਰੀਰ ਵਾਲਾ ਹੋ ਜਾਂਦਾ ਹੈ ਪਰ ਉਸ ਦੇ ਕਾਰ-ਵਿਹਾਰ ਵਿਚ ਤਾਲਮੇਲ ਅਤੇ ਬਾਕਾਇਦਗੀ ਖ਼ਤਮ ਹੋ ਜਾਂਦੀ ਹੈ।

ਅਜਿਹੇ ਬੱਚੇ ਨੂੰ ਆਪਣੀ ਹੋਂਦ ਸਥਾਪਤ ਕਰਨ ਲਈ ਇਕ ਟੋਲਾ ਬਣਾਉਣਾ ਪੈਂਦਾ ਹੈ ਜਾਂ ਉਹ ਕਿਸੇ ਟੋਲੇ ਵਿਚ ਰਲ ਜਾਂਦਾ ਹੈ।

ਟੋਲੇ ਦੀ ਸਰਦਾਰੀ ਦਾ ਸੰਘਰਸ਼ ਉਸ ਨੂੰ ਸਦਾ ਚਿੰਤਾਤੁਰ ਰੱਖਦਾ ਹੈ।

ਅਜਿਹਾ ਵਿਅਕਤੀ ਉਨ੍ਹਾਂ ਖੇਤਰਾਂ ਵੱਲ ਵੱਧਦਾ ਹੈ, ਜਿਥੇ ਵਸੀਲੇ ਅਤੇ ਅਵਸਰ ਵਧੇਰੇ ਹੋਣ। ਉਸ ਵਿਚ ਖਤਰੇ ਮੁਲ ਲੈਣ, ਲੜਨ-ਭਿੜਨ, ਜੂਆ ਖੇਡਣ, ਸ਼ਰਾਬ ਪੀਣ, ਝੂਠ ਬੋਲਣ, ਹਰ ਕੰਮ ਵਿਚ ਲੱਤ ਅੜਾਉਣ ਅਤੇ ਹਰ ਕਿਸੇ ਨੂੰ ਟਿੱਚ ਸਮਝਣ ਦੀ ਰੁਚੀ ਬਲਵਾਨ ਹੁੰਦੀ ਹੈ।

ਇਸ ਪੱਧਰ ਉਤੇ ਉਹ ਇਕ ਅਜਿਹੇ ਪੜਾਅ ਉਤੇ ਪੁੱਜ ਜਾਂਦਾ ਹੈ, ਜਿਸ ਤੋਂ ਅੱਗੇ ਤਾਂ ਜਾਇਆ ਜਾ ਸਕਦਾ ਹੈ ਪਰ ਪਿੱਛੇ ਨਹੀਂ ਮੁੜਿਆ ਜਾ ਸਕਦਾ।

ਇਥੇ ਪਹੁੰਚ ਕੇ, ਮਨੋਵਿਗਿਆਨ ਦੇ ਪੱਖੋਂ, ਉਹ ਇਕ ਪੱਕਾ ਮਾਨਸਿਕ ਰੋਗੀ ਅਰਥਾਤ ਅਪਰਾਧੀ ਬਣ ਜਾਂਦਾ ਹੈ।

ਭਾਵੇਂ ਜੁਰਮ ਕਰਨ ਵਾਲਿਆਂ ਦੀਆਂ ਕੋਈ ਨਿਰਧਾਰਤ ਕਿਸਮਾਂ ਨਹੀਂ ਹੁੰਦੀਆਂ ਪਰ ਉਨ੍ਹਾਂ ਦੇ ਲੱਛਣਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਕੁਝ ਮੁੱਖ ਵਰਗਾਂ ਵਿਚ ਜ਼ਰੂਰ ਵੰਡਿਆ ਜਾ ਸਕਦਾ ਹੈ। ਕਈ ਅਪਰਾਧ ਬਿਨਾਂ ਸੋਚੇ ਆਪੇ ਹੀ ਅਚਾਨਕ ਹੋ ਜਾਂਦੇ ਹਨ, ਜਿਵੇਂ ਬਹੁਤ ਗੁਸੇ ਦੀ ਹਾਲਤ ਵਿਚ, ਕਿਸੇ ਦਾ ਕਤਲ ਹੋ ਜਾਂਦਾ ਹੈ।

ਕੁਝ ਜੁਰਮ ਹਾਲਾਤ ਅਨੁਸਾਰ ਹੁੰਦੇ ਹਨ, ਜਿਵੇਂ ਕੋਈ ਦੁਕਾਨ ਲੁੱਟੀ ਜਾ ਰਹੀ ਹੋਵੇ ਤਾਂ ਕੋਈ ਸਾਊ ਵਿਅਕਤੀ ਵੀ ਆਪਣੀ ਕੋਈ ਮਨ-ਪਸੰਦ ਦੀ ਚੀਜ਼ ਲੈ ਕੇ ਦੌੜਨ ਦਾ ਯਤਨ ਕਰ ਸਕਦਾ ਹੈ।

ਕੁਝ ਜੁਰਮ ਜ਼ਿੰਮੇਵਾਰੀ ਦੀ ਘਾਟ ਕਾਰਨ ਹੁੰਦੇ ਹਨ।

ਕਾਮ-ਅਤ੍ਰਿਪਤੀ ਵੀ ਕਈ ਜੁਰਮਾਂ ਦਾ ਕਾਰਨ ਹੁੰਦੀ ਹੈ।

ਅਜਿਹੇ ਸਾਰੇ ਅਪਰਾਧਾਂ ਦੇ ਕਾਰਨ ਸਮਝੇ ਜਾ ਸਕਦੇ ਹਨ ਪਰ ਪੱਕੇ ਬਣ ਚੁੱਕੇ ਮਾਨਸਿਕ ਰੋਗੀਆਂ ਵੱਲੋਂ ਕੀਤੇ ਜਾਂਦੇ ਅਪਰਾਧ ਹੀ ਸਮਾਜ ਲਈ ਸਭ ਤੋਂ ਵੱਡਾ ਖਤਰਾ ਅਤੇ ਸਭ ਤੋਂ ਵੱਧ ਹਾਨੀਕਾਰਕ ਹੁੰਦੇ ਹਨ।

ਅਜਿਹੇ ਅਪਰਾਧੀਆਂ ਨੂੰ ਪਛਤਾਵਾ ਨਹੀਂ ਹੁੰਦਾ, ਕਿਉਂਕਿ ਅਪਰਾਧ ਕੀਤੇ ਬਿਨਾਂ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ।

ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਅਪਰਾਧ ਕਿਉਂ ਕਰਦੇ ਹਨ।

ਅਜਿਹੇ ਅਪਰਾਧੀਆਂ ਵੱਲੋਂ ਕੀਤੇ ਅਪਰਾਧਾਂ ਦੀ ਬਹੁ-ਗਿਣਤੀ ਕਾਮ-ਅਤ੍ਰਿਪਤੀ ਨਾਲ ਸੰਬੰਧਤ ਹੁੰਦੀ ਹੈ। ਇਹ ਸਥਿਤੀ ਮਨੋਵਿਗਿਆਨਕ ਤੌਰ ਉਤੇ ਪਿਆਰ-ਖੇਤਰ ਵਿਚ ਅਸਫਲਤਾ ਜਾਂ ਦੁਰਕਾਰੇ ਜਾਣ ਕਾਰਨ ਬਦਲੇ ਦੀ ਭਾਵਨਾ ਰਾਹੀਂ ਪ੍ਰਗਟ ਹੋ ਕੇ ਮੁੜ-ਸਥਾਪਤੀ ਦਾ ਇਕ ਉਪਰਾਲਾ ਬਣ ਜਾਂਦੀ ਹੈ।

ਸਾਡੇ ਸਮਾਜ ਵਿਚ ਕਿਸੇ ਲੜਕੀ ਜਾਂ ਇਸਤਰੀ ਦੀ ਸਥਿਤੀ ਹੀ ਅਜਿਹੀ ਹੈ ਕਿ ਉਸ ਵਿਰੁਧ ਬਹੁਤੇ ਜੁਰਮ ਦਰਜ ਹੀ ਨਹੀਂ ਕਰਵਾਏ ਜਾਂਦੇ।

ਮਾਨਸਿਕ ਰੋਗੀ ਆਪਣਾ ਕਾਰਜ-ਪਿੜ ਵੱਡਾ ਕਰਕੇ ਸਭ ਪ੍ਰਕਾਰ ਦੇ ਜੁਰਮ ਕਰਨ ਲੱਗ ਪੈਂਦੇ ਹਨ। ਜਿਹੜੇ ਵਿਅਕਤੀ ਅਪਰਾਧ ਨੂੰ ਇਕ ਧੰਦਾ ਬਣਾ ਲੈਂਦੇ ਹਨ, ਉਹ ਬੜੇ ਖਤਰਨਾਕ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਕੋਈ ਸਮਾਜਿਕ ਮਾਪ-ਤੋਲ ਨਹੀਂ ਹੁੰਦਾ। ਉਨ੍ਹਾਂ ਦੀ ਆਪਣੇ-ਪਰਾਏ ਦੀ ਪਛਾਣ ਵੀ ਮਿਟ ਜਾਂਦੀ ਹੈ।

ਅਪਰਾਧੀਆਂ ਦਾ ਆਪਣਾ ਵੱਖਰਾ ਸੰਸਾਰ ਹੁੰਦਾ ਹੈ, ਜਿਸ ਵਿਚ ਕਿਸੇ ਦੀ ਯੋਗਤਾ ਕੁਝ ਕਰ ਸਕਣ ਦੀ ਸਮਰੱਥਾ ਉਤੇ ਆਧਾਰਿਤ ਹੁੰਦੀ ਹੈ। ਅਪਰਾਧੀਆਂ ਦੇ ਆਪਸੀ ਵਿਰੋਧ ਬੜੇ ਸਖਤ ਮੁਕਾਬਲੇ ਨੂੰ ਜਨਮ ਦਿੰਦੇ ਹਨ। ਅੱਗੇ ਵੱਧ ਰਹੇ ਅਪਰਾਧੀ ਦੇ ਰਾਹ ਵਿਚ ਜੋ ਵੀ ਅੜਦਾ ਹੈ, ਉਹ ਝੜਦਾ ਹੈ।

ਇਸ ਟੱਕਰ ਵਿਚ ਬੜੇ ਦਿਲ ਗੁਰਦੇ ਵਾਲੇ ਵਿਅਕਤੀ ਹੀ ਟਿਕਦੇ ਹਨ। ਲਗਭਗ ਚਾਲ੍ਹੀ ਸਾਲ ਦੀ ਉਮਰ ਤੱਕ ਹੀ ਅਪਰਾਧੀ ਮਨਚਾਹੀਆਂ ਕਰਦਾ ਹੈ। ਇਸ ਸਮੇਂ ਤਕ ਜਾਂ ਤਾਂ ਉਹ ਮਾਰਿਆ ਜਾਂਦਾ ਹੈ ਜਾਂ ਕਿਸੇ ਕਤਲ ਦੇ ਦੋਸ਼ ਵਿਚ ਫੜਿਆ ਜਾਂਦਾ ਹੈ ਜਾਂ ਇਕ ਟੋਲੇ ਦੇ ਸਰਦਾਰ ਦੇ ਫਰਜ਼ ਨਿਭਾਉਂਦਾ ਹੈ।

ਹਰ ਸਰਦਾਰ ਦਾ ਪੂਰਾ ਅਮਲਾ-ਫੈਲਾ ਹੁੰਦਾ ਹੈ, ਜਿੱਥੇ ਪੂਰੀ ਵਫ਼ਾਦਾਰੀ ਦੀ ਮੰਗ ਕੀਤੀ ਜਾਂਦੀ ਹੈ ਪਰ ਇਤਬਾਰ ਕਿਸੇ ਉਤੇ ਨਹੀਂ ਕੀਤਾ ਜਾਂਦਾ।

ਅਪਰਾਧੀ ਜਗਤ ਜਾਂ ਸਮਾਜ ਵਿਚ ਪੂਰਨ ਦਰਜੇਬੰਦੀ ਕਾਰਜਸ਼ੀਲ ਹੁੰਦੀ ਹੈ।

ਆਮ ਕਰਕੇ ਸਮਾਜ ਵਿਚ ਇਹ ਵਿਚਾਰ ਪ੍ਰਚਲਿਤ ਹੈ ਕਿ ਔਰਤਾਂ ਘੱਟ ਜੁਰਮ ਕਰਦੀਆਂ ਹਨ ਪਰ ਅਸਲੀਅਤ ਇਸ ਦੇ ਉਲਟ ਹੈ।

ਭਾਵੇਂ ਔਰਤਾਂ ਆਪ ਘੱਟ ਜੁਰਮ ਕਰਦੀਆਂ ਹਨ ਪਰ ਉਹ ਕਈ ਢੰਗ-ਤਰੀਕੇ ਵਰਤ ਕੇ ਪੁਰਸ਼ਾਂ ਤੋਂ ਜੁਰਮ ਕਰਵਾਉਂਦੀਆਂ ਵਧੇਰੇ ਹਨ।

ਕੋਈ ਔਰਤ ਜਦੋਂ ਇਕ ਵਾਰੀ ਸਮਾਜਿਕ ਮਰਿਯਾਦਾ ਤੋਂ ਭਟਕ ਜਾਵੇ, ਉਹ ਭਟਕਦੀ ਚਲੀ ਜਾਂਦੀ ਹੈ ਅਤੇ ਆਪਣੀਆਂ ਵਫ਼ਾਦਾਰੀਆਂ ਬਦਲਣ ਕਾਰਨ ਉਹ ਪੁਰਸ਼ਾਂ ਦੇ ਸਾੜੇ ਦਾ ਸ਼ਿਕਾਰ ਹੋ ਕੇ ਬਦਲੇ ਦੀ ਭਾਵਨਾ ਅਧੀਨ, ਕਤਲ ਜਾਂ ਲਾਪਤਾ ਹੋ ਜਾਂਦੀ ਹੈ।

ਆਮ ਕਰਕੇ ਹਰ ਜੁਰਮ ਦਾ ਪਿਛੋਕੜ, ਕਾਰਨ ਜਾਂ ਉਦੇਸ਼ ਕੋਈ ਔਰਤ ਹੀ ਹੁੰਦੀ ਹੈ। ਸਮਾਜ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਈ ਔਰਤ ਜਦੋਂ ਵੇਸਵਾ ਬਣਦੀ ਹੈ ਤਾਂ ਕਈ ਮਾਰੂ ਰੁਚੀਆਂ ਨੂੰ ਜਨਮ ਦਿੰਦੀ ਹੈ।

ਮਰਦਾਂ ਦੇ ਅਪਰਾਧਾਂ ਵਿਚ ਤਾਕਤ ਅਤੇ ਹੌਸਲਾ ਪ੍ਰਧਾਨ ਹੁੰਦੇ ਹਨ ਪਰ ਔਰਤਾਂ ਦੇ ਜੁਰਮਾਂ ਵਿਚ, ਉਨ੍ਹਾਂ ਦੀ ਸਰੀਰਕ ਕਮਜ਼ੋਰੀ ਕਾਰਨ, ਧੋਖਾ ਪ੍ਰਧਾਨ ਹੁੰਦਾ ਹੈ।

ਔਰਤ ਜੁਰਮ ਕਰਨ ਵਾਲੇ ਵਿਅਕਤੀ ਦੀ ਸੋਚਣੀ ਉਤੇ ਵੀ ਭਾਰੂ ਹੁੰਦੀ ਹੈ।

ਔਰਤ ਸਦਾ ਹੀ ਚੌਕਸੀ ਭਰੀਆਂ ਨਜ਼ਰਾਂ ਥੱਲੇ ਵਿਚਰਦੀ ਹੈ, ਇਸ ਲਈ ਬਹੁਤਾ ਕਾਰਜ ਉਹ ਮੌਕਾ ਲੱਗਣ ਉਤੇ ਲੁਕ-ਛਿਪ ਕੇ ਹੀ ਕਰਦੀ ਹੈ।

ਅਪਰਾਧ ਮਗਰੋਂ ਅਪਰਾਧੀ ਦੇ ਵਰਤਾਰੇ ਵਿਚ ਤਬਦੀਲੀ ਆਉਂਦੀ ਹੈ।

ਉਹ ਕਿਸੇ ਵੀ ਥਾਂ ਟਿਕ ਕੇ ਬੈਠ ਨਹੀਂ ਸਕਦਾ।

ਉਸ ਨੂੰ ਗੂੜ੍ਹੀ ਨੀਂਦਰ ਨਹੀਂ ਆਉਂਦੀ ਪਰ ਨਿਰੰਤਰ ਅਪਰਾਧ ਕਰਨ ਕਰਕੇ ਉਹ ਆਪਣੇ ਖੇਤਰ ਦਾ ਮਾਹਿਰ ਬਣ ਜਾਂਦਾ ਹੈ।

ਸਾਡੇ ਸਾਹਮਣੇ ਵੱਡੀ ਸਮੱਸਿਆ ਜੁਰਮ ਖਤਮ ਕਰਨ ਦੀ ਨਹੀਂ, ਜੁਰਮ ਘਟਾਉਣ ਦੀ ਹੈ। ਕਿਸੇ ਅਪਰਾਧੀ ਨੂੰ ਸੁਧਾਰਨ ਦਾ ਕਾਰਜ ਬੜਾ ਮੁਸ਼ਕਿਲ ਅਤੇ ਲੰਮਾ ਹੁੰਦਾ ਹੈ ਅਤੇ ਬੜੇ ਧਿਆਨ ਦੀ ਮੰਗ ਕਰਦਾ ਹੈ।

ਫਾਂਸੀ ਦੀ ਸਜ਼ਾ ਇਸ ਗੱਲ ਦਾ ਪ੍ਰਮਾਣ ਹੈ ਕਿ ਸਮਾਜ ਅਪਰਾਧੀ ਨੂੰ ਸੁਧਾਰਨ ਅਤੇ ਅਪਰਾਧ ਨੂੰ ਰੋਕਣ ਪ੍ਰਤੀ ਵਚਨਬੱਧ ਨਹੀਂ। ਸਮਾਜ ਦਾ ਅਪਰਾਧੀਆਂ ਪ੍ਰਤੀ ਵਤੀਰਾ ਵਧੇਰੇ ਵੈਰ-ਭਰਿਆ ਹੁੰਦਾ ਜਾ ਰਿਹਾ ਹੈ।

ਆਧੁਨਿਕ ਸੰਸਾਰ ਨੇ ਦੋ ਵਿਸ਼ਵ-ਯੁੱਧਾਂ ਅਤੇ ਹੋਰ ਅਨੇਕਾਂ ਲੜਾਈਆਂ ਦੌਰਾਨ ਇਤਨੀ ਤਬਾਹੀ, ਮੌਤਾਂ ਅਤੇ ਭਿਆਨਕਤਾ ਵੇਖ ਲਈ ਹੈ ਕਿ ਹੁਣ ਲੋਕ ਕਿਸੇ ਚੀਜ਼ ਦੀ ਉੱਕਾ ਹੀ ਪ੍ਰਵਾਹ ਨਹੀਂ ਕਰਦੇ ਅਤੇ ਇਕੱਲੇ-ਦੁਕੱਲੇ ਕਾਤਲ ਜਾਂ ਅਪਰਾਧੀ ਪ੍ਰਤੀ ਸੋਚਣ ਬਾਰੇ ਉਹ ਲਾਪ੍ਰਵਾਹੀ ਵਰਤਣ ਲੱਗ ਪਏ ਹਨ।

ਫਿਲਮਾਂ ਅਤੇ ਟੈਲੀਵਿਜ਼ਨ ਉਤੇ ਅਪਰਾਧੀਆਂ ਨੂੰ ਨਾਇਕ ਬਣਾ ਕੇ ਪੇਸ਼ ਕਰਨ ਦੀ ਰੁਚੀ ਨੇ ਅਪਰਾਧੀ ਮਾਨਸਿਕਤਾ ਦਾ ਵਿਸਥਾਰ ਕੀਤਾ ਹੈ।

ਜਦੋਂ ਤੱਕ ਅਪਰਾਧੀ ਵਿਚ ਮਾਨਸਿਕ ਤਬਦੀਲੀ ਨਹੀਂ ਲਿਆਂਦੀ ਜਾਂਦੀ, ਅਪਰਾਧ ਘੱਟ ਨਹੀਂ ਹੋ ਸਕਦੇ। ਇਸ ਦੇ ਨਾਲ ਹੀ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਆਰਥਿਕ ਪ੍ਰਣਾਲੀ ਨੂੰ ਅਸੀਂ ਅਪਨਾ ਲਿਆ ਹੈ, ਉਸ ਵਿਚ ਅਪਰਾਧੀ ਨੂੰ ਸੁਧਾਰਨ ਜਾਂ ਅਪਰਾਧ ਖਤਮ ਕਰਨ ਦਾ ਦ੍ਰਿੜ੍ਹ ਸੰਕਲਪ ਹੀ ਨਹੀਂ ਹੈ।

ਦੁੱਖਦਾਈ ਯਥਾਰਥ ਇਹ ਹੈ ਕਿ ਨਵੀਂ ਆਰਥਿਕ ਪ੍ਰਣਾਲੀ ਵਿਚ ਵੱਡੇ ਅਪਰਾਧੀ ਪੈਦਾ ਕਰਨ ਦੀਆਂ ਸਾਰੀਆਂ ਸਹੂਲਤਾਂ ਉਪਲਬਧ ਹਨ।

***

ਬੱਚੇ ਦੀਆਂ ਆਦਤਾਂ

ਬੱਚੇ ਲਈ ਮਾਂ ਨਵੀਆਂ ਗੱਲਾਂ ਸਿੱਖਣ ਲਈ ਇਕ ਮਾਡਲ ਹੁੰਦੀ ਹੈ।

ਕਹਿੰਦੇ ਹਨ ਜੇ ਪਿਓ ਘੋਗਾ ਹੋਵੇ ਪਰ ਮਾਂ ਸਿਆਣੀ ਹੋਵੇ ਤਾਂ ਸੰਤਾਨ ਦੇ ਪਾਲਣ-ਪੋਸਣ ਵਿਚ ਬਹੁਤਾ ਵਿਗਾੜ ਨਹੀਂ ਪੈਂਦਾ ਪਰ ਜੇ ਮਾਂ ਝੱਲੀ ਹੋਵੇ ਤਾਂ ਕਈ ਪੀੜ੍ਹੀਆਂ ਤੱਕ ਵਿਗਾੜ ਠੀਕ ਨਹੀਂ ਹੁੰਦਾ।

ਮਾਂ ਤੋਂ ਬੱਚਾ ਆਦਤਾਂ ਸਿਖਣ ਤੋਂ ਇਲਾਵਾ, ਚੱਜ-ਆਚਾਰ ਅਤੇ ਨੈਤਿਕ ਵਿਹਾਰ ਦੇ ਮੁੱਢਲੇ ਸਬਕ ਵੀ ਸਿਖਦਾ ਹੈ। ਦੂਜੇ ਸ਼ਬਦਾਂ ਵਿਚ ਲਗਭਗ ਬਾਰ੍ਹਾਂ ਸਾਲ ਤਕ ਬੱਚਾ, ਵਧੇਰੇ ਕਰਕੇ ਮਾਂ ਦੇ ਪ੍ਰਭਾਵ ਅਧੀਨ ਵਿਚਰਦਾ ਹੈ।

ਜਦੋਂ ਬੱਚੇ ਨੂੰ ਕੋਈ ਕੰਮ ਉਸ ਦੀ ਇੱਛਾ ਦੇ ਵਿਰੁੱਧ ਕਰਨ ਲਈ ਮਾਪੇ ਮਜਬੂਰ ਕਰਦੇ ਹਨ ਤਾਂ ਉਹ ਅੜੀਅਲ, ਜ਼ਿੱਦੀ, ਅਵੱਗਿਆਕਾਰੀ ਜਾਂ ਭੁੱਖ-ਹੜਤਾਲੀ ਵਿਧੀ ਵਰਤ ਕੇ ਆਪਣਾ ਵਿਰੋਧ ਪ੍ਰਗਟਾਉਂਦਾ ਹੈ।

ਇਹ ਸਥਿਤੀ ਵਿਸ਼ੇਸ਼ ਕਰ ਕੇ ਉਦੋਂ ਵੇਖਣ ਵਿਚ ਆਉਂਦੀ ਹੈ, ਜਦੋਂ ਬਚਪਨ ਵਿਚ ਮਾਪੇ ਬੱਚੇ ਦੀ ਦੁੱਧ ਵਾਲੀ ਬੋਤਲ ਛੁਡਾਉਣੀ ਚਾਹੁੰਦੇ ਹਨ।

ਸਿਆਣੀਆਂ ਮਾਂਵਾਂ ਦੁੱਧ ਛੁਡਾਉਣ ਤੋਂ ਪਹਿਲਾਂ ਬੱਚੇ ਨੂੰ ਕਿਸੇ ਖਾਣ ਵਾਲੀ ਚੀਜ਼ ਵਿਚ ਉਂਗਲਾਂ ਮਾਰਨ ਅਤੇ ਛੋਟੀ ਗਲਾਸੀ ਵਿਚ ਜੂਸ, ਸ਼ਰਬਤ ਜਾਂ ਲੱਸੀ ਆਦਿ ਪੀਣ ਦੀ ਆਦਤ ਪਾ ਦਿੰਦੀਆਂ ਹਨ।

ਬੱਚੇ, ਵੱਡਿਆਂ ਵਿਚ ਬੈਠ ਕੇ ਉਨ੍ਹਾਂ ਵਾਂਗ ਹੀ ਹਰਕਤਾਂ ਕਰਕੇ ਵਧੇਰੇ ਖ਼ੁਸ਼ ਹੁੰਦੇ ਹਨ।

ਲੋੜ ਹੈ ਥੋੜ੍ਹੇ ਜਿਹੇ ਸਬਰ ਦੀ ਅਤੇ ਤੁਸੀਂ ਵੇਖੋਗੇ ਕਿ ਬੱਚਾ ਕਿੰਨੀ ਸਫ਼ਾਈ ਨਾਲ ਚਮਚਾ ਵਰਤਣ ਲੱਗ ਜਾਂਦਾ ਹੈ।

ਜਿਹੜੀਆਂ ਮਾਂਵਾਂ ਆਪ ਚਮਚਾ ਫੜ ਕੇ ਖੁਆਉਣਾ ਚਾਹੁੰਦੀਆਂ ਹਨ, ਉਨ੍ਹਾਂ ਦੇ ਬੱਚੇ ਮੂੰਹ ਘੁੱਟ ਕੇ ਬੰਦ ਕਰਕੇ ਜਾਂ ਸਿਰ ਫੇਰ ਕੇ ਆਪਣੀ ਵਿਰੋਧਤਾ ਪ੍ਰਗਟਾਉਂਦੇ ਹਨ।

ਦੋ ਢਾਈ ਸਾਲ ਦੀ ਉਮਰ ਵਿਚ ਆਪਣੀਆਂ ਬਹੁਤੀਆਂ ਚੀਜ਼ਾਂ ਆਪ ਕਰਨ ਦੀ ਰੁੱਚੀ ਜਨਮਦੀ ਹੈ ਅਰਥਾਤ ਬੱਚਾ ਸਭ ਕੁਝ ਆਪੇ ਕਰਨਾ ਪਸੰਦ ਕਰਦਾ ਹੈ। ਇਸ ਰੁੱਚੀ ਨੂੰ ਉਤਸ਼ਾਹ ਦੇ ਕੇ ਬੱਚੇ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਉਪਜਾਈ ਜਾ ਸਕਦੀ ਹੈ ਪਰ ਕਿਉਂਕਿ ਮਾਂਵਾਂ ਆਪ ਨਿਰਉਤਸ਼ਾਹ ਹੁੰਦੀਆਂ ਹਨ, ਉਹ ਉੱਚਾ ਬੋਲ ਕੇ ਜਾਂ ਮਾਰ-ਕੁੱਟ ਕੇ ਬੱਚੇ ਤੋਂ ਆਪਣੀ ਮਰਜ਼ੀ ਅਨੁਸਾਰ ਕੰਮ ਤਾਂ ਕਰਵਾ ਲੈਂਦੀਆਂ ਹਨ ਪਰ ਉਹ ਨਹੀਂ ਜਾਣਦੀਆਂ ਕਿ ਉਨ੍ਹਾਂ ਨੂੰ ਹਰ ਵਾਰੀ ਇਵੇਂ ਹੀ ਕਰਨਾ ਪਿਆ ਕਰੇਗਾ।

ਜੇ ਮਾਂ ਜ਼ਬਰਦਸਤੀ ਕਰੇ ਤਾਂ ਬੱਚੇ ਆਪਣੀ ਵਿਰੋਧਤਾ ਨੂੰ ਖਾਧੀ ਚੀਜ਼ ਦੀ ਉਲਟੀ ਕਰ ਕੇ ਪ੍ਰਗਟਾਉਂਦੇ ਹਨ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬੱਚੇ ਕੋਲ ਵਿਰੋਧ ਪ੍ਰਗਟਾਉਣ ਦੇ ਢੰਗ ਅਤੇ ਸਾਧਨ ਬੜੇ ਸੀਮਤ ਹੁੰਦੇ ਹਨ, ਸੋ ਕੁਝ ਖਾਣ ਪੀਣ ਤੋਂ ਇਨਕਾਰ ਕਰਨਾ (ਭੁੱਖ ਹੜਤਾਲ), ਬੁਲਾਏ ਤੇ ਨਾ ਬੋਲਣਾ (ਮੋਨ ਵਰਤ), ਉਠਾਏ ਤੇ ਨਾ ਉੱਠਣਾ (ਧਰਨਾ), ਚੁੱਪ ਕਰਾਉਣ ਉਤੇ ਵੀ ਰੌਲਾ ਪਾਈ ਜਾਣਾ (ਮੁਜ਼ਾਹਰਾ, ਨਾਹਰੇਬਾਜ਼ੀ) ਆਦਿ ਉਸ ਦੇ ਵੱਡਿਆਂ ਵਾਂਗ ਆਪਣੀ ਅਸਹਿਮਤੀ ਜਾਂ ਵਿਰੋਧ ਪ੍ਰਗਟਾਉਣ ਦੇ ਸਰਬਵਿਆਪਕ ਢੰਗ ਹਨ।

ਬੱਚੇ ਨੂੰ ਖੁੱਲ੍ਹਾ ਛੱਡ ਦਿੱਤਾ ਜਾਵੇ ਤਾਂ ਉਹ ਲੋੜੀਂਦੀਆਂ ਗੱਲਾਂ ਆਪੇ ਹੀ ਠੀਕ ਢੰਗ ਨਾਲ ਕਰਨ ਲੱਗ ਪੈਂਦਾ ਹੈ। ਜਦੋਂ ਬੱਚੇ ਨੂੰ ਭੁੱਖ ਲੱਗੇਗੀ, ਉਹ ਰੋਟੀ ਖਾਣ ਦਾ ਆਪੇ ਢੰਗ ਲੱਭ ਲਵੇਗਾ। ਰੱਜੇ ਹੋਏ ਬੱਚੇ ਨੂੰ ਹੋਰ ਖੁਆਉਣ ਲਈ ਜਦੋਂ ਬੱਚੇ ਦੀ ਮਾਂ ਜ਼ਿੱਦ ਕਰਦੀ ਹੈ ਤਾਂ ਹੀ ਉਹ ਇਨਕਾਰ ਕਰਦਾ ਹੈ।

ਬੱਚੇ ਦੇ ਬੋਲਣ ਸੰਬੰਧੀ ਵੀ ਉਦਾਹਰਣ ਦਿੱਤੀ ਜਾ ਸਕਦੀ ਹੈ। ਮਾਂਵਾਂ ਬੱਚੇ ਨੂੰ ਕਹਿੰਦੀਆਂ ਹਨ 'ਅੰਕਲ ਨੂੰ ਨਮਸਕਾਰ ਕਰੋ' ਪਰ ਬੱਚਾ ਨਹੀਂ ਕਰਦਾ। ਸ਼ਾਇਦ ਬੱਚਾ ਸੋਚਦਾ ਹੈ ਕਿ ਕੋਈ ਉਸ ਨੂੰ ਨਮਸਕਾਰ ਤਾਂ ਕਰਦਾ ਨਹੀਂ, ਉਹ ਕਿਉਂ ਕਰੇ ?

ਕਾਰਨ ਇਹ ਵੀ ਹੋ ਸਕਦਾ ਹੈ ਕਿ ਬੱਚੇ ਨੂੰ ਅੰਕਲ ਪਸੰਦ ਨਹੀਂ ਹੁੰਦਾ ਅਤੇ ਜੇ ਉਹ ਅੰਕਲ ਬੱਚੇ ਨੂੰ ਚੁੱਕਣ ਦਾ ਯਤਨ ਕਰੇਗਾ ਤਾਂ ਬੱਚਾ ਰੋ ਕੇ ਜਾਂ ਕਿਸੇ ਹੋਰ ਢੰਗ ਨਾਲ ਵਿਰੋਧ ਪ੍ਰਗਟਾਅ ਕੇ ਮੁੜ ਮਾਂ ਕੋਲ ਜਾਣਾ ਪਸੰਦ ਕਰੇਗਾ।

ਜੇ ਬੱਚੇ ਨੂੰ ਜਲਦੀ ਟੁਰਨ ਦੀ ਆਦਤ ਪਾਉਣ ਦਾ ਯਤਨ ਕੀਤਾ ਜਾਵੇ ਤਾਂ ਉਲਟਾ ਉਹ ਵਧੇਰੇ ਚਿਰ ਰੀਂਗ ਕੇ ਹੀ ਟੁਰਨ ਨਾਲ ਵਿਰੋਧ ਪ੍ਰਗਟਾਵੇਗਾ। ਬਿਨ ਸਿਖਾਏ ਹੀ ਬੱਚੇ ਪਉੜੀਆਂ ਚੜ੍ਹ ਜਾਂਦੇ ਹਨ ਪਰ ਉਨ੍ਹਾਂ ਨਾਲ ਕੁਝ ਵਿਸ਼ੇਸ਼ ਸਿਖਾਉਣ ਦੇ ਪੱਖੋਂ ਕੀਤੀ ਜ਼ਬਰਦਸਤੀ ਉਨ੍ਹਾਂ ਦੀ ਸੱਟ-ਫੇਟ ਦਾ ਕਾਰਨ ਬਣ ਸਕਦੀ ਹੈ।

ਬਹੁਤੀਆਂ ਮਾਂਵਾਂ ਬੱਚਿਆਂ ਪ੍ਰਤੀ ਫਿਕਰਮੰਦ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਨੂੰ ਉਂਝ ਹੀ (ਆਪਣੀ ਮਾਂ ਤੋਂ ਮਿਲੀ ਹੋਈ ਆਦਤ ਕਾਰਨ) ਫਿਕਰ ਕਰਨ ਦੀ ਆਦਤ ਹੁੰਦੀ ਹੈ। ਬੱਚੇ ਨੂੰ ਟੱਟੀ ਨਾ ਆਉਣ ਉਤੇ ਉਹ ਬੜਾ ਫਿਕਰ ਕਰਦੀਆਂ ਹਨ। ਅਸਲੀਅਤ ਇਹ ਹੁੰਦੀ ਹੈ ਕਿ ਉਹ ਆਪ ਕਬਜ਼ੀ ਤੋਂ ਪੀੜਤ ਹੁੰਦੀਆ ਹਨ। ਬੱਚੇ ਦੀ ਟੱਟੀ ਬਾਰੇ ਵਧੇਰੇ ਫਿਕਰ ਕਰਕੇ ਉਹ ਬੱਚੇ ਵਿਚ ਵੀ ਕਬਜ਼ੀ ਦੀ ਬੀਮਾਰੀ ਲਾ ਦਿੰਦੀਆਂ ਹਨ।

ਮਾਂਵਾਂ ਅਕਸਰ ਬੱਚੇ ਨਾਲ ਹਰ ਗੱਲ 'ਤੇ ਜ਼ਿੱਦ ਕਰਦੀਆਂ ਹਨ, ਜਿਸ ਕਾਰਨ ਬੱਚਾ ਅੜੀਅਲ ਤੇ ਚਿੜਚਿੜਾ ਬਣ ਜਾਂਦਾ ਹੈ ਅਤੇ ਫਿਰ ਸ਼ਿਕਾਇਤ ਕਰਦੀਆਂ ਹਨ ਕਿ 'ਇਹ ਕੁਝ ਵੀ ਵਕਤ ਸਿਰ ਨਹੀਂ ਕਰਦਾ, ਇਹ ਹਰ ਗੱਲ ਦੀ ਜ਼ਿੱਦ ਕਰਦਾ ਹੈ, ਇਸ ਕਰਕੇ ਇਸ ਦਾ ਸੁਭਾਅ ਚਿੜਚਿੜਾ ਹੋ ਗਿਆ ਹੈ।'

ਜਿਹੜੇ ਬੱਚੇ ਵਧੇਰੇ ਰੋਂਦੇ ਹਨ, ਉਹ ਅਸਲ ਵਿਚ ਆਪਣੀਆਂ ਮਾਂਵਾਂ ਦੇ ਚਿੜਚਿੜੇ ਸੁਭਾਅ, ਸਾੜੇ ਵਾਲੀ ਤਬੀਅਤ, ਝਗੜਾਲੂ ਆਦਤਾਂ ਅਤੇ ਜ਼ਬਰਦਸਤੀ ਖੁਆਉਣ-ਪਿਆਉਣ ਆਦਿ ਪ੍ਰਤੀ ਆਪਣਾ ਰੋਸ ਪ੍ਰਗਟਾਅ ਰਹੇ ਹੁੰਦੇ ਹਨ।

ਕੋਈ ਬੱਚਾ ਸੁਸਤ ਨਹੀਂ ਹੁੰਦਾ, ਅਸਲ ਵਿਚ ਉਹ ਆਪਣੀ ਮਾਂ ਦੇ ਕੰਮਾਂ ਵਿਚ ਦਿਲਚਸਪੀ ਦੀ ਘਾਟ ਕਾਰਨ, ਅਸਹਿਮਤੀ ਪ੍ਰਗਟਾਉਣ ਲਈ ਆਪਣੀਆਂ ਸਰੀਰਕ ਕਿਰਿਆਵਾਂ ਨੂੰ ਘਟਾ ਦਿੰਦਾ ਹੈ।

ਜੇ ਮਾਂ ਉਸ ਨਾਲ ਖੇਡੇ ਤਾਂ ਉਹ ਚੁੱਸਤ ਬਣ ਜਾਂਦਾ ਹੈ। ਮਨੋਵਿਗਿਆਨ ਦੇ ਪੱਖੋਂ ਉਹ ਸੁੱਸਤ ਹੋ ਕੇ ਆਪਣੇ ਆਪ ਨੂੰ ਮਾਂ ਦੀ ਹਾਜ਼ਰੀ ਵਿਚ ਵੀ ਗੈਰਹਾਜ਼ਰ ਕਰ ਲੈਂਦਾ ਹੈ ਅਤੇ ਉਸ ਦੀ ਇਸ ਨੀਤੀ ਨੂੰ ਅਸੀਂ ਸੁੱਸਤੀ ਦਾ ਨਾਂ ਦਿੰਦੇ ਹਾਂ।

ਬੱਚਿਆਂ ਵੱਲ ਉਨਾ ਹੀ ਧਿਆਨ ਦਿਓ ਜਿੰਨੀ ਲੋੜ ਹੈ। ਬਹੁਤਾ ਧਿਆਨ ਦੇਣ ਨਾਲ ਅਸੀਂ ਬੱਚਿਆਂ ਦੇ ਵਿਕਾਸ ਦੀ ਦਿਸ਼ਾ ਨੂੰ ਟੇਢਾ ਕਰ ਰਹੇ ਹੁੰਦੇ ਹਾਂ।

ਜਿਹੜੀਆਂ ਮਾਂਵਾਂ ਬੱਚਿਆਂ ਨੂੰ ਸਾਂਭ-ਸਾਂਭ ਰੱਖਦੀਆਂ ਹਨ, ਉਨ੍ਹਾਂ ਦੇ ਬੱਚੇ ਮੌਸਮ ਦੀ ਨਿਕੀ ਜਿਹੀ ਤਬਦੀਲੀ ਨਾਲ ਹੀ ਬੀਮਾਰ ਪੈ ਜਾਂਦੇ ਹਨ ਅਤੇ ਕਿਸੇ ਅਜਨਬੀ ਸਾਹਮਣੇ ਥੱਥਲਾਉਣ ਲਗ ਪੈਂਦੇ ਹਨ। ਜਦੋਂ ਕਿ ਗਰੀਬ ਘਰਾਂ ਦੇ ਬੱਚੇ ਸਭ ਕੁਝ ਦੇ ਬਾਵਜੂਦ ਦੌੜੇ-ਭੱਜੇ ਫਿਰਦੇ ਹਨ। ਬੱਚੇ ਛੋਟੇ-ਛੋਟੇ ਕੰਮ ਕਰਕੇ ਬੜੇ ਖੁਸ਼ ਹੁੰਦੇ ਹਨ ਅਤੇ ਉਨ੍ਹਾਂ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਆਉਂਦਾ ਹੈ, ਜਿਸ ਤੋਂ ਉਨ੍ਹਾਂ ਵਿਚ ਉਤਸ਼ਾਹ ਵੱਧਦਾ ਹੈ, ਸੋ ਬੱਚਿਆਂ ਤੋਂ ਨਿੱਕੇ-ਨਿੱਕੇ ਕੰਮ ਕਰਵਾਉਣੇ ਚਾਹੀਦੇ ਹਨ।

ਕਈ ਬੱਚੇ ਕੁਝ ਖਾਸ ਸਬਜ਼ੀਆਂ ਨਹੀਂ ਖਾਂਦੇ, ਕਾਰਨ ਇਹ ਵੀ ਹੋ ਸਕਦਾ ਹੈ ਕਿ ਮਾਂ ਨੇ ਬੱਚੇ ਦੇ ਸੁਆਦ ਨੂੰ ਧਿਆਨ ਵਿਚ ਨਹੀਂ ਰੱਖਿਆ ਹੁੰਦਾ। ਜਿਹੜੀਆਂ ਮਾਂਵਾਂ ਸਵੇਰੇ ਉੱਠ ਕੇ, ਆਪ ਤਿਆਰ ਹੋ ਕੇ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਦੀਆਂ ਹਨ, ਉਨ੍ਹਾਂ ਦੇ ਬੱਚੇ ਹੱਸਦੇ-ਹੱਸਦੇ ਸਕੂਲ ਜਾਂਦੇ ਹਨ। ਦੇਰ ਨਾਲ ਉਠਣ ਵਾਲੀਆਂ ਮਾਂਵਾਂ ਜਾਂ ਰੌਲੇ-ਰੱਪੇ ਅਤੇ ਧੌਲ-ਧੱਪੇ ਨਾਲ ਉੱਥਲ-ਪੁੱਥਲ ਮਚਾ ਦੇਣ ਵਾਲੀਆਂ ਮਾਂਵਾਂ ਦੇ ਬੱਚੇ ਕੁਝ ਵੀ ਠੀਕ ਨਹੀਂ ਕਰ ਸਕਦੇ।

ਜਿਹੜੇ ਬੱਚੇ ਨੂੰ ਮਾਂ ਵੱਲੋਂ ਲੋੜੀਂਦਾ ਧਿਆਨ ਨਹੀਂ ਮਿਲਦਾ ਜਾਂ ਬਹੁਤ ਵਧੇਰੇ ਧਿਆਨ ਮਿਲਦਾ ਹੈ, ਭਾਵਕ ਪੱਧਰ ਉਤੇ ਉਹ ਇਕ ਸੰਤੁਲਤ ਵਿਅਕਤੀ ਨਹੀਂ ਬਣਦਾ। ਉਦਾਹਰਣ ਵਜੋਂ ਲਾਡਲੇ ਬੱਚੇ ਦਬੂ ਹੋਣਗੇ ਜਦੋਂ ਕਿ ਯਤੀਮ ਬੱਚੇ ਜਾਂ ਤਾਂ ਬੜੇ ਝਗੜਾਲੂ ਅਤੇ ਲੜਾਕੇ ਹੋਣਗੇ ਜਾਂ ਬੜੇ ਲਿੱਸੜ ਅਤੇ ਦੀਨ ਹੋਣਗੇ।

ਜਿਹੜੀਆਂ ਮਾਂਵਾਂ ਮੁੱਢ ਵਿਚ ਹੀ ਬੱਚਿਆਂ ਦੀਆਂ ਆਦਤਾਂ ਘੜਨ ਵੱਲ ਅਤੇ ਚੱਜ-ਆਚਾਰ ਅਤੇ ਸਲੀਕਾ ਸਿਖਾਉਣ ਵਲ ਧਿਆਨ ਨਹੀਂ ਦਿੰਦੀਆਂ, ਉਹ ਉਨ੍ਹਾਂ ਦੇ ਮਗਰਲੇ ਜੀਵਨ ਦੇ ਅਸੰਤੁਲਨ ਲਈ ਜ਼ਿੰਮੇਵਾਰ ਹੁੰਦੀਆਂ ਹਨ।

ਬੱਚਿਆਂ ਨੂੰ ਉਪਦੇਸ਼ ਜਿਤਨਾ ਮਰਜ਼ੀ ਦਿਓ, ਉਹ ਕਰਨਗੇ ਉਵੇਂ ਜਿਵੇਂ ਮਾਤਾ ਅਤੇ ਪਿਤਾ ਕਰਦੇ ਹਨ, ਸੋ ਜਿਨ੍ਹਾਂ ਆਦਤਾਂ ਦਾ ਅਸੀਂ ਬੱਚਿਆਂ ਵਿਚ ਸੰਚਾਰ ਕਰਨਾ ਚਾਹੁੰਦੇ ਹਾਂ, ਉਨ੍ਹਾਂ ਆਦਤਾਂ ਦੀ ਉਦਾਹਰਣ ਸਾਨੂੰ ਆਪ ਬਣਨਾ ਚਾਹੀਦਾ ਹੈ।

***

ਖੇਡਾਂ

ਸਮੱਸਿਆਵਾਂ ਸੁਲਝਾਉਣਾ ਮਨੁੱਖੀ ਦਿਮਾਗ ਦੀ ਸਭ ਤੋਂ ਵੱਡੀ ਮੌਜ ਹੁੰਦੀ ਹੈ।

ਜਦੋਂ ਸਾਡੇ ਕੋਲ ਅਸਲੀ ਸਮੱਸਿਆਵਾਂ ਨਾ ਹੋਣ ਤਾਂ ਅਸੀਂ ਨਕਲੀ ਸਮੱਸਿਆਵਾਂ ਉਪਜਾ ਲੈਂਦੇ ਹਾਂ, ਜਿਨ੍ਹਾਂ ਨੂੰ ਦੂਜੇ ਸ਼ਬਦਾਂ ਵਿਚ ਖੇਡਾਂ ਕਹਿੰਦੇ ਹਨ।

ਉਦਾਹਰਣ ਵਜੋਂ ਤਾਸ਼ ਦੀ ਖੇਡ ਕੀ ਹੈ ? ਇਹ ਖੇਡ ਦੋਸਤਾਂ ਜਾਂ ਜਾਣੂਆਂ ਨਾਲ ਹੀ ਖੇਡੀ ਜਾਂਦੀ ਹੈ। ਅਸੀਂ ਇਕ-ਦੂਜੇ ਨੂੰ ਆਪਣੇ ਦੁਸ਼ਮਣ ਜਾਂ ਵਿਰੋਧੀ ਮਿੱਥ ਲੈਂਦੇ ਹਾਂ ਅਤੇ ਉਨ੍ਹਾਂ ਨੂੰ ਹਰਾਉਣ ਦਾ ਯਤਨ ਕਰਦੇ ਹਾਂ। ਜੇ ਅਸੀਂ ਸਫਲ ਹੋ ਜਾਈਏ ਤਾਂ ਖੁਸ਼ ਹੁੰਦੇ ਹਾਂ ਜੇ ਅਸਫਲ ਹੋਈਏ ਤਾਂ ਦੂਜਿਆਂ ਦੇ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ। ਇਵੇਂ ਮਨਪ੍ਰਚਾਵਾ ਵੀ ਹੋ ਜਾਂਦਾ ਹੈ, ਵਿਹਲਾ ਸਮਾਂ ਵੀ ਲੰਘ ਜਾਂਦਾ ਹੈ ਅਤੇ ਮਿਲ-ਬੈਠਣ ਦਾ ਅਵਸਰ ਮਾਣਨ ਦਾ ਅਨੁਭਵ ਵੀ ਪ੍ਰਾਪਤ ਹੁੰਦਾ ਹੈ। ਖੇਡ ਦੇ ਉਪਰੋਕਤ ਸਿਧਾਂਤ ਨੂੰ ਸਭ ਪ੍ਰਕਾਰ ਦੀਆਂ ਖੇਡਾਂ ਉਤੇ ਲਾਗੂ ਕੀਤਾ ਜਾ ਸਕਦਾ ਹੈ।

ਪੁਰਾਣੇ ਜ਼ਮਾਨੇ ਵਿਚ ਅਜਿਹੇ ਮੁਕਾਬਲੇ ਸ਼ਿਕਾਰ ਕਰਨ ਦੇ ਖੇਤਰ ਵਿਚ ਹੁੰਦੇ ਸਨ। ਸ਼ਿਕਾਰ ਕਰਨ ਵਿਚ ਜਿੱਤਣ ਜਾਂ ਸਫਲ ਹੋਣ ਦੀ ਸੰਭਾਵਨਾ ਅਤੇ ਹਾਰਨ ਜਾਂ ਅਫਸਲ ਹੋਣ ਦਾ ਡਰ ਬਣਿਆ ਰਹਿੰਦਾ ਸੀ। ਪੁਰਾਣੇ ਸਮਿਆਂ ਵਿਚ ਸ਼ਿਕਾਰ ਕੀਤੇ ਜਾਨਵਰ ਦਾਓ ਉਤੇ ਲਾਏ ਜਾਂਦੇ ਸਨ ਜਦੋਂ ਕਿ ਅੱਜ ਕੱਲ੍ਹ ਰੁਪਏ-ਪੈਸੇ ਆਦਿ ਦਾਓ ਉਤੇ ਲਗਦੇ ਹਨ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪੁਰਾਣੇ ਸਮੇਂ ਦੇ ਜੀਵਨ-ਨਿਰਬਾਹ ਦੇ ਸਾਧਨ ਅੱਜ ਕੱਲ੍ਹ ਦੇ ਮਨ-ਪ੍ਰਚਾਵੇ ਬਣ ਗਏ ਹਨ।

ਦੌੜੇ ਜਾਂਦੇ ਜ਼ਖ਼ਮੀ ਜਾਨਵਰ ਨੂੰ ਦੌੜ ਕੇ ਫੜਨਾ, ਲੰਮੀ ਛਾਲ ਨਾਲ ਖਾਲ ਟੱਪਣੀ, ਉੱਛਲ ਕੇ ਰੁਕਾਵਟ ਉਲੰਘਣੀ, ਘੋੜੇ ਦੀ ਸਵਾਰੀ ਕਰਨੀ, ਦੂਰ ਤੱਕ ਪੱਥਰ (ਗੋਲਾ) ਸੁੱਟਣਾ, ਨੇਜ਼ਾ ਚਲਾਉਣਾ, ਤਲਵਾਰ ਚਲਾਉਣੀ, ਬੇੜੀ ਰਾਹੀਂ ਪਾਣੀ ਵਾਲੇ ਰਾਹ ਪਾਰ ਕਰਨਾ ਆਦਿ ਪੁਰਾਤਨ ਮਨੁੱਖ ਦੀ ਉਪਜੀਵਕਾ ਦਾ ਆਧਾਰ ਸਨ ਪਰ ਇਹ ਅੱਜ ਕੱਲ੍ਹ ਦੀਆਂ ਅੰਤਰਰਾਸ਼ਟਰੀ ਖੇਡਾਂ ਹਨ।

ਜਿਸ ਕਿਸਮ ਦੀਆਂ ਚੁਸਤੀਆਂ ਪੁਰਾਤਨ ਜੀਵਨ ਦੇ ਸੰਦਰਭ ਵਿਚ ਜ਼ਰੂਰੀ ਸਨ, ਉਹ ਅੱਜ-ਕੱਲ੍ਹ ਵਪਾਰਕ ਦਾਓ-ਪੇਚ ਕਹਾਉਂਦੇ ਹਨ।

ਸ਼ਿਕਾਰ ਯੁਗ ਵਿਚ ਮਨੁੱਖ ਚਲਾਕੀ ਅਤੇ ਧੋਖੇ ਤੋਂ ਕੰਮ ਲੈਂਦਾ ਰਿਹਾ ਹੈ। ਇਵੇਂ ਝੂਠ ਬੋਲਣਾ, ਧੋਖਾ ਦੇਣਾ, ਭੁਚਲਾਉਣਾ, ਚਲਾਕੀ ਨਾਲ ਫਸਾਉਣਾ ਆਦਿ ਪੈਂਤੜਿਆਂ ਨੂੰ ਵਰਤ ਕੇ ਹੀ ਮਨੁੱਖ ਨੇ ਆਪਣੀ ਹੋਂਦ ਬਣਾਈ ਰਖੀ ਹੈ।

ਜਿਵੇਂ ਈਮਾਨਦਾਰੀ ਨਾਲ ਸ਼ਿਕਾਰ ਕਰਨਾ ਸੰਭਵ ਨਹੀਂ ਹੁੰਦਾ, ਉਵੇਂ ਹੀ ਮਨੁੱਖ ਨੇ ਧਾਰਨਾ ਬਣਾ ਲਈ ਹੈ ਕਿ ਈਮਾਨਦਾਰੀ ਨਾਲ ਵਪਾਰ ਨਹੀਂ ਕੀਤਾ ਜਾ ਸਕਦਾ।

ਮੱਛੀ ਫੜਨ ਵੇਲੇ ਮਨੁੱਖ ਪੈਂਤੜਾ ਤਾਂ (ਕੁੰਡੀ ਨਾਲ ਆਟਾ ਲਾ ਕੇ) ਦੋਸਤੀ ਵਾਲਾ ਵਰਤਦਾ ਹੈ ਪਰ ਦਿੰਦਾ ਧੋਖਾ ਹੈ।

ਪੁਰਾਣੇ ਜ਼ਮਾਨੇ ਵਾਂਗ ਹੁਣ ਵੀ ਖੇਡ ਵਿਚ ਆਪਣੇ ਵਿਰੋਧੀ ਦੀ ਅਗਿਆਨਤਾ ਦਾ ਪੂਰਾ ਲਾਭ ਉਠਾਉਣ ਦਾ ਯਤਨ ਕੀਤਾ ਜਾਂਦਾ ਹੈ। ਉਸ ਜ਼ਮਾਨੇ ਵਿਚ ਵੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਆਪਣੇ ਵਿਰੋਧੀ ਨੂੰ ਭੁਚਲਾ ਕੇ ਆਪਣਾ ਉੱਲੂ ਸਿੱਧਾ ਕੀਤਾ ਜਾਵੇ। ਉਦਾਹਰਣ ਵਜੋਂ ਹਾਕੀ ਨੂੰ ਖੇਡ-ਚਲਾਕੀ ਕਿਹਾ ਜਾਂਦਾ ਹੈ।

ਕੋਈ ਵੀ ਵਿਅਕਤੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਸ ਨੇ ਸਾਰੀਆਂ ਖੇਡਾਂ ਖੇਡੀਆਂ ਹਨ। ਆਧੁਨਿਕ ਯੁੱਗ ਵਿਸ਼ੇਸ਼ੱਗ ਬਣਨ ਦਾ ਯੁੱਗ ਹੈ ਅਤੇ ਖੇਡਾਂ ਇੰਨੀਆਂ ਗੁੰਝਲਦਾਰ ਹੋ ਗਈਆਂ ਹਨ ਕਿ ਕਿਸੇ ਇਕ ਖੇਡ ਵਿਚ ਮੁਹਾਰਤ ਪ੍ਰਾਪਤ ਕਰਨ ਵਿਚ ਹੀ ਜੀਵਨ ਦਾ ਸਾਰਾ ਚੁੱਸਤ ਭਾਗ ਖਰਚ ਹੋ ਜਾਂਦਾ ਹੈ।

ਜੀਵਨ ਦੇ ਹਰ ਖੇਤਰ ਵਿਚ ਵੰਨ-ਸੁਵੰਨਤਾ ਇਸ ਹੱਦ ਤੱਕ ਵੱਧ ਗਈ ਹੈ ਕਿ ਸਾਰੀਆਂ ਖੇਡਾਂ ਦਾ ਲੇਖਾ-ਜੋਖਾ ਵੀ ਸੰਭਵ ਨਹੀਂ ਪਰ ਸਾਰੀਆਂ ਖੇਡਾਂ ਦੇ ਸਿਧਾਂਤਕ ਅਤੇ ਮਨੋਵਿਗਿਆਨਕ ਆਧਾਰ ਸਾਂਝੇ ਹਨ।

ਇਸੇ ਕਾਰਨ ਕਰਕੇ ਜਿਸ ਕਿਸੇ ਨੂੰ ਕੋਈ ਇਕ ਖੇਡ ਆਉਂਦੀ ਹੈ, ਉਹ ਕਿਸੇ ਵੀ ਹੋਰ ਖੇਡ ਦੀਆਂ ਮੁਸ਼ਕਿਲਾਂ ਅਤੇ ਜੋਸ਼ ਵਾਲੀਆਂ ਸਥਿਤੀਆਂ ਸਹਿਜੇ ਹੀ ਸਮਝ ਸਕਦਾ ਹੈ ਅਤੇ ਉਨ੍ਹਾਂ ਦਾ ਆਨੰਦ ਮਾਣ ਸਕਦਾ ਹੈ।

ਖੇਡਾਂ ਦਾ ਸਥਾਨਕ ਭੂਗੋਲਿਕ ਸਥਿਤੀ ਅਤੇ ਸਭਿਆਚਾਰ ਨਾਲ ਡੂੰਘਾ ਸੰਬੰਧ ਹੁੰਦਾ ਹੈ। ਉਦਾਹਰਣ ਵਜੋਂ ਕਬੱਡੀ, ਕੁੱਸ਼ਤੀ ਆਦਿ ਪੰਜਾਬ ਦੀਆਂ ਮਨਭਾਉਂਦੀਆਂ ਖੇਡਾਂ ਹਨ। ਇਨ੍ਹਾਂ ਦੇ ਹਰਮਨ ਪਿਆਰੇ ਹੋਣ ਵਿਚ ਪੰਜਾਬ ਦਾ ਖੇਤੀਬਾੜੀ-ਪ੍ਰਧਾਨ ਹੋਣਾ ਸਭ ਤੋਂ ਵੱਡਾ ਸਹਾਈ ਕਾਰਨ ਹੈ।

ਕਬੱਡੀ ਅਤੇ ਕੁੱਸ਼ਤੀ ਸਰੀਰਕ ਤਕੜਾਈ ਅਤੇ ਕਰੜਾਈ ਦਾ ਮੁਕਾਬਲਾ ਹੁੰਦੀਆਂ ਹਨ। ਸਰੀਰਕ ਤਕੜਾਈ ਅਤੇ ਕਰੜਾਈ ਖੇਤੀਬਾੜੀ ਦੇ ਕੰਮ ਵਿਚ ਸਹਾਈ ਹੁੰਦੀ ਹੈ। ਜਿਨ੍ਹਾਂ ਦੇਸ਼ਾਂ ਵਿਚ ਜਿਸਮਾਨੀ ਤਾਕਤ ਦੀ ਲੋੜ ਘੱਟ ਪੈਂਦੀ ਹੈ, ਉਥੇ ਖੇਡਾਂ ਵੀ ਸਰੀਰਕ ਤਕੜਾਈ ਦੀ ਥਾਂ ਮਾਨਸਿਕ ਚਤੁਰਾਈ ਵਾਲੀਆਂ ਹਨ।

ਸ਼ਤਰੰਜ, ਬਰਿਜ ਆਦਿ ਮਾਨਸਿਕ ਚਤੁਰਾਈ ਦੀਆਂ ਖੇਡਾਂ ਹਨ।

ਉਂਜ ਵੀ ਅਫ਼ਸਰ ਤਬਕਾ ਬੈਡਮਿੰਟਨ, ਲਾਅਨ ਟੈਨਿਸ, ਗੋਲਫ ਆਦਿ ਹਲਕੀਆਂ-ਫੁਲਕੀਆਂ ਖੇਡਾਂ ਖੇਡਦਾ ਹੈ, ਕਿਉਂਕਿ ਉਨ੍ਹਾਂ ਨੂੰ ਹਲਕੀ-ਫੁਲਕੀ ਸਰੀਰਕ ਕਸਰਤ ਅਤੇ ਚੁੱਸਤੀ ਦੀ ਹੀ ਲੋੜ ਹੁੰਦੀ ਹੈ।

ਇਵੇਂ ਹੀ ਅਮੀਰ ਲੋਕ ਮਹਿੰਗੀਆਂ ਪਰ ਹਲਕੀਆਂ ਖੇਡਾਂ ਖੇਡਦੇ ਹਨ।

ਇਸ ਦੇ ਨਾਲ ਹੀ ਖੇਡਾਂ ਆਰਥਿਕਤਾ ਨਾਲ ਵੀ ਜੁੜੀਆਂ ਹੋਈਆਂ ਹਨ। ਉਦਾਹਰਣ ਵਜੋਂ ਕੁਸ਼ਤੀ ਅਤੇ ਕਬੱਡੀ ਪੰਜਾਬ ਦੀ ਗਰੀਬ ਕਿਰਸਾਣੀ ਦੀਆਂ ਖੇਡਾਂ ਹਨ। ਇਨ੍ਹਾਂ ਦੋਹਾਂ ਖੇਡਾਂ ਵਿਚ ਕਿਸੇ ਪ੍ਰਕਾਰ ਦੇ ਸਾਜ਼-ਸਾਮਾਨ ਦੀ ਲੋੜ ਨਹੀਂ ਪੈਂਦੀ, ਸਗੋਂ ਖੇਡਣ ਵਾਲਿਆਂ ਨੂੰ ਪਾਏ ਹੋਏ ਕਪੜੇ ਵੀ ਲਾਹੁਣੇ ਪੈਂਦੇ ਹਨ।

ਇਵੇਂ ਹੀ ਹਾਕੀ ਪੰਜਾਬ ਦੀ ਥੋੜ੍ਹੀ ਜਿਹੀ ਖੁਸ਼ਹਾਲ ਕਿਰਸਾਣੀ ਦੀ ਖੇਡ ਹੈ। ਹਾਕੀ ਨੂੰ ਪੰਜਾਬੀਆਂ ਨੇ ਅਪਣਾ ਲਿਆ ਹੈ ਅਤੇ ਇਹ ਉਨ੍ਹਾਂ ਦੇ ਨਾਂ ਨਾਲ ਜੁੜ ਗਈ ਹੈ ਪਰ ਜਿਹੋ ਜਿਹੀ ਹਾਕੀ ਅਸੀਂ ਖੇਡਦੇ ਹਾਂ ਉਹ ਪੰਜਾਬੀ ਖੇਡ ਨਹੀਂ ਸਗੋਂ ਟੱਲੇ ਮਾਰਨ ਦਾ ਅੰਤਰਰਾਸ਼ਟਰੀ ਰੂਪ ਹੈ।

ਕ੍ਰਿਕਟ ਅਮੀਰ ਅਤੇ ਖੁਸ਼ਹਾਲ ਮੁਲਕ (ਬਰਤਾਨਵੀ ਸਾਮਰਾਜ) ਦੀ ਖੇਡ ਰਹੀ ਹੈ। ਇਸ ਖੇਡ ਦਾ ਪ੍ਰਭਾਵ ਵੀ ਉਨ੍ਹਾਂ ਮੁਲਕਾਂ ਉੱਤੇ ਪਿਆ ਹੈ, ਜਿਹੜੇ ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਰਹੇ ਹਨ, ਕਿਉਂਕਿ ਇਹ ਆਰਥਿਕ ਪੱਖੋਂ ਹਾਕਮ-ਜਮਾਤ ਦੀ ਖੇਡ ਰਹੀ ਹੈ ਇਸੇ ਲਈ ਹਾਕਮ-ਜਮਾਤ ਪ੍ਰਤੀ ਆਪਣਾ ਵਿਰੋਧ ਪ੍ਰਗਟਾਉਣ ਲਈ ਕਈ ਵਾਰੀ ਗਰੀਬ ਖਿਡਾਰੀ ਇਸ ਨੂੰ ਵਿਹਲੜਾਂ ਦੀ ਖੇਡ ਕਹਿੰਦੇ ਹਨ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਜਿਸ ਪ੍ਰਕਾਰ ਦੇ ਲੋਕ ਇਹ ਖੇਡ ਖੇਡਦੇ ਹਨ, ਉਨ੍ਹਾਂ ਕੋਲ ਸਮੇਂ ਅਤੇ ਪੈਸੇ ਦੀ ਕਦੀ ਘਾਟ ਨਹੀਂ ਰਹੀ।

ਜਿਨ੍ਹਾਂ ਮੁਲਕਾਂ ਨੇ ਕ੍ਰਿਕਟ ਖੇਡ ਅਪਣਾਈ ਹੈ, ਉੱਥੇ ਵੀ ਇਹ ਹਾਕਮ ਜਮਾਤਾਂ ਦੇ ਸਾਹਿਬਜ਼ਾਦਿਆਂ ਜਾਂ ਅਮੀਰਜ਼ਾਦਿਆਂ ਦੀ ਖੇਡ ਬਣ ਗਈ ਹੈ। ਭਾਰਤ ਵਿਚ ਇਸ ਖੇਡ ਦੀ ਸ਼ਾਨ-ਸ਼ੌਕਤ ਸਾਹਮਣੇ ਹਾਕੀ, ਫੁੱਟਬਾਲ ਆਦਿ ਬੜੀਆਂ ਨਿਮਾਣੀਆਂ ਖੇਡਾਂ ਹਨ ਅਰਥਾਤ ਇਹ ਗਰੀਬ ਘਰਾਂ ਦੇ ਮੁੰਡਿਆਂ ਦੇ ਖੇਡਣ ਲਈ ਹੀ ਰਹਿ ਗਈਆਂ ਹਨ।

ਹਰ ਖੇਡ ਦੇ ਕੁਝ ਨਿਯਮ ਹੁੰਦੇ ਹਨ। ਉਦਾਹਰਣ ਵਜੋਂ ਹਾਕੀ ਦੇ ਨਿਯਮ ਫੁੱਟਬਾਲ ਜਾਂ ਵਾਲੀਬਾਲ ਦੇ ਨਿਯਮਾਂ ਤੋਂ ਭਿੰਨ ਹਨ। ਨਿਯਮਾਂ ਦੀ ਭਿੰਨਤਾ ਦੇ ਬਾਵਜੂਦ ਸਾਰੀਆਂ ਖੇਡਾਂ ਦਾ ਸਿਧਾਂਤ ਇਕ ਹੈ।

ਇਹ ਸਿਧਾਂਤ ਹਿੱਤਾਂ ਦਾ ਵਿਰੋਧ ਹੈ। ਦੋਵੇਂ ਧਿਰਾਂ ਹਰ ਹੀਲੇ ਜਿੱਤਣਾ ਚਾਹੁੰਦੀਆਂ ਹਨ। ਕਿਉਂਕਿ ਖੇਡਾਂ, ਮੁਕਾਬਲੇ ਦੇ ਨਕਲੀ ਅਵਸਰ ਪ੍ਰਦਾਨ ਕਰਦੀਆਂ ਹਨ, ਕੁਝ ਲੋਕ ਖਿਡਾਰੀਆਂ ਦੇ ਰੂਪ ਵਿਚ ਇਨ੍ਹਾਂ ਨੂੰ ਖੇਡ ਕੇ ਆਨੰਦ ਮਾਣਦੇ ਹਨ ਅਤੇ ਲੋਕਾਂ ਦੀ ਵੱਡੀ ਗਿਣਤੀ ਖੇਡਣ ਵਾਲਿਆਂ ਨੂੰ ਵੇਖ ਕੇ ਖੁਸ਼ ਹੁੰਦੀ ਹੈ।

ਜਿਨ੍ਹਾਂ ਦੇਸ਼ਾਂ ਵਿਚ ਰਾਜਸੀ ਆਗੂ ਭ੍ਰਿਸ਼ਟ ਹੋ ਜਾਂਦੇ ਹਨ, ਉੱਥੋਂ ਦੇ ਲੋਕ ਖਿਡਾਰੀਆਂ ਅਤੇ ਫਿਲਮ-ਅਦਾਕਾਰਾਂ ਨੂੰ ਆਪਣੇ ਨਾਇਕ ਮਿੱਥ ਲੈਂਦੇ ਹਨ।

ਖੇਡਾਂ ਇਸ ਲਈ ਵੀ ਹਰਮਨ ਪਿਆਰੀਆਂ ਹੋ ਰਹੀਆਂ ਹਨ, ਕਿਉਂਕਿ ਇਨ੍ਹਾਂ ਵਿਚ ਜਿੱਤ-ਹਾਰ ਦਾ ਨਿਰਣਾ ਬਿਨਾਂ ਕਿਸੇ ਦੇਰੀ ਦੇ ਸਪਸ਼ਟ ਹੋ ਜਾਂਦਾ ਹੈ।

ਇਵੇਂ ਖੇਡਾਂ ਮੁਕਾਬਲੇ ਦੀ ਬਿਰਤੀ ਨੂੰ ਪ੍ਰਚੰਡ ਕਰਦੀਆਂ ਹਨ ਅਤੇ ਆਪਣੇ ਹਿੱਤਾਂ ਪ੍ਰਤੀ ਸੁਚੇਤ ਹੋਣ ਦੀ ਭਾਵਨਾ ਜਗਾਉਂਦੀਆਂ ਹਨ।

ਹਿੱਤਾਂ ਦਾ ਵਿਰੋਧ ਖੇਡਾਂ ਵਿਚ ਹੀ ਨਹੀਂ, ਜੀਵਨ ਦੇ ਹਰ ਖੇਤਰ ਵਿਚ ਵਿਦਮਾਨ ਹੈ।

ਆਪਣੇ ਕਿਸੇ ਇਕ ਦਿਨ ਦੇ ਕਾਰਜ ਦੀ ਕਲਪਨਾ ਕਰੋ, ਹਰ ਪੜਾਅ ਉਤੇ ਸਾਨੂੰ ਵਿਰੋਧਤਾ ਦਾ ਸਾਹਮਣਾ ਕਰਦਿਆਂ, ਆਪਣੇ ਹਿੱਤਾਂ ਦੀ ਰੱਖਿਆ ਕਰਨੀ ਪੈਂਦੀ ਹੈ।

ਸਾਰਾ ਜੀਵਨ ਅਤੇ ਜੀਵਨ ਦੇ ਅਨੁਭਵਾਂ ਨੂੰ ਪ੍ਰਗਟਾਉਣ ਵਾਲਾ ਸਾਰਾ ਸਾਹਿਤ ਹਿੱਤਾਂ ਦੀ ਟੱਕਰ ਹੀ ਤਾਂ ਹੈ। ਕਿੱਸਾ-ਕਾਵਿ, ਵਾਰ-ਸਾਹਿਤ, ਅਤੇ ਨਾਟਕ ਤਾਂ ਹੈ ਹੀ ਦੋ ਵਿਰੋਧੀ ਧਿਰਾਂ ਦੀ ਆਪਸੀ ਟੱਕਰ। ਹਰ ਧਰਮ ਦੀ ਬਾਣੀ, ਧਰਮ ਅਤੇ ਅਧਰਮ, ਗੁਰਮੁਖ ਅਤੇ ਮਨਮੁਖ ਦੀ ਟੱਕਰ ਨੂੰ ਪੇਸ਼ ਕਰਦੀ ਹੈ।

ਖੇਡਾਂ ਹੀ ਨਹੀਂ ਸਗੋਂ ਕਿਸੇ ਵੀ ਟੱਕਰ ਵਿਚੋਂ ਸਾਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਹਿੱਤਾਂ ਦੀ ਟੱਕਰ, ਮਾਲਕਾਂ ਅਤੇ ਮਜ਼ਦੂਰਾਂ ਵਿਚ, ਹਕੂਮਤ ਅਤੇ ਪਰਜਾ ਵਿਚ, ਰਾਜਨੀਤਕ ਪਾਰਟੀਆਂ ਵਿਚ, ਵਿਆਹ ਸਮੇਂ ਦੋ ਟੱਬਰਾਂ ਵਿਚ, ਪੁਰਸ਼ ਅਤੇ ਇਸਤਰੀ ਵਿਚ, ਹਰ ਸਮੇਂ ਚਲਦੀ ਹੀ ਰਹਿੰਦੀ ਹੈ।

ਜੰਗਾਂ ਵਾਂਗ ਹੀ ਚੋਣਾਂ ਵੀ ਮੈਚ ਹਨ ਅਤੇ ਇਹ ਵੀ ਖੇਡਾਂ ਦੇ ਸਿਧਾਂਤਕ ਆਧਾਰਾਂ ਅਨੁਸਾਰ ਹੀ ਲੜੀਆਂ ਜਾਂਦੀਆਂ ਹਨ, ਇਸੇ ਕਰਕੇ ਜੰਗਾਂ, ਚੋਣਾਂ ਅਤੇ ਖੇਡਾਂ ਵਿਚਲੀ ਸ਼ਬਦਾਵਲੀ ਇਕ-ਦੂਜੇ ਵਰਤਾਰੇ ਲਈ ਵਰਤੀ ਜਾਣ ਲਗ ਪਈ ਹੈ।

ਟੱਕਰ ਨੂੰ ਜਿਉਂਦਾ ਰੱਖਣ ਲਈ ਸੰਘਰਸ਼ ਅਰਥਾਤ ਜੱਦੋ-ਜਹਿਦ ਚਲਦੀ ਰਹਿੰਦੀ ਹੈ। ਖੇਡਾਂ ਵਿਚ ਇਹ ਟੱਕਰ ਜਿਸਮਾਨੀ ਹੁੰਦੀ ਹੈ, ਜਦੋਂ ਕਿ ਪਿਆਰ ਵਿਚ ਇਹ ਭਾਵਨਾਤਮਿਕ ਅਤੇ ਰਾਜਨੀਤੀ ਵਿਚ ਇਹ ਆਰਥਿਕ ਰੂਪ ਧਾਰ ਲੈਂਦੀ ਹੈ।

ਕੁਝ ਬੰਦੇ ਹਾਕੀ, ਫੁਟਬਾਲ ਵਿਚ ਰੁੱਝੇ ਹੋਏ ਹਨ, ਕੁਝ ਰਾਜਨੀਤਕ ਅਖਾੜੇ ਵਿਚ ਗੁੱਥਮਗੁੱਥਾ ਹੋ ਰਹੇ ਹਨ, ਕੁਝ ਵਪਾਰ ਵਿਚ ਇਕ ਦੂਜੇ ਤੋਂ ਅੱਗੇ ਲੰਘਣ, ਵਧੇਰੇ ਗੋਲ ਕਰਨ ਅਰਥਾਤ ਵਧੇਰੇ ਮੁਨਾਫ਼ਾ ਕਮਾਉਣ ਦੀ ਦੌੜ ਵਿਚ ਗਲਤਾਨ ਹਨ ਅਤੇ ਕੁਝ ਸਾਹਿਤ ਵਿਚ ਆਪਣੀ ਕਲਪਨਾ ਦੇ ਸਹਾਰੇ ਟੱਕਰ ਉਸਾਰ ਰਹੇ ਹਨ। ਜਿਨ੍ਹਾਂ ਦਾ ਕੋਈ ਵੱਸ ਨਹੀਂ ਚਲਦਾ, ਉਹ ਆਪਣੀ ਕਿਸਮਤ ਨਾਲ ਟੱਕਰਾਂ ਮਾਰ ਰਹੇ ਹਨ ਅਤੇ ਹਾਰੇ ਹੋਏ ਖਿਡਾਰੀਆਂ ਵਾਂਗ ਵਿਹਾਰ ਕਰ ਰਹੇ ਹਨ।

ਇਵੇਂ ਸੰਸਾਰ ਵੰਨ-ਸੁਵੰਨੀਆਂ ਖੇਡਾਂ ਦਾ ਇਕ ਨਿਰੰਤਰ ਅਖਾੜਾ ਹੈ, ਜਿਸ ਨੂੰ ਜਗਤ-ਤਮਾਸ਼ਾ ਕਿਹਾ ਗਿਆ ਹੈ। ਹੁਣ ਹਰ ਚਾਰ ਸਾਲ ਮਗਰੋਂ ਉਲਿੰਪਕ ਖੇਡਾਂ ਦੌਰਾਨ ਹਰ ਦੇਸ਼ ਸਮੁੱਚੇ ਸੰਸਾਰ ਨਾਲ ਟਕਰਾਉਂਦਾ ਹੈ।

ਗਣਿਤ-ਵਿਗਿਆਨ ਨੇ ਖੇਡਾਂ ਦੇ ਸਿਧਾਂਤਕ ਪੱਖ ਨੂੰ ਖੋਜ ਦਾ ਵਿਸ਼ਾ ਸਵੀਕਾਰ ਕਰ ਲਿਆ ਹੈ। ਇਸ ਸਿਧਾਂਤ ਅਨੁਸਾਰ ਅਸਲ ਟੱਕਰ ਵਿਚ ਦੋ ਵਿਅਕਤੀ ਹੀ ਆਹਮਣੇ ਸਾਹਮਣੇ ਟੱਕਰਦੇ ਹਨ, ਅਸਲ ਟੱਕਰ ਹੈ ਹੀ ਦੋ ਖਿਡਾਰੀਆਂ ਦੀ, ਬਾਕੀ ਸਭ ਕੁਝ ਇਨ੍ਹਾਂ ਦੋ ਖਿਡਾਰੀਆਂ ਜਾਂ ਕਪਤਾਨਾਂ ਦੇ ਸੰਦਰਭ ਵਿਚ ਹੀ ਹੁੰਦਾ ਹੈ। ਬਾਕੀ ਸਾਰੇ ਖਿਡਾਰੀ ਇਨ੍ਹਾਂ ਦੋ ਖਿਡਾਰੀਆਂ ਦੀਆਂ ਭੁਜਾਵਾਂ ਹਨ ਅਰਥਾਤ ਉਨ੍ਹਾਂ ਦਾ ਅੰਗ-ਵਿਸਥਾਰ ਹਨ ਜਾਂ ਇਵੇਂ ਕਹਿ ਲਵੋ ਕਿ ਦੋ ਕੈਪਟਨ ਆਪਣੀ ਬਰਾਬਰ ਦੀ ਸਮਰੱਥਾ ਨਾਲ ਭਿੜਦੇ ਹਨ। ਇਹ ਸਮਰੱਥਾ ਟੀਮ ਤੋਂ ਪ੍ਰਾਪਤ ਹੁੰਦੀ ਹੈ।

ਉਦਾਹਰਣ ਵਜੋਂ ਫੁਲਬੈਕ ਦੀ ਫੁਲਬੈਕ ਨਾਲ ਟੱਕਰ ਹੈ। ਇਵੇਂ ਜੰਗ ਵਿਚ ਟੈਂਕ ਵਾਲਾ ਟੈਂਕ ਵਾਲੇ ਨਾਲ ਭਿੜਦਾ ਹੈ। ਬਾਕੀ ਸਾਰੇ ਟੱਕਰ ਵਿਚ ਰੁੱਝੇ ਹੋਏ ਇਕ ਕਮਾਂਡਰ ਦੇ ਸਹਿਯੋਗ ਲਈ ਹਨ। ਹਾਕੀ ਵਿਚ ਗੇਂਦ ਇਕ ਸਮੇਂ ਇਕ ਦੇ ਅਧਿਕਾਰ ਵਿਚ ਹੀ ਹੋਵੇਗੀ ਅਤੇ ਉਸ ਨੂੰ ਅਕਸਰ ਇਕ ਹੀ ਵਿਰੋਧੀ ਹਥਿਆਉਣ ਦੀ ਕੋਸ਼ਿਸ਼ ਕਰੇਗਾ।

ਸ਼ਤਰੰਜ ਵਿਚ ਟੱਕਰ ਦੋ ਵਿਰੋਧੀ ਰਾਜਿਆਂ ਵਿਚ ਹੁੰਦੀ ਹੈ, ਪਿਆਦੇ, ਘੋੜੇ, ਹਾਥੀ ਆਦਿ ਤਾਂ ਉਨ੍ਹਾਂ ਦੀ ਟੱਕਰ ਦੇ ਵੱਖ-ਵੱਖ ਪੱਖ ਹਨ।

ਟੱਕਰ, ਖੇਡ ਉਸ ਸਮੇਂ ਬਣਦੀ ਹੈ ਜਦੋਂ ਟੱਕਰ ਦੇ ਸਾਰੇ ਪੱਖਾਂ ਨੂੰ ਨਿਯਮਬੱਧ ਕਰ ਦਿੱਤਾ ਜਾਵੇ ਅਤੇ ਅਜਿਹੇ ਨਿਯਮ ਇਸ ਹੱਦ ਤਕ ਸਪਸ਼ਟ ਹੋ ਜਾਣ ਕਿ ਉਸ ਖੇਡ ਵਿਚ ਮਾੜੀ-ਮੋਟੀ ਦਿਲਚਸਪੀ ਰੱਖਣ ਵਾਲਾ ਵਿਅਕਤੀ ਵੀ ਸਮਝ ਸਕੇ ਕਿ ਟੱਕਰ ਕਿਹੜੀਆਂ ਦੋ ਧਿਰਾਂ ਵਿਚ ਹੈ ਅਤੇ ਟੱਕਰ ਦੀ ਕਿਸਮ ਕੀ ਹੈ, ਜਿਵੇਂ ਕਬੱਡੀ ਵਿਚ ਛੂਹਣਾ, ਫੁਟਬਾਲ ਵਿਚ ਗੋਲ ਕਰਨਾ ਅਤੇ ਬਾਸਕਟ ਬਾਲ ਵਿਚ ਬਾਲ ਨੂੰ ਬਾਸਕਟ ਵਿਚੋਂ ਲੰਘਾਉਣਾ।

ਖੇਡ ਦੇ ਸਪਸ਼ਟ ਨਿਯਮ ਅਤੇ ਵੇਖਣ ਵਾਲੇ ਦੀ ਦਿਲਚਸਪੀ ਜ਼ਰੂਰੀ ਆਧਾਰ ਹਨ, ਨਹੀਂ ਤਾਂ ਬੜੀਆਂ ਹਾਸੋਹੀਣੀਆਂ ਸਥਿਤੀਆਂ ਉਪਜ ਸਕਦੀਆਂ ਹਨ, ਜਿਵੇਂ ਇਕ ਵਾਰੀ ਇਕ ਅਰਬ ਮੁਲਕ ਦੇ ਇਕ ਸ਼ਹਿਜ਼ਾਦੇ ਨੇ ਭਾਰਤ ਵਿਚ ਫੁੱਟਬਾਲ ਦਾ ਇਕ ਮੈਚ ਦੇਖਣ ਉਪਰੰਤ ਕਿਹਾ ਸੀ, "ਭਾਰਤ ਬੜਾ ਗਰੀਬ ਮੁਲਕ ਹੈ, ਇਥੇ ਤਾਂ ਵੀਹ-ਬਾਈ ਬੰਦੇ ਇਕ ਹੀ ਬਾਲ ਨਾਲ ਖੇਡਦੇ ਹਨ।"

ਨਿਯਮਾਂ ਦੀ ਸਪਸ਼ਟਤਾ ਸੰਬੰਧੀ ਪਹਿਲੀ ਲੋੜ ਇਹ ਹੁੰਦੀ ਹੈ ਕਿ ਵੇਖਣ ਵਾਲਾ ਅਤੇ ਖੇਡਣ ਵਾਲਾ ਵੀ ਦੋ ਵਿਰੋਧੀ ਧਿਰਾਂ ਦੀ ਪਛਾਣ ਸਹਿਜੇ ਹੀ ਕਰ ਸਕੇ।

ਇਸੇ ਕਰਕੇ ਦੋ ਵਿਰੋਧੀ ਧਿਰਾਂ ਅਰਥਾਤ ਟੀਮਾਂ ਦੀਆਂ ਵਰਦੀਆਂ ਸਪਸ਼ਟ ਭਾਂਤ ਵੱਖਰੇ ਰੰਗਾਂ ਦੀਆਂ ਹੁੰਦੀਆਂ ਹਨ।

ਹਰ ਖੇਡ ਦਾ ਇਨਾਮ ਭਾਵਨਾਤਮਿਕ ਅਰਥ ਭਾਵੇਂ ਰੱਖਦਾ ਹੋਵੇ, ਪਰ ਇਸ ਦਾ ਉਂਝ ਬਹੁਤਾ ਮਹੱਤਵ ਨਹੀਂ ਹੁੰਦਾ। ਇਹ ਇਸ ਲਈ ਜ਼ਰੂਰੀ ਹੈ ਕਿ ਖੇਡਾਂ ਦਾ ਮੁੱਖ ਉਦੇਸ਼ ਜਿੱਤਣਾ, ਹਰਾਉਣਾ ਨਹੀਂ ਸਗੋਂ ਮਨ-ਪ੍ਰਚਾਵਾ ਕਰਨਾ ਅਤੇ ਮਿੱਤਰਤਾ ਵਧਾਉਣਾ ਹੁੰਦਾ ਹੈ। ਜੇਕਰ ਇਹ ਐਲਾਨ ਕੀਤਾ ਜਾਵੇ ਕਿ ਹਾਰਨ ਵਾਲੀ ਟੀਮ ਦੇ ਖਿਡਾਰੀਆਂ ਨੂੰ ਫਾਂਸੀ ਚੜ੍ਹਾ ਦਿੱਤਾ ਜਾਵੇਗਾ ਤਾਂ ਖੇਡਾਂ ਸੰਬੰਧੀ ਦ੍ਰਿਸ਼ਟੀਕੋਣ ਤਾਂ ਬਦਲੇਗਾ ਹੀ, ਖੇਡਾਂ ਵੀ ਬੜੀਆਂ ਖੂੰਖਾਰ ਹੋ ਜਾਣਗੀਆਂ।

ਸਪੋਰਟਸਮੈਨਸ਼ਿਪ ਦਾ ਆਧਾਰ ਵੀ, ਇਨਾਮ ਦਾ ਨਿਰਗੁਣਾਪਣ ਹੀ ਸਿੱਧ ਕਰਨਾ ਹੁੰਦਾ ਹੈ। ਪ੍ਰਚਾਰ ਕੀਤਾ ਜਾਂਦਾ ਹੈ ਕਿ ਉਦੇਸ਼ ਇਨਾਮ ਪ੍ਰਾਪਤ ਕਰਨਾ ਨਹੀਂ ਹੋਣਾ ਚਾਹੀਦਾ ਸਗੋਂ ਚੰਗਾ ਖੇਡਣਾ ਹੋਣਾ ਚਾਹੀਦਾ ਹੈ। ਹਿੰਸਾਤਮਕ ਵਿਰੋਧਾਂ ਨੂੰ ਖੇਡਾਂ ਅਤੇ ਵਿਰੋਧੀਆਂ ਨੂੰ ਖਿਡਾਰੀ ਕਹਿ ਕੇ ਸੰਘਰਸ਼ ਨੂੰ ਮਨੋਵਿਗਿਆਨਕ ਪੱਖ ਤੋਂ ਸੁਖਾਵਾਂ, ਦਿਲਚਸਪ ਅਤੇ ਉਸਾਰੂ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ।

ਕਿਸਮਤ ਦਾ ਅੰਸ਼ ਖੇਡਾਂ ਵਿਚੋਂ ਲੋਪ ਹੁੰਦਾ ਜਾ ਰਿਹਾ ਹੈ। ਕਿਉਂਕਿ ਇਕ ਮੈਚ ਨਹੀਂ

ਮੈਚਾਂ ਦੀ ਲੜੀ ਖੇਡੀ ਜਾਂਦੀ ਹੈ, ਤਾਂ ਜੋ ਉਹੀ ਟੀਮ ਜਾਂ ਟੋਲਾ ਜੇਤੂ ਕਰਾਰ ਦਿੱਤਾ ਜਾਵੇ, ਜਿਹੜਾ ਅਸਲ ਵਿਚ ਵਧੇਰੇ ਮਾਹਿਰ ਹੋਵੇ।

ਕ੍ਰਿਕਟ ਦੇ ਆਮ ਕਰਕੇ ਪੰਜ ਮੈਚ ਖੇਡੇ ਜਾਂਦੇ ਹਨ। ਲਾਅਨ ਟੈਨਿਸ, ਟੇਬਲ ਟੈਨਿਸ ਆਦਿ ਦੇ ਵੀ ਕਈ ਸੈੱਟ ਖੇਡੇ ਜਾਂਦੇ ਹਨ ਤਾਂ ਕਿ ਕਿਸਮਤ ਵਾਲੀ ਗੱਲ ਦਾ ਭੋਗ ਪਾਇਆ ਜਾ ਸਕੇ। ਫਿਰ ਵੀ ਜਿਨ੍ਹਾਂ ਲੋਕਾਂ ਨੂੰ ਆਪਣੀ ਮਿਹਨਤ ਉਤੇ ਵਿਸ਼ਵਾਸ ਨਹੀਂ ਹੁੰਦਾ, ਉਹ ਸੰਸਕਾਰਾਂ ਦੇ ਵੱਸ, ਆਪਣੀ ਜਿੱਤ-ਹਾਰ ਨੂੰ ਕਿਸਮਤ ਨਾਲ ਜੋੜ ਦਿੰਦੇ ਹਨ।

ਜਿੱਥੇ ਕਿਧਰੇ ਕਿਸੇ ਟੀਮ ਨੂੰ ਵਾਕਓਵਰ ਮਿਲਦਾ ਹੈ ਜਾਂ ਉਸ ਨੂੰ ਸੰਘਰਸ਼ ਤੋਂ ਬਿਨਾਂ ਹੀ ਜਿੱਤ ਪ੍ਰਾਪਤ ਹੁੰਦੀ ਹੈ, ਉਸ ਜਿੱਤ ਦਾ ਨਾ ਤਾਂ ਪੂਰਾ ਮਾਣ ਹੁੰਦਾ ਹੈ ਅਤੇ ਨਾ ਹੀ ਪੂਰਾ ਸਤਿਕਾਰ ਕੀਤਾ ਜਾਂਦਾ ਹੈ।

ਖੇਡ ਉਦੋਂ ਚਮਕਦੀ ਹੈ ਜਦੋਂ ਦੋਵੇਂ ਟੀਮਾਂ ਬਰਾਬਰ ਦੀਆਂ ਸ਼ਕਤੀਸ਼ਾਲੀ ਹੋਣ। ਇਸ ਨਾਲ ਨਾ ਕੇਵਲ ਉਤਸੁਕਤਾ ਹੀ ਉਪਜਦੀ ਹੈ, ਸਗੋਂ ਵੇਖਣ ਵਾਲਿਆਂ ਵਿਚ ਵੀ ਜੋਸ਼ ਉਪਜਦਾ ਹੈ ਅਤੇ ਨਿਰਪੱਖਤਾ ਆਉਂਦੀ ਹੈ। ਇਸ ਸਥਿਤੀ ਵਿਚ ਅਸੀਂ ਅਚੇਤ ਤੌਰ ਉਤੇ ਡਾਰਵਿਨ ਦੇ ਸਿਧਾਂਤ (ਤਗੜਾ ਹੀ ਜਿਉਂਦਾ ਰਹੇਗਾ) ਦੇ ਸੰਦਰਭ ਵਿਚ ਮਨੁੱਖੀ ਇਤਿਹਾਸ ਨੂੰ ਮੁੜ ਜਿਉਂ ਰਹੇ ਹੁੰਦੇ ਹਾਂ।

ਜੇ ਦੋਵੇਂ ਟੀਮਾਂ ਬਰਾਬਰ ਹੋਣ ਤਾਂ ਉਨ੍ਹਾਂ ਦੀ ਜਿੱਤ-ਹਾਰ ਦੀ ਸੰਭਾਵਨਾ ਵੀ ਬਰਾਬਰ ਹੁੰਦੀ ਹੈ। ਸਿਧਾਂਤਕ ਤੌਰ ਉਤੇ ਇਵੇਂ ਕਿਹਾ ਜਾ ਸਕਦਾ ਹੈ ਕਿ ਉਹ ਟੀਮ ਹਾਰੇਗੀ, ਜਿਹੜੀ ਵਧੇਰੇ ਗਲਤੀਆਂ ਕਰੇਗੀ।

ਜੇ ਇਕ ਟੀਮ ਗਲਤੀਆਂ ਕਰਦੀ ਜਾਵੇ ਪਰ ਦੂਜੀ ਟੀਮ ਉਨ੍ਹਾਂ ਦਾ ਲਾਭ ਨਾ ਉਠਾਵੇ ਤਾਂ ਸਿਧਾਂਤਕ ਤੌਰ ਉਤੇ ਦੋਵੇਂ ਟੀਮਾਂ ਬਰਾਬਰ ਰਹਿਣ ਗੀਆਂ। ਇਵੇਂ ਖੇਡਾਂ ਦੇ ਸਿਧਾਂਤਾਂ ਨੂੰ ਜੀਵਨ ਦੇ ਸਾਰੇ ਪੱਖਾਂ (ਜੰਗ, ਵਪਾਰ, ਰਾਜਨੀਤੀ ਆਦਿ) ਉਤੇ ਅਸੀਂ ਸਹਿਜੇ ਹੀ ਲਾਗੂ ਕਰ ਸਕਦੇ ਹਾਂ।

ਫੌਜੀ ਕਮਾਂਡਰ ਨੇ ਜੰਗ ਦੇ ਮੈਦਾਨ ਵਿਚ, ਇਕ ਟੀਮ ਦੇ ਕਪਤਾਨ ਵਾਂਗ, ਫੌਜਾਂ ਨੂੰ ਵੱਖ-ਵੱਖ ਪੋਜੀਸ਼ਨਾਂ ਪ੍ਰਦਾਨ ਕਰਨੀਆਂ ਹੁੰਦੀਆਂ ਹਨ।

ਮੁਕਾਬਲੇ ਦੀ ਕਿਸੇ ਵੀ ਸਥਿਤੀ ਨੂੰ ਖੇਡਾਂ ਦੇ ਸਿਧਾਂਤਾਂ ਦੇ ਆਧਾਰ ਉਤੇ ਪਰਖਿਆ, ਘੋਖਿਆ ਜਾ ਸਕਦਾ ਹੈ ਅਤੇ ਲੋੜੀਂਦੇ ਸਬਕ ਸਿਖੇ ਜਾ ਸਕਦੇ ਹਨ।

ਖੇਡਾਂ ਅਸੀਂ ਇਸ ਲਈ ਖੇਡਦੇ ਹਾਂ, ਕਿਉਂਕਿ ਸਾਰੀ ਜ਼ਿੰਦਗੀ ਇਕ ਖੇਡ ਦੇ ਅਸੂਲਾਂ ਉਤੇ ਉਸਰੀ ਪਈ ਹੈ ਅਤੇ ਸਾਡੀ ਜਥੇਬੰਦੀ, ਸਾਡਾ ਸਿਧਾਂਤਕ ਪੱਖ, ਸਾਡਾ ਅਭਿਆਸ, ਸਾਡੀ ਤਿਆਰੀ, ਆਪਸੀ ਸਹਿਯੋਗ ਆਦਿ ਦੀ ਵਿਉਂਤ ਜੀਵਨ ਵਿਚ ਸਾਡੀ ਸਫਲਤਾ ਜਾਂ ਸਾਡੀ ਅਸਫਲਤਾ ਨੂੰ ਨਿਰਧਾਰਤ ਕਰਦੀ ਹੈ।

ਰਾਜਨੀਤੀ ਅਤੇ ਆਰਥਿਕਤਾ ਦੇ ਖੇਤਰਾਂ ਵਿਚ ਸਾਰਾ ਅਜੋਕਾ ਸੰਸਾਰ, ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਦੋ ਟੀਮਾਂ ਵਿਚ ਵੰਡਿਆ ਹੋਇਆ ਹੈ।

ਦੋਹਾਂ ਧਿਰਾਂ ਦੇ ਕਰੋੜਾਂ ਖਿਡਾਰੀਆਂ ਵਿਚ ਮੈਚ ਨਿਰੰਤਰ ਜਾਰੀ ਹੈ।

ਚਾਲ੍ਹੀਵਾਂ ਸਾਲ

ਜਦ ਸਾਲ ਚਾਲ੍ਹੀਵਾਂ ਚੜ੍ਹਦਾ ਹੈ ਤਾਂ ਆਮ ਕਰਕੇ ਸਾਰੇ ਸਾਧਾਰਨ ਵਿਅਕਤੀਆਂ ਦੀ ਸੋਚ ਵਿਚ ਕਈ ਤਬਦੀਲੀਆਂ ਆਉਂਦੀਆਂ ਹਨ।

ਚਾਲ੍ਹੀਵੇਂ ਜਾਂ ਇਸ ਦੇ ਨੇੜੇ-ਤੇੜੇ ਦੇ ਸਾਲਾਂ ਵਿਚ ਲਗਭਗ ਸਾਰੇ ਸਾਧਾਰਨ ਵਿਅਕਤੀ ਕੁਝ ਸਮੇਂ ਲਈ ਨਿਰਾਸ਼ ਹੁੰਦੇ ਹਨ।

ਇਸ ਨਿਰਾਸਤਾ ਦੇ ਕਈ ਕਾਰਨ ਅਤੇ ਪ੍ਰਕਾਰ ਹਨ ਜਿਵੇਂ, ਜਿਨ੍ਹਾਂ ਨੂੰ ਠੀਕ ਕਿਸਮ ਦਾ ਰੁਜ਼ਗਾਰ ਨਹੀਂ ਮਿਲਿਆ ਹੁੰਦਾ, ਉਹ ਨਵੇਂ ਰੁਜ਼ਗਾਰ ਦੀ ਆਸ ਲਾਹ ਦਿੰਦੇ ਹਨ; ਜਿਨ੍ਹਾਂ ਦੇ ਬੱਚੇ ਨਹੀਂ ਹੋਏ ਹੁੰਦੇ, ਉਹ ਬੱਚਿਆਂ ਦੀ ਆਸ ਛੱਡ ਦਿੰਦੇ ਹਨ; ਜਿਹੜੇ ਸਫਲ ਨਹੀਂ ਹੋਏ ਹੁੰਦੇ, ਉਹ ਵਰਤਮਾਨ ਹਾਲਤ ਨਾਲ ਸਮਝੌਤਾ ਕਰ ਲੈਂਦੇ ਹਨ।

ਜਿਨ੍ਹਾਂ ਨੇ ਬੱਚਿਆਂ ਦੀ ਪੜ੍ਹਾਈ, ਮਕਾਨ ਉਸਾਰਨ, ਬੱਚਤ ਕਰਨ, ਉੱਚਾ ਅਹੁਦਾ ਪ੍ਰਾਪਤ ਕਰਨ ਆਦਿ ਜਿਹੀਆਂ ਜ਼ਿੰਦਗੀ ਦੀਆਂ ਲੋੜਾਂ ਪ੍ਰਤੀ ਕੁਝ ਨਹੀਂ ਕੀਤਾ ਹੁੰਦਾ, ਉਹ ਜ਼ਿੰਦਗੀ ਨੂੰ ਜਿਵੇਂ-ਕਿਵੇਂ ਹੈ, ਸਵੀਕਾਰ ਕਰ ਲੈਂਦੇ ਹਨ।

ਇਸ ਸਮੇਂ ਮਾਪਿਆਂ ਤੋਂ ਮਿਲੀ ਸ਼ਕਲ ਪਿਛੇ ਰਹਿ ਜਾਂਦੀ ਹੈ ਅਤੇ ਅਸੀਂ ਬਦਲੀ ਹੋਈ ਸ਼ਕਲ ਵਾਲੇ ਬੰਦੇ ਬਣ ਜਾਂਦੇ ਹਾਂ ਅਤੇ ਜਿਹੜੇ ਵਾਕ ਅਤੇ ਸ਼ਬਦ ਅਸੀਂ ਜਵਾਨੀ ਵਿਚ ਵਰਤਦੇ ਰਹੇ ਹੁੰਦੇ ਹਾਂ ਉਹ ਵੀ ਬਦਲ ਜਾਂਦੇ ਹਨ।

ਬਹੁਤੇ ਵਿਅਕਤੀ ਆਪਣੇ ਗੁਜ਼ਰੇ ਜ਼ਮਾਨੇ ਦੀਆਂ ਗੱਲਾਂ ਕਰਨ ਲੱਗ ਪੈਂਦੇ ਹਨ।

ਉਹ ਆਪਣੀ ਜਵਾਨੀ ਵਿਚ ਵੇਖੀਆਂ ਫਿਲਮਾਂ ਦਾ ਜ਼ਿਕਰ ਵਧੇਰੇ ਕਰਦੇ ਹਨ ਅਤੇ ਕੋਈ ਪੁਰਾਣੀ ਘਟਨਾ ਸੁਣਾਉਣ ਸਮੇਂ ਵਿਸ਼ੇਸ਼ ਸਾਲ ਦਾ ਹਵਾਲਾ ਜ਼ਰੂਰ ਦੇਣਗੇ ਅਰਥਾਤ ਉਹ ਆਪਣੀ ਜਵਾਨੀ ਨੂੰ ਮੁੜ ਯਾਦ ਕਰਨਗੇ।

ਕਈ ਇਕ-ਦੂਜੇ ਨੂੰ ਵੇਖ ਕੇ ਕਹਿੰਦੇ ਹਨ: 'ਕੀ ਗੱਲ ਪਿਆਰਿਓ, ਧੌਲੇ ਆਉਣ ਲੱਗ ਪਏ!' ਅੱਗੋਂ ਜਵਾਬ ਮਿਲਦਾ ਹੈ 'ਹੁਣ ਬੁੱਢੇ ਹੋ ਚੱਲੇ ਹਾਂ, ਧੌਲੇ ਹੀ ਆਉਣੇ ਹਨ!'

ਜੇ ਕਿਸੇ ਹਾਰੇ ਹੋਏ ਵਿਅਕਤੀ ਨੂੰ ਉਸ ਦਾ ਹਾਲ ਪੁੱਛੋ ਤਾਂ ਉਹ ਕਹੇਗਾ, 'ਜਿਹੜਾ ਦਿਨ ਗੁਜ਼ਰ ਜਾਏ, ਸ਼ੁਕਰ ਹੈ।'

ਇਸ ਸਮੇਂ ਪੁਰਸ਼ ਨਵੇਂ ਕੱਪੜੇ ਸੁਆਉਣ ਦੀ ਥਾਂ ਪੁਰਾਣੇ ਕੱਪੜਿਆਂ ਨੂੰ ਹੀ ਠੀਕ ਕਰਵਾ ਕੇ ਵਰਤਣ ਬਾਰੇ ਸੋਚਦੇ ਹਨ ਅਤੇ ਉਨ੍ਹਾਂ ਵਿਚ ਮੁੰਡਿਆਂ-ਖੁੰਡਿਆਂ ਵਾਲੀ ਆਕੜ-ਫਾਕੜ ਅਤੇ ਫਜ਼ੂਲ-ਖਰਚੀ ਦੀ ਥਾਂ ਸੰਜੀਦਗੀ ਅਤੇ ਸਰਫ਼ਾ ਆ ਬਿਰਾਜਦਾ ਹੈ।

ਇਹ ਉਹ ਦਿਨ ਹੁੰਦੇ ਹਨ, ਜਦੋਂ ਪੁਰਸ਼ ਸੋਚਦਾ ਹੈ ਕਿ ਜ਼ਿੰਦਗੀ ਦਾ ਚੰਗਾ ਭਾਗ ਗੁਜ਼ਰ ਗਿਆ ਹੈ, ਬਾਕੀ ਤਾਂ ਹੁਣ ਗੱਡੀ ਨੂੰ ਜਿਵੇਂ-ਕਿਵੇਂ ਰੋੜ੍ਹਨ ਵਾਲੀ ਗੱਲ ਹੀ ਹੈ।

ਪੁਰਸ਼ਾਂ ਵਾਂਗ ਔਰਤਾਂ ਵੀ ਉਪਰੋਕਤ ਪ੍ਰਕਾਰ ਦੀ ਨਿਰਾਸਤਾ ਦਾ ਸ਼ਿਕਾਰ ਹੁੰਦੀਆਂ ਹਨ। ਔਰਤਾਂ ਦੀ ਨਿਰਾਸਤਾ ਲਗਭਗ ਪੈਂਤੀ ਵਰ੍ਹੇ ਦੀ ਉਮਰ ਵਿਚ ਹੀ ਸ਼ੁਰੂ ਹੋ ਜਾਂਦੀ ਹੈ।

ਉਹ ਆਪਣੀ ਜਵਾਨੀ ਅਤੇ ਸੁੰਦਰਤਾ ਨੂੰ ਬਣਾਈ ਰੱਖਣ ਲਈ ਕਈ ਹੀਲੇ ਕਰਦੀਆਂ ਹਨ, ਜਿਵੇਂ ਵਧੇਰੇ ਕੱਪੜੇ ਖਰੀਦਣੇ, ਸ਼ੀਸ਼ੇ ਸਾਹਮਣੇ ਵਧੇਰੇ ਚਿਰ ਗੁਜ਼ਾਰਨਾ, ਵਧੇਰੇ ਮੇਕਅੱਪ ਕਰਨਾ, ਵਧੇਰੇ ਗੱਲਾਂ ਕਰਨੀਆਂ ਆਦਿ।

ਭਾਵੇਂ ਉਹ ਕਿਹੋ ਜਿਹੇ ਕਪੜੇ ਪਾ ਲੈਣ, ਕਿਹੋ ਜਿਹਾ ਮੇਕਅੱਪ ਕਰ ਲੈਣ, ਸ਼ੀਸ਼ਾ ਸੱਚ ਬੋਲ ਹੀ ਪੈਂਦਾ ਹੈ ਅਤੇ ਉਹ ਨਿਰਾਸਤਾ ਦੀ ਖੱਡ ਵਿਚ ਜਾ ਡਿਗਦੀਆਂ ਹਨ।

ਇਸ ਉਮਰ ਵਿਚ ਪੁਰਸ਼ਾਂ ਅਤੇ ਇਸਤਰੀਆਂ ਵਿਚ ਆਪਣੀ ਜਵਾਨੀ ਮੁੜ ਸਥਾਪਤ ਕਰਨ ਦੀ ਲਾਲਸਾ ਅਧੀਨ ਕਾਮ-ਸੰਭੋਗ ਦੀ ਕਿਰਿਆ ਵੱਧ ਜਾਂਦੀ ਹੈ ਪਰ ਆਨੰਦ ਦੀ ਪ੍ਰਾਪਤੀ ਦੀ ਥਾਂ ਥਕਾਵਟ ਅਤੇ ਅਕੇਵਾਂ ਆ ਘੇਰਦੇ ਹਨ।

ਉਪਰੋਕਤ ਉਮਰ ਵਿਚ ਵਿਆਹੁਤਾ ਜੀਵਨ ਤੋਂ ਬਾਹਰ ਇਸ਼ਕ ਕਰਨ ਦੀ ਪ੍ਰਵਿਰਤੀ ਵੀ ਉਛਾਲਾ ਮਾਰਦੀ ਹੈ, ਪਰ ਅੰਕਲ ਅਤੇ ਆਂਟੀ ਜਿਹੇ ਸ਼ਬਦ ਉਨ੍ਹਾਂ ਦੇ ਸੁਪਨਿਆਂ ਨੂੰ ਢਹਿ-ਢੇਰੀ ਕਰ ਦਿੰਦੇ ਹਨ।

ਉਪਰੋਕਤ ਸਾਰੀਆਂ ਅਲਾਮਤਾਂ, 'ਬੁਢਾਪਾ ਸ਼ੁਰੂ ਹੋ ਗਿਆ ਹੈ' ਮੰਨਣ ਤੋਂ ਇਨਕਾਰ ਕਰਨ ਦੀਆਂ ਵੱਖ-ਵੱਖ ਪਰਤਾਂ ਹਨ।

ਪੁਰਸ਼ਾਂ ਵਿਚ ਇਸ ਸਮੇਂ ਸੈਰ ਕਰਨ ਜਾਂ ਕਸਰਤ ਕਰਨ ਦੀ ਪ੍ਰਵਿਰਤੀ ਵੀ ਬਲਵਾਨ ਹੁੰਦੀ ਹੈ, ਜਦੋਂ ਕਿ ਔਰਤਾਂ ਵੱਧ ਕੰਮ ਕਰਕੇ 'ਅਭੀ ਤੋਂ ਮੈਂ ਜਵਾਨ ਹੂੰ' ਦਾ ਨਾਹਰਾ ਲਾਉਂਦੀਆਂ ਹਨ ਪਰ ਅਸਲੀਅਤ ਤੋਂ ਕੌਣ ਮੁੱਕਰੇ!

ਜਿਹੜੇ ਪੁਰਸ਼ ਦਫਤਰਾਂ ਵਿਚ ਕੰਮ ਕਰਦੇ ਹਨ, ਉਹ ਨੰਗੇ ਅਤੇ ਭੱਦੇ ਮਖੌਲ ਕਰਕੇ ਉਪਰੋਕਤ ਸਥਿਤੀ ਤੋਂ ਉਪਜੀ ਉਪਰਾਮਤਾ ਨੂੰ ਕੱਜਦੇ ਹਨ, ਜਦੋਂ ਕਿ ਔਰਤ ਕਰਮਚਾਰਨਾਂ ਵੀ ਇਸੇ ਪ੍ਰਕਾਰ ਦੀਆਂ ਹਰਕਤਾਂ ਕਰਦੀਆਂ ਹਨ।

ਹਸਪਤਾਲਾਂ ਵਿਚ ਦਰਜ ਔਰਤ ਮਰੀਜ਼ਾਂ ਦੀ ਉਮਰ ਪੈਂਤੀ ਉਤੇ ਅੜ ਜਾਂਦੀ ਹੈ ਅਤੇ ਕਈ ਸਾਲ ਉਹ ਪੈਂਤੀ ਵਰ੍ਹੇ ਦੀਆਂ ਹੀ ਰਹਿੰਦੀਆਂ ਹਨ, ਫਿਰ ਉਨ੍ਹਾਂ ਦੀ ਉਮਰ ਇਕ ਦਮ ਛੜੱਪਾ ਮਾਰ ਕੇ ਪੰਜਾਹ ਜਾਂ ਇਸ ਤੋਂ ਵੱਧ ਹੋ ਜਾਂਦੀ ਹੈ।

ਸਰੀਰਕ ਸ਼ਕਤੀ ਦਾ ਘੱਟਣਾ, ਨੀਂਦਰ ਦਾ ਉਖੜਨਾ, ਆਮਦਨ ਨਾਲੋਂ ਵੱਧ ਖਰਚੇ, ਬੱਚਿਆਂ ਦੀਆਂ ਵੱਧਦੀਆਂ ਮੰਗਾਂ, ਰਿਸ਼ਤੇਦਾਰੀਆਂ ਨੂੰ ਪਾਲਣ ਦਾ ਖਰਚਾ, ਦਵਾਈਆਂ ਦੀ ਵੱਧ ਵਰਤੋਂ, ਬੱਚਤ ਕਰਨ ਦੀ ਚਿੰਤਾ, ਮਕਾਨ ਦਾ ਵੱਧਦਾ ਕਿਰਾਇਆ, ਮਹਿੰਗਾਈ ਆਦਿ ਜਿਹੀਆਂ ਸਮੱਸਿਆਵਾਂ ਅਤੇ ਮਾਨਸਿਕ ਉਲਝਣਾਂ ਤੋਂ ਸਾਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਅਸੀਂ ਜ਼ਿੰਦਗੀ ਦੀ ਬਾਜ਼ੀ ਹਾਰਦੇ ਜਾ ਰਹੇ ਹਾਂ।

ਮਨੋਵਿਗਿਆਨਕ ਤੌਰ 'ਤੇ ਉਪਰੋਕਤ ਸੋਚ ਬੁਢਾਪੇ ਦਾ ਪਹਿਲਾ ਪੜਾਅ ਹੁੰਦੀ ਹੈ।

ਕਈਆਂ ਲਈ ਇਹ ਜ਼ਿੰਦਗੀ ਦੀਆਂ ਹੋਰ ਮੁਸ਼ਕਿਲਾਂ ਵਾਂਗ ਇਕ ਮੁਸ਼ਕਿਲ ਹੀ ਹੁੰਦੀ ਹੈ, ਪਰ ਜਿਨ੍ਹਾਂ ਨੇ ਵਧੇਰੇ ਸੁਪਨੇ ਵੇਖੇ ਹੁੰਦੇ ਹਨ, ਉਨ੍ਹਾਂ ਲਈ ਇਹ ਢੇਰ ਨਿਰਾਸਤਾ ਲਿਆਉਂਦੀ ਹੈ। ਹੌਲੀ-ਹੌਲੀ ਜਦੋਂ ਅਸੀਂ ਅਜਿਹੀ ਸਥਿਤੀ ਨਾਲ ਸਮਝੌਤਾ ਕਰ ਲੈਂਦੇ ਹਾਂ ਤਾਂ ਸਭ ਕੁਝ ਇਕ ਵਾਰੀ ਮੁੜ ਸੁਭਾਵਿਕ ਹੋ ਜਾਂਦਾ ਹੈ।

ਅਜਿਹੀ ਹੀ ਇਕ ਅਵਸਥਾ ਸੱਠ-ਬਾਨ੍ਹ ਵਰ੍ਹੇ ਦੇ ਨੇੜੇ-ਤੇੜੇ ਫਿਰ ਉਤਪੰਨ ਹੁੰਦੀ ਹੈ।

ਚਾਲ੍ਹੀ ਵਰ੍ਹੇ ਦਾ ਵਿਅਕਤੀ ਨਾ ਜਵਾਨਾਂ ਵਿਚ ਗਿਣਿਆ ਜਾਂਦਾ ਹੈ ਅਤੇ ਨਾ ਹੀ ਬੁੱਢਿਆਂ ਵਿਚ। ਉਹ ਜ਼ਿੰਦਗੀ ਦੇ ਵਿਚ-ਵਿਚਾਲੇ ਹੁੰਦਾ ਹੈ।

ਅਜਿਹੀ ਸਥਿਤੀ ਵਿਚ ਕੀ ਕੀਤਾ ਜਾਏ ?

ਭਾਵੇਂ ਹਰ ਵਿਅਕਤੀ ਦੀਆਂ ਆਪਣੀਆਂ ਲੋੜਾਂ-ਮੰਗਾਂ ਹੁੰਦੀਆਂ ਹਨ, ਪਰ ਕੁਝ ਸਾਂਝੇ ਨੁਕਤੇ ਵੀ ਲਾਗੂ ਕੀਤੇ ਜਾ ਸਕਦੇ ਹਨ, ਜਿਵੇਂ ਕੋਈ ਹਲਕੀ ਫੁਲਕੀ ਕਸਰਤ ਕਰਕੇ ਤਾਜ਼ੇ ਅਤੇ ਤੰਦਰੁਸਤ ਹੋਣ ਦੀ ਮੌਜ ਮਾਣੀ ਜਾ ਸਕਦੀ ਹੈ।

ਕੰਮ ਵੱਲ ਵਧੇਰੇ ਧਿਆਨ ਦੇ ਕੇ, ਮੁਹਾਰਤ ਪੈਦਾ ਕਰਕੇ ਅਤੇ ਵਿਸ਼ੇਸ਼ੱਗ ਬਣ ਕੇ ਕੰਮ ਵਾਲੀ ਥਾਂ ਉੱਤੇ ਸਤਿਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ।

ਛੁੱਟੀਆਂ ਲੈਣ ਦੀ ਲਾਲਸਾ ਤਿਆਗ ਦੇਣੀ ਹੀ ਲਾਹੇਵੰਦੀ ਹੁੰਦੀ ਹੈ, ਕਿਉਂਕਿ ਛੁੱਟੀਆਂ ਤੋਂ ਖੁਸ਼ੀ ਘੱਟ ਅਤੇ ਬੋਰੀਅਤ ਵਧੇਰੇ ਮਿਲਦੀ ਹੈ।

ਨਵੇਂ ਇਸ਼ਕ ਕਰਨ ਅਤੇ ਮੁੜ ਜਵਾਨ ਬਣਨ ਦੀ ਇੱਛਾ ਤੋਂ ਸੰਕੋਚ ਹੀ ਕਰਨਾ ਚਾਹੀਦਾ ਹੈ, ਕਿਉਂਕਿ ਢੀਠ ਬਣਨ ਦੀ ਯੋਗਤਾ ਘੱਟ ਜਾਣ ਕਾਰਨ ਇਹ ਸਿਆਣੇ ਵਿਅਕਤੀਆਂ ਦਾ ਕੰਮ ਨਹੀਂ ਰਹਿੰਦਾ।

ਅਜਿਹੀ ਸਥਿਤੀ ਵਿਚ ਨੇਕ-ਨੀਅਤੀ ਨਾਲ ਦੂਜਿਆਂ ਦਾ ਸਨੇਹ ਪ੍ਰਾਪਤ ਕਰਨ ਵਿਚ ਵਧੇਰੇ ਤਸੱਲੀ ਮਿਲਦੀ ਹੈ।

ਸ਼ਰਾਬ ਜਾਂ ਘਰੋਂ ਬਾਹਰ ਪਾਈ ਸਾਂਝ ਜਾਂ ਪਾਲ਼ਿਆ ਕੋਈ ਸ਼ੌਕ ਕੁਝ ਚਿਰ ਲਈ ਭਾਵੇਂ ਝੂਠੀ ਖੁਸ਼ੀ ਦੇਵੇ ਪਰ ਤੁਸੀਂ ਜਲਦੀ ਹੀ ਉਕਤਾ ਜਾਵੋਗੇ।

ਇਸ ਸਮੇਂ ਸੰਜੀਦਾ ਬਣ ਕੇ ਅਸੀਂ ਦੂਜਿਆਂ ਦੀ ਮਦਦ ਨਾਲ ਆਪਣੀਆਂ ਸਮੱਸਿਆਵਾਂ ਸੁਲਝਾ ਸਕਦੇ ਹਾਂ।

ਈਮਾਨਦਾਰੀ, ਸਮੇਂ ਦੀ ਪਾਬੰਦੀ, ਸਫਾਈ, ਮਿਲਵਰਤਣ, ਪਿਆਰ, ਹਮਦਰਦੀ ਅਤੇ ਕੋਈ ਹਲਕਾ-ਫੁਲਕਾ ਸ਼ੌਕ ਪਾਲ ਕੇ ਜ਼ਿੰਦਗੀ ਨੂੰ ਨਵੇਂ ਅਰਥ ਦਿੱਤੇ ਜਾ ਸਕਦੇ ਹਨ।

ਆਪਣੇ ਘਰ ਦੇ ਕੰਮਾਂ ਵਿਚ ਦਿਲਚਸਪੀ ਲੈਣ ਅਤੇ ਬੱਚਿਆਂ ਨਾਲ ਖੁੱਲ੍ਹੀਆਂ ਥਾਂਵਾਂ 'ਤੇ ਸਮਾਂ ਗੁਜ਼ਾਰਨ ਨਾਲ ਜ਼ਿੰਦਗੀ ਫਿਰ ਖੇੜੇ ਵਾਲੀ ਹੋ ਸਕਦੀ ਹੈ।

ਜਿਹੜੇ ਇਸ ਉਮਰ ਵਿਚ ਆਤਮਘਾਤ ਬਾਰੇ ਸੋਚਦੇ ਹਨ, ਉਨ੍ਹਾਂ ਨੂੰ ਉਪਰੋਕਤ ਗੱਲਾਂ ਨਾਲ ਬੜੀ ਤਸੱਲੀ ਮਿਲੇਗੀ।

ਹਰ ਮਨੁੱਖ ਲਗਭਗ ਅੱਸੀ ਸਾਲ ਦੀ ਉਮਰ ਜਿਊਣ ਦੀ ਇਛਾ ਕਰਦਾ ਹੈ, ਸੋ ਚਾਲ੍ਹੀਵਾਂ ਸਾਲ ਜ਼ਿੰਦਗੀ ਦਾ ਲਗਭਗ ਅੱਧ ਹੁੰਦਾ ਹੈ।

ਇਥੇ ਪਹੁੰਚ ਕੇ ਮਨੁੱਖ ਗੁਜ਼ਰੇ ਜ਼ਮਾਨੇ ਤੇ ਝਾਤ ਮਾਰਦਾ ਹੈ ਅਤੇ ਆਪਣੇ ਸਫਲ ਜਾਂ ਅਸਫਲ ਹੋਣ ਦਾ ਮੁਲਾਂਕਣ ਕਰਦਾ ਅਤੇ ਅਗਲੇਰੇ ਜੀਵਨ ਦੀ ਵਿਉਂਤ ਬਣਾਉਂਦਾ ਹੈ।

ਜਿਨ੍ਹਾਂ ਨੂੰ ਸਫਲ ਹੋਣ ਦਾ ਅਹਿਸਾਸ ਹੁੰਦਾ ਹੈ, ਉਹ ਹੋਰ ਸਫਲਤਾਵਾਂ ਦੀ ਆਸ ਲਾਉਂਦੇ ਹਨ, ਜਦੋਂ ਕਿ ਅਸਫਲਤਾ ਦੇ ਅਹਿਸਾਸ ਵਾਲੇ ਵਿਅਕਤੀ ਕੁਝ ਚਿਰ ਲਈ ਨਿਰਾਸ਼ ਹੁੰਦੇ ਹਨ ਪਰ ਸੰਭਲਣ ਦਾ ਉਪਰਾਲਾ ਜ਼ਰੂਰ ਕਰਦੇ ਹਨ।

ਚਾਲ੍ਹੀਵਾਂ ਸਾਲ ਜੀਵਨ ਦਾ ਇਕ ਯਥਾਰਥ ਹੈ, ਜਦੋਂ ਜ਼ਿੰਦਗੀ ਨੂੰ ਇਕ ਨਵੀਂ ਵਿਉਂਤ ਅਤੇ ਦਿਸ਼ਾ ਦੇਣ ਦੀ ਲੋੜ ਪੈਂਦੀ ਹੈ।

ਇਸ ਉਮਰ ਨੂੰ ਜ਼ਿੰਮੇਵਾਰੀ ਨਾਲ ਸਵੀਕਾਰ ਕਰਕੇ ਅਤੇ ਨਵੀਂ ਸਥਿਤੀ ਨਾਲ ਇਕ-ਸੁਰ ਹੋ ਕੇ ਨਿਰਸੰਦੇਹ ਇਕ ਨਵਾਂ ਜੀਵਨ ਆਰੰਭਿਆ ਜਾ ਸਕਦਾ ਹੈ।

ਲੰਘ ਗਏ ਸਮੇਂ ਅਤੇ ਘਟਨਾਵਾਂ ਉੱਤੇ ਝੂਰਨ ਦੀ ਥਾਂ ਆਉਣ ਵਾਲੇ ਸਮੇਂ ਨੂੰ ਆਪਣੀ ਅਕਲ ਅਤੇ ਤਜਰਬੇ ਨਾਲ ਵਿਉਂਤਣ ਨਾਲ ਹਰ ਕੋਈ ਆਪਣੀ ਰਹਿੰਦੀ ਜ਼ਿੰਦਗੀ ਵਿਚ ਨਵੇਂ ਅਰਥ ਭਰ ਸਕਦਾ ਹੈ।

***

ਪੁਲੀਸ

ਇਕ ਵਾਰੀ ਇਕ ਵੱਡੇ ਨੇਤਾ ਦੀ ਘੜੀ ਗੁਆਚ ਗਈ। ਅਸਲੀਅਤ ਤਾਂ ਇਹ ਸੀ ਕਿ ਉਹ ਆਪਣੀ ਘੜੀ ਗੁਸਲਖਾਨੇ ਵਿਚ ਭੁੱਲ ਗਏ ਸਨ ਪਰ ਉਨ੍ਹਾਂ ਨੂੰ ਇਹ ਵਿਸ਼ਵਾਸ ਸੀ ਕਿ ਉਹ ਕੋਈ ਗਲਤੀ ਨਹੀਂ ਕਰ ਸਕਦੇ, ਸੋ ਪੁਲੀਸ ਨੂੰ ਇਤਲਾਹ ਦਿੱਤੀ ਗਈ ਕਿ ਘੜੀ ਕਿਸੇ ਨੇ ਚੋਰੀ ਕਰ ਲਈ ਹੈ।

ਦੂਜੇ ਦਿਨ ਜਦੋਂ ਉਹ ਨੇਤਾ ਸਾਹਿਬ ਗੁਸਲਖਾਨੇ ਗਏ ਤਾਂ ਘੜੀ ਲੱਭ ਪਈ। ਉਨ੍ਹਾਂ ਥਾਣੇ ਟੈਲੀਫੂਨ ਕੀਤਾ ਕਿ ਕੋਈ ਕਾਰਵਾਈ ਨਾ ਕਰਿਓ, ਘੜੀ ਲੱਭ ਪਈ ਹੈ। ਥਾਣੇ ਦੇ ਇੰਚਾਰਜ ਨੇ ਕਿਹਾ, 'ਚੰਗਾ ਹੋਇਆ ਲੱਭ ਪਈ, ਉਂਝ ਅਸੀਂ ਵੀ ਇਕ ਬੰਦਾ ਚੋਰੀ ਕਰਨ ਦਾ ਜੁਰਮ ਮਨਾ ਕੇ ਬੈਠਾਇਆ ਹੋਇਆ ਹੈ।'

ਇਕ ਵਾਰੀ ਇਕ ਨਵੇਂ ਬਣੇ ਮੈਜਿਸਟਰੇਟ ਨੂੰ ਪੁਲੀਸ ਦੀ ਇਕ ਮੁਜਰਿਮ ਵਿਰੁਧ ਕਹਾਣੀ ਉਤੇ ਸ਼ੱਕ ਹੋ ਗਿਆ। ਪੁਲੀਸ ਦੀਆਂ ਕਾਰਵਾਈਆਂ ਦੀ ਥਹੁ ਪਾਉਣ ਲਈ ਮੈਜਿਸਟਰੇਟ ਨੇ ਇਕ ਵਿਉਂਤ ਸੋਚੀ। ਆਪਣੇ ਘਰ ਦੀ ਅਲਮਾਰੀ ਦੀ ਚਾਬੀ ਆਪਣੀ ਹੀ ਜੇਬ ਵਿਚ ਪਾ ਕੇ, ਉਸ ਨੇ ਪੁਲੀਸ ਨੂੰ ਇਤਲਾਹ ਦਿੱਤੀ ਕਿ ਚਾਬੀ ਚੋਰੀ ਹੋ ਗਈ ਹੈ।

ਪੁਲੀਸ ਨੇ ਫੁਰਤੀ ਵਿਖਾਈ ਅਤੇ ਇਕ ਵਿਅਕਤੀ ਨੂੰ ਫੜ ਕੇ ਇਤਨਾ ਕੁੱਟਿਆ ਕਿ ਉਸ ਨੇ ਆਪਣੇ 'ਜੁਰਮ' ਦਾ ਇਕਬਾਲ ਕਰ ਲਿਆ। ਕੁਝ ਦਿਨਾਂ ਵਿਚ ਹੀ ਪੁਲੀਸ ਨੇ ਇਕਬਾਲੀ ਮੁਜਰਿਮ ਨੂੰ ਚਾਬੀ ਸਮੇਤ ਅਦਾਲਤ ਵਿਚ ਪੇਸ਼ ਵੀ ਕਰ ਦਿੱਤਾ। ਜਦੋਂ ਮੈਜਿਸਟਰੇਟ ਨੇ ਚਾਬੀ ਨੂੰ ਆਪਣੀ ਜੇਬ ਵਿਚਲੀ ਚਾਬੀ ਨਾਲ ਮਿਲਾਇਆ ਤਾਂ ਉਸ ਨੂੰ ਆਪ ਸਮਝ ਨਾ ਆਵੇ ਕਿ ਕਿਹੜੀ ਅਸਲੀ ਹੈ ਅਤੇ ਕਿਹੜੀ ਨਕਲੀ।

ਇਕ ਦੁਕਾਨਦਾਰ ਦੀ ਦੁਕਾਨ ਵਿਚ ਰਾਤ ਨੂੰ ਸਾਬਣ ਚੋਰੀ ਹੋ ਜਾਂਦਾ ਸੀ। ਦੁਕਾਨ ਨੂੰ ਬੰਦ ਕਰਨ ਲਈ ਵਰਤੇ ਜਾਂਦੇ ਫੱਟੇ ਕੁਝ ਢਿੱਲੇ ਸਨ। ਚੋਰ ਦਾ ਪਤਾ ਲਾਉਣ ਵਾਸਤੇ, ਦੁਕਾਨਦਾਰ ਆਪਣੇ ਭਰਾ ਨਾਲ, ਇਕ ਰਾਤ ਦੁਕਾਨ ਅੰਦਰ ਹੀ ਸੁੱਤਾ। ਰਾਤ ਨੂੰ ਜਦੋਂ ਸਾਬਣ ਚੁੱਕਣ ਲਈ ਹੱਥ ਅੰਦਰ ਆਇਆ ਤਾਂ ਦੋਵਾਂ ਭਰਾਵਾਂ ਨੇ ਰਲ ਕੇ ਹੱਥ ਨੂੰ ਅੰਦਰੋਂ ਫੜ ਲਿਆ। ਬਾਹਰਲੇ ਵਿਅਕਤੀ ਨੇ ਕਿਹਾ, 'ਓਏ ਮੇਰਾ ਹੱਥ ਛੱਡ ਦਿਓ, ਮੈਂ ਚੋਰ ਨਹੀਂ, ਮੈਂ ਤਾਂ ਪੁਲੀਸ ਦਾ ਆਦਮੀ ਹਾਂ।'

ਪੁਲੀਸ ਸਬੰਧੀ ਅਜਿਹੀਆਂ ਕਹਾਣੀਆਂ ਹੁਣ ਆਮ ਗੱਲਾਂ ਹਨ।

ਕਿਸੇ ਸਮਾਜ ਦੀ ਪੱਧਰ ਜਾਨਣੀ ਹੋਵੇ ਤਾਂ ਵੇਖੋ ਉਸ ਸਮਾਜ ਵਿਚਲੇ ਥਾਣਿਆਂ, ਅਦਾਲਤਾਂ, ਹਸਪਤਾਲਾਂ, ਬੱਸ-ਅੱਡਿਆਂ, ਦਫਤਰਾਂ ਆਦਿ ਵਿਚ ਆਮ-ਸਾਧਾਰਨ ਵਿਅਕਤੀ ਨਾਲ ਕੀ ਵਿਹਾਰ ਕੀਤਾ ਜਾਂਦਾ ਹੈ।

ਪਿਛਲੇ ਕੁਝ ਸਾਲਾਂ ਵਿਚ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਕਿ ਆਮ ਲੋਕਾਂ ਦੇ ਦਿਲਾਂ ਵਿਚ ਪੁਲੀਸ ਸੰਬੰਧੀ ਅਨੇਕਾਂ ਸ਼ੰਕੇ ਉਤਪੰਨ ਹੋ ਗਏ ਹਨ।

ਆਮ ਵਿਅਕਤੀ ਹੁਣ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦਾ।

ਹੁਣ ਇਹ ਸੋਚਿਆ ਜਾਂਦਾ ਹੈ ਕਿ ਬਹੁਤੇ ਜੁਰਮ ਪੁਲੀਸ ਦੇ ਬੰਦੇ ਹੀ ਕਰਦੇ-ਕਰਵਾਉਂਦੇ ਹਨ। ਇਹ ਇਕ ਬੜੀ ਚਿੰਤਾਜਨਕ ਸਥਿਤੀ ਹੈ, ਕਿਉਂਕਿ ਮਨੋਵਿਗਿਆਨਕ ਪੱਖ ਤੋਂ ਅਜਿਹੀ ਸਥਿਤੀ ਦੇ ਪ੍ਰਭਾਵ ਬੜੀ ਦੇਰ ਤੱਕ ਮਾਰੂ ਅਸਰ ਪਾਉਂਦੇ ਰਹਿੰਦੇ ਹਨ।

ਉਪਰੋਕਤ ਸਥਿਤੀ ਨਾਲ ਲੋਕਾਂ ਵਿਚ ਅਸੁਰੱਖਿਆ ਦੀ ਭਾਵਨਾ ਜਾਗਦੀ ਹੈ ਅਤੇ ਉਨ੍ਹਾਂ ਦੇ ਆਪਸੀ ਵਰਤਾਰੇ ਵਿਚਲਾ ਸੰਤੁਲਨ ਜਾਂਦਾ ਰਹਿੰਦਾ ਹੈ।

ਜਦੋਂ ਪੁਲੀਸ ਦੀ ਯੋਗਤਾ ਸ਼ੰਕੇ ਵਿਚ ਹੋਵੇ ਤਾਂ ਸਥਾਨਕ ਸਮਾਜ-ਵਿਰੋਧੀ ਤਬਕਾ ਸਮਾਜ-ਵਿਰੋਧੀ ਕਾਰਵਾਈਆਂ ਵਿਚ ਵਧੇਰੇ ਤੱਤਪਰ ਹੋ ਜਾਂਦਾ ਹੈ।

ਲਗਾਤਾਰ ਡਿਊਟੀ, ਲੋਕਾਂ ਦੀਆਂ ਸ਼ੱਕੀ ਨਜ਼ਰਾਂ, ਅਖਬਾਰਾਂ ਵਿਚ ਪੁਲੀਸ ਦੀ ਆਲੋਚਨਾ ਆਦਿ ਨਾਲ ਪੁਲੀਸ ਦੀ ਯੋਗਤਾ ਉਤੇ ਵੀ ਭੈੜਾ ਅਸਰ ਪੈਂਦਾ ਹੈ ਅਤੇ ਨਾ ਚਾਹੁੰਦਿਆਂ ਵੀ ਪੁਲੀਸ ਕੁਝ ਅਜਿਹੀਆਂ ਹਰਕਤਾਂ ਕਰਦੀ ਹੈ ਕਿ ਉਸ ਦੀ ਅਯੋਗਤਾ ਠੱਠੇ-ਮਖੌਲ ਦਾ ਵਿਸ਼ਾ ਬਣ ਜਾਂਦੀ ਹੈ।

ਮਨੋਵਿਗਿਆਨ ਵਿਚ ਇਕ ਸਿਧਾਂਤ ਹੈ ਜਿਸ ਨੂੰ ਔਸਤ ਦਾ ਸਿਧਾਂਤ ਕਹਿੰਦੇ ਹਨ।

ਇਸ ਸਿਧਾਂਤ ਦੇ ਅਰਥ ਇਹ ਹਨ ਕਿ ਕਿਸੇ ਵੀ ਸੰਕਟ ਵਿਚ ਕਿਸੇ ਸੰਸਥਾ ਜਾਂ ਵਿਅਕਤੀ ਦੀ ਔਸਤ ਯੋਗਤਾ ਹੀ ਕਾਰਜਸ਼ੀਲ ਹੁੰਦੀ ਹੈ।

ਇਸ ਦੀ ਉਦਾਹਰਣ ਇਉਂ ਦਿੱਤੀ ਜਾ ਸਕਦੀ ਹੈ ਕਿ ਵਿਆਹ ਲਈ ਜਦੋਂ ਅਠ-ਦਸ ਰਿਸ਼ਤੇ ਆ ਜਾਂਦੇ ਹਨ ਤਾਂ ਪਤਾ ਲੱਗ ਜਾਂਦਾ ਹੈ ਕਿ ਔਸਤ ਕਿਸ ਪ੍ਰਕਾਰ ਦੇ ਰਿਸ਼ਤੇ ਆਏ ਹਨ। ਉਸ ਮਗਰੋਂ ਭਾਵੇਂ ਪੰਜ ਸੌ ਰਿਸ਼ਤਾ ਆਏ ਪਰ ਔਸਤ ਉਹੀ ਰਹੇਗੀ।

ਪਿਛਲੇ ਕੁਝ ਸਮੇਂ ਤੋਂ ਪੁਲੀਸ ਨੇ ਆਪਣੀ ਔਸਤ ਯੋਗਤਾ ਦਾ ਪ੍ਰਮਾਣ ਦਿੱਤਾ ਹੈ, ਜੁਰਮ ਭਾਵੇਂ ਕਿੰਨੇ ਹੀ ਹੋ ਜਾਣ, ਪੁਲੀਸ ਦੀ ਯੋਗਤਾ ਦੀ ਔਸਤ ਉਹੀ ਰਹੇਗੀ।

ਉਦਾਹਰਣ ਵਜੋਂ ਮੋਟਰ ਸਾਈਕਲ ਜਾਂ ਸਕੂਟਰ ਉਤੇ ਦੋ ਜਾਂ ਤਿੰਨ ਸਵਾਰੀਆਂ ਦੇ ਬੈਠਣ ਦੀ ਪਾਬੰਦੀ ਪਿੱਛੇ ਵੀ ਪੁਲੀਸ ਦੀ ਔਸਤ ਸੋਚ ਹੀ ਕੰਮ ਕਰ ਰਹੀ ਹੈ ਅਰਥਾਤ ਪੁਲੀਸ ਸਮਝ ਰਹੀ ਹੁੰਦੀ ਹੈ ਕਿ ਵਾਰਦਾਤਾਂ ਕਰਨ ਵਾਲੇ ਅਜੇ ਤਕ ਮੋਟਰ ਸਾਈਕਲ ਉਤੇ ਹੀ ਬੈਠੇ ਘੁੰਮ ਰਹੇ ਹਨ।

ਇਹ ਉਵੇਂ ਹੀ ਹੈ, ਜਿਵੇਂ ਇਕ ਨੀਲੀ ਕਮੀਜ਼ ਵਾਲਾ ਵਿਅਕਤੀ ਕਤਲ ਕਰ ਕੇ ਦੌੜ ਗਿਆ ਅਤੇ ਪੁਲੀਸ ਉਸ ਨੀਲੀ ਕਮੀਜ਼ ਵਾਲੇ ਦੀ ਭਾਲ ਦੋ ਸਾਲ ਕਰਦੀ ਰਹੀ।

ਅਜਿਹੀਆਂ ਘਟਨਾਵਾਂ ਪੁਲੀਸ ਜਥੇਬੰਦੀ ਦੀ ਔਸਤ-ਸੋਚ, ਵਿਹਾਰ, ਕਾਰਵਾਈ ਅਤੇ ਕਾਰਜ-ਕੁਸ਼ਲਤਾ ਦਾ ਪ੍ਰਮਾਣ ਹਨ।

ਪੁਲੀਸ ਕੁਝ ਖਾਸ ਕਿਸਮ ਦੇ ਅਪਰਾਧੀਆ ਨੂੰ ਫੜਨ ਵਿਚ ਹੀ ਸਫਲ ਹੁੰਦੀ ਹੈ, ਜਦੋਂ ਕਿ ਬਹੁਤੇ ਅਪਰਾਧ ਉਸ ਲਈ ਵੀ ਬੁਝਾਰਤ ਬਣੇ ਰਹਿੰਦੇ ਹਨ।

ਪੁਲੀਸ ਦੀ ਮੁਜਰਿਮਾਂ ਨੂੰ ਫੜਨ ਵਿਚ ਅਸਫਲਤਾ ਦੇ ਹੋਰ ਕਾਰਨ ਵੀ ਹਨ।

ਪੁਲੀਸ ਜਿੰਨੀ ਕੁ ਆਪ ਸੰਗਠਤ ਹੋਏਗੀ, ਉਨੇ ਕੁ ਹੀ ਸੰਗਠਤ ਮੁਜਰਿਮ ਟੋਲੇ ਨੂੰ ਫੜ ਸਕੇਗੀ। ਜੇ ਮੁਜਰਿਮ ਟੋਲਾ ਵਧੇਰੇ ਅਤੇ ਚੰਗੇਰੇ ਸੰਗਠਨ ਦਾ ਮਾਲਕ ਹੈ ਤਾਂ ਪੁਲੀਸ ਆਪਣੇ ਸੰਗਠਨ ਦੀ ਕਮਜ਼ੋਰੀ ਕਾਰਨ ਅਸਫਲ ਹੋਵੇਗੀ।

ਮੁਜਰਿਮ ਟੋਲਾ ਆਮ ਕਰਕੇ ਪੁਲੀਸ ਨਾਲੋਂ ਵਧੇਰੇ ਸੰਗਠਤ ਹੀ ਨਹੀਂ ਹੁੰਦਾ, ਸਗੋਂ ਵਧੇਰੇ ਫੁਰਤੀਲਾ ਵੀ ਹੁੰਦਾ ਹੈ।

ਇਹ ਟੱਕਰ ਦੋ ਟੋਲਿਆਂ ਦੀ, ਦੋ ਸੰਗਠਨਾਂ ਦੀ, ਦੋ ਸ਼ਕਤੀਆਂ ਦੀ ਅਰਥਾਤ ਦੋ ਵਿਰੋਧੀਆਂ ਦੀ ਹੋ ਨਿਬੜਦੀ ਹੈ।

ਇਜ਼ਰਾਈਲ ਘੱਟ ਗਿਣਤੀ ਦੇ ਬਾਵਜੂਦ ਆਪਣੇ ਵਿਕਸਿਤ ਸੰਗਠਨ ਅਤੇ ਫੁਰਤੀ ਕਾਰਨ, ਕਈ ਗੁਣਾਂ ਵੱਡੀਆਂ ਵਿਰੋਧੀ ਮੁਸਲਿਮ ਫੌਜਾਂ ਨੂੰ ਪਛਾੜ ਦਿੰਦਾ ਰਿਹਾ ਹੈ।

ਜੇਕਰ ਪੁਲੀਸ. ਮੁਜਰਿਮ ਨਾਲੋਂ ਵਧੇਰੇ ਤੇਜ਼ੀ ਨਾਲ ਸੋਚ ਸਕਦੀ ਹੋਏ ਤਾਂ ਮੁਜਰਿਮ ਬੱਚ ਨਿਕਲਣ ਵਿਚ ਅਸਫਲ ਹੋਵੇਗਾ।

ਉਦਾਹਰਣ ਵਜੋਂ ਜੇ ਅੱਗ, ਫਾਇਰ-ਬਰੀਗੇਡ ਦੀ ਅੱਗ ਬੁਝਾਉਣ ਦੀ ਗਤੀ ਨਾਲੋਂ, ਤੇਜ਼ੀ ਨਾਲ ਫੈਲ ਰਹੀ ਹੋਏ ਤਾਂ ਫਾਇਰ-ਬਰੀਗੇਡ ਦੀਆਂ ਹਰਕਤਾਂ ਕੁਚੱਜੀਆਂ ਚਾਲਾਂ ਹੀ ਨਜ਼ਰ ਆਉਣਗੀਆਂ।

ਮਨੋਵਿਗਿਆਨਕ ਤੌਰ ਉਤੇ ਹਰ ਟੱਕਰ ਵਿਚ ਤਮਾਸ਼ੇ ਦੇ ਅੰਸ਼ ਹੁੰਦੇ ਹਨ।

ਲੋਕਾਂ ਦੀ ਸੋਚ, ਜਿੱਤਣ ਵਾਲੀ, ਅਰਥਾਤ ਵਧੇਰੇ ਮਜ਼ਬੂਤ ਧਿਰ ਨਾਲ ਜੁੜ ਜਾਂਦੀ ਹੈ। ਜੇ ਪੁਲੀਸ ਲਗਾਤਾਰ ਅਸਫਲ ਹੁੰਦੀ ਰਹੇ ਤਾਂ ਲੋਕਾਂ ਨੂੰ ਮੁਜਰਿਮਾਂ ਵਲੋਂ ਪੁਲੀਸ ਨੂੰ ਵੰਗਾਰਨ ਦੀ ਦਲੇਰੀ ਤੋਂ ਆਨੰਦ ਪ੍ਰਾਪਤ ਹੋਣ ਲੱਗ ਜਾਂਦਾ ਹੈ।

ਸਥਿਤੀ ਇਕ ਖੇਡ ਵਾਲੀ ਹੋ ਜਾਂਦੀ ਹੈ ਅਤੇ ਲੋਕਾਂ ਲਈ ਮੁਜਰਿਮ ਦੋਸ਼ੀ ਨਾ ਰਹਿ ਕੇ ਹੀਰੋ ਬਣ ਜਾਂਦੇ ਹਨ, ਕਿਉਂਕਿ ਪੁਲੀਸ ਸੰਬੰਧੀ ਬਹੁਤੇ ਲੋਕਾਂ ਦਾ ਅਨੁਭਵ ਕੌੜਾ ਹੈ, ਇਸ ਲਈ ਉਹ ਮਨ ਹੀ ਮਨ ਵਿਚ ਪੁਲੀਸ ਨੂੰ ਬਦਨਾਮ ਅਤੇ ਅਸਫਲ ਹੁੰਦੇ ਦੇਖ ਕੇ ਖੁਸ਼ ਹੋਣਗੇ। ਅਜਿਹੀ ਸਥਿਤੀ ਵਿਚ ਨਾ ਕੇਵਲ ਪੁਲੀਸ ਤੋਂ, ਸਗੋਂ ਸਰਕਾਰ ਪ੍ਰਤੀ ਵੀ ਲੋਕਾਂ ਦਾ ਵਿਸ਼ਵਾਸ ਟੁੱਟ ਜਾਂਦਾ ਹੈ।

ਵੇਖਣ ਵਾਲੀ ਗੱਲ ਇਹ ਹੈ ਕਿ ਪੁਲੀਸ ਨੂੰ ਸਿਖਲਾਈ ਕਿਸ ਪ੍ਰਕਾਰ ਦੀ ਦਿੱਤੀ ਜਾਂਦੀ ਹੈ। ਪੁਲੀਸ ਦੀ ਅਯੋਗਤਾ ਉਸ ਦੀ ਸਿਖਲਾਈ ਤੋਂ ਹੀ ਪਤਾ ਲੱਗ ਜਾਂਦੀ ਹੈ।

ਜੁਰਮ ਬੜੇ ਹੀ ਗੁੰਝਲਦਾਰ ਅਤੇ ਮੁਜਰਿਮ ਬੜੇ ਹੀ ਫੁਰਤੀਲੇ ਹੁੰਦੇ ਜਾ ਰਹੇ ਹਨ ਪਰ ਪੁਲੀਸ ਦਾ ਤੌਰ-ਤਰੀਕਾ ਦਹਾਕਿਆਂ ਪੁਰਾਣਾ ਅਤੇ ਸੋਚ-ਹੀਣ ਹੈ।

ਜੁਰਮ ਦਾ ਇਕਬਾਲ ਕਰਾਉਣ ਲਈ ਅਪਰਾਧੀ ਦੀ ਮਾਰ-ਕੁੱਟ, ਅਜੋਕੀਆਂ ਬਦਲੀਆ ਪਰਿਸਥਿਤੀਆਂ ਵਿਚ ਵੀ, ਪੁਲੀਸ ਦਾ ਪ੍ਰਚਲਤ ਅਤੇ ਮਨਪਸੰਦ ਢੰਗ ਹੈ।

ਵੇਖਿਆ ਗਿਆ ਹੈ ਕਿ ਜੇ ਕੋਈ ਪੜ੍ਹਿਆ-ਲਿਖਿਆ ਬੰਦਾ ਪੁਲੀਸ ਵਿਚ ਭਰਤੀ ਹੋ ਜਾਵੇ ਤਾਂ ਉਹ ਤਿੰਨ-ਚਾਰ ਸਾਲਾਂ ਵਿਚ ਆਪਣੇ ਪੜ੍ਹੇ-ਲਿਖੇ ਨੂੰ ਤਿਲਾਂਜਲੀ ਦੇ ਕੇ ਅਨਪੜ੍ਹਾਂ ਵਾਂਗ ਵਿਹਾਰ ਕਰਨ ਲਗ ਪੈਂਦਾ ਹੈ।

ਇਸ ਦਾ ਇਕ ਕਾਰਨ ਇਹ ਹੈ ਕਿ ਪੁਲੀਸ ਵਿਚਲਾ ਭ੍ਰਿਸ਼ਟਾਚਾਰ ਉਸ ਨੂੰ ਇਨਸਾਨ ਰਹਿਣ ਨਹੀਂ ਦਿੰਦਾ।

ਕਈ ਮਹਿਕਮੇ ਅਜਿਹੇ ਹਨ, ਜਿਵੇਂ ਅਦਾਲਤਾਂ, ਜੇਲ੍ਹਾਂ, ਪੁਲੀਸ, ਵਕੀਲ ਆਦਿ, ਜਿਹੜੇ ਜੁਰਮਾਂ ਉਤੇ ਆਧਾਰਿਤ ਹਨ।

ਇਨ੍ਹਾਂ ਮਹਿਕਮਿਆਂ ਦੀ ਅਚੇਤ ਇੱਛਾ ਹੁੰਦੀ ਹੈ ਕਿ ਮੁਜਰਿਮ ਅਤੇ ਜੁਰਮ ਵੱਧਣ, ਕਿਉਂਕਿ ਇਨ੍ਹਾਂ ਮਹਿਕਮਿਆਂ ਦੀ ਜਾਇਜ਼-ਨਾਜਾਇਜ਼ ਆਮਦਨ ਜੁਰਮਾਂ ਦੇ ਵੱਧਣ ਨਾਲ ਹੀ ਵੱਧਦੀ ਹੈ। ਕਿਉਂਕਿ ਉਪਰੋਕਤ ਮਹਿਕਮੇ ਜੁਰਮਾਂ ਦੇ ਸਿਰ ਉਤੇ ਚਲਦੇ ਹਨ, ਇਸ ਲਈ ਇਨ੍ਹਾਂ ਮਹਿਕਮਿਆਂ ਦਾ ਮੁਜਰਿਮਾਂ ਨਾਲ ਸੰਬੰਧ ਸੱਸ-ਨੂੰਹ ਵਾਲਾ ਹੁੰਦਾ ਹੈ।

ਦੋਹਾਂ ਦਾ ਇਕ ਦੂਜੇ ਬਿਨਾਂ ਗੁਜ਼ਾਰਾ ਨਹੀਂ ਚੱਲਦਾ।

ਸਾਡੀ ਪੁਲੀਸ ਵਿਅਕਤੀਗਤ ਮੁਜਰਿਮਾਂ ਨੂੰ ਫੜਨ ਦੀ ਸਮਰਥਾ ਤਾਂ ਰੱਖਦੀ ਹੈ ਪਰ ਸੰਗਠਤ ਮੁਜਰਿਮ ਇਸ ਦੀ ਸਿਰਦਰਦੀ ਦਾ ਕਾਰਨ ਬਣਦੇ ਹਨ।

ਸੰਗਠਤ ਮੁਜਰਿਮਾਂ ਨਾਲ ਨਜਿੱਠਦਿਆਂ ਪੁਲੀਸ ਇਸ ਲਈ ਅਸਫਲ ਹੁੰਦੀ ਹੈ ਕਿਉਂਕਿ ਅਜਿਹੇ ਮੁਜਰਿਮਾਂ ਨਾਲ ਨਜਿੱਠਣ ਦੀ ਇਸ ਨੂੰ ਸਿੱਖਿਆ ਅਤੇ ਸਿਖਲਾਈ ਹੀ ਨਹੀਂ ਦਿੱਤੀ ਗਈ ਹੁੰਦੀ।

ਜੇ ਕਿਸੇ ਨੂੰ ਭੁਲੇਖਾ ਹੈ ਤਾਂ ਉਸ ਦੀ ਮਰਜ਼ੀ ਹੈ ਪਰ ਅਸਲੀਅਤ ਇਹ ਹੈ ਕਿ ਰਾਜਸੀ ਜੁਰਮਾਂ ਤੋਂ ਇਲਾਵਾ ਬਾਕੀ ਜੁਰਮ (ਜੇਬ ਕਤਰਨੀ, ਅਫੀਮ ਵੇਚਣੀ, ਮਿਲਾਵਟ ਵਾਲੀ ਸ਼ਰਾਬ ਵੇਚਣੀ, ਸਮੱਗਲਿੰਗ ਆਦਿ) ਪੁਲੀਸ ਦੀ ਨਿਗਰਾਨੀ ਬਿਨਾਂ ਚੱਲ ਹੀ ਨਹੀਂ ਸਕਦੇ।

ਪੁਲੀਸ ਦੀ ਉਪਰਲੀ ਆਮਦਨ ਦੇ ਸੋਮੇ ਇਹੀ ਹਨ।

ਇਸ ਲਈ ਜਿਉਂ-ਜਿਉਂ ਪੁਲੀਸ ਦੀ ਗਿਣਤੀ ਵਧੇਗੀ, ਤਿਉਂ-ਤਿਉਂ ਇਹ ਜੁਰਮ ਵੱਧਣਗੇ। ਆਮ ਲੋਕਾਂ ਨੂੰ ਭੁਲੇਖਾ ਹੈ ਕਿ ਜੁਰਮ ਪੁਲੀਸ ਦੀ ਘਾਟ ਕਾਰਨ ਵੱਧ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਅਜੋਕੇ ਬਹੁਤੇ ਜੁਰਮ ਪੁਲੀਸ ਵੱਲੋਂ ਹੀ ਕੀਤੇ ਜਾਂਦੇ ਹਨ ਜਾਂ ਇਹ ਪੁਲੀਸ ਦੀ ਛੱਤਰ-ਛਾਇਆ ਹੇਠ ਵੱਧ ਰਹੇ ਹਨ।

ਸਾਡੀ ਰਾਜਨੀਤੀ ਵੀ ਪੁਲੀਸ ਨੂੰ ਆਪਣੇ ਉਦੇਸ਼ਾਂ ਲਈ ਵਰਤਦੀ ਹੈ, ਇਸ ਲਈ ਪੁਲੀਸ ਕੋਲ ਆਪਣੀ ਅਯੋਗਤਾ ਸੰਬੰਧੀ ਕਈ ਬਹਾਨੇ ਹੁੰਦੇ ਹਨ।

ਪੁਲੀਸ ਉਨ੍ਹਾਂ ਜੁਰਮਾਂ ਦੇ ਮੁਜਰਿਮਾਂ ਨੂੰ ਫੜਨ ਵਿਚ ਅਸਫਲ ਹੁੰਦੀ ਹੈ, ਜਿਹੜੇ ਇਸ ਦੀ ਛੱਤਰ-ਛਾਇਆ ਤੋਂ ਬਾਹਰ ਵਾਪਰਦੇ ਹਨ।

ਚਿਕਿਸਤਾ ਵਿਗਿਆਨ ਦਾ ਅਖਾਣ ਹੈ 'ਇਲਾਜ ਨਾਲੋਂ ਪਰਹੇਜ਼ ਚੰਗਾ ਹੈ।' ਇਹ

ਅਸੂਲ ਪੁਲੀਸ ਤੇ ਵੀ ਲਾਗੂ ਹੋਣਾ ਚਾਹੀਦਾ ਹੈ। ਸਾਡੀ ਪੁਲੀਸ ਜੁਰਮ ਤੋਂ ਪਹਿਲਾਂ ਨਹੀਂ, ਮਗਰੋਂ ਹਰਕਤ ਵਿਚ ਆਉਂਦੀ ਹੈ, ਕਿਉਂਕਿ ਇਸ ਦਾ ਸੰਗਠਨ ਹੀ ਕੁਝ ਇਸ ਤਰ੍ਹਾਂ ਦਾ ਹੈ।

ਜੇ ਸੰਭਵ ਬਣਾਇਆ ਜਾ ਸਕੇ ਤਾਂ ਲੋਕ, ਜੁਰਮ ਹੋਣ ਤੋਂ ਪਹਿਲਾਂ ਵੀ ਪੁਲੀਸ ਨੂੰ ਇਤਲਾਹ ਦੇ ਸਕਦੇ ਹਨ ਪਰ ਆਮ ਲੋਕਾਂ ਨਾਲ ਪੁਲੀਸ ਦਾ ਵਰਤਾਰਾ ਅਜਿਹਾ ਹੈ ਕਿ ਲੋਕ ਪੁਲੀਸ ਦੇ ਨਾਂ ਤੋਂ ਹੀ ਡਰਦੇ ਹਨ।

ਇਸ ਸਥਿਤੀ ਦਾ ਮੁਜਰਿਮ ਨੂੰ ਹੀ ਲਾਭ ਹੁੰਦਾ ਹੈ। ਸਾਡੇ ਸਮਾਜ ਵਿਚ ਪੁਲੀਸ ਦਾ ਪ੍ਰਭਾਵ ਕੁਝ ਇਸ ਪ੍ਰਕਾਰ ਦਾ ਹੈ ਕਿ ਕੋਈ ਵਿਅਕਤੀ ਪੁਲੀਸ ਨਾਲ ਗਲ ਕਰਨੀ ਪਸੰਦ ਨਹੀਂ ਕਰਦਾ ਅਤੇ ਕਿਸੇ ਪੁਲੀਸ ਕਰਮਚਾਰੀ ਦਾ ਵਰਦੀ ਵਿਚ ਘਰ ਆਉਣਾ ਤਾਂ ਕੋਈ ਉਕਾ ਹੀ ਪਸੰਦ ਨਹੀਂ ਕਰਦਾ।

ਸਾਡੇ ਇਨਸਾਫ਼ ਦੇ ਢਾਂਚੇ ਵਿਚ ਵੀ ਕਈ ਨੁਕਸ ਹਨ।

ਜੇ ਕਿਸੇ ਨਿਰਦੋਸ਼ ਉਤੇ ਕਤਲ ਦਾ ਜੁਰਮ ਥੱਪ ਦਿੱਤਾ ਜਾਏ ਤਾਂ ਉਸ ਦੇ ਦੋਸ਼ ਨੂੰ ਸਿੱਧ ਕਰਨ ਲਈ ਤਾਂ ਸਰਕਾਰੀ ਪੈਸਾ ਖਰਚ ਹੁੰਦਾ ਹੈ, ਜਦੋਂ ਕਿ ਕਥਿਤ ਮੁਜਰਿਮ ਨੂੰ ਆਪਣੀ ਨਿਰਦੋਸ਼ਤਾ ਸਿੱਧ ਕਰਨ ਲਈ ਪੱਲਿਓਂ ਖਰਚ ਕਰਨਾ ਪੈਂਦਾ ਹੈ।

ਕਿਸੇ ਵੀ ਮੁੱਕਦਮੇ ਵਿਚ ਅਸਲ ਦੋਸ਼ੀ ਦਾ ਕਿਸੇ ਵੀ ਕਾਰਨ ਬਰੀ ਹੋ ਜਾਣਾ, ਪੁਲੀਸ ਦੀ ਕਾਰਜ-ਕੁਸ਼ਲਤਾ ਉਤੇ ਇਕ ਵਿਅੰਗ ਹੁੰਦਾ ਹੈ।

ਇਸ ਸਥਿਤੀ ਤੋਂ ਅਸਲ ਦੋਸ਼ੀ ਹੀ ਲਾਭ ਉਠਾਉਂਦੇ ਹਨ, ਕਿਉਂਕਿ ਪੁਲੀਸ, ਅਦਾਲਤੀ ਅਮਲਾ, ਜੇਲ੍ਹ ਦਾ ਅਮਲਾ ਆਦਿ ਹੀ ਉਨ੍ਹਾਂ ਨੂੰ ਬੱਚ ਨਿਕਲਣ ਅਤੇ ਆਪਣੇ ਕੰਮ-ਕਾਜ ਵਿਚ ਵਧੇਰੇ ਮਾਹਿਰ ਹੋਣ ਵਾਸਤੇ ਅਨੇਕਾਂ ਦਾਓ-ਪੇਚ ਸਿਖਾਉਂਦਾ ਰਹਿੰਦਾ ਹੈ।

ਇਵੇਂ ਲਗਦਾ ਹੈ ਜਿਵੇਂ ਚੌਕੀਦਾਰ ਅਤੇ ਚੋਰ ਆਪਸ ਵਿਚ ਮਿਲੇ ਹੋਏ ਹਨ।

ਇੱਥੇ ਜੁਰਮਾਂ ਸੰਬੰਧੀ ਆਮ ਲੋਕਾਂ ਦੇ ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ ਵੱਲ ਇਸ਼ਾਰਾ ਕਰ ਦੇਣਾ ਵੀ ਜ਼ਰੂਰੀ ਹੈ। ਆਮ ਲੋਕ ਸਮਝਦੇ ਹਨ ਕਿ ਹਰ ਜੁਰਮ ਇਕ ਅਸਾਧਾਰਨ ਅਵਸਥਾ ਹੈ ਪਰ ਅਸਲੀਅਤ ਇਹ ਨਹੀਂ ਹੈ।

ਭਾਵੇਂ ਸਮਾਜ ਕਿੰਨਾ ਵੀ ਆਦਰਸ਼ਕ ਕਿਉਂ ਨਾ ਬਣ ਜਾਵੇ, ਉਸ ਵਿਚ ਕੁਝ ਬਾਗੀ, ਵਿਰੋਧੀ ਅਤੇ ਅਸੰਤੁਸ਼ਟ ਵਿਅਕਤੀ ਜ਼ਰੂਰ ਹੋਣਗੇ।

ਇਨ੍ਹਾਂ ਅਸੰਤੁਸ਼ਟ ਵਿਅਕਤੀਆਂ ਨੂੰ ਉਪਜੀਵਕਾ, ਸੰਤੁਲਤ ਜੀਵਨ ਜਿਊਣ ਅਤੇ ਸਵੈ-ਪ੍ਰਗਟਾਵੇ ਲਈ ਸਮਾਜ ਵੱਲੋਂ ਅਵਸਰ ਪ੍ਰਦਾਨ ਨਾ ਕੀਤੇ ਜਾਣ ਕਰਕੇ, ਸਮਾਜ ਹੀ ਇਨ੍ਹਾਂ ਨੂੰ ਜੁਰਮਾਂ ਲਈ ਮਜਬੂਰ ਕਰਦਾ ਹੈ।

ਇਹ ਅਸੰਤੁਸ਼ਟ ਵਿਅਕਤੀ ਜਦੋਂ ਹਥਿਆਰਬੰਦ ਪੁਲੀਸ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਇਨ੍ਹਾਂ ਨੂੰ ਇਕ ਨਵੇਂ ਸੰਸਾਰ ਦੀਆਂ ਅਸੀਮ ਸੰਭਾਵਨਾਵਾਂ ਦਾ ਪਤਾ ਲਗਦਾ ਹੈ ਅਤੇ ਮੁਜਰਿਮ ਬਣ ਕੇ ਇਹ ਆਪਣੀ ਮਾਨਤਾ ਦੀ ਭੁੱਖ ਪੂਰੀ ਕਰਦੇ ਹਨ।

ਹਰ ਸਮਾਜ ਵਿਚ ਸਮਾਜ-ਵਿਰੋਧੀ ਤੱਤ ਇਕ ਵਿਸ਼ੇਸ਼ ਅਨੁਪਾਤ ਵਿਚ ਹੁੰਦੇ ਹਨ, ਜਿਹੜੇ ਸਮਾਜ ਵਿਰੁਧ ਸਦਾ ਕਾਰਜਸ਼ੀਲ ਰਹਿੰਦੇ ਹਨ।

ਮੁਜਰਿਮ ਲਈ ਜੁਰਮ ਇਕ ਧੰਦਾ ਹੈ, ਉਸ ਦੀ ਆਮਦਨ ਦਾ ਸਾਧਨ ਹੀ ਜੁਰਮ ਹੈ ਪਰ ਹਰ ਆਰਥਿਕ ਪ੍ਰਬੰਧ ਵਿਚ ਜੁਰਮਾਂ ਦੀ ਕਿਸਮ ਵੱਖਰੀ ਹੁੰਦੀ ਹੈ।

ਪੂੰਜੀਵਾਦੀ ਸਮਾਜ ਵਿਚ ਕਤਲ, ਬਲਾਤਕਾਰ, ਚੋਰੀ, ਸਮਗਲਿੰਗ, ਜੂਆ, ਨਾਜਾਇਜ਼ ਸ਼ਰਾਬ ਜਾਂ ਅਫੀਮ ਜਾਂ ਨਸ਼ਿਆਂ ਦੀ ਵਿਕਰੀ ਆਮ ਹੈ।

ਕਿਉਂਕਿ ਪੂੰਜੀਵਾਦ ਵਿਸ਼ੇਸ਼ ਪ੍ਰਕਾਰ ਦੇ ਮੁਜਰਿਮ ਪੈਦਾ ਕਰਦਾ ਹੈ, ਇਸ ਲਈ ਵਿਸ਼ੇਸ਼ ਪ੍ਰਕਾਰ ਦੇ ਜੁਰਮ ਇਕ ਵਿਸ਼ੇਸ਼ ਥਾਂ ਉੱਤੇ ਜਨਸੰਖਿਆ ਦੀ ਗਿਣਤੀ ਅਨੁਸਾਰ ਹੁੰਦੇ ਰਹਿਣਗੇ।

ਕਈ ਵਾਰੀ ਜਦੋਂ ਕੋਈ ਮੁਜਰਿਮ ਆਪਣਾ ਸਮਾਜ-ਵਿਰੋਧੀ ਧੰਦਾ ਤਿਆਗਣਾ ਵੀ ਚਾਹੇ ਤਾਂ ਪੁਲੀਸ ਹੀ ਉਸ ਦੇ ਰਸਤੇ ਵਿਚ ਰੁਕਾਵਟ ਬਣਦੀ ਹੈ।

ਜਿਥੇ ਲੋਕ ਹੋਣਗੇ, ਉਥੇ ਜੁਰਮ ਵੀ ਹੋਣਗੇ, ਇਸ ਲਈ ਲੋਕਾਂ ਨੂੰ ਜੁਰਮਾਂ ਤੋਂ ਘਬਰਾਹਟ ਨਹੀਂ ਹੋਣੀ ਚਾਹੀਦੀ, ਉਨ੍ਹਾਂ ਨੂੰ ਜੁਰਮਾਂ ਸੰਬੰਧੀ ਯਥਾਰਥਵਾਦੀ ਦ੍ਰਿਸ਼ਟੀਕੋਣ ਅਪਨਾਉਣਾ ਚਾਹੀਦਾ ਹੈ ਅਤੇ ਆਪਣਾ ਵਿਹਾਰ ਦੋਸ਼-ਮੁੱਕਤ ਰਖਣਾ ਚਾਹੀਦਾ ਹੈ ਅਤੇ ਆਪਣੀ ਜਾਨ ਅਤੇ ਜਾਇਦਾਦ ਦੀ ਸੁਰੱਖਿਆ ਲਈ ਸਰਕਾਰ ਜਾਂ ਪੁਲੀਸ ਉੱਤੇ ਨਿਰਭਰ ਹੋਣ ਦੀ ਥਾਂ ਆਪ ਹੀ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ।

***

ਡਰ ਅਤੇ ਸਹਿਮ

ਇਕ ਵਾਰੀ ਜਦੋਂ ਗੇਂਦ ਖੇਡਦਾ ਬੱਚਾ ਇਕ ਟੋਏ ਵਿਚ ਡਿੱਗ ਪਿਆ ਤਾਂ ਉਸ ਦੇ ਮਾਤਾ-ਪਿਤਾ ਝੱਟਪੱਟ ਉਸ ਨੂੰ ਹਸਪਤਾਲ ਲੈ ਗਏ। ਰਸਤੇ ਵਿਚ ਬੱਚੇ ਦੇ ਜ਼ਖਮ ਨੂੰ ਵੇਖ ਮਾਂ ਰੋਂਦੀ ਰਹੀ ਅਤੇ ਪਿਤਾ ਸਹਿਮਿਆ ਹੋਇਆ ਬੈਠਾ-ਬੈਠਾ ਅਜੀਬ ਹਰਕਤਾਂ ਕਰਦਾ ਰਿਹਾ।

ਇਸ ਸਥਿਤੀ ਨੂੰ ਵੇਖ ਕੇ ਬੱਚੇ ਨੇ ਆਪਣੇ ਮਾਤਾ-ਪਿਤਾ ਤੋਂ ਪੁੱਛਿਆ 'ਕੀ ਮੈਂ ਹੁਣ ਮਰ ਜਾਵਾਂਗਾ ?'

ਨਿਰਸੰਦੇਹ ਇਹ ਬੱਚਾ ਆਪਣੇ ਮਾਪਿਆਂ ਦੀ ਘਬਰਾਹਟ ਤੋਂ ਸਹਿਮ ਗਿਆ ਸੀ ਜਦੋਂ ਕਿ ਆਪਣੇ ਜ਼ਖਮਾਂ ਪ੍ਰਤੀ ਉਹ ਲਗਭਗ ਅਵੇਸਲਾ ਹੀ ਸੀ।

ਅਸੀਂ ਸਾਰਿਆਂ ਨੇ ਆਪਣੇ ਜੀਵਨ ਵਿਚ ਅਨੇਕਾਂ ਵਾਰੀ ਡਰ ਅਨੁਭਵ ਕੀਤਾ ਹੋਵੇਗਾ। ਡਰ, ਕਿਸੇ ਖਤਰੇ ਵਾਲੀ ਸਥਿਤੀ ਵਿਚ, ਹੋਣ ਵਾਲੇ ਨੁਕਸਾਨ ਸੰਬੰਧੀ, ਸੋਚ ਤੋਂ ਉਪਜਦਾ ਹੈ ਅਤੇ ਸਾਨੂੰ ਭਰਮ ਹੁੰਦਾ ਹੈ ਕਿ ਕਿਸੇ ਕੰਮ ਵਿਚ ਅਸੀਂ ਆਪਣੀ ਇੱਛਾ ਅਨੁਸਾਰ ਸਫਲ ਨਹੀਂ ਹੋਵਾਂਗੇ।

ਆਮ ਕਰਕੇ ਡਰ ਸਾਡੇ ਵਿਚ ਕੰਮ ਕਰਨ ਦੀ ਯੋਗਤਾ ਨੂੰ ਘਟਾਉਂਦਾ ਹੈ ਪਰ ਡਰ ਕਾਰਨ ਕਈ ਵਾਰੀ ਥੋੜ੍ਹੇ ਅਰਸੇ ਵਾਸਤੇ ਅਸੀਂ ਵਧੇਰੇ ਜ਼ਿੰਮੇਵਾਰੀ ਨਾਲ ਕੰਮ ਕਰਦੇ ਹਾਂ।

ਜਿਵੇਂ ਟੱਕਰ ਹੋ ਜਾਣ ਦੇ ਡਰ ਕਾਰਨ ਅਸੀਂ ਸਾਈਕਲ, ਸਕੂਟਰ ਜਾਂ ਕਾਰ ਹੌਲੀ ਅਤੇ ਵਧੇਰੇ ਧਿਆਨ ਨਾਲ ਚਲਾਵਾਂਗੇ। ਕੱਪੜਿਆਂ ਦੇ ਮੈਲੇ ਹੋ ਜਾਣ ਜਾਂ ਵੱਟ ਪੈਣ ਦੇ ਡਰ ਕਾਰਨ, ਅਸੀਂ ਖੜ੍ਹੇ ਰਹਿਣਾ ਵਧੇਰੇ ਪਸੰਦ ਕਰਾਂਗੇ।

ਡਰ, ਸਾਡੇ ਜੀਵਨ ਦੀ ਇਕ ਨਿਤਪ੍ਰਤੀ ਦੀ ਸਾਧਾਰਨ ਸਮੱਸਿਆ ਹੈ ਪਰ ਜਦੋਂ ਕੋਈ ਡਰ ਸਾਡਾ ਖਹਿੜਾ ਹੀ ਨਾ ਛੱਡੇ ਤਾਂ ਇਹੀ ਡਰ ਇਕ ਸਹਿਮ ਬਣ ਜਾਂਦਾ ਹੈ।

ਸਹਿਮ ਇਕ ਅਜਿਹਾ ਡਰ ਹੁੰਦਾ ਹੈ, ਜਿਹੜਾ ਕਿਸੇ ਵੀ ਸਥਿਤੀ ਨਾਲ ਨਜਿੱਠਣ ਤੋਂ ਪਹਿਲਾਂ ਹੀ ਸਾਡੇ ਵਿਚ ਇਨੀ ਘਬਰਾਹਟ ਪੈਦਾ ਕਰ ਦਿੰਦਾ ਹੈ ਕਿ ਅਸੀਂ ਆਪਣੇ ਆਪ ਨੂੰ ਅਯੋਗ ਅਤੇ ਅਸਫਲ ਸਮਝਣ ਲੱਗ ਪੈਂਦੇ ਹਾਂ।

ਸਹਿਮਿਆ ਹੋਇਆ ਵਿਅਕਤੀ ਕਿਸੇ ਸਥਿਤੀ ਵਿਚ ਪੈਣ, ਕਿਸੇ ਇੰਟਰਵਿਊ ਵਿਚ ਜਾਣ, ਕਿਸੇ ਸਭਾ ਵਿਚ ਬੋਲਣ, ਕਿਸੇ ਵਿਅਕਤੀ ਨੂੰ ਮਿਲਣ ਆਦਿ ਤੋਂ ਪਹਿਲਾਂ ਹੀ ਆਪਣੀ ਅਸਫਲਤਾ ਦੀ ਰੀਹਰਸਲ ਕਰਦਾ ਰਹਿੰਦਾ ਹੈ।

ਇਵੇਂ ਉਸ ਦੀ ਘਬਰਾਹਟ ਇਨੀ ਵੱਧ ਜਾਂਦੀ ਹੈ ਕਿ ਉਹ ਸਥਿਤੀ ਤੋਂ ਬੱਚਣ ਲਈ ਸਿਰਦਰਦ, ਬੀਮਾਰੀ ਆਦਿ ਦਾ ਬਹਾਨਾ ਘੜਦਾ ਹੈ ਅਤੇ ਸੱਚੀ-ਮੁੱਚੀ ਸਿਰਦਰਦ ਜਾਂ ਬੀਮਾਰੀ ਉਸ ਨੂੰ ਆਣ ਚਿੰਬੜਦੀ ਹੈ।

ਕਈ ਇਮਤਿਹਾਨ ਵਿਚ ਅਸਫਲਤਾ ਤੋਂ ਇੰਨੇ ਡਰਦੇ ਹਨ ਕਿ ਉਹ ਇਮਤਿਹਾਨ ਤੋਂ ਬੱਚਣ ਲਈ ਆਪਣੀ ਬਾਂਹ ਤੋੜ ਲੈਂਦੇ ਹਨ, ਆਪਣਾ ਹੱਥ ਜ਼ਖਮੀ ਕਰ ਲੈਂਦੇ ਹਨ ਜਾਂ ਬੀਮਾਰ ਹੋ ਜਾਂਦੇ ਹਨ ਜਾਂ ਘਬਰਾਹਟ ਕਾਰਨ ਉਹ ਕੁਝ ਅਜਿਹਾ ਕਰ ਬੈਠਦੇ ਹਨ ਕਿ ਉਹ ਇਮਤਿਹਾਨ ਦੇਣ ਤੋਂ ਬੱਚ ਜਾਣ।

ਇਮਤਿਹਾਨ ਮੁਲਤਵੀ ਕਰਵਾਉਣ ਦਾ ਮਨੋਵਿਗਿਆਨਕ ਕਾਰਨ ਵੀ ਇਹੀ ਹੁੰਦਾ ਹੈ ਕਿ ਅਜਿਹੀ ਮੰਗ ਕਰਨ ਵਾਲੇ ਵਿਦਿਆਰਥੀ ਇਮਤਿਹਾਨਾਂ ਤੋਂ ਡਰਦੇ ਹਨ।

ਡਰੇ ਅਤੇ ਸਹਿਮੇ ਹੋਏ ਸੁਭਾਅ ਵਾਲੇ ਵਿਅਕਤੀ ਇਹ ਤਾਂ ਜਾਣਦੇ ਹਨ ਕਿ ਉਨ੍ਹਾਂ ਦਾ ਡਰ ਜਾਂ ਸਹਿਮ ਬੇਬੁਨਿਆਦ ਹੈ, ਇਸ ਪ੍ਰਤੀ ਉਹ ਸ਼ਰਮਸ਼ਾਰ ਵੀ ਹੁੰਦੇ ਹਨ ਪਰ ਇਸ ਸਭ ਕੁਝ ਦਾ ਉਹ ਇਲਾਜ ਨਹੀਂ ਕਰ ਸਕਦੇ।

ਨਤੀਜੇ ਵਜੋਂ ਉਹ ਆਪਣੇ ਕੰਮ-ਕਾਜ ਦਾ ਘੇਰਾ ਸੀਮਤ ਕਰ ਲੈਂਦੇ ਹਨ। ਉਦਾਹਰਣ ਵਜੋਂ ਖੁੱਲ੍ਹੀਆਂ ਥਾਂਵਾਂ ਤੋਂ ਡਰਨ ਵਾਲੀ ਵਿਦਿਆਰਥਣ ਪੜ੍ਹਾਈ ਦਾ ਬਹਾਨਾ ਕਰਕੇ ਕਈ-ਕਈ ਦਿਨ ਲਗਾਤਾਰ ਘਰ ਅੰਦਰ ਰਹਿਣ ਦਾ ਉਪਰਾਲਾ ਕਰਦੀ ਹੈ।

ਇਵੇਂ ਹੀ ਵਿਦੇਸ਼ ਵਿਚ ਜਾਣ ਲਈ ਹਵਾਈ ਜਹਾਜ਼ ਉੱਤੇ ਸਫਰ ਕਰਨ ਤੋਂ ਡਰਨ ਵਾਲਾ ਵਿਅਕਤੀ ਦੇਸ਼-ਭਗਤੀ ਦਾ ਵਿਖਾਲਾ ਕਰਦਾ ਹੈ ਅਤੇ ਵਿਦੇਸ਼ ਜਾਣ ਤੋਂ ਇਨਕਾਰ ਕਰਦਾ ਹੈ। ਇਵੇਂ ਹੀ ਲੜਾਈ-ਭਿੜਾਈ ਤੋਂ ਡਰਨ ਵਾਲਾ ਵਿਅਕਤੀ ਸ਼ਾਂਤੀ ਦਾ ਉਪਦੇਸ਼ ਦਿੰਦਾ ਹੈ ਅਤੇ ਖਤਰੇ ਵਾਲੀਆਂ ਖੇਡਾਂ ਖੇਡਣ ਵਾਲੇ ਖਿਡਾਰੀਆਂ ਨੂੰ ਨਾਲਾਇਕ ਅਤੇ ਵਿਹਲੇ ਵਿਅਕਤੀ ਦੱਸ ਕੇ ਭੰਡਦਾ ਹੈ।

ਜਿਸ ਵਿਅਕਤੀ ਨੂੰ ਐਨਕਾਂ ਲੱਗੀਆਂ ਹੋਣ, ਉਹ ਲੜਾਈ ਤੋਂ ਇਸ ਲਈ ਡਰਦਾ ਹੈ ਕਿ ਉਸ ਦੀਆਂ ਐਨਕਾਂ ਟੁੱਟ ਜਾਣਗੀਆਂ। ਇਵੇਂ ਹੀ ਢਿੱਲੇ ਨਕਲੀ ਦੰਦਾਂ ਵਾਲੇ ਵਿਅਕਤੀ ਨੂੰ ਸਦਾ ਇਹ ਡਰ ਲੱਗਾ ਰਹਿੰਦਾ ਹੈ ਕਿ ਗਲਬਾਤ ਦੌਰਾਨ ਉਸ ਦੇ ਦੰਦ ਡਿਗ ਜਾਣਗੇ ਅਤੇ ਉਹ ਬਦਸੂਰਤ ਪ੍ਰਤੀਤ ਹੋਵੇਗਾ।

ਸਫਰ ਉੱਤੇ ਜਾਣ ਵਾਲੀਆਂ ਇਸਤਰੀਆਂ ਅਤੇ ਪੁਰਸ਼ ਇਸ ਲਈ ਵਧੇਰੇ ਕਪੜੇ ਲੈ ਕੇ ਜਾਂਦੇ ਹਨ ਕਿ ਉਨ੍ਹਾਂ ਦਾ ਕੋਈ ਕੱਪੜਾ ਅੜ ਕੇ ਪਾਟ ਜਾਵੇਗਾ ਅਤੇ ਅਜਿਹੀ ਸਥਿਤੀ ਵਿਚ ਉਹ ਨੰਗੇ ਹੋਣ ਤੋਂ ਬੱਚਣ ਵਾਸਤੇ ਕਪੜੇ ਬਦਲ ਲੈਣਗੇ।

ਅਸੀਂ ਸਾਰੇ ਕਿਸੇ ਨਾ ਕਿਸੇ ਜਾਨਵਰ ਤੋਂ ਡਰਦੇ ਹਾਂ।

ਬਿੱਲੀ ਤੋਂ ਡਰ ਬੱਚਪਨ ਵਿਚ ਹੀ ਸਾਡੇ ਮਨ ਵਿਚ ਬਿਠਾ ਦਿੱਤਾ ਜਾਂਦਾ ਹੈ। ਕੁੱਤਿਆਂ ਤੋਂ ਅਸੀਂ ਇਸ ਲਈ ਡਰਦੇ ਹਾਂ ਕਿ ਢਿੱਡ ਵਿਚ ਟੀਕੇ ਲੁਆਉਣੇ ਪੈਣਗੇ, ਗਊ ਤੋਂ ਇਸ ਲਈ ਡਰਦੇ ਹਾਂ ਕਿ ਉਹ ਸਿੰਗ ਮਾਰੇਗੀ।

ਉਪਰੋਕਤ ਸਾਰੇ ਹਾਦਸਿਆਂ ਸੰਬੰਧੀ ਅਸੀਂ ਕਈ ਵਿਅਕਤੀਆਂ ਦੀ ਹੱਡ-ਬੀਤੀ ਸੁਣੀ ਹੁੰਦੀ ਹੈ। ਇਵੇਂ ਹੀ ਬਸ ਦੀ ਅਗਲੀ ਸੀਟ ਉੱਤੇ ਬੈਠਣ ਲਗਿਆਂ ਸਾਡੇ ਮਨ ਵਿਚ ਖਿਆਲ ਜ਼ਰੂਰ ਆਉਂਦਾ ਹੈ ਕਿ ਜੇ ਟੱਕਰ ਹੋ ਗਈ ਤਾਂ.....?

ਉੱਚੀਆਂ ਥਾਵਾਂ ਤੋਂ ਅਸੀਂ ਇਸ ਲਈ ਡਰਦੇ ਹਾਂ ਕਿ ਉਥੋਂ ਥੱਲੇ ਡਿੱਗ ਪਵਾਂਗੇ, ਪਾਣੀ ਤੋਂ ਇਸ ਲਈ ਕਿ ਡੁੱਬ ਜਾਵਾਂਗੇ। ਕਈ ਲੋਕਾਂ ਨੂੰ ਅੱਗ ਤੋਂ ਡਰ ਲੱਗਦਾ ਹੈ। ਇਸ ਡਰ ਕਾਰਨ ਉਹ ਸਿਨਮੇ ਵਿਚ ਦਰਵਾਜ਼ੇ ਦੇ ਨੇੜੇ ਬੈਠਣਗੇ। ਟੀ.ਬੀ. ਹਸਪਤਾਲ ਦੇ ਕੋਲੋਂ ਅਸੀਂ ਤੇਜ਼-ਤੇਜ਼ ਲੰਘ ਜਾਂਦੇ ਹਾਂ, ਕਿਉਂਕਿ ਸਾਨੂੰ ਡਰ ਹੁੰਦਾ ਹੈ ਕਿ ਸਾਨੂੰ ਵੀ ਇਹ ਬੀਮਾਰੀ ਹੋ ਜਾਵੇਗੀ। ਜੇ ਕਿਸੇ ਨੂੰ ਮੇਖ ਆਦਿ ਲੱਗ ਜਾਵੇ ਤਾਂ ਟੀਕਾ ਨਾ ਲਗਵਾਉਣ ਦੀ ਸੂਰਤ ਵਿਚ ਇਹੀ ਸਹਿਮ ਲੱਗਿਆ ਰਹੇਗਾ ਕਿ ਸਵੇਰੇ ਉਸ ਨੇ ਟੈਟਨਸ ਨਾਲ ਮਰ ਜਾਣਾ ਹੈ।

ਇਹ ਸਾਰੇ ਡਰ ਇਸ ਲਈ ਪ੍ਰੇਸ਼ਾਨ ਕਰਦੇ ਹਨ, ਕਿਉਂਕਿ ਇਨ੍ਹਾਂ ਢੰਗਾਂ ਨਾਲ ਅਸੀਂ ਮੌਤਾਂ ਹੁੰਦੀਆਂ ਵੇਖੀਆਂ ਜਾਂ ਸੁਣੀਆਂ ਹੁੰਦੀਆਂ ਹਨ।

ਡਰ ਅਤੇ ਸਹਿਮ ਅਣਗਿਣਤ ਪ੍ਰਕਾਰ ਦੇ ਹਨ। ਕੁਝ ਸਭ ਦੇ ਸਾਂਝੇ ਡਰ ਹਨ, ਜਿਵੇਂ ਪਾਣੀ, ਅੱਗ, ਉੱਚੀਆਂ, ਖੁੱਲ੍ਹੀਆਂ, ਹਨੇਰੀਆਂ ਥਾਵਾਂ, ਗੁਫਾਵਾਂ ਆਦਿ ਸੰਬੰਧੀ ਡਰ ਪਰ ਹਰ ਵਿਅਕਤੀ ਦੇ ਕੁਝ ਵਿਅਕਤੀਗਤ ਡਰ ਅਤੇ ਸਹਿਮ ਵੀ ਹੁੰਦੇ ਹਨ।

ਉਦਾਹਰਣ ਵਜੋਂ ਇਕ ਵਿਅਕਤੀ ਛੱਤ ਵਾਲੇ ਪੱਖੇ ਥੱਲੇ ਇਸ ਲਈ ਨਹੀਂ ਸੌਂ ਸਕਦਾ, ਕਿਉਂਕਿ ਉਸ ਨੂੰ ਪੱਖਾ ਡਿਗਣ ਦਾ ਡਰ ਹੈ। ਬੱਚੇ ਨੂੰ ਹਨੇਰੇ ਤੋਂ ਡਰ ਲੱਗਦਾ ਹੈ, ਇਸੇ ਲਈ ਉਹ ਰਾਤ ਨੂੰ ਉਠ ਕੇ ਪਾਣੀ ਦੀ ਮੰਗ ਕਰਦਾ ਹੈ, ਤਾਂ ਕਿ ਉਸ ਨੂੰ ਵਿਸ਼ਵਾਸ ਹੋ ਜਾਵੇ ਕਿ ਉਹ ਇਕੱਲਾ ਨਹੀਂ।

ਕਈਆਂ ਨੂੰ ਲੋਕਾਂ ਸਾਹਮਣੇ ਕੁਝ ਖਾਣ ਤੋਂ ਡਰ ਲੱਗਦਾ ਹੈ ਤਾਂ ਕਿ ਕਿਧਰੇ ਲੋਕ ਉਨ੍ਹਾਂ ਦੇ ਕੰਬਦੇ ਹੱਥਾਂ ਨੂੰ ਨਾ ਵੇਖ ਲੈਣ।

ਹਨੇਰੇ ਤੋਂ ਡਰ ਕਾਰਨ ਕਈ ਵਾਰੀ ਰਾਤ ਨੂੰ, ਘਰਾਂ ਵਿਚ ਛੋਟਾ ਬੱਲਬ ਜਗਦਾ ਰੱਖਿਆ ਜਾਂਦਾ ਹੈ। ਬਿਸਤਰੇ ਵਿਚ ਪਿਸ਼ਾਬ ਕਰਨ ਵਾਲਾ ਵਿਅਕਤੀ ਅਸਲ ਵਿਚ ਕਿਸੇ ਸੁਪਨੇ ਵਿਚਲੀ ਸਥਿਤੀ ਤੋਂ ਡਰ ਰਿਹਾ ਹੁੰਦਾ ਹੈ।

ਵਿਅਕਤੀਗਤ ਡਰਾਂ ਤੋਂ ਇਲਾਵਾ ਕੁਝ ਸਮਾਜਿਕ ਡਰ ਵੀ ਹੁੰਦੇ ਹਨ।

ਜਿਵੇਂ ਕੋਈ ਕਿੰਨਾ ਵੀ ਮਾਹਿਰ ਕਿਉਂ ਨਾ ਹੋਵੇ, ਅਜਨਬੀ ਲੋਕਾਂ ਦੇ ਇਕੱਠ ਸਾਹਮਣੇ ਬੋਲਣ ਤੋਂ ਪਹਿਲਾਂ ਉਸ ਨੂੰ ਕੁਝ ਫਿਕਰ ਜਾਂ ਡਰ ਜ਼ਰੂਰ ਹੁੰਦਾ ਹੈ। ਬੁਲਾਰਾ ਜ਼ਰੂਰ ਸੋਚਦਾ ਹੈ ਕਿ ਸੁਣਨ ਵਾਲੇ ਕੀ ਸੋਚਣਗੇ, ਕੀ ਉਹ ਠੀਕ ਤਰ੍ਹਾਂ ਬੋਲ ਸਕੇਗਾ ਕਿ ਨਹੀਂ।

ਜਦੋਂ ਬੁਲਾਰਾ ਆਪਣੇ ਪੱਖ ਤੋਂ ਮਹੱਤਵਪੂਰਣ ਗੱਲ ਕਹੇ, ਪਰ ਸਰੋਤੇ ਕੋਈ ਹੁੰਗਾਰਾ ਹੀ ਨਾ ਭਰਨ ਤਾਂ ਅਜਿਹੀ ਸਥਿਤੀ ਵਿਚ ਉਸ ਦੇ ਥਿੜ੍ਹਕਣ ਜਾਂ ਕੁਝ ਉਲਟ-ਪੁਲਟ ਬੋਲਣ ਦਾ ਡਰ ਵੱਧ ਜਾਂਦਾ ਹੈ।

ਆਪਣੇ ਨਾਲੋਂ ਵੱਡੇ ਅਹੁਦੇ ਵਾਲੇ ਵਿਅਕਤੀ ਨਾਲ ਗੱਲ ਕਰਨ ਤੋਂ ਪਹਿਲਾਂ ਇਹ ਡਰ ਬਣਿਆ ਰਹਿੰਦਾ ਹੈ ਕਿ ਮੈਂ ਠੀਕ ਗੱਲ ਕਰ ਸਕਾਂਗਾ ਕਿ ਨਹੀਂ।

ਕਈ ਲੋਕ ਦੂਜਿਆਂ ਸਾਹਮਣੇ ਜਾਣ ਤੋਂ ਡਰਦੇ ਹਨ। ਇਸ ਲਈ ਉਹ ਹਨੇਰਾ ਪਏ ਹੀ ਘਰੋਂ ਬਾਹਰ ਨਿਕਲਦੇ ਹਨ।

ਹਸਪਤਾਲਾਂ ਵਿਚ ਪੁਰਸ਼ ਮਰੀਜ਼, ਔਰਤ ਡਾਕਟਰਾਂ ਸਾਹਮਣੇ ਡਰੇ ਅਤੇ ਔਰਤ ਮਰੀਜ਼, ਪੁਰਸ਼ ਡਾਕਟਰਾਂ ਸਾਹਮਣੇ ਸਹਿਮੇ ਹੋਏ ਹੁੰਦੇ ਹਨ।

ਸਮਾਜਿਕ ਡਰ ਜਾਂ ਸਹਿਮ ਤੋਂ ਦੁੱਖੀ ਵਿਅਕਤੀ ਦਾ ਕਾਰਜ-ਖੇਤਰ ਬੜਾ ਸੀਮਤ ਹੋ ਜਾਂਦਾ ਹੈ। ਸਰੀਰਕ ਸਹਿਮ ਵੀ ਬੜੇ ਦੁੱਖਦਾਈ ਹੁੰਦੇ ਹਨ। ਅੱਖ ਵਿਚ ਸੱਟ ਲੱਗਣ ਤੋਂ ਅੰਨ੍ਹੇ ਹੋ ਜਾਣ, ਲੱਤ ਉਤੇ ਸੱਟ ਲੱਗਣ ਤੋਂ ਲੰਗੜੇ ਅਤੇ ਬਾਂਹ ਉਤੇ ਸੱਟ ਲੱਗਣ ਤੋਂ ਟੁੰਡੇ ਹੋਣ ਦਾ ਸਹਿਮ ਮਰੀਜ਼ ਨੂੰ ਬੜਾ ਮਾਯੂਸ ਕਰਦਾ ਹੈ।

ਕੁੱਤਾ ਨੇੜੇ ਆ ਰਿਹਾ ਹੋਵੇ ਤਾਂ ਉਸ ਵੱਲੋਂ ਵੱਢੇ ਜਾਣ ਦਾ ਸਹਿਮ ਸਾਨੂੰ ਸਿੱਥਲ ਕਰ ਦਿੰਦਾ ਹੈ। ਘਰ ਵਿਚ ਚੋਰ ਵੜ ਆਉਣ ਉਤੇ ਘਰ ਦੇ ਜੀਅ ਕਈ ਵਾਰ ਇੰਨੇ ਸਹਿਮ ਜਾਂਦੇ ਹਨ ਕਿ ਉਹ ਯਤਨ ਕਰਨ ਦੇ ਬਾਵਜੂਦ ਕੁਝ ਬੋਲ ਨਹੀਂ ਸਕਦੇ। ਕਈ ਵਿਅਕਤੀ ਕਿਸੇ ਸਥਿਤੀ ਤੋਂ ਬੱਚਣ ਲਈ ਜਾਣ-ਬੁੱਝ ਕੇ ਕੋਈ ਬਿਮਾਰੀ ਲਾ ਲੈਂਦੇ ਹਨ।

ਜਦੋਂ ਡਾਕਟਰ ਕਿਸੇ ਬੀਮਾਰੀ ਬਾਰੇ ਸਪਸ਼ਟ ਸ਼ਬਦਾਂ ਵਿਚ ਨਹੀਂ ਦੱਸਦਾ ਤਾਂ ਇੰਝ ਲੱਗਦਾ ਹੈ ਕਿ ਜਿਵੇਂ ਸੱਚੀ-ਮੁੱਚੀ ਕੋਈ ਭਿਆਨਕ ਰੋਗ ਲੱਗ ਗਿਆ ਹੈ।

ਸਰੀਰਕ ਸਹਿਮ-ਸਾਨੂੰ ਆਪਣੀ ਮੌਤ ਦੀ ਸੂਚਨਾ ਪ੍ਰਤੀਤ ਹੁੰਦੇ ਹਨ।

ਕੀ ਡਰ ਅਤੇ ਸਹਿਮ ਦਾ ਕੋਈ ਇਲਾਜ ਹੈ? ਜੀ ਹਾਂ! ਲਗਭਗ ਸਾਰੇ ਡਰ ਅਤੇ ਸਹਿਮ ਦੂਰ ਕੀਤੇ ਜਾ ਸਕਦੇ ਹਨ।

ਜਿਸ ਚੀਜ਼ ਜਾਂ ਕੰਮ ਤੋਂ ਡਰ ਉਪਜੇ ਉਸ ਨੂੰ ਮੁੜ-ਮੁੜ ਕਰਨ ਨਾਲ ਉਹ ਡਰ ਜਾਂਦਾ ਰਹਿੰਦਾ ਹੈ। ਸਾਈਕਲ ਤੋਂ ਡਿੱਗਣ ਵਾਲੇ ਨੂੰ ਝੱਟਪੱਟ ਮੁੜ ਸਾਈਕਲ ਚਲਾਉਣ ਲਈ ਕਹਿ ਕੇ, ਉਸ ਵਿਚ ਮੁੜ ਵਿਸ਼ਵਾਸ ਪੈਦਾ ਕੀਤਾ ਜਾ ਸਕਦਾ ਹੈ।

ਡਰ ਜਾਂ ਸਹਿਮ ਦੇ ਅਸਲੀ ਕਾਰਨਾਂ ਨੂੰ ਜਾਣਨਾ ਵੀ ਜ਼ਰੂਰੀ ਹੈ। ਅਜਿਹੀ ਸਥਿਤੀ ਵਿਚ ਅਸਲੀ ਕਾਰਨਾਂ ਦਾ ਇਲਾਜ ਕਰਨ ਨਾਲ ਹੀ ਸਥਿਤੀ ਸੁਧਰ ਸਕਦੀ ਹੈ। ਬੱਚਿਆਂ ਵਿਚ ਉਨ੍ਹਾਂ ਦੀ ਜੋਗ ਪ੍ਰਸ਼ੰਸਾ ਕਰਕੇ ਅਤੇ ਉਤਸ਼ਾਹ ਦੇ ਕੇ ਡਰ ਤੋਂ ਛੁਟਕਾਰਾ ਪਾਉਣ ਦੀ ਭਾਵਨਾ ਉਪਜਾਈ ਜਾ ਸਕਦੀ ਹੈ।

ਜਿਹੜੇ ਡਰ ਜਾਂ ਸਹਿਮ ਮਨੁੱਖ ਦੀ ਸੋਚ ਵਿਚ ਜੜ੍ਹਾਂ ਲਾ ਬੈਠਦੇ ਹਨ, ਉਨ੍ਹਾਂ ਦਾ ਇਲਾਜ ਮਨੋਵਿਸ਼ਲੇਸ਼ਣ ਵਿਧੀ ਨਾਲ ਕਰਨਾ ਚਾਹੀਦਾ ਹੈ।

ਦਵਾਈਆ ਡਰ ਨੂੰ ਕੁਝ ਸਮੇਂ ਵਾਸਤੇ ਜ਼ਰੂਰ ਘਟਾਉਂਦੀਆਂ ਹਨ ਪਰ ਇਨ੍ਹਾਂ ਦੀ ਆਦਤ ਪੈਣ ਦਾ ਖਤਰਾ ਬਣਿਆ ਰਹਿੰਦਾ ਹੈ।

ਡਰ ਜਾਂ ਸਹਿਮ ਦੂਰ ਕਰਨ ਦਾ ਸਭ ਤੋਂ ਚੰਗਾ ਢੰਗ ਡਰੇ ਹੋਏ ਵਿਅਕਤੀ ਨੂੰ ਹੌਲੀ-ਹੌਲੀ ਸਥਿਤੀ ਉਤੇ ਕਾਬੂ ਪਾਉਣ ਲਈ ਉਤਸ਼ਾਹ ਅਤੇ ਅਵਸਰ ਪ੍ਰਦਾਨ ਕਰਨਾ ਹੁੰਦਾ ਹੈ।

ਬਦਲਦੇ ਸਮਾਜ ਦੀ ਔਰਤ

ਤਕਨਾਲੋਜੀ ਦੇ ਪਸਾਰ ਕਾਰਨ ਪਰੰਪਰਾਗਤ ਸਮਾਜ ਬੜੀ ਤੇਜ਼ੀ ਨਾਲ ਬਦਲ ਰਹੇ ਹਨ, ਜਦੋਂ ਕਿ ਪਰੰਪਰਾਗਤ ਪੁਰਸ਼ਾਂ ਅਤੇ ਔਰਤਾਂ ਨੂੰ, ਬਦਲੀ ਹੋਈ ਸਥਿਤੀ ਨਾਲ ਇਕ-ਸੁਰ ਹੋਣ ਵਿਚ, ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਂਝ ਤਾਂ ਭਾਵੇਂ ਸਾਰੇ ਸੰਸਾਰ ਵਿਚ ਹੀ ਇਹ ਸਮੱਸਿਆ ਕਈ ਮਾਨਸਿਕ ਉਲਝਣਾਂ ਨੂੰ ਜਨਮ ਦੇ ਰਹੀ ਹੈ ਪਰ ਸਾਡੇ ਨਾਲੋਂ ਯੂਰਪ ਵਿਚ ਇਹ ਫ਼ਰਕ ਹੈ ਕਿ ਅਸੀਂ ਉਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਢੁੱਕਵੀਆਂ ਸਹੂਲਤਾਂ ਨਹੀਂ ਉਸਾਰ ਸਕੇ, ਜਦੋਂ ਕਿ ਸਮੁੱਚਾ ਯੂਰਪ, ਯੂਰਪੀ ਮਨੋਵਿਗਿਆਨ ਅਤੇ ਚਿਕਿਤਸਾ ਵਿਗਿਆਨ ਨਿਤ ਨਵੇਂ ਤਰੀਕਿਆਂ ਅਤੇ ਆਧੁਨਿਕ ਤਕਨਾਲੋਜੀ ਨਾਲ ਉਪਜੀ ਸਮਾਜਿਕ ਜੀਵਨ ਦੀ ਤੇਜ਼ ਗਤੀ ਨਾਲ ਨਜਿੱਠਣ ਲਈ ਸਭ ਮੋਰਚਿਆਂ ਉਤੇ ਤਿਆਰ ਹੋ ਰਿਹਾ ਹੈ।

ਸੰਸਾਰ ਵਿਚ ਵਿਦਿਆ ਦੀਆਂ ਸਹੂਲਤਾਂ ਵੱਧ ਰਹੀਆਂ ਹਨ ਪਰ ਪ੍ਰਾਪਤ ਕੀਤੇ ਜਾਣ ਯੋਗ ਗਿਆਨ ਵਿਚ ਇਤਨਾ ਵਾਧਾ ਹੋ ਗਿਆ ਹੈ ਕਿ ਜਿਨ੍ਹਾਂ ਨੂੰ ਅੱਜ ਤੋਂ ਤੀਹ ਵਰ੍ਹੇ ਪਹਿਲਾਂ ਪੜ੍ਹੇ-ਲਿਖੇ ਕਿਹਾ ਜਾਂਦਾ ਸੀ, ਉਹ ਹੁਣ ਅਨਪੜ੍ਹ ਪ੍ਰਤੀਤ ਹੋਣ ਲੱਗ ਪਏ ਹਨ। ਇਵੇਂ ਸਿਖਿਆ ਅਤੇ ਅਨਪੜ੍ਹਤਾ ਦੇ ਅਰਥ ਹੀ ਬਦਲ ਗਏ ਹਨ।

ਅਜੋਕੇ ਯੁਗ ਵਿਚ ਜਿਹੜਾ ਕੰਪਿਊਟਰ ਨਹੀਂ ਵਰਤਦਾ, ਉਹ ਅਨਪੜ੍ਹ ਹੈ।

ਹੁਣ ਤਾਂ ਖੇਤੀਬਾੜੀ ਵੀ ਅਨਪੜ੍ਹ-ਵਿਅਕਤੀ ਨਹੀਂ ਕਰ ਸਕਣਗੇ।

ਇਵੇਂ ਹੀ ਮਨੁੱਖ ਨੇ ਆਪਣੀ ਸੁਰੱਖਿਆ ਲਈ ਬਹੁਤ ਕੁਝ ਉਸਾਰ ਲਿਆ ਹੈ ਪਰ ਨਾਲ ਹੀ ਉਸ ਨੇ ਕੁਝ ਹੀ ਮਿੰਟਾਂ ਵਿਚ ਸਾਰੀ ਦੁਨੀਆਂ ਨੂੰ ਕਈ ਵਾਰ ਤਬਾਹ ਕਰਨ ਦੇ ਵਸੀਲੇ ਵੀ ਪੈਦਾ ਕਰ ਲਏ ਹਨ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਸੰਸਾਰ ਵਿਚ ਜਿਸ ਗਤੀ ਨਾਲ ਗਿਆਨ ਵੱਧ ਰਿਹਾ ਹੈ, ਉਸੇ ਗਤੀ ਨਾਲ ਅਗਿਆਨਤਾ ਵੱਧ ਰਹੀ ਹੈ।

ਹੁਣ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਹਨੇਰਾ ਜਿੱਤੇਗਾ ਕਿ ਪ੍ਰਕਾਸ਼, ਜ਼ਿੰਦਗੀ ਜਿੱਤੇਗੀ ਕਿ ਮੌਤ ਪਰ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਰਾਜਨੀਤੀ ਅਤੇ ਤਕਨਾਲੋਜੀ ਨੇ ਆਧੁਨਿਕ ਜੀਵਨ ਵਿਚ ਅਸੁਰੱਖਿਆ ਦੀ ਭਾਵਨਾ, ਬੇਚੈਨੀ, ਤਣਾਓ ਅਤੇ ਚਿੰਤਾ ਬਹੁਤ ਵਧਾ ਦਿੱਤੀ ਹੈ।

ਸਰੀਰਕ ਸੁੱਖਾਂ ਅਤੇ ਸਹੂਲਤਾਂ ਵਿਚ ਨਿਰਸੰਦੇਹ ਵਾਧਾ ਹੋਇਆ ਹੈ ਪਰ ਮਾਨਸਿਕ ਸ਼ਾਂਤੀ ਅਪਹੁੰਚ ਹੁੰਦੀ ਜਾ ਰਹੀ ਹੈ।

ਪੁਰਸ਼ ਤਾਂ ਸਦੀਆਂ ਤੋਂ ਮਾਨਸਿਕ ਸੰਘਰਸ਼ ਕਰਨ ਦਾ ਆਦੀ ਰਿਹਾ ਹੈ ਪਰ ਔਰਤ ਦੀਆਂ ਮਾਨਸਿਕ ਉਲਝਣਾਂ ਪਿਛਲੇ ਕੁਝ ਦਹਾਕਿਆਂ ਦੀ ਹੀ ਦੇਣ ਹਨ। ਇਸੇ ਲਈ ਉਸ ਵਾਸਤੇ ਕਈ ਨਵੇਂ ਸੰਕਟ ਉੱਠ ਖੜ੍ਹੇ ਹੋਏ ਹਨ।

ਔਰਤ ਸਦੀਆਂ ਤੋਂ ਘਰ ਦੀ ਚਾਰ-ਦੀਵਾਰੀ ਵਿਚ 'ਕੈਦ' ਰਹੀ ਹੈ ਪਰ ਸੁਰੱਖਿਅਤ ਵੀ ਰਹੀ ਹੈ। ਉਹ ਘਰੇਲੂ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆ ਗੱਲਾਂ ਵਿਚ ਖਚਤ ਰਹੀ ਹੈ ਪਰ ਸਰੀਰਕ ਖਤਰਿਆਂ ਤੋਂ ਸਦਾ ਬਚੀ ਵੀ ਰਹੀ ਹੈ।

ਉਸ ਨੂੰ ਬਹੁਤੀ ਆਜ਼ਾਦੀ ਨਹੀਂ ਦਿੱਤੀ ਗਈ ਪਰ ਉਸ ਤੋਂ ਸਖਤ ਘਾਲਣਾ ਵਾਲੇ ਕੰਮ ਵੀ ਨਹੀਂ ਕਰਵਾਏ ਗਏ।

ਉਸ ਨੂੰ ਗਿਆਨਵਾਨ ਨਹੀਂ ਹੋਣ ਦਿੱਤਾ ਗਿਆ ਪਰ ਉਸ ਨੂੰ ਭੈੜੀਆਂ ਗੱਲਾਂ ਦੀ ਅਗਿਆਨਤਾ ਦੇ ਸੁਖ ਜ਼ਰੂਰ ਪ੍ਰਾਪਤ ਹੁੰਦੇ ਰਹੇ ਹਨ। ਔਰਤ ਨੂੰ ਘੁੰਮਣ-ਫਿਰਨ ਦੀ ਆਜ਼ਾਦੀ ਨਹੀਂ ਦਿੱਤੀ ਗਈ ਪਰ ਇਸੇ ਕਰਕੇ ਉਹ ਹਿੰਸਾ, ਬਲਾਤਕਾਰ ਅਤੇ ਆਪਣੇ ਵਿਰੁਧ ਹੋਣ ਵਾਲੇ ਹੋਰ ਅਪਰਾਧਾਂ ਤੋਂ ਬਚੀ ਵੀ ਰਹੀ ਹੈ।

ਇਨ੍ਹਾਂ ਸਾਰੀਆਂ ਗੱਲਾਂ ਦਾ ਅਰਥ ਇਹ ਨਹੀਂ ਕਿ ਔਰਤ ਨਾਲ ਸਭ ਕੁਝ ਚੰਗਾ ਹੁੰਦਾ ਰਿਹਾ ਹੈ ਸਗੋਂ ਕਹਿਣ ਦਾ ਭਾਵ ਇਹ ਹੈ ਕਿ ਸਮਕਾਲੀ ਔਰਤ ਦੀਆਂ ਬਹੁਤੀਆਂ ਮਾਨਸਿਕ ਸਮੱਸਿਆਵਾਂ, ਬਹੁਤ ਹੱਦ ਤੱਕ, ਉਸ ਦੇ ਪਰੰਪਰਾਗਤ ਰੋਲ ਨੂੰ ਤਿਆਗਣ ਅਤੇ ਅਣਜਾਣੇ ਖੇਤਰਾਂ ਵਿਚ ਵਿਚਰਣ ਦਾ ਸਿੱਟਾ ਹਨ।

ਪਰਿਵਾਰ ਦਾ ਨਿਰਮਾਣ ਕਰਨ ਕਰਕੇ ਔਰਤ ਦਾ ਮਹੱਤਵ ਸਦਾ ਘਰ, ਸੰਤਾਨ ਅਤੇ ਪਰਿਵਾਰ ਦੇ ਸੰਦਰਭ ਵਿਚ ਹੀ ਰਿਹਾ ਹੈ।

ਹੁਣ ਜਦੋਂ ਔਰਤ 'ਕੈਦ' ਵਿਚੋਂ ਮੁਕਤ ਹੋ ਰਹੀ ਹੈ ਅਤੇ 'ਜੇਲ੍ਹ' ਜਾਂ ਘਰ ਦਾ ਤਿਆਗ ਕਰ ਰਹੀ ਹੈ ਤਾਂ ਉਸ ਨੂੰ ਨਵੀਆਂ ਸਮੱਸਿਆਵਾਂ ਨਾਲ ਨਜਿੱਠਣਾ ਪੈ ਰਿਹਾ ਹੈ।

ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਅੱਜ ਦੀ ਔਰਤ ਅਸੁਰੱਖਿਆ ਦੀ ਭਾਵਨਾ ਤੋਂ ਪੀੜਤ, ਡਰੀ ਹੋਈ ਅਤੇ ਸਹਿਮੀ ਹੋਈ ਹੈ।

ਜੇ ਚਾਰ-ਪੰਜ ਵਿਅਕਤੀਆਂ ਲਈ ਖਾਣਾ ਬਣਾਉਣਾ ਹੋਵੇ ਤਾਂ ਔਰਤ ਬਣਾ ਸਕਦੀ ਹੈ ਪਰ ਪੰਜ ਸੌ ਵਿਅਕਤੀਆਂ ਦਾ ਖਾਣਾ ਉਸ ਦੇ ਵੱਸ ਦੀ ਗੱਲ ਨਹੀਂ।

ਜੇ ਦੋ-ਚਾਰ ਕਮਰਿਆਂ ਦੀ ਦੇਖ ਭਾਲ ਕਰਨੀ ਹੋਵੇ ਤਾਂ ਔਰਤ ਕਰ ਲਵੇਗੀ ਪਰ ਹਜ਼ਾਰ ਕਮਰਿਆਂ ਵਾਲੇ ਹੋਟਲ ਨੂੰ ਪੁਰਸ਼ ਹੀ ਸੰਭਾਲ ਸਕਦੇ ਹਨ।

ਦਸ-ਵੀਹ ਕੱਪੜੇ ਧੋਣੇ ਹੋਣ ਤਾਂ ਔਰਤ ਧੋ ਲਵੇਗੀ ਪਰ ਸਾਰੇ ਹਸਪਤਾਲ ਦੇ ਕੱਪੜੇ ਉਹ ਨਹੀਂ ਧੋ ਸਕਦੀ।

ਛੋਟੀਆਂ, ਬਰੀਕ, ਕੀਮਤੀ, ਹਲਕੀਆਂ-ਫੁਲਕੀਆਂ ਚੀਜ਼ਾਂ ਔਰਤ ਸੰਭਾਲ ਲਵੇਗੀ ਪਰ ਵੱਡੇ-ਵੱਡੇ ਸਟੋਰਾਂ ਦਾ ਪ੍ਰਬੰਧ ਉਸਦੇ ਵੱਸ ਦੀ ਗੱਲ ਨਹੀਂ। ਛੋਟੇ ਅਤੇ ਧੀਰਜ ਨਾਲ ਕੀਤੇ ਜਾਣ ਵਾਲੇ ਕੰਮਾਂ ਵਿਚ ਪੁਰਸ਼, ਔਰਤ ਦਾ ਮੁਕਾਬਲਾ ਨਹੀਂ ਕਰ ਸਕਦਾ ਪਰ ਵੱਡੇ ਕੰਮਾਂ ਵਿਚ ਔਰਤ, ਪੁਰਸ਼ ਦੀ ਪੱਧਰ ਤਕ ਨਹੀਂ ਅਪੜ ਸਕਦੀ।

ਪੁਰਸ਼ਾਂ ਨੇ ਕੰਮਾਂ ਦੀ ਵੰਡ ਹੀ ਕੁਝ ਇਸ ਢੰਗ ਨਾਲ ਕੀਤੀ ਹੈ ਕਿ ਪੁਰਸ਼ ਦਾ ਮਹੱਤਵ ਹਰ ਸਮਾਜ ਵਿਚ ਵਧੇਰੇ ਬਣਿਆ ਰਿਹਾ ਹੈ।

ਉਪਰੋਕਤ ਚਰਚਾ ਦਾ ਭਾਵ ਇਹ ਦਸਣਾ ਹੈ ਕਿ ਆਧੁਨਿਕ ਔਰਤ ਦੀਆਂ ਮਾਨਸਿਕ ਸਮੱਸਿਆਵਾਂ ਉਸ ਦੀ ਪੁਰਸ਼ ਨਾਲ ਅਸਾਵੀਂ ਮੁਕਾਬਲੇ ਵਾਲੀ ਸਥਿਤੀ ਵਿਚੋਂ ਉਪਜੀਆਂ ਅਤੇ ਉਪਜ ਰਹੀਆਂ ਹਨ।

ਬੱਚੇ ਨੂੰ ਜਨਮ ਦੇਣਾ ਅਤੇ ਉਸ ਦੀ ਪਾਲਣਾ-ਪੋਸਣਾ ਕਰਨੀ ਸਦਾ ਹੀ ਔਰਤ ਦੇ ਮਹੱਤਵ ਦਾ ਆਧਾਰ ਬਣਿਆ ਰਿਹਾ ਹੈ, ਕਿਉਂਕਿ ਇਹ ਇਕ ਅਜਿਹਾ ਖੇਤਰ ਹੈ ਜਿਸ ਵਿਚ ਮਰਦ ਔਰਤ ਦਾ ਪਾਸਕੂ ਵੀ ਨਹੀਂ ਹੈ ਪਰ ਆਧੁਨਿਕ ਔਰਤ ਇਸ ਖੇਤਰ ਤੋਂ ਹੀ ਇਨਕਾਰੀ ਹੋ ਕੇ ਆਪਣੇ ਲਈ ਅਜਿਹੀਆਂ ਮਾਨਸਿਕ ਉਲਝਣਾਂ ਉਸਾਰ ਰਹੀ ਹੈ, ਜਿਨ੍ਹਾਂ ਨੂੰ ਸੁਲਝਾਉਣਾ ਉਸ ਦੇ ਵੱਸ ਦੀ ਗੱਲ ਨਹੀਂ।

ਔਰਤ ਸ਼ਾਇਦ ਇਸ ਗੱਲ ਤੋਂ ਅਣਜਾਣ ਹੈ ਕਿ ਪੁਰਸ਼ ਉੱਤੇ ਔਰਤ ਦੀ ਨਿਰਭਰਤਾ ਘੱਟ ਨਹੀਂ ਰਹੀ, ਵੱਧ ਰਹੀ ਹੈ।

ਔਰਤਾਂ ਦੇ ਕੱਪੜਿਆਂ ਦੇ ਡੀਜ਼ਾਈਨ, ਸਜ-ਸਜਾਵਟ ਦਾ ਸਾਮਾਨ, ਸੈਂਡਲ, ਪਰਸ, ਵਾਲਾਂ ਦੇ ਫੈਸ਼ਨ, ਉਨ੍ਹਾਂ ਦੀ ਐਕਟਿੰਗ ਦਾ ਸਟਾਈਲ, ਉਨ੍ਹਾਂ ਵੱਲੋਂ ਗਾਏ ਜਾਣ ਵਾਲੇ ਗਾਣੇ, ਰਿਨ੍ਹਣ ਪਕਾਉਣ ਦੇ ਨਵੇਂ ਢੰਗ, ਘਰ ਦੀ ਹਰ ਚੀਜ਼, ਹਰ ਪਕਵਾਨ ਅਰਥਾਤ ਔਰਤ ਦੀ ਜ਼ਿੰਦਗੀ ਦੇ ਹਰ ਖੇਤਰ ਵਿਚ ਸਾਰੇ ਫੈਸਲੇ ਔਰਤ ਨਹੀਂ ਪੁਰਸ਼ ਕਰ ਰਿਹਾ ਹੈ।

ਹੋਰ ਤਾਂ ਹੋਰ ਆਪਣੀ ਸਜ-ਸਜਾਵਟ, ਫੈਸ਼ਨ ਅਤੇ ਗਹਿਣਿਆਂ ਦੇ ਖੇਤਰ ਵਿਚ ਵੀ ਔਰਤ, ਪੁਰਸ਼ ਦੀ ਅਗਵਾਈ ਲੈ ਰਹੀ ਹੈ।

ਆਧੁਨਿਕ ਔਰਤ ਆਪਣੇ ਪਰੰਪਰਾਗਤ ਰੋਲ ਨੂੰ ਤਿਆਗ ਕੇ ਜਦੋਂ ਪੁਰਸ਼ ਨਾਲ ਮੁਕਾਬਲੇ ਦੀ ਸਥਿਤੀ ਵਿਚ ਵਿਚਰਨ ਦੀਆਂ ਤਿਆਰੀਆਂ ਕਰ ਰਹੀ ਹੈ ਤਾਂ ਉਹ ਇਸ ਗੱਲ ਪ੍ਰਤੀ ਅਗਿਆਤ ਹੈ ਕਿ ਉਸ ਦੇ ਪੱਲੇ ਨਿਰਾਸਤਾ ਅਤੇ ਨਿਰਾਸਤਾ ਤੋਂ ਉਪਜੀਆਂ ਮਾਨਸਿਕ ਅਤੇ ਸਰੀਰਕ ਉਲਝਣਾਂ ਹੀ ਪੈਣਗੀਆਂ।

ਬਲਾਤਕਾਰ ਦੀਆਂ ਵੱਧਦੀਆਂ ਘਟਨਾਵਾਂ, ਮਨੋਵਿਗਿਆਨਕ ਪੱਖ ਤੋਂ, ਨਿੱਜੀ ਪੱਧਰ 'ਤੇ ਭਾਵੇਂ ਪੁਰਸ਼ ਵੱਲੋਂ ਸਾੜੇ ਵੱਸ, ਔਰਤ ਤੋਂ ਬਦਲਾ ਲੈਣ ਦੀ ਭਾਵਨਾ ਦਾ ਹੀ ਪ੍ਰਗਟਾਵਾ ਹਨ ਪਰ ਇਹ ਔਰਤ ਵੱਲੋਂ ਪੁਰਸ਼ ਦੀ ਕਾਮ-ਤ੍ਰਿਪਤੀ ਦੀ ਲੋੜ ਪ੍ਰਤੀ ਜਾਣ-ਬੁਝ ਕੇ ਪ੍ਰਗਟਾਈ ਜਾ ਰਹੀ ਬੇਮੁੱਖਤਾ ਵੱਲ ਇਸ਼ਾਰਾ ਵੀ ਹਨ।

ਔਰਤ ਦੇ ਸ਼ੋਸ਼ਣ ਦੀ ਅਤਿ ਘਿਨਾਉਣੀ ਉਦਾਹਰਣ ਉਸ ਦੇ ਵੇਸਵਾਪਣ ਦੀ ਦਿੱਤੀ ਜਾਂਦੀ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਪੁਰਸ਼ ਜੀਵਨ ਦੇ ਹਰ ਚੰਗੇ-ਮਾੜੇ ਖੇਤਰ ਵਿਚ ਪ੍ਰਧਾਨ ਹੈ ਤਾਂ ਇਸ ਖੇਤਰ ਵਿਚ ਉਸ ਨੇ ਪ੍ਰਧਾਨਤਾ ਪ੍ਰਾਪਤ ਕਿਉਂ ਨਹੀਂ ਕੀਤੀ?

ਕਾਰਨ ਸਪੱਸ਼ਟ ਹਨ। ਸਰੀਰਕ ਪੱਖੋਂ ਪੁਰਸ਼ ਇਕ ਤੋਂ ਮਗਰੋਂ ਦੂਜੀ ਅਤੇ ਉਸ ਮਗਰੋਂ ਤੀਜੀ, ਚੌਥੀ ਆਦਿ ਔਰਤ-ਗਾਹਕ ਦੀ ਕਾਮ-ਭੁੱਖ ਮਿਟਾਉਣ ਦੇ ਸਮਰੱਥ ਨਹੀਂ। ਕਾਮ-ਸੰਭੋਗ ਵਿਚ ਪੁਰਸ਼ ਦਾ ਸਕਰਮਕ ਰੋਲ ਹੁੰਦਾ ਹੈ ਜਦੋਂ ਕਿ ਔਰਤ ਦਾ ਅਕਰਮਕ।

ਔਰਤ ਦੇ ਵੇਸਵਾ ਬਣਨ ਵਿਚ ਆਰਥਿਕ ਕਾਰਨਾਂ ਤੋਂ ਇਲਾਵਾ ਜੀਵ-ਵਿਗਿਆਨ ਦੇ ਆਧਾਰ ਉਤੇ ਅਸਲ ਕਾਰਨ ਕਾਮ-ਸੰਭੋਗ ਵਿਚ ਉਸ ਦਾ ਅਕਰਮਕ ਹੋਣਾ ਵੀ ਹੈ।

ਜੇ ਪੁਰਸ਼ ਵਿਚ ਸਰੀਰਕ ਪੱਖੋਂ ਥੋੜ੍ਹੇ ਹੀ ਸਮੇਂ ਵਿਚ ਇਕ ਮਗਰੋਂ ਦੂਜੀ, ਫਿਰ ਤੀਜੀ, ਚੌਥੀ ਔਰਤ-ਗਾਹਕ ਨੂੰ ਭੁਗਤਾਉਣ ਦੀ ਸਮਰਥਾ ਹੁੰਦੀ ਤਾਂ ਉਹ ਆਪ ਵੇਸਵਾ ਬਣਦਾ।

ਔਰਤ ਦਾ ਮਹੱਤਵ ਪੁਰਸ਼ ਦੀ ਕਾਮ-ਤ੍ਰਿਪਤੀ ਅਤੇ ਸੰਤਾਨ ਪੈਦਾ ਕਰਨ ਅਤੇ ਮਨੁੱਖੀ ਨਸਲ ਦੀ ਅਗਲੀ ਪੀੜ੍ਹੀ ਚਲਾਉਣ ਦੀ ਸਮਰੱਥਾ ਕਾਰਨ ਹੀ ਰਿਹਾ ਹੈ। ਹੁਣ ਜਦੋਂ ਆਧੁਨਿਕ ਔਰਤ ਇਸ ਪ੍ਰੰਪਰਾਗਤ ਰੋਲ ਪ੍ਰਤੀ ਦਿਨੋ-ਦਿਨ ਅਵੇਸਲੀ ਹੋ ਰਹੀ ਹੈ, ਸੁਭਾਵਿਕ ਹੀ ਉਸ ਦਾ ਸਮਾਜਿਕ ਰੋਲ ਵੱਖਰੀ ਭਾਂਤ ਦਾ ਹੁੰਦਾ ਜਾਵੇਗਾ।

ਆਧੁਨਿਕ ਔਰਤ ਜਿਸ ਰੋਲ ਨੂੰ ਪੁਰਸ਼ ਦੇ ਮੁਕਾਬਲੇ ਵਿਚ ਵਧੇਰੇ ਸਫਲਤਾ ਨਾਲ ਨਿਭਾ ਸਕਦੀ ਹੈ, ਉਸ ਦਾ ਤਿਆਗ ਕਰ ਰਹੀ ਹੈ ਅਤੇ ਉਸ ਮੁਕਾਬਲੇ ਵਿਚ ਰੁੱਝ ਰਹੀ ਹੈ ਜਿਸ ਵਿਚਲੀਆਂ ਵਿਰੋਧਤਾਈਆਂ ਵਿਚ ਸੰਤੁਲਨ ਲਿਆਉਣਾ ਅਤੇ ਪੁਰਸ਼ ਨਾਲ ਸਾਵਾਂ ਉਤਰਨਾ ਉਸ ਦੇ ਵੱਸ ਦੀ ਗੱਲ ਨਹੀਂ।

ਪੁਰਸ਼ ਦਾ ਔਰਤ ਨਾਲ ਕੋਈ ਪ੍ਰਤੱਖ ਮੁਕਾਬਲਾ ਨਹੀਂ ਸਗੋਂ ਪੁਰਸ਼ ਦਾ ਪੁਰਸ਼ ਨਾਲ ਹੀ ਮੁਕਾਬਲਾ ਇੰਨਾ ਸਖਤ ਹੋ ਗਿਆ ਹੈ ਕਿ ਲੱਖਾਂ ਦੀ ਗਿਣਤੀ ਵਿਚ ਪੁਰਸ਼ ਦਿਮਾਗੀ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਦਿਲ ਫੇਲ੍ਹ ਹੋਣ ਦੀਆਂ ਘਟਨਾਵਾਂ ਵੱਧ ਰਹੀਆਂ ਹਨ, ਮਾਨਸਿਕ ਉਲਝਣਾਂ ਕਾਰਨ ਵਧੇਰੇ ਹਾਦਸੇ ਹੋ ਰਹੇ ਹਨ।

ਜੀਵਨ ਵਿਚ ਤਣਾਓ ਇੰਨਾ ਵੱਧ ਗਿਆ ਹੈ ਕਿ ਮਨੁੱਖ ਨੂੰ ਸ਼ਰਾਬ, ਸਿਗਰਟ, ਨਸ਼ਿਆਂ ਅਤੇ ਸੌਣ ਵਾਲੀਆਂ ਗੋਲੀਆਂ ਆਦਿ ਦਾ ਆਸਰਾ ਲੈਣਾ ਪੈ ਰਿਹਾ ਹੈ।

ਕਮਾਉਣ ਵਾਲੀਆਂ ਔਰਤਾਂ ਪ੍ਰਤੀ ਇਹ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਆਪਣੀ ਆਮਦਨ ਦਾ ਕੁਝ ਵਧੇਰੇ ਹੀ ਅਭਿਮਾਨ ਹੁੰਦਾ ਹੈ।

ਇਸ ਦੇ ਮਨੋਵਿਗਿਆਨਕ ਕਾਰਨ ਹਨ।

ਔਰਤ ਨੂੰ ਨਿੱਜੀ ਵਰਤੋਂ ਦੀਆਂ ਚੀਜ਼ਾਂ (ਸੈਂਡਲ, ਸਾੜ੍ਹੀ, ਸਜਾਵਟ ਦਾ ਸਾਮਾਨ, ਪਰਸ ਅਤੇ ਹੋਰ ਨਿਕ-ਸੁਕ ਆਦਿ) ਆਪਣੀ ਤਨਖਾਹ ਵਿਚੋਂ ਖਰੀਦ ਸਕਣ ਦੀ ਸ਼ਕਤੀ ਪ੍ਰਾਪਤ ਹੋ ਗਈ ਹੈ ਅਤੇ ਪੁਰਸ਼ ਕਿਉਂਕਿ ਇਨ੍ਹਾਂ ਚੀਜ਼ਾਂ ਉਤੇ ਵਾਧੂ ਖਰਚ ਨੂੰ ਫਜ਼ੂਲ-ਖਰਚੀ ਸਮਝਦਾ ਹੈ, ਔਰਤ ਦੀ ਇਨ੍ਹਾਂ ਚੀਜ਼ਾਂ ਬਾਰੇ ਪੁਰਸ਼ ਉੱਤੇ ਨਿਰਭਰਤਾ ਖਤਮ ਹੋਣ ਕਾਰਨ, ਔਰਤ ਨੂੰ ਆਪਣੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਗਈਆਂ ਪ੍ਰਤੀਤ ਹੁੰਦੀਆਂ ਹਨ।

ਔਰਤ ਕਦੀ ਇਹ ਨਹੀਂ ਸੋਚਦੀ ਕਿ ਉਸ ਨੇ ਆਪਣੀ ਕਮਾਈ ਵਿਚੋਂ ਮਕਾਨ ਲਈ ਪਲਾਟ ਖਰੀਦਣਾ ਹੈ ਜਾਂ ਕਾਰ ਖਰੀਦਣੀ ਹੈ।

ਔਰਤ ਦੀ ਉਪਰੋਕਤ ਆਤਮ-ਨਿਰਭਰਤਾ ਪੁਰਸ਼ ਦੀਆਂ ਨਜ਼ਰਾਂ ਵਿਚ ਉਸ ਦਾ ਅਭਿਮਾਨ ਬਣ ਕੇ ਰੜਕਦੀ ਹੈ।

ਔਰਤ ਅਤੇ ਪੁਰਸ਼ ਦੀ ਸੋਚ ਵਿਚ ਵੀ ਅੰਤਰ ਹੈ। ਪੁਰਸ਼ ਕੋਲ ਛੇ ਕਮੀਜ਼ਾਂ ਹੋਣ ਤਾਂ ਉਸ ਨੂੰ ਸੁਝਦਾ ਨਹੀਂ ਕਿ ਕਿਹੜੀ ਪਾਵਾਂ, ਔਰਤ ਕੋਲ ਤੀਹ ਬਲਾਊਜ਼-ਸਾੜੀਆਂ ਹੋਣਗੀਆਂ ਅਤੇ ਕਹੇਗੀ ਕਿ ਮੇਰੇ ਕੋਲ ਪਾਉਣ ਲਈ ਕੱਪੜੇ ਹੀ ਨਹੀਂ।

ਜਦੋਂ ਪੁਰਸ਼ ਅਤੇ ਔਰਤ ਕਹਿੰਦੇ ਹਨ 'ਮੇਰਾ ਇਹ ਸੂਟ ਤਿੰਨ ਸਾਲ ਪੁਰਾਣਾ ਹੈ!' ਤਾਂ ਉਨ੍ਹਾਂ ਦੇ ਅਰਥ ਵੱਖਰੇ-ਵੱਖਰੇ ਹੁੰਦੇ ਹਨ। ਔਰਤ ਕਹਿ ਰਹੀ ਹੁੰਦੀ ਹੈ ਕਿ ਮੈਂ ਇਹ ਸੂਟ ਪਾ ਪਾ ਕੇ ਅੱਕ ਗਈ ਹਾਂ। ਪੁਰਸ਼ ਕਹਿ ਰਿਹਾ ਹੁੰਦਾ ਹੈ ਕਿ ਤਿੰਨ ਸਾਲ ਪੁਰਾਣਾ ਹੋਣ ਦੇ ਬਾਵਜੂਦ, ਚੰਗੀ ਸੰਭਾਲ ਕਾਰਨ, ਇਹ ਸੂਟ ਅਜੇ ਵੀ ਨਵਾਂ ਲਗਦਾ ਹੈ।

ਵਾਸਤਵ ਵਿਚ ਔਰਤ ਲਈ ਘਰ ਇਕ ਜੇਲ੍ਹ ਨਹੀਂ, ਇਕ ਕਿਲ੍ਹਾ ਹੈ। ਜਿਹੜੇ ਲੋਕ ਘਰ ਨੂੰ ਕੈਦ ਕਹਿਣ ਦੀ ਰੱਟ ਲਾਉਂਦੇ ਹਨ ਉਹ ਆਪਣੇ ਆਲੇ-ਦੁਆਲੇ ਝਾਤ ਮਾਰਨ ਅਤੇ ਵੇਖਣ ਕਿ ਦਫਤਰਾਂ, ਸਕੂਲਾਂ ਆਦਿ ਵਿਚ ਕੰਮ ਕਰਨ ਵਾਲੀਆਂ ਔਰਤਾਂ ਆਜ਼ਾਦ ਹੋ ਗਈਆਂ ਹਨ ਜਾਂ ਉਨ੍ਹਾਂ ਦਾ ਸ਼ੋਸ਼ਣ ਹੋਰ ਵੱਧ ਗਿਆ ਹੈ?

ਜ਼ਿੰਦਗੀ ਦੀਆਂ ਛੋਟੀਆਂ ਅਤੇ ਸਾਧਾਰਣ ਚੀਜ਼ਾਂ ਔਰਤ ਦਾ ਮਹੱਤਵ ਘਟਾਉਂਦੀਆਂ ਨਹੀਂ, ਵਧਾਉਂਦੀਆਂ ਹਨ।

ਜੇ ਔਰਤ ਨੇ ਘਰ ਵਿਚਲਾ ਆਪਣਾ ਪਰੰਪਰਾਗਤ ਮਹੱਤਵ ਗੁਆ ਲਿਆ ਤਾਂ ਪੁਰਸ਼ਾਂ ਦੀ ਭੀੜ ਵਿਚ ਉਹ ਗੁਆਚ ਜਾਵੇਗੀ।

ਬਹੁਤ ਸਾਰੇ ਕੰਮ ਅਜਿਹੇ ਹਨ, ਜਿਹੜੇ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਵਧੇਰੇ ਸਫਲਤਾ ਅਤੇ ਨਿਪੁੰਨਤਾ ਨਾਲ ਕਰ ਸਕਦੀਆਂ ਹਨ ਪਰ ਅਜਿਹੇ ਖੇਤਰਾਂ ਪ੍ਰਤੀ ਅਵੇਸਲਾਪਣ ਵਿਖਾਉਣ ਅਤੇ ਪੁਰਸ਼-ਖੇਤਰਾਂ ਵਿਚ ਪੁਰਸ਼ ਨਾਲ ਮੁਕਾਬਲਾ ਕਰਨ ਦੀ ਭਾਵਨਾ, ਔਰਤ ਦਾ ਸਮਾਜ ਦੇ ਹਰ ਖੇਤਰ ਵਿਚ ਸ਼ੋਸ਼ਣ ਵਧਾਉਣ ਦਾ ਹੀ ਕਾਰਨ ਬਣਨਗੇ।

ਔਰਤ ਨੂੰ ਆਰਥਿਕਤਾ ਦੇ ਉਹ ਖੇਤਰ ਪਛਾਣਨੇ ਚਾਹੀਦੇ ਹਨ, ਜਿਨ੍ਹਾਂ ਵਿਚ ਉਹ ਪੁਰਸ਼ਾਂ ਨਾਲੋਂ ਵੀ ਵਧੇਰੇ ਯੋਗਤਾ ਨਾਲ ਵਿਚਰ ਸਕਦੀ ਹੈ ਅਤੇ ਉਸ ਨੂੰ ਪੁਰਸ਼ਾਂ ਨਾਲ ਬਰਾਬਰੀ ਦੀ ਜ਼ਿੱਦ ਕਰਨ ਦੀ ਥਾਂ ਪੁਰਸ਼ਾਂ ਨਾਲੋਂ ਵੀ ਅੱਗੇ ਲੰਘਣ ਦਾ ਉਪਰਾਲਾ ਅਤੇ ਆਪਣੀ ਯੋਗਤਾਂ ਨੂੰ ਪ੍ਰਗਟਾਉਣ ਦੇ ਨਵੇਂ ਖੇਤਰਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ।

***

ਗੁਆਚਣਾ ਅਤੇ ਘਰੋਂ ਦੌੜ ਜਾਣਾ

ਅੱਜ ਤੋਂ ਕੁਝ ਦਹਾਕੇ ਪਹਿਲਾਂ ਤਕ ਬੱਚੇ ਆਮ ਕਰ ਕੇ ਮੇਲਿਆਂ ਅਤੇ ਹੋਰ ਇੱਕਠਾਂ ਉਤੇ ਗੁੰਮਦੇ ਸਨ ਪਰ ਆਧੁਨਿਕ ਜੀਵਨ ਦੀ ਜਟਿਲਤਾ ਅਤੇ ਵੰਨ-ਸੁਵੰਨਤਾ ਨੇ ਬੱਚਿਆਂ ਦੇ ਗੁੰਮਣ ਦੇ ਵੰਨ-ਸੁਵੰਨੇ ਢੰਗ ਅਤੇ ਅਸੀਮ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।

ਅੱਜ-ਕਲ੍ਹ ਲਗਾਤਾਰ ਕਈ ਵਰ੍ਹੇ ਟੱਬਰ ਵਿਚ ਇਕੱਠੇ ਰਹਿਣ ਦੇ ਬਾਵਜੂਦ, ਇਕ ਦੂਜੇ ਨਾਲੋਂ ਟੁੱਟਣ ਲੱਗਿਆਂ ਅਸੀਂ ਬਹੁਤੀ ਦੇਰ ਨਹੀਂ ਲਾਉਂਦੇ।

ਮਸ਼ੀਨੀ ਯੁੱਗ ਨੇ ਜੀਵਨ ਮਾਣਨ ਦੀਆਂ ਅਥਾਹ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ ਪਰ ਮਨੁੱਖ ਵਿਚ ਅਜਨਬੀਪਣ ਦਾ ਢੇਰ ਵਾਧਾ ਵੀ ਹੋਇਆ ਹੈ।

ਨਵੀਆਂ ਸਹੂਲਤਾਂ ਨਾਲ ਫੈਲਣ ਦੀ ਥਾਂ ਹਰ ਇਕ ਵਿਅਕਤੀ ਆਪਣੇ ਆਪ ਵਿਚ ਸਿਮਟਦਾ ਜਾ ਰਿਹਾ ਹੈ ਅਤੇ ਹਰ ਕੋਈ ਗੁਆਚਿਆ ਅਨੁਭਵ ਕਰ ਰਿਹਾ ਹੈ।

ਘਰੋਂ ਦੌੜ ਜਾਣਾ, ਗੁੰਮ ਜਾਣ ਦਾ ਹੀ ਇਕ ਰੂਪ ਹੁੰਦਾ ਹੈ।

ਗੁੰਮਦੇ ਆਮ ਕਰਕੇ ਬੱਚੇ ਅਤੇ ਬੁੱਢੇ ਹਨ ਜਦੋਂ ਕਿ ਘਰੋਂ ਦੌੜਨ ਵਾਲਿਆਂ ਦੀ ਬਹੁਗਿਣਤੀ ਵੱਡਿਆਂ ਬੱਚਿਆਂ ਜਾਂ ਜਵਾਨਾਂ ਦੀ ਹੁੰਦੀ ਹੈ।

ਇਕ ਗ੍ਰਹਿਸਤੀ ਵਿਅਕਤੀ ਜੀਵਨ ਦੇ ਝਮੇਲਿਆਂ ਤੋਂ ਕਈ ਵਾਰ ਇਨਾ ਤੰਗ ਪੈ ਜਾਂਦਾ ਹੈ ਕਿ ਉਸ ਵਿਚ ਕਿਧਰੇ ਦੌੜ ਜਾਣ ਲਈ ਅਨੇਕਾਂ ਵਾਰ ਇੱਛਾ ਪੈਦਾ ਹੁੰਦੀ ਹੈ ਪਰ ਜੀਵਨ ਦੀਆਂ ਹੋਰ ਅਪੂਰਨ ਅਭਿਲਾਸ਼ਾਵਾਂ ਵਾਂਗ ਇਸ ਇੱਛਾ ਦੀ ਅਪੂਰਤੀ ਨੂੰ ਵੀ ਉਹ ਸਹਿਜੇ ਹੀ ਸਵੀਕਾਰ ਕਰ ਲੈਂਦਾ ਹੈ ਅਤੇ ਆਪਣੇ ਦੌੜ ਜਾਣ ਨੂੰ ਉਹ ਨਿਰੰਤਰ ਮੁਲਤਵੀ ਕਰਦਾ ਰਹਿੰਦਾ ਹੈ।

ਜਦੋਂ ਕੋਈ ਜਵਾਨ ਮੁੰਡਾ ਘਰੋਂ ਦੌੜ ਜਾਂਦਾ ਹੈ ਤਾਂ ਮਾਪੇ ਇਹੀ ਪ੍ਰਚਾਰ ਕਰਨਾ ਚਾਹੁੰਦੇ ਹਨ ਕਿ ਉਹ ਗੁੰਮ ਗਿਆ ਹੈ ਜਾਂ ਕੋਈ ਉਸ ਨੂੰ ਵਰਗਲਾ ਕੇ ਲੈ ਗਿਆ ਹੈ। ਉਸ ਦੇ ਦੌੜ ਜਾਣ ਦੀ ਗੱਲ ਕਰਨ ਨਾਲ ਉਨ੍ਹਾਂ ਦੀ ਆਪਣੀ ਅਸਫਲਤਾ ਪ੍ਰਗਟ ਹੁੰਦੀ ਹੈ।

ਗੁੰਮਣ ਅਤੇ ਘਰੋਂ ਦੌੜ ਜਾਣ ਵਾਲਿਆਂ ਵਿਚ ਕੁੜੀਆਂ ਜਾਂ ਇਸਤਰੀਆਂ ਦੀ ਗਿਣਤੀ ਬੜੀ ਘੱਟ ਹੁੰਦੀ ਹੈ।

ਇਸ ਦਾ ਸਪਸ਼ਟ ਕਾਰਨ ਇਹੀ ਹੁੰਦਾ ਹੈ ਕਿ ਉਨ੍ਹਾਂ ਨੂੰ ਜਾਣੀਆਂ-ਪਛਾਣੀਆਂ ਥਾਂਵਾਂ ਤੋਂ ਇਲਾਵਾ ਕਿਧਰੇ ਠਾਹਰ ਨਹੀਂ ਮਿਲਦੀ।

ਉਨ੍ਹਾਂ ਦੇ ਗਲਤ ਵਿਅਕਤੀਆਂ ਦੇ ਹੱਥ ਚੜ੍ਹਨ ਅਤੇ ਅਜਿਹੀ ਸਥਿਤੀ ਤੋਂ ਉਪਜਣ ਵਾਲੀ ਬੇਇਜ਼ਤੀ ਦਾ ਡਰ ਸਦਾ ਬਣਿਆ ਰਹਿੰਦਾ ਹੈ।

ਔਰਤ ਜਦੋਂ ਵੀ ਗੁੰਮੇਗੀ ਜਾਂ ਦੌੜੇਗੀ, ਉਹ ਕਿਸੇ ਜਾਣੇ-ਪਛਾਣੇ ਵਿਅਕਤੀ ਨਾਲ ਅਕਸਰ ਕਿਸੇ ਅਣਜਾਣ ਥਾਂ ਜਾਂ ਸ਼ਹਿਰ ਹੀ ਜਾਵੇਗੀ।

ਉਸ ਦੇ ਆਪੇ ਮੁੜਨ ਦੀ ਸੰਭਾਵਨਾ ਸਮੇਂ ਦੇ ਬੀਤਣ ਨਾਲ ਘੱਟਦੀ ਜਾਂਦੀ ਹੈ ਪਰ ਉਸ ਦੇ ਲੱਭ ਪੈਣ ਸੰਬੰਧੀ ਬਹੁਤੀ ਮੁਸ਼ਕਿਲ ਨਹੀਂ ਬਣਦੀ।

ਘਰੋਂ ਦੂਰ ਜਾ ਕੇ ਉਸ ਵਿਚ ਖੁਦਕਸ਼ੀ ਕਰਨ ਦੀ ਸੰਭਾਵਨਾ ਸਦਾ ਵਧੇਰੇ ਹੁੰਦੀ ਹੈ ਅਤੇ ਅਜਿਹੇ ਕੰਮ ਲਈ ਨਹਿਰ ਜਾਂ ਗੱਡੀ ਦੀ ਲਾਈਨ ਵਧੇਰੇ ਕੰਮ ਆਉਂਦੀ ਹੈ।

ਵੇਖਿਆ ਗਿਆ ਹੈ ਕਿ ਪੜ੍ਹਾਈ ਵਿਚ ਲਾਇਕ ਕੁੜੀਆਂ ਵਿਚ ਘਰੋਂ ਦੌੜਨ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

ਹਿਸਾਬ ਜਾਂ ਵਿਗਿਆਨ ਦੇ ਵਿਸ਼ਿਆਂ ਵਿਚ ਹੁਸ਼ਿਆਰ ਕੁੜੀਆਂ ਆਪਣੀ ਤਰਕਸ਼ੀਲ ਸੋਚ ਸਦਕਾ ਉਤਪੰਨ ਹੋਣ ਵਾਲੀਆਂ ਸਮੱਸਿਆਵਾਂ ਦਾ ਪਹਿਲਾਂ ਹੀ ਅਨੁਮਾਨ ਲਾ ਕੇ, ਦੌੜਨ ਦਾ ਫੈਸਲਾ ਤਿਆਗ ਦਿੰਦੀਆਂ ਹਨ।

ਅਜਿਹੀਆਂ ਕੁੜੀਆਂ ਵਿਆਹ ਦੇ ਮਾਮਲੇ ਵਿਚ ਵੀ ਵਧੀਕੀ ਦੇ ਬਾਵਜੂਦ ਸੰਜਮ ਅਤੇ ਸਬਰ ਤੋਂ ਕੰਮ ਲੈਂਦੀਆਂ ਹਨ।

ਘਰੋਂ ਦੌੜਨ ਵਾਲੀਆਂ ਬਹੁਤੀਆਂ ਕੁੜੀਆ ਪੜ੍ਹਾਈ ਵਿਚ ਪੱਛੜੀਆਂ ਅਤੇ ਅਲਪ-ਗਿਆਨ ਕਾਰਨ ਭਾਵਕ ਰੁਚੀਆਂ ਵਾਲੀਆਂ ਹੁੰਦੀਆਂ ਹਨ।

ਅਜਿਹੀਆਂ ਕੁੜੀਆਂ ਤਰਕਹੀਣਤਾ ਕਾਰਨ, ਅਜਿਹੇ ਮੁੰਡਿਆਂ ਨਾਲ ਪਿਆਰ ਕਰਦੀਆਂ ਹਨ, ਜਿਨ੍ਹਾਂ ਨਾਲ ਆਮ ਕਰਕੇ ਉਨ੍ਹਾਂ ਦੇ ਵਿਆਹ ਹੋ ਸਕਣ ਦੀ ਸੰਭਾਵਨਾ ਬਹੁਤੀ ਨਹੀਂ ਹੁੰਦੀ। ਅਜਿਹੀਆਂ ਕੁੜੀਆਂ ਦੇ ਦੌੜਨ ਦੀ ਸਭ ਤੋਂ ਵੱਧ ਸੰਭਾਵਨਾ ਅਕਸਰ ਉਨ੍ਹਾਂ ਦੇ ਕਿਸੇ ਹੋਰ ਨਾਲ ਵਿਆਹ ਜਾਂ ਅਣਚਾਹੀ ਥਾਂ ਮੰਗਣੀ ਤੋਂ ਝੱਟ ਪਹਿਲਾਂ ਹੁੰਦੀ ਹੈ।

ਅਜਿਹੀਆਂ ਕੁੜੀਆਂ ਦੇ ਪ੍ਰੇਮੀ ਵੀ ਭਾਵਕ ਹੁੰਦੇ ਹਨ ਅਤੇ ਦੌੜ ਕੇ ਉਹ ਸਮਾਜਿਕ ਬੰਧਨਾਂ ਦੀ ਖਿੱਲੀ ਉਡਾਉਂਦੇ ਹਨ।

ਸਾਰੀ ਵਿਉਂਤ ਠੰਢੇ ਦਿਮਾਗ ਨਾਲ ਨਾ ਸੋਚੀ ਹੋਣ ਕਾਰਨ, ਮੁੰਡੇ-ਕੁੜੀ ਦੇ ਦੌੜਨ ਦੇ ਝੱਟ ਮਗਰੋਂ ਹੀ ਉਨ੍ਹਾਂ ਦੇ ਸਾਹਮਣੇ ਸਮੱਸਿਆਵਾਂ ਉੱਠ ਖੜੀਆਂ ਹੁੰਦੀਆਂ ਹਨ ਅਤੇ ਬੜੀ ਛੇਤੀ ਹੀ ਮੁੰਡੇ ਨੂੰ ਕੁੜੀ ਇਕ ਬੋਝ ਪ੍ਰਤੀਤ ਹੋਣ ਲੱਗ ਪੈਂਦੀ ਹੈ।

ਉਹ ਉਸ ਤੋਂ ਥੋੜ੍ਹੇ ਸਮੇਂ ਲਈ ਵੀ ਪਰ੍ਹੇ ਨਹੀਂ ਜਾ ਸਕਦਾ।

ਦੌੜਨ ਉਪਰੰਤ ਠੀਕ ਆਰਾਮ ਨਾ ਮਿਲਣ ਕਾਰਨ ਅਜਿਹੇ ਦੋਹਾਂ ਵਿਅਕਤੀਆਂ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ ਅਤੇ ਪੈਸੇ ਮੁੱਕਣ ਤੋਂ ਪਹਿਲਾਂ ਹੀ ਪੈਸੇ ਮੁੱਕ ਜਾਣ ਦੀ ਅਤੇ ਫੜੇ ਜਾਣ ਦੀ ਚਿੰਤਾ ਆਣ ਬਣਦੀ ਹੈ।

ਅਜਿਹੀ ਸਥਿਤੀ ਵਿਚ ਨਿਰਾਸਤਾ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਉਨ੍ਹਾਂ ਦੋਹਾਂ ਨੇ ਇਕ-ਦੂਜੇ ਬਾਰੇ ਜਿਹੜਾ ਆਦਰਸ਼ ਰੂਪ ਉਸਾਰਿਆ ਹੁੰਦਾ ਹੈ ਉਹ ਕੁਝ ਹੀ ਘੰਟਿਆਂ ਜਾਂ ਦਿਨਾਂ ਵਿਚ ਛਹਿ-ਫੇਰੀ ਹੋ ਜਾਂਦਾ ਹੈ।

ਦੋਹਾਂ ਨੂੰ ਇਸ ਗੱਲ ਦੀ ਚਿੰਤਾ ਵੀ ਬਣੀ ਰਹਿੰਦੀ ਹੈ ਕਿ ਉਨ੍ਹਾਂ ਦੇ ਸਾਕ-ਸੰਬੰਧੀ ਸ਼ਿਕਾਰੀਆਂ ਵਾਂਗ ਉਨਾਂ ਦੀ ਪੈੜ ਦੱਬਦੇ ਆ ਰਹੇ ਹਨ।

ਇਸੇ ਡਰ ਅਤੇ ਸਹਿਮ ਕਾਰਨ ਉਹ ਇਕ ਥਾਂ ਟਿਕਦੇ ਨਹੀਂ।

ਲੜਕੀ ਨੂੰ ਇਸ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਆਤਮਘਾਤ ਤੋਂ ਸਿਵਾਏ ਕੋਈ ਰਾਹ ਨਹੀਂ ਲੱਭਦਾ। ਜੇਕਰ ਦੋਹਾਂ ਦਾ ਪਹਿਲਾ ਪਿਆਰ ਹੋਵੇ ਤਾਂ ਦੋਹਾਂ ਦੇ ਇਕੱਠਿਆਂ ਆਤਮਘਾਤ ਕਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਜੇ ਮੁੰਡਾ ਆਰਥਿਕ ਪੱਖੋਂ ਸੁਤੰਤਰ ਹੋਵੇ ਤਾਂ ਉਨ੍ਹਾਂ ਵਿਚ ਵਿਆਹ ਕਰਾਉਣ ਅਤੇ ਵਿਆਹ ਉਪਰੰਤ ਮੁੜ ਆਉਣ ਦੀ ਉਮੀਦ ਬਣੀ ਰਹਿੰਦੀ ਹੈ, ਨਹੀਂ ਤਾਂ ਦੋਵੇਂ ਆਪਣੀ ਅਸਫਲਤਾ ਦਾ ਦੋਸ਼ ਸਮਾਜ ਸਿਰ ਮੜ੍ਹ ਕੇ ਇਸ ਸੰਸਾਰ ਤੋਂ ਵਿਦਾ ਹੋ ਜਾਂਦੇ ਹਨ।

ਜੇਕਰ ਪੁਲੀਸ ਦੀ ਮਦਦ ਨਾਲ, ਘਰੋਂ ਦੌੜੀ ਹੋਈ ਕੁੜੀ ਵਾਪਸ ਲੈ ਵੀ ਆਂਦੀ ਜਾਵੇ ਤਾਂ ਸਮਾਜ ਵਿਚ ਨਿੱਤ ਮਿਲਦੇ ਤਾਹਨਿਆਂ ਅਤੇ ਅਪਮਾਨ ਕਾਰਨ ਉਹ ਅਕਸਰ ਹੀ ਆਤਮਘਾਤ ਬਾਰੇ ਹੀ ਸੋਚਦੀ ਰਹਿੰਦੀ ਹੈ।

ਮੁੰਡਿਆਂ ਦੇ ਗੁੰਮ ਹੋ ਜਾਣ ਦੇ ਕਈ ਕਾਰਨ ਹੁੰਦੇ ਹਨ।

ਦੌੜ ਜਾਣ ਵਾਲੇ ਮੁੰਡੇ ਆਮ ਕਰਕੇ ਪੜ੍ਹਾਈ ਵਿਚ ਪੱਛੜੇ ਹੁੰਦੇ ਹਨ।

ਭਾਵੇਂ ਕੋਈ ਮੁੰਡਾ ਦੌੜੇ ਜਾਂ ਗੁਆਚੇ, ਉਸ ਦੀ ਦੌੜਨ ਜਾਂ ਗੁਆਚਣ ਸਮੇਂ ਮਾਨਸਿਕ ਸਥਿਤੀ ਬੱਚਿਆਂ ਵਾਲੀ ਹੁੰਦੀ ਹੈ।

ਮਤਰੇਈ ਮਾਂ ਅਤੇ ਜ਼ਾਲਮ ਪਿਤਾ ਦੇ ਹੱਥੋਂ ਦੁੱਖੀ ਮੁੰਡਿਆਂ ਦਾ ਦੌੜਨਾ ਅਸਲ ਵਿਚ ਉਨ੍ਹਾਂ ਵੱਲੋਂ ਬਗਾਵਤ ਕਰਕੇ ਸੁਤੰਤਰਤਾ ਪ੍ਰਾਪਤੀ ਦਾ ਇਕ ਯਤਨ ਹੁੰਦਾ ਹੈ।

ਸ਼ਹਿਰੀ ਮੁੰਡੇ ਆਮ ਕਰਕੇ ਇਮਤਿਹਾਨਾਂ ਤੋਂ ਪਹਿਲਾਂ ਦੌੜਦੇ ਹਨ।

ਅਜਿਹੇ ਸਮੇਂ ਬਹਾਨਾ ਭਾਵੇਂ ਕੋਈ ਹੋਵੇ ਅਸਲੀ ਕਾਰਨ ਇਮਤਿਹਾਨ ਤੋਂ ਡਰ ਅਤੇ ਮਾਪਿਆਂ ਪ੍ਰਤੀ ਕਿਸੇ ਪ੍ਰਕਾਰ ਦਾ ਰੋਸ ਹੁੰਦਾ ਹੈ।

ਦੌੜਨ ਵਾਲੇ ਮੁੰਡਿਆਂ ਦਾ ਵਰਤਾਰਾ ਉਨ੍ਹਾਂ ਦੀ ਉਮਰ, ਸੂਝ-ਸਮਝ, ਸਮਾਜਿਕ ਅਤੇ ਆਰਥਿਕ ਸਥਿਤੀ ਅਨੁਸਾਰ ਹੁੰਦਾ ਹੈ।

ਮਜ਼ਦੂਰ ਜਾਂ ਗਰੀਬ ਸ਼੍ਰੇਣੀ ਦੇ ਮੁੰਡੇ ਦੇ ਵਾਪਸ ਆਉਣ ਦੀ ਸੰਭਾਵਨਾ ਸਭ ਤੋਂ ਘੱਟ ਹੁੰਦੀ ਹੈ, ਕਿਉਂਕਿ ਅਜਿਹੇ ਮੁੰਡੇ ਨੂੰ ਬਾਹਰ ਕੰਮ ਕਰਦਿਆਂ, ਆਪਣੀ ਕਮਾਈ ਆਪਣੀ ਮਰਜ਼ੀ ਨਾਲ ਵਰਤਣ ਦੀ ਖੁੱਲ੍ਹ ਹੁੰਦੀ ਹੈ।

ਕਿਉਂਕਿ ਉਸ ਨੂੰ ਕੰਮ ਕਰਨ ਦੀ ਆਦਤ ਹੁੰਦੀ ਹੈ ਅਤੇ ਕਿਸੇ ਵੀ ਕੰਮ ਤੋਂ ਸ਼ਰਮ ਨਹੀਂ ਹੁੰਦੀ, ਉਹ ਬਾਹਰਲੇ ਜੀਵਨ ਦੀਆਂ ਮੁਸ਼ਕਿਲਾਂ ਖਿੜੇ-ਮੱਥੇ ਬਰਦਾਸ਼ਤ ਕਰਦਾ ਹੈ। ਨਾਲੇ ਆਪਣੀ ਕਮਾਈ ਨਾਲ ਉਸ ਨੂੰ ਆਪਣੀਆਂ ਅਤ੍ਰਿਪਤ ਇੱਛਾਵਾਂ ਪੂਰੀਆਂ ਕਰਨ ਦਾ ਅਵਸਰ ਵੀ ਮਿਲਦਾ ਹੈ।

ਅਜਿਹੇ ਮੁੰਡਿਆਂ ਦੇ ਮਾਪੇ ਉਨ੍ਹਾਂ ਦੀ ਬਹੁਤੀ ਭਾਲ ਨਹੀਂ ਕਰਦੇ।

ਟੱਬਰ ਵਿਚ ਦੂਜੇ ਬੱਚੇ, ਮਾਪਿਆਂ ਨੂੰ ਇਸ ਅਚਾਨਕ ਪਈ ਘਾਟ ਨੂੰ ਬਹੁਤਾ ਮਹਿਸੂਸ ਵੀ ਨਹੀਂ ਹੋਣ ਦਿੰਦੇ ਅਤੇ ਉਹ ਸੋਚਦੇ ਹਨ ਕਿ ਆਪੇ ਆ ਜਾਵੇਗਾ।

ਅਜਿਹਾ ਮੁੰਡਾ ਕੁਝ ਸਾਲਾਂ ਮਗਰੋਂ ਆਰਥਿਕ ਸਫਲਤਾ ਉਪਰੰਤ ਹੀ ਆਪਣੇ ਮਾਪਿਆਂ ਨੂੰ ਮੁੜ ਮਿਲਣ ਦੀ ਇੱਛਾ ਅਧੀਨ ਵਾਪਸ ਮੁੜਦਾ ਹੈ।

ਮੱਧ-ਸ਼੍ਰੇਣਿਕ ਬੱਚੇ ਜਦੋਂ ਗੁੰਮਦੇ-ਦੌੜਦੇ ਹਨ ਤਾਂ ਉਨ੍ਹਾਂ ਦੇ ਮਾਪਿਆਂ ਦੀ ਹਾਲਤ ਬੜੀ ਤਰਸਯੋਗ ਹੁੰਦੀ ਹੈ। ਉਹ ਬਹੁਤ ਤੜਪਦੇ ਹਨ ਅਤੇ ਆਪਣੇ ਮੁੰਡੇ ਦੇ ਦੌੜਨ ਦਾ ਦੋਸ਼ ਕਿਸੇ ਹੋਰ ਵਿਅਕਤੀ ਦੇ ਮੱਥੇ ਥੋਪਦੇ ਹਨ।

ਸ਼ੁਰੂ ਵਿਚ ਉਹ ਕਹਿਣਗੇ ਕਿ ਉਨ੍ਹਾਂ ਦੇ ਮੁੰਡੇ ਨੂੰ ਕਿਸੇ ਚੁੱਕ ਲਿਆ ਹੈ ਪਰ ਹੌਲੀ-ਹੌਲੀ ਉਨ੍ਹਾਂ ਨੂੰ ਇਸ ਗੱਲ ਦੀ ਨਮੋਸ਼ੀ ਭਰੀ ਸੋਝੀ ਹੁੰਦੀ ਹੈ ਕਿ ਉਹ ਦੌੜ ਗਿਆ ਹੈ।

ਅਜਿਹੇ ਬੱਚੇ ਦੌੜਨ ਲਈ ਨਵੇਂ-ਨਵੇਂ ਢੰਗ ਲਭਦੇ ਹਨ, ਜਿਵੇਂ ਇਕ ਮੁੰਡਾ ਘਰੋਂ ਦੌੜਨ ਤੋਂ ਪਹਿਲਾਂ ਆਪਣੀ ਸਾਈਕਲ ਵੇਚ ਕੇ ਕਿਰਾਏ ਲਈ ਪੈਸੇ ਬਣਾਉਂਦਾ ਹੈ ਪਰ ਘਰ ਵਾਲਿਆਂ ਨੂੰ ਦੱਸਦਾ ਹੈ ਕਿ ਸਾਈਕਲ ਗੁੰਮ ਗਈ ਹੈ।

ਇਕ ਬੱਚਾ ਘਰ ਚਿੱਠੀ ਲਿਖ ਕੇ ਰੱਖ ਜਾਂਦਾ ਹੈ 'ਮੈਂ ਨਹਿਰ ਵਿਚ ਡੁੱਬਣ ਲਈ ਜਾ ਰਿਹਾ ਹਾਂ' ਪਰ ਸਾਈਕਲ, ਬੂਟ ਆਦਿ ਨਹਿਰ ਕਿਨਾਰੇ ਰੱਖ ਕੇ ਆਪ ਗੱਡੀ ਚੜ੍ਹ ਜਾਂਦਾ ਹੈ।

ਅਜਿਹੇ ਮੁੰਡੇ ਡੂੰਘੇ ਮਾਨਸਿਕ ਸੰਘਰਸ਼ ਦਾ ਸ਼ਿਕਾਰ ਹੁੰਦੇ ਹਨ ਅਤੇ ਮਾਪਿਆਂ ਵੱਲੋਂ ਲਾਈਆਂ ਆਸਾਂ ਉੱਤੇ ਪੂਰਾ ਨਾ ਉਤਰਨ ਦੇ ਡਰ ਕਾਰਨ ਵੀ ਦੌੜ ਜਾਂਦੇ ਹਨ। ਕਈ ਮੁੰਡੇ ਦੌੜਨ ਤੋਂ ਪਹਿਲਾਂ ਆਪਣੇ ਕਿਸੇ ਦੋਸਤ ਦੀ ਡਿਊਟੀ ਲਾ ਜਾਂਦੇ ਹਨ ਕਿ ਉਹ ਉਸ ਨੂੰ ਲਿਖਦਾ ਜਾਂ ਦਸਦਾ ਰਹੇ ਕਿ ਉਸ ਦੇ ਮਾਪੇ ਉਸ ਦੀ ਯਾਦ ਵਿਚ ਕਿਵੇਂ ਤੜਪਦੇ ਹਨ।

ਮੱਧ-ਸ਼ਰੇਣੀ ਦੇ ਬੱਚੇ ਆਮ ਕਰਕੇ ਘਰ ਵਾਲਿਆਂ ਤੋਂ ਆਪਣੀ ਕੋਈ ਮੰਗ ਪੂਰੀ ਕਰਵਾਉਣ ਦੀ ਇੱਛਾ ਨਾਲ ਦੌੜਨ ਦਾ ਢੰਗ ਆਮ ਵਰਤਦੇ ਹਨ।

ਉਹ ਬੜੇ ਸੁਪਨੇ ਲੈ ਕੇ ਜਾਂਦੇ ਹਨ।

ਫਿਲਮੀ ਦੁਨੀਆਂ ਇਨ੍ਹਾਂ ਲਈ ਸੁਪਨਿਆਂ ਦੀ ਟਕਸਾਲ ਹੁੰਦੀ ਹੈ।

ਐਕਟਰ ਬਣਨ, ਡਾਕੂ ਬਣਨ ਜਾਂ ਬਦਮਾਸ਼ਾਂ ਦੇ ਕਿਸੇ ਟੋਲੇ ਵਿਚ ਰਲਣ ਜਾਂ ਮੁੰਬਈ ਜਿਹੇ ਵੱਡੇ ਸ਼ਹਿਰ ਵਿਚ ਘੁੰਮਣ ਦੀ ਇੱਛਾ ਆਦਿ ਇਨ੍ਹਾ ਨੂੰ ਖਿੱਚ ਲੈ ਜਾਂਦੀ ਹੈ।

ਜਦੋਂ ਪੈਸੇ ਮੁੱਕ ਜਾਂਦੇ ਹਨ, ਘਰ ਦੇ ਸੁਖ ਯਾਦ ਆਉਂਦੇ ਹਨ ਅਤੇ ਬਾਹਰਲਾ ਜੀਵਨ ਅਸਹਿ ਹੋ ਜਾਂਦਾ ਹੈ ਤਾਂ ਇਹ ਅਕਸਰ ਕਿਰਾਏ ਲਈ ਘਰ ਚਿੱਠੀ ਪਾਉਂਦੇ ਹਨ।

ਅਜਿਹੇ ਬੱਚਿਆਂ ਦੀ ਵਾਪਸੀ ਉੱਤੇ ਬੱਚੇ ਘੱਟ ਅਤੇ ਉਨ੍ਹਾਂ ਦੇ ਮਾਪੇ ਵਧੇਰੇ ਕਹਾਣੀਆਂ ਘੜਦੇ ਅਤੇ ਸੁਣਾਉਂਦੇ ਹਨ।

ਅਮੀਰ ਸ਼ਰੇਣੀ ਦੇ ਬੱਚੇ ਜਦੋਂ ਘਰੋਂ ਦੌੜਦੇ ਹਨ ਤਾਂ ਜਾਣੀਆਂ-ਪਛਾਣੀਆਂ ਥਾਂਵਾਂ ਉੱਤੇ ਹੀ ਜਾਂਦੇ ਹਨ ਅਤੇ ਜਲਦੀ ਹੀ ਵਾਪਸ ਆ ਜਾਂਦੇ ਹਨ।

ਉਨ੍ਹਾਂ ਦੀ ਮੰਗ ਕੋਈ ਵੀ ਹੋਵੇ, ਅਮੀਰ ਮਾਪਿਆਂ ਦੇ ਪੁੱਤਰ ਹੋਣ ਕਾਰਨ, ਉਹ ਝੱਟ ਪੂਰੀ ਹੋ ਜਾਂਦੀ ਹੈ ਜਾਂ ਪੂਰੀ ਕੀਤੀ ਜਾਂਦੀ ਹੈ।

ਅਜੋਕੇ ਜੀਵਨ ਵਿਚ ਅਮੀਰ ਮਾਪਿਆਂ ਤੋਂ ਪੈਸੇ ਬਟੋਰਨ ਲਈ ਕੁਝ ਅਪਰਾਧੀ ਟੋਲੇ, ਛੋਟੀ ਉਮਰ ਦੇ ਮੁੰਡਿਆਂ ਨੂੰ ਅਗਵਾ ਵੀ ਕਰਦੇ ਹਨ ਅਤੇ ਕਈ ਵਾਰੀ ਅਗਵਾ ਕਰਨ ਦੀਆਂ ਇਨ੍ਹਾਂ ਘਟਨਾਵਾਂ ਵਿਚ ਅਗਵਾ ਹੋਣ ਵਾਲੇ ਜਵਾਨ ਮੁੰਡੇ ਆਪ ਵੀ ਸ਼ਾਮਲ ਹੁੰਦੇ ਹਨ। ਅਜਿਹਾ ਕਾਰਜ ਅਕਸਰ ਮਾਪਿਆਂ ਦੇ ਲਾਡਲੇ ਪਰ ਅਕਲ-ਵਿਹੂਣੇ ਅਤੇ ਫਿਲਮਾਂ ਵੇਖਣ ਦੇ ਆਦੀ ਪੁੱਤਰ ਕਰਦੇ ਹਨ।

ਘਰੋਂ ਦੌੜਨ ਦੀਆਂ ਉਪਰੋਕਤ ਸਮੱਸਿਆਵਾਂ ਦਾ ਹੱਲ ਕੀ ਹੈ ?

ਆਮ ਕਰਕੇ ਆਦਰਸ਼ਹੀਣ ਬੱਚੇ ਘਰੋਂ ਦੌੜਦੇ ਹਨ।

ਘਰੋਂ ਦੌੜਨਾ ਅਸਲ ਵਿਚ ਮਾਪਿਆਂ ਪ੍ਰਤੀ ਵਿਦਰੋਹ ਹੁੰਦਾ ਹੈ।

ਮਾਪਿਆਂ ਦੀ ਆਦਰਸ਼ਹੀਣਤਾ ਬੱਚਿਆਂ ਉੱਤੇ ਅਸਰ ਕਰਦੀ ਹੈ।

ਆਪਣੇ ਬੱਚਿਆਂ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਤੋਂ ਜਾਣੂ ਹੋ ਕੇ ਅਸੀਂ ਉਨ੍ਹਾਂ ਦੀ ਸ਼ਖਸੀਅਤ ਵਿਚ ਉਲਾਰਪਣ ਨੂੰ ਘਟਾ ਸਕਦੇ ਹਾਂ।

ਇਹ ਉਲਾਰਪਣ ਹੀ ਮਗਰੋਂ ਉਨ੍ਹਾਂ ਦੇ ਦੌੜਨ ਦਾ ਕਾਰਨ ਬਣਦਾ ਹੈ।

ਮਾਪਿਆਂ ਨੂੰ ਇਹ ਜ਼ਿੱਦ ਨਹੀਂ ਕਰਨੀ ਚਾਹੀਦੀ ਕਿ ਉਨ੍ਹਾਂ ਦਾ ਬੱਚਾ ਹਰ ਪ੍ਰੀਖਿਆ ਵਿਚੋਂ ਅਵੱਲ ਹੀ ਆਵੇ ਅਤੇ ਡਾਕਟਰ ਜਾਂ ਇੰਜੀਨੀਅਰ ਹੀ ਬਣੇ।

ਬੱਚੇ ਦੀ ਯੋਗਤਾ ਅਤੇ ਸਮਰੱਥਾ ਨੂੰ ਧਿਆਨ ਵਿਚ ਰਖ ਕੇ ਹੀ ਉਸ ਤੋਂ ਆਸਾਂ ਲਾਉਣੀਆਂ ਚਾਹੀਦੀਆਂ ਹਨ, ਨਹੀਂ ਤਾਂ ਉਹ ਨਿਰਾਸ਼ ਹੀ ਕਰੇਗਾ।

***

ਜ਼ੁਕਾਮ

ਜ਼ੁਕਾਮ ਇਤਨਾ ਸਰਬਵਿਆਪਕ ਹੋ ਗਿਆ ਹੈ ਕਿ ਹੁਣ ਇਸ ਨੂੰ ਬੀਮਾਰੀ ਨਹੀਂ, ਸਗੋਂ ਕੁਝ ਦਿਨਾਂ ਦੀ ਔਖ ਹੀ ਸਮਝਿਆ ਜਾਂਦਾ ਹੈ।

ਅਸਲੀਅਤ ਇਹ ਹੈ ਕਿ ਸਭਿਅਕ ਸੰਸਾਰ ਦੇ ਹਰੇਕ ਵਿਅਕਤੀ ਦੀ ਸਭ ਤੋਂ ਵੱਡੀ ਸਰੀਰਕ ਸਮੱਸਿਆ ਜ਼ੁਕਾਮ ਹੀ ਹੈ।

ਗਰਮੀਆਂ ਅਤੇ ਸਰਦੀਆਂ, ਦੋਹਾਂ ਮੌਸਮਾਂ ਵਿਚ ਇਸ ਦੇ ਲੱਗਣ ਅਤੇ ਹਰ ਕਿਸੇ 'ਤੇ ਮਾਰ ਕਰਨ ਦੇ ਕਈ ਸੈਂਕੜੇ ਕਾਰਨ ਹਨ।

ਭਾਵੇਂ ਸੈਂਕੜੇ ਹੀ ਦਵਾਈਆਂ ਜ਼ੁਕਾਮ ਲਈ ਸੁਝਾਈਆਂ ਗਈਆਂ ਹਨ ਪਰ ਇਹ ਰੋਗ, ਸਭ ਦਵਾਈਆਂ ਨੂੰ ਟਿੱਚ ਸਮਝਦਾ ਹੈ।

ਅਸਲੀਅਤ ਇਹ ਹੈ ਕਿ ਜ਼ੁਕਾਮ ਦੀ ਹਾਲਤ ਵਿਚ ਜੇ ਤੁਸੀਂ ਦਵਾਈ ਨਾ ਲਵੋ ਤਾਂ ਤੁਸੀਂ ਸੱਤਾਂ ਦਿਨਾਂ ਵਿਚ ਠੀਕ ਹੋ ਜਾਵੋਗੇ ਪਰ ਜੇ ਦਵਾਈ ਲੈ ਲਵੋ ਜਾਂ ਲੈਂਦੇ ਰਹੋ ਤਾਂ ਇਕ ਹਫਤੇ ਵਿਚ ਠੀਕ ਹੋ ਜਾਵੋਗੇ।

ਗਲੀਆਂ, ਬਜ਼ਾਰਾਂ ਵਿਚ ਡਾਕਟਰਾਂ ਦੀਆਂ ਦੁਕਾਨਾਂ 'ਤੇ, ਸਰਦੀਆਂ ਵਿਚ ਵਿਸ਼ੇਸ਼ ਕਰਕੇ, ਬਹੁਤੇ ਮਰੀਜ਼ ਜ਼ੁਕਾਮ ਦੇ ਹੀ ਹੁੰਦੇ ਹਨ।

ਮਰੀਜ਼ ਜ਼ੁਕਾਮ ਦੇ ਪੰਜਵੇਂ, ਛੇਵੇਂ ਦਿਨ ਜਿਸ ਡਾਕਟਰ ਕੋਲ ਦਵਾਈ ਵਾਸਤੇ ਜਾਂਦਾ ਹੈ, ਉਸ ਬਾਰੇ ਮਗਰੋਂ ਕਹਿੰਦਾ ਹੈ ਕਿ ਫ਼ਲਾਣੇ ਡਾਕਟਰ ਦੀ ਦਵਾਈ ਨੇ ਤਾਂ ਇਕ ਦਿਨ ਵਿਚ ਮੇਰਾ ਜ਼ੁਕਾਮ ਠੀਕ ਕਰ ਦਿੱਤਾ, ਜਦੋਂ ਕਿ ਦੂਜੇ ਡਾਕਟਰ ਦੀ ਪੰਜ ਦਿਨ ਦੀ ਦਵਾਈ ਨਾਲ ਵੀ ਕੋਈ ਫਰਕ ਨਹੀਂ ਪਿਆ।

ਵਾਸਤਵਿਕਤਾ ਇਹ ਹੁੰਦੀ ਹੈ ਕਿ ਜ਼ੁਕਾਮ ਨੇ ਲਗਭਗ ਸੱਤ ਦਿਨਾਂ ਮਗਰੋਂ ਬਿਨਾਂ ਕਿਸੇ ਦਵਾਈ ਦੇ ਵੀ ਆਪੇ ਠੀਕ ਹੋ ਜਾਣਾ ਹੁੰਦਾ ਹੈ।

ਭਾਵੇਂ ਜ਼ੁਕਾਮ ਆਪਣੇ ਆਪ ਵਿਚ ਕੋਈ ਗੰਭੀਰ ਜਾਂ ਗੁੰਝਲਦਾਰ ਬੀਮਾਰੀ ਨਹੀਂ, ਪਰ ਇਹ ਕਈ ਬੀਮਾਰੀਆਂ ਦਾ ਸੰਕੇਤ ਹੁੰਦਾ ਹੈ।

ਸਰੀਰ ਵਿਚ ਬੀਮਾਰੀਆਂ ਬਰਦਾਸ਼ਤ ਕਰਨ ਦੀ ਘੱਟ ਰਹੀ ਸ਼ਕਤੀ ਦਾ ਇਹ ਸਪਸ਼ਟ ਐਲਾਨ ਅਤੇ ਸਹੀ ਪੈਮਾਨਾ ਹੁੰਦਾ ਹੈ।

ਇਸ ਦਾ ਸਹੀ ਇਲਾਜ ਤਾਂ ਇਹ ਹੈ ਕਿ ਜਿੰਨਾ ਚਿਰ ਇਹ ਹੈ ਉਤਨਾ ਚਿਰ ਕਿਸੇ ਨੂੰ ਮਿਲਿਆ ਨਾ ਜਾਵੇ ਅਤੇ ਘਰ ਹੀ ਰਿਹਾ ਜਾਵੇ ਪਰ ਦੁਰਭਾਗਵਸ ਜ਼ੁਕਾਮ ਦੀ ਹਾਲਤ

ਵਿਚ ਲੋਕਾਂ ਨੂੰ ਮਿਲਣ ਲਈ ਸਾਡਾ ਬਾਹਲਾ ਦਿਲ ਕਰਦਾ ਹੈ ਅਤੇ ਤੋਹਫ਼ੇ ਵਾਂਗ ਉਨ੍ਹਾਂ ਨੂੰ ਅਸੀਂ ਜ਼ੁਕਾਮ ਬਿਨ ਮੰਗੇ ਦਿੰਦੇ ਹਾਂ।

ਮਨੋਵਿਗਿਆਨਿਕ ਤੌਰ 'ਤੇ ਜ਼ੁਕਾਮ ਦੀ ਸਥਿਤੀ ਵਿਚ ਸਾਨੂੰ ਬਿਨਾਂ ਜ਼ੁਕਾਮ ਟੁਰਦੇ-ਫਿਰਦੇ ਲੋਕ ਚੰਗੇ ਨਹੀਂ ਲਗਦੇ ਅਤੇ ਉਨ੍ਹਾਂ ਨੂੰ ਵੀ ਇਹ ਹੋਇਆ ਵੇਖ ਕੇ ਸਾਨੂੰ ਵਿਸ਼ੇਸ਼ ਪ੍ਰਕਾਰ ਦੀ ਤਸੱਲੀ ਹੁੰਦੀ ਹੈ।

ਜ਼ੁਕਾਮ ਕਈ ਕਾਰਨਾਂ ਨਾਲ ਹੁੰਦਾ ਹੈ। ਆਮ ਕਿਹਾ ਜਾਂਦਾ ਹੈ ਕਿ ਇਹ ਮੌਸਮ ਦੀ ਬਦਲੀ ਸਮੇਂ ਹੁੰਦਾ ਹੈ ਪਰ ਸੱਚ ਇਹ ਹੈ ਕਿ ਹਰ ਇਕ ਵਿਅਕਤੀ ਨੂੰ ਇਹ ਵੱਖ-ਵੱਖ ਢੰਗ ਨਾਲ ਹੁੰਦਾ ਹੈ। ਕੁਝ ਨੂੰ ਆਚਾਰ ਖਾਣ ਨਾਲ ਹੁੰਦਾ ਹੈ, ਕੁਝ ਨੂੰ ਲੱਸੀ ਪੀਣ ਨਾਲ, ਕਿਸੇ ਨੂੰ ਉਡਦੀ ਧੂੜ ਤੋਂ ਹੁੰਦਾ ਹੈ ਅਤੇ ਕਿਸੇ ਨੂੰ ਧੂਏਂ ਤੋਂ।

ਜਿਵੇਂ ਜ਼ੁਕਾਮ ਦੇ ਲੱਗਣ ਦੇ ਕਾਰਨ ਨਿੱਜੀ ਹਨ, ਤਿਵੇਂ ਹੀ ਹਰ ਇਕ ਵਿਅਕਤੀ ਲਈ ਇਸ ਦਾ ਇਲਾਜ ਵੀ ਨਿੱਜੀ ਹੈ।

ਜ਼ੁਕਾਮ ਦੇ ਫੈਲਾਉਣ ਵਿਚ ਬੱਸਾਂ, ਗਡੀਆਂ, ਸਿਨੇਮੇ ਅਰਥਾਤ ਭੀੜ-ਭੜਕੇ ਵਾਲੀਆਂ ਥਾਂਵਾਂ ਬੜੀਆਂ ਸਹਾਇਕ ਹੁੰਦੀਆਂ ਹਨ।

ਇਹ ਰੋਗ ਧੂਮ-ਧੱੜਕੇ ਨਾਲ ਆਉਂਦਾ ਹੈ ਅਤੇ ਲਗਾਤਾਰ ਕਈ ਨਿੱਛਾਂ ਇਸ ਦੀ ਸ਼ੁਰੂਆਤ ਦਾ ਐਲਾਨ ਕਰਦੀਆਂ ਹਨ। ਸੁੱਸਤੀ, ਕਿਸੇ ਕੰਮ ਕਰਨ ਵਿਚ ਅਰੁਚੀ, ਬੇਸੁਆਦੀ, ਕਿਸੇ ਨਾਲ ਗੱਲ ਕਰਨ ਜਾਂ ਕਿਸੇ ਥਾਂ ਟਿਕਣ ਤੋਂ ਉਪਰਾਮਤਾ, ਅਕੇਵਾਂ, ਥਕੇਵਾਂ ਅਤੇ ਆਪਣੇ ਆਪ ਦਾ ਫਾਲਤੂ-ਫਾਲਤੂ ਪ੍ਰਤੀਤ ਹੋਣਾ ਇਸ ਦੀਆਂ ਕੁਝ ਕੁ ਪਛਾਣਾਂ ਹਨ।

ਜ਼ੁਕਾਮ ਕਾਰਨ ਨੱਕ ਨਾਲ, ਗਲਾ ਅਤੇ ਕੰਨ ਵੀ ਪ੍ਰਭਾਵਿਤ ਹੁੰਦੇ ਹਨ। ਪਹਿਲਾਂ ਗਲਾ ਖਰਾਬ ਹੁੰਦਾ ਹੈ, ਫਿਰ ਨੱਕ ਵਗਦਾ ਹੈ ਅਤੇ ਅੰਤ ਨੂੰ ਕੰਨ ਬੰਦ ਹੋ ਜਾਂਦੇ ਹਨ।

ਜਿਸ ਵਿਅਕਤੀ ਨੂੰ ਵੀ ਜ਼ੁਕਾਮ ਹੋਇਆ ਹੋਇਆ ਹੋਵੇ, ਉਹ ਵਿਅਕਤੀ ਮੁਸ਼ਕਿਲਾਂ ਵਿਚ ਘਿਰਿਆ ਪ੍ਰਤੀਤ ਹੁੰਦਾ ਹੈ।

ਜ਼ੁਕਾਮ ਨਾਲ ਕਾਮ-ਸੰਭੋਗ ਕਰਨ ਦੀ ਇੱਛਾ-ਸ਼ਕਤੀ ਘੱਟਦੀ ਹੈ।

ਇਸ ਨਾਲ ਨੱਕ ਦੀ ਸੁੰਘਣ ਸ਼ਕਤੀ ਵੀ ਉਲਟ-ਪੁਲਟ ਜਾਂਦੀ ਹੈ।

ਜ਼ੁਕਾਮ ਨਾਲ ਸਾਡੇ ਵਰਤਾਰੇ ਵਿਚ ਬੇਸਬਰੀ ਅਤੇ ਚਿੜਚਿੜਾਪਣ ਵੱਧਦਾ ਹੈ ਅਤੇ ਪ੍ਰੇਸ਼ਾਨੀ ਪ੍ਰਗਟਾਉਣ ਅਤੇ ਗਾਲ੍ਹਾਂ ਕੱਢਣ ਦੀ ਪ੍ਰਵਿਰਤੀ ਬਲਵਾਨ ਹੁੰਦੀ ਹੈ।

ਜ਼ੁਕਾਮ ਦਾ ਸਤਾਇਆ ਵਿਅਕਤੀ ਹਮਦਰਦੀ ਦਾ ਜਾਚਕ ਹੁੰਦਾ ਹੈ।

ਕਈ ਤਾਂ ਇਸ ਤਕਲੀਫ ਨਾਲ ਆਪਣੇ ਆਪ ਨੂੰ ਅਪਰਾਧੀ ਅਨੁਭਵ ਕਰਨ ਲੱਗ ਪੈਂਦੇ ਹਨ ਅਤੇ ਮੁਆਫ਼ੀ ਮੰਗਣ ਦੀ ਭਾਵਨਾ ਨਾਲ ਬਿਨਾ ਪੁੱਛੇ ਆਪੇ ਦੱਸਦੇ ਹਨ ਕਿ ਇਹ ਇਕ-ਦੋ ਦਿਨ ਵਿਚ ਠੀਕ ਹੋ ਜਾਵੇਗਾ।

ਜ਼ੁਕਾਮ ਜਿਹੀਆਂ ਹੁਣ ਹੋਰ ਕਈ ਬੀਮਾਰੀਆਂ ਆਮ ਹੋ ਗਈਆਂ ਹਨ, ਜਿਵੇਂ ਵਾਇਰਲ ਬੁਖਾਰ, ਦਮਾ ਅਤੇ ਅੱਖਾਂ ਦੀ ਬੀਮਾਰੀ।

ਅਜਿਹੀਆਂ ਬੀਮਾਰੀਆਂ ਸਮੇਂ ਅਸੀਂ ਅਚੇਤ ਹੀ ਇਕ ਵਿਸ਼ੇਸ਼ ਪ੍ਰਕਾਰ ਦੇ ਵਰਤਾਰੇ ਨੂੰ ਪ੍ਰਗਟਾਉਂਦੇ ਹਾਂ। ਜੇ ਤੁਸੀਂ ਕਿਸੇ ਨੂੰ ਪੁੱਛੋ, ਜ਼ੁਕਾਮ ਕਿਸ ਤੋਂ ਲੱਗਿਆ ਤਾਂ ਉਹ ਕਿਸੇ ਉਸ ਵਿਅਕਤੀ ਦਾ ਨਾਂ ਲਵੇਗਾ, ਜਿਹੜਾ ਅਸਲ ਵਿਚ ਉਸ ਨੂੰ ਪਸੰਦ ਨਹੀਂ ਹੁੰਦਾ।

ਅੱਖਾਂ ਦੀ ਬੀਮਾਰੀ ਬਾਰੇ ਆਮ ਕਿਹਾ ਜਾਂਦਾ ਰਿਹਾ ਹੈ ਕਿ ਇਹ ਬੰਗਲਾਦੇਸ਼ ਤੋਂ ਆਈ ਹੈ, ਜਦੋਂ ਕਿ ਇਸ ਪਿੱਛੇ ਅਚੇਤ ਭਾਵਨਾ ਇਕ ਭੈੜੀ ਬੀਮਾਰੀ ਨੂੰ, ਆਪਣੇ ਨਾਲੋਂ ਕਿਸੇ ਗਰੀਬ ਦੇਸ਼ ਦੇ ਨਾਂ ਥੱਪਣ ਦੀ ਹੀ ਹੁੰਦੀ ਹੈ।

ਯੂਰਪ ਵਿਚ ਵੀ ਇਵੇਂ ਹੁੰਦਾ ਰਿਹਾ ਹੈ। ਇੰਗਲੈਂਡ ਵਾਲੇ ਹਰ ਬੀਮਾਰੀ ਦਾ ਦੋਸ਼ ਫਰਾਂਸ ਉਤੇ ਅਤੇ ਫਰਾਂਸ ਵਾਲੇ ਇੰਗਲੈਂਡ ਉਤੇ ਲਾਉਂਦੇ ਰਹੇ ਹਨ, ਜਿਹੜਾ ਅਸਲ ਵਿਚ ਇਕ-ਦੂਜੇ ਪ੍ਰਤੀ ਨਫ਼ਰਤ ਦਾ ਹੀ ਪ੍ਰਗਟਾਵਾ ਹੁੰਦਾ ਹੈ।

ਕਿਹਾ ਜਾਂਦਾ ਹੈ ਕਿ ਜ਼ੁਕਾਮੇ ਵਿਅਕਤੀ ਨੂੰ ਕਿਸੇ ਨਾਲ ਹੱਥ ਨਹੀਂ ਮਿਲਾਉਣਾ ਚਾਹੀਦਾ ਅਤੇ ਕੋਈ ਮਿਲਾ ਵੀ ਲਵੇ ਤਾਂ ਬੇਜ਼ੁਕਾਮੇ ਵਿਅਕਤੀ ਨੂੰ ਝੱਟਪਟ ਆਪਣੇ ਹੱਥ ਧੋ ਲੈਣੇ ਚਾਹੀਦੇ ਹਨ, ਪਰ ਇਹ ਸਭ ਕੁਝ ਹਰ ਵੇਲੇ ਸੰਭਵ ਨਹੀਂ ਹੁੰਦਾ।

ਇਹ ਬੀਮਾਰੀ ਹੈ ਤਾਂ ਦੋ ਤਿੰਨ ਦਿਨ ਦੀ ਪਰ ਜੇ ਬਿਸਤਰੇ ਵਿਚ ਰਿਹਾ ਜਾਵੇ ਪਰ ਬਿਸਤਰੇ ਵਿਚ ਰਹਿੰਦਾ ਕੌਣ ਹੈ ?

ਇਹ ਵੀ ਕਿਹਾ ਜਾਂਦਾ ਹੈ ਕਿ ਸਲ੍ਹਾਬ ਅਤੇ ਠੰਡ ਇਸ ਬੀਮਾਰੀ ਦੀਆਂ ਜੜ੍ਹਾਂ ਹਨ ਪਰ ਅਸਲੀਅਤ ਇਹ ਹੈ ਕਿ ਇਸ ਬੀਮਾਰੀ ਬਾਰੇ ਇਤਨੇ ਸਿਧਾਂਤ ਸਥਾਪਤ ਕੀਤੇ ਗਏ ਹਨ ਕਿ ਉਨ੍ਹਾਂ ਦੀ ਗਿਣਤੀ ਕਰਨੀ ਬੰਦ ਕੀਤੀ ਜਾ ਚੁੱਕੀ ਹੈ।

ਇਸੇ ਲਈ ਬਹੁਤਿਆਂ ਲਈ ਜ਼ੁਕਾਮ ਇਕ ਅਜਿਹੀ ਬੇਆਰਾਮੀ ਹੈ ਜਿਹੜੀ ਹਰ ਹਾਲਤ ਵਿਚ ਬਰਦਾਸ਼ਤ ਕਰਨੀ ਹੀ ਪੈਂਦੀ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਸੰਸਾਰ ਭਰ ਵਿੱਚ ਜ਼ੁਕਾਮ ਦੇ ਬੀਮਾਰ ਖਰਬਾਂ ਰੁਪਏ ਦੀ ਦਵਾਈ ਹਰ ਸਾਲ ਵਰਤਦੇ ਹਨ ਪਰ ਜ਼ੁਕਾਮ ਫਿਰ ਵੀ ਆਪਣੀ ਮਰਜ਼ੀ ਨਾਲ ਆਪਣੀ ਮਿਆਦ ਪੂਰੀ ਕਰਕੇ ਹੀ ਠੀਕ ਹੁੰਦਾ ਹੈ।

ਕਈ ਜ਼ੁਕਾਮ ਦੇ ਬਹਾਨੇ ਮੁਰਗਾ ਖਾਂਦੇ ਹਨ, ਕਈ ਕੜਾਹ ਖਾਂਦੇ ਹਨ, ਕਈ ਦੁੱਧ ਵਿਚ ਜਲੇਬੀਆਂ ਪਾ ਕੇ ਖਾਂਦੇ ਹਨ, ਕਈ ਰੰਮ, ਬਰਾਂਡੀ ਜਾਂ ਸ਼ਰਾਬ ਪੀਂਦੇ ਹਨ ਅਤੇ ਕਈ ਦੁਸ਼ਾਂਦਾ ਪੀਂਦੇ ਹਨ।

ਜ਼ੁਕਾਮ ਦੇ ਅਣਗਿਣਤ ਡਾਕਟਰ ਅਤੇ ਅਨੇਕਾਂ ਇਲਾਜ ਹਨ।

ਤੁਸੀਂ ਕਿਸੇ ਨੂੰ ਦੱਸੋ ਕਿ ਤੁਹਾਨੂੰ ਜ਼ੁਕਾਮ ਹੈ, ਉਹ ਵਿਅਕਤੀ ਉਸੇ ਵੇਲੇ ਤੁਹਾਨੂੰ ਇੱਕ ਦਵਾਈ ਸੁਝਾ ਦੇਵੇਗਾ। ਕੋਈ ਕਹੇਗਾ ਅੱਧਰਕ ਦੇ ਰੱਸ ਵਿਚ ਖੰਡ ਰਲਾ ਕੇ ਖਾਓ ਅਤੇ ਕੋਈ ਕਹੇਗਾ ਸ਼ਹਿਦ ਵਿਚ ਸੁਆਹ ਪਾ ਕੇ ਚੱਟੋ।

ਪਿੱਛੇ ਜਿਹੇ ਇਕ ਨੋਬੇਲ ਪੁਰਸਕਾਰ ਜੇਤੂ ਡਾਕਟਰ ਵਿਗਿਆਨੀ ਨੇ ਕਿਹਾ ਸੀ ਕਿ ਵਿਟਾਮਿਨ 'ਸੀ', ਜਿਹੜਾ ਸੰਤਰੇ, ਮੁਸੰਮੀ, ਨਿੰਬੂ ਆਦਿ ਤੋਂ ਪ੍ਰਾਪਤ ਹੁੰਦਾ ਹੈ, ਜ਼ੁਕਾਮ ਲਈ ਸ਼ਰਤੀਆ ਇਲਾਜ ਹੈ ਅਤੇ ਵਿਟਾਮਿਨ ਸੀ ਦਾ ਬੋਲਬਾਲਾ ਹੋ ਗਿਆ।

ਹੁਣ ਇਹ ਧਾਰਨਾ ਝੁਠਲਾਈ ਜਾ ਚੁੱਕੀ ਹੈ, ਕਿਉਂਕਿ ਇਹ ਉਸ ਵਿਅਕਤੀ ਦੇ ਆਪਣੇ ਜ਼ੁਕਾਮ ਦਾ ਨਿੱਜੀ ਇਲਾਜ ਸੀ।

ਜ਼ੁਕਾਮ ਦਾ ਇਕ ਮਹੱਤਵਪੂਰਣ ਮਨੋਵਿਗਿਆਨਕ ਰੋਲ ਹੈ।

ਕੰਮ-ਚੋਰਾਂ ਨੂੰ ਇਹ ਕੰਮ ਨਾ ਕਰਨ ਦਾ ਸਭ ਤੋਂ ਵੱਧੀਆ ਬਹਾਨਾ ਪ੍ਰਦਾਨ ਕਰਦਾ ਹੈ। ਜ਼ੁਕਾਮ ਪੀੜਤਾਂ ਲਈ ਇਹ ਦੂਜਿਆਂ ਦੀ ਹਮਦਰਦੀ ਜਿੱਤਣ ਦਾ ਇਕ ਬੜਾ ਹੀ ਸਾਰਥਕ ਵਸੀਲਾ ਹੁੰਦਾ ਹੈ।

ਜਿਹੜਾ ਜ਼ੁਕਾਮ ਦੇ ਬਾਵਜੂਦ ਆਪਣੇ ਕੰਮ ਉੱਤੇ ਹਾਜ਼ਰ ਹੋ ਜਾਵੇ ਅਤੇ ਪਹਿਲੇ ਵਾਂਗ ਹੀ ਕੰਮ ਕਰੇ, ਸਮਝ ਲਵੋ ਉਹ ਮਨੁੱਖਤਾ ਦਾ ਸੱਚਾ ਸੇਵਕ ਹੈ।

ਜਿਹੜਾ ਜ਼ੁਕਾਮ ਹੋਣ ਉੱਤੇ ਦਫਤਰ ਤਾਂ ਆ ਜਾਵੇ ਪਰ ਆਪਣੇ ਜ਼ੁਕਾਮ ਦਾ ਢੰਡੋਰਾ ਪਿੱਟੇ ਅਤੇ ਦੂਜਿਆਂ ਨੂੰ ਵੀ ਕੰਮ ਕਰਨ ਤੋਂ ਰੋਕੇ, ਸਮਝ ਲਵੋ ਉਹ ਹੱਦ ਦਰਜੇ ਦਾ ਚਲਾਕ ਅਤੇ ਪੰਗੇਬਾਜ਼ ਹੈ।

ਵਾਲ ਰੰਗਣ ਵਾਲਿਆਂ ਨੂੰ ਜ਼ੁਕਾਮ ਆਮ ਲਗਦਾ ਰਹਿੰਦਾ ਹੈ, ਉਹ ਜ਼ੁਕਾਮ ਦੀ ਪ੍ਰੇਸ਼ਾਨੀ ਸਹਿ ਲੈਂਦੇ ਹਨ ਪਰ ਵਾਲ ਰੰਗਣੇ ਨਹੀਂ ਤਿਆਗਦੇ।

ਜ਼ੁਕਾਮ ਹਾਰੇ ਹੋਏ ਵਿਅਕਤੀ ਨੂੰ ਸਥਿਤੀ ਵਿਚੋਂ ਗੈਰਹਾਜ਼ਰ ਹੋਣ ਦਾ ਕਾਰਗਰ ਬਹਾਨਾ ਪ੍ਰਦਾਨ ਕਰਦਾ ਹੈ।

ਲੱਖਾਂ ਹੀ ਵਿਅਕਤੀ ਵੱਖ-ਵੱਖ ਖੇਤਰਾਂ ਵਿਚ ਆਪਣੀ ਅਸਫਲਤਾ ਦਾ ਕਾਰਨ ਜ਼ੁਕਾਮ ਹੀ ਮਿੱਥਦੇ ਹਨ, ਜਦੋਂ ਕਿ ਅਸਲੀਅਤ ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਅਸਫਲਤਾ ਦਾ ਪਤਾ ਹੁੰਦਾ ਹੈ, ਉਸ ਨੂੰ ਕੱਜਣ ਲਈ ਉਹ ਜ਼ੁਕਾਮ ਦਾ ਬਹਾਨਾ ਲਾਉਂਦੇ ਹਨ।

ਜ਼ੁਕਾਮ ਦਾ ਬਹਾਨਾ ਸਾਡੇ ਅਨੇਕਾਂ ਕੰਮ ਸਾਰਦਾ ਹੈ।

ਉਹ ਸਥਿਤੀ ਸਮੁੱਚੀ ਮਾਨਵਜਾਤੀ ਲਈ ਜ਼ਰੂਰ ਸੰਕਟ ਵਾਲੀ ਹੋਵੇਗੀ ਜਦੋਂ ਅਸੀਂ ਇਹ ਬਹਾਨਾ ਨਹੀਂ ਵਰਤ ਸਕਾਂਗੇ।

ਸਹੀ ਅਰਥਾਂ ਵਿਚ ਜ਼ੁਕਾਮ ਇਕ ਲੋਕ-ਤੰਤਰਿਕ ਬੀਮਾਰੀ ਹੈ।

ਘਰ ਵਿਚ ਰਹਿਣ ਵਾਲੀਆਂ ਔਰਤਾਂ ਨੂੰ ਜੇ ਜ਼ੁਕਾਮ ਦੀ ਲਗਾਤਾਰ ਸ਼ਿਕਾਇਤ ਹੋਵੇ ਤਾਂ ਮਨੋਵਿਗਿਆਨਕ ਤੌਰ ਉਤੇ ਇਹ ਉਨ੍ਹਾਂ ਨੂੰ ਪਤੀਆਂ ਅਤੇ ਘਰ ਦੇ ਹੋਰ ਜੀਆਂ ਵਲੋਂ ਨਜ਼ਰ-ਅੰਦਾਜ਼ ਕੀਤੇ ਜਾਣ ਦਾ ਨਤੀਜਾ ਹੁੰਦੀ ਹੈ।

ਕਈ ਵਾਰੀ ਬਾਹਰਲੇ ਕਿਸੇ ਖਤਰੇ ਤੋਂ ਬੱਚਣ ਲਈ ਵੀ ਅਸੀਂ ਜ਼ੁਕਾਮ ਦਾ ਸਹਾਰਾ ਲੈਂਦੇ ਹਾਂ। ਜ਼ੁਕਾਮ ਨੂੰ ਅਸੀਂ ਅਨੇਕਾਂ ਖਤਰਿਆਂ ਨੂੰ ਟਾਲਣ ਲਈ ਵੀ ਵਰਤਦੇ ਹਾਂ।

ਲੋੜ ਪੈਣ ਉੱਤੇ ਜ਼ੁਕਾਮ ਸਹਿਜੇ ਹੀ ਸਹੇੜਿਆ ਜਾ ਸਕਦਾ ਹੈ।

ਔਰਤ ਆਪਣੀ ਅਸਫਲਤਾ ਜਾਂ ਹੋਈ ਬੇਇੱਜ਼ਤੀ ਨੂੰ ਰੋ ਕੇ ਪ੍ਰਗਟ ਕਰਦੀ ਹੈ, ਜਦੋਂ ਕਿ ਮਰਦ ਲਈ ਇਸ ਪ੍ਰਗਟਾਵੇ ਦਾ ਮਾਧਿਅਮ ਜ਼ੁਕਾਮ ਹੁੰਦਾ ਹੈ।

ਬਹੁਤਾ ਰੋਣ ਵਾਲੀ ਅਤੇ ਹਰ ਵੇਲੇ ਸ਼ਿਕਾਇਤਾਂ ਕਰਨ ਵਾਲੀ ਔਰਤ ਨੂੰ ਵੀ ਜ਼ੁਕਾਮ ਲੱਗਣ ਦੀ ਅਕਸਰ ਵਧੇਰੇ ਸੰਭਾਵਨਾ ਹੁੰਦੀ ਹੈ।

ਮਰਦ, ਕਿਉਂਕਿ ਅੱਖਾਂ ਰਾਹੀਂ ਰੋਣਾ ਪ੍ਰਵਾਨ ਨਹੀਂ ਕਰਦਾ ਅਤੇ ਸਮਾਜ ਉਸ ਨੂੰ ਰੋਣ ਨਹੀਂ ਦਿੰਦਾ, ਇਸ ਲਈ ਉਹ ਨੱਕ ਰਾਹੀਂ ਰੋਂਦਾ ਹੈ।

ਇਵੇਂ ਜ਼ੁਕਾਮ ਨੱਕ ਰਾਹੀਂ ਕੀਤਾ ਜਾਣ ਵਾਲਾ ਮਰਦਾਨਾ ਵਿਰਲਾਪ ਹੁੰਦਾ ਹੈ।

ਤੁਸੀਂ ਵੇਖਿਆ ਹੋਵੇਗਾ ਕਿ ਜ਼ੁਕਾਮ ਸਮੇਂ ਸਾਡੀਆਂ ਅੱਖਾਂ ਵਿਚੋਂ ਪਾਣੀ ਵਹਿੰਦਾ ਹੈ, ਜਦੋਂ ਕਿ ਰੋਂਦਿਆਂ ਹੋਇਆਂ ਸਾਡਾ ਨੱਕ ਵੀ ਵੱਗਣ ਲੱਗ ਪੈਂਦਾ ਹੈ।

ਨਿਰਾਸਤਾ, ਗੁੱਸਾ, ਕਿਸੇ ਦਾ ਵਿਛੋੜਾ ਜਾਂ ਕਿਸੇ ਹੱਥੋਂ ਆਪਣੀ ਬੇਪਤੀ ਨੂੰ ਅਸੀਂ ਨੱਕ ਰਾਹੀਂ ਰੋ ਕੇ ਵਿਰਲਾਪ ਕਰ ਕੇ ਪ੍ਰਗਟਾਉਂਦੇ ਹਾਂ।

ਜੇਕਰ ਕੋਈ ਰੋਣਾ ਚਾਹੁੰਦਾ ਹੋਵੇ ਪਰ ਰੋ ਨਾ ਸਕੇ ਤਾਂ ਉਸ ਵਿਅਕਤੀ ਨੂੰ ਅਕਸਰ ਜ਼ੁਕਾਮ ਲੱਗ ਜਾਂਦਾ ਹੈ। ਇਵੇਂ ਜ਼ੁਕਾਮ ਸਾਡੇ ਮਨ ਉਤੇ ਪਏ ਦਬਾਵਾਂ ਅਤੇ ਮਾਨਸਿਕ ਤਣਾਵਾਂ ਦਾ ਆਪ-ਮੁਹਾਰਾ ਵਹਿਣ ਹੁੰਦਾ ਹੈ।

ਜਿਵੇਂ ਹਰ ਕਿਸੇ ਦੀ ਸ਼ਕਲ, ਸ਼ਖ਼ਸੀਅਤ ਅਤੇ ਆਵਾਜ਼ ਵੱਖਰੀ ਹੁੰਦੀ ਹੈ, ਉਵੇਂ ਹੀ ਹਰ ਇਕ ਦੇ ਰੋਣ ਦਾ ਢੰਗ ਵੀ ਵੱਖਰਾ ਹੁੰਦਾ ਹੈ ਅਤੇ ਹਰ ਇਕ ਵਿਅਕਤੀ ਦਾ ਜ਼ੁਕਾਮ ਸਮੇਂ ਵਤੀਰਾ ਵੀ ਵੱਖਰਾ ਹੁੰਦਾ ਹੈ।

ਰੋਣ ਨਾਲ ਅਸੀਂ ਧੋਤੇ-ਧੋਤੇ ਅਤੇ ਸਾਫ਼ ਹੋਏ ਅਨੁਭਵ ਕਰਦੇ ਹਾਂ, ਇਵੇਂ ਹੀ ਜ਼ੁਕਾਮ ਮਗਰੋਂ ਸਰੀਰ ਪਹਿਲੇ ਨਾਲੋਂ ਵਧੇਰੇ ਚੜ੍ਹਦੀ ਕਲਾ ਵਿਚ ਹੋ ਜਾਂਦਾ ਹੈ।

ਜਿਹੜੇ ਲੋਕ ਰੋਣਾ ਚਾਹੁੰਦੇ ਹੋਣ ਅਤੇ ਅੱਖਾਂ ਅਤੇ ਨੱਕ ਦਾ ਮਾਧਿਅਮ ਵਰਤਣ ਤੋਂ ਅਸਮਰਥ ਹੋਣ, ਉਹ ਬਾਰਸ਼ ਦੀ ਇੱਛਾ ਕਰਦੇ ਹਨ, ਕਿਉਂਕਿ ਡਿਗਦੇ ਪਾਣੀ ਨਾਲ ਉਨ੍ਹਾਂ ਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਰੋਣ ਅਤੇ ਵਿਰਲਾਪ ਕਰਨ ਦਾ ਜਿਹੜਾ ਕੰਮ ਉਹ ਨਹੀਂ ਕਰ ਸਕੇ ਉਹ ਕੁਦਰਤ ਕਰ ਰਹੀ ਹੈ।

ਜਿਉਂ-ਜਿਉਂ ਸਭਿਅਤਾ ਦੇ ਪ੍ਰਭਾਵ ਅਧੀਨ ਰੋਣ ਦੇ ਅਵਸਰ ਘੱਟ ਰਹੇ ਹਨ, ਤਿਉਂ ਤਿਉਂ ਜ਼ੁਕਾਮ ਲੱਗਣ ਦੀਆਂ ਸੰਭਾਵਨਾਵਾਂ ਵੱਧ ਰਹੀਆਂ ਹਨ।

ਮਨੁੱਖਤਾ ਨੇ ਆਪਣੇ ਰੋਣ ਦਾ ਢੰਗ ਬਦਲ ਲਿਆ ਹੈ ਪਰ ਰੋਣ ਦੀ ਕਿਰਿਆ ਪਹਿਲੇ ਵਾਂਗ ਹੀ ਬਰਕਰਾਰ ਹੈ।

ਹੁਣ ਸੰਸਾਰ ਦੇ ਬਹੁਤੇ ਲੋਕ ਅੱਖਾਂ ਦੀ ਥਾਂ ਨੱਕ ਰਾਹੀਂ ਰੋਂਦੇ ਹਨ।

***

ਥੱਥਲਾਉਣਾ

ਆਮ ਕਰਕੇ ਥੱਥਲਾਉਣ ਦੀ ਆਦਤ ਕਿਸੇ ਸਰੀਰਕ ਘਾਟ ਜਾਂ ਕਮਜ਼ੋਰੀ ਕਾਰਨ ਨਹੀਂ ਬਲਕਿ ਕੁਝ ਮਨੋਵਿਗਿਆਨਕ ਕਾਰਨਾਂ ਕਰਕੇ ਹੁੰਦੀ ਹੈ।

ਜਦੋਂ ਬੱਚਾ ਬੱਚਪਨ ਵਿਚ ਆਲੇ-ਦੁਆਲੇ ਦੀਆਂ ਸਥਿਤੀਆਂ ਨਾਲ ਸੰਬੰਧ ਜੋੜਨ ਤੋਂ ਅਸਮਰਥ ਹੁੰਦਾ ਹੈ ਤਾਂ ਉਸ ਦੇ ਵਰਤਾਰੇ ਵਿਚ ਅਸਾਧਾਰਨਤਾ ਆ ਜਾਂਦੀ ਹੈ।

ਥੱਥਲਾਉਣਾ ਬੱਚੇ ਦੇ ਵਰਤਾਰੇ ਵਿਚ ਆਈ ਅਸਾਧਾਰਨਤਾ ਦਾ ਹੀ ਇਕ ਅੰਗ ਹੁੰਦਾ ਹੈ। ਕੋਈ ਵਿਅਕਤੀ ਹਰ ਵੇਲੇ ਨਹੀਂ ਥੱਥਲਾਉਂਦਾ।

ਥੱਥਲਾਉਣ ਵਾਲਾ ਵਿਅਕਤੀ ਆਪਣੇ ਆਪ ਨਾਲ ਜਾਂ ਬੱਚਿਆਂ ਨਾਲ ਗੱਲਾਂ ਕਰਦਿਆਂ ਬਹੁਤ ਘੱਟ ਥੱਥਲਾਉਂਦਾ ਹੈ। ਉਹ ਦੂਜਿਆਂ ਦੀ ਹਾਜ਼ਰੀ ਵਿਚ ਜਾਂ ਅਜਨਬੀਆਂ ਦੇ ਸਾਹਮਣੇ ਹੀ ਥੱਥਲਾਉਂਦਾ ਹੈ।

ਵਧੇਰੇ ਚਿੰਤਾ ਕਰਨ ਵਾਲੇ ਜਾਂ ਫਿਕਰਮੰਦ ਮਾਪੇ ਵੀ ਬੱਚੇ ਵਿਚ ਥੱਥਲਾਉਣ ਦੀ ਆਦਤ ਦੇ ਜ਼ਿੰਮੇਵਾਰ ਹੁੰਦੇ ਹਨ। ਸ਼ੁਰੂ ਵਿਚ ਹਰ ਬੱਚਾ ਤੋਤਲੀ ਜਾਂ ਥੱਥਲਾਉਂਦੀ ਆਵਾਜ਼ ਵਿਚ ਬੋਲਦਾ ਹੈ। ਮਾਪੇ ਲਾਡ ਨਾਲ ਉਸ ਦੀ ਨਕਲ ਕਰਦੇ ਹਨ ਅਤੇ ਬੱਚਾ ਇਹ ਸਮਝਣ ਲੱਗ ਪੈਂਦਾ ਹੈ ਕਿ ਉਸ ਦੇ ਮਾਪੇ ਉਸ ਨੂੰ ਥੱਥਲਾਉਣ ਕਰਕੇ ਜਾਂ ਤੋਤਲਾ ਬੋਲਣ ਕਰਕੇ ਹੀ ਪਿਆਰ ਕਰਦੇ ਹਨ।

ਜਦੋਂ ਮਾਪੇ ਅਜਿਹੇ ਬੱਚੇ ਤੋਂ ਅਵੇਸਲੇ ਹੁੰਦੇ ਹਨ ਤਾਂ ਉਨ੍ਹਾਂ ਦਾ ਧਿਆਨ ਖਿੱਚਣ ਲਈ ਵੀ ਕਈ ਵਾਰੀ ਬੱਚਾ ਥੱਥਲਾ ਕੇ ਬੋਲਦਾ ਹੈ।

ਸਾਫ ਅਤੇ ਸਪਸ਼ਟ ਸੋਚਣੀ ਸਾਡੀ ਬੋਲਚਾਲ ਵਿਚ ਵੀ ਸਪਸ਼ਟਤਾ ਲਿਆਉਂਦੀ ਹੈ।

ਜਿਹੜੇ ਬੱਚੇ ਥੱਥਲਾਉਂਦੇ ਹਨ, ਉਨ੍ਹਾਂ ਦੀ ਸੋਚ ਵੀ ਲੰਗੜੀ ਹੋ ਜਾਂਦੀ ਹੈ।

ਵਧੇਰੇ ਫਿਕਰਮੰਦ ਮਾਪੇ ਸਾਰੇ ਫੈਸਲੇ ਆਪ ਕਰਦੇ ਹਨ ਅਤੇ ਨਤੀਜੇ ਵਜੋਂ ਬੱਚੇ ਵਿਚ ਸਵੈ-ਵਿਸ਼ਵਾਸ ਦੀ ਭਾਵਨਾ ਹੀ ਪੈਦਾ ਨਹੀਂ ਹੁੰਦੀ।

ਅਜਿਹੇ ਬੱਚੇ ਨਵੇਂ ਅਨੁਭਵ ਪ੍ਰਾਪਤ ਕਰਨੋਂ ਵਾਂਝੇ ਰਹਿ ਜਾਂਦੇ ਹਨ।

ਮਾਪਿਆਂ ਦੀ ਟੋਕਾ-ਟਾਕੀ ਵਿਚ ਪਲਿਆ ਬੱਚਾ ਸਿਹਤ ਵੱਲੋਂ ਕਮਜ਼ੋਰ, ਅਨੁਭਵਾਂ ਵਿਚ ਊਣਾ ਅਤੇ ਫੈਸਲਾ ਕਰਨ ਦੀ ਸ਼ਕਤੀ ਤੋਂ ਕੋਰਾ ਹੁੰਦਾ ਹੈ। ਅਜਿਹਾ ਬੱਚਾ ਜੋ ਕੁਝ ਵੀ ਕਹਿੰਦਾ ਹੈ ਉਸ ਵਿਚ ਅਨੇਕਾਂ ਨੁੱਕਸ ਕਢੇ ਜਾਂਦੇ ਹਨ। ਇਵੇਂ ਬੱਚਾ ਬੋਲਣ ਤੋਂ ਹੀ ਡਰਨ ਲੱਗ ਪੈਂਦਾ ਹੈ ਅਤੇ ਉਸ ਨੂੰ ਸਦਾ ਆਪਣੀ ਆਲੋਚਨਾ ਦਾ ਹੀ ਡਰ ਲੱਗਾ ਰਹਿੰਦਾ ਹੈ, ਸੋ ਵਧੇਰੇ ਕਰਕੇ ਉਹ ਚੁੱਪ ਹੀ ਰਹਿਣਾ ਪਸੰਦ ਕਰਦਾ ਹੈ।

ਥੱਥਲਾਉਣ ਦਾ ਦੂਜਾ ਵੱਡਾ ਕਾਰਨ ਡਰ ਹੁੰਦਾ ਹੈ।

ਜੰਗ ਦੇ ਮੈਦਾਨ ਵਿਚੋਂ ਆਏ ਫੌਜੀ ਕਈ-ਕਈ ਹਫਤੇ ਠੀਕ ਢੰਗ ਨਾਲ ਗੱਲਬਾਤ ਨਹੀਂ ਕਰ ਸਕਦੇ। ਇਸ ਵਿਚ ਕੋਈ ਸੰਦੇਹ ਨਹੀਂ ਕਿ ਡਰ ਦਾ ਸਾਡੀ ਬੋਲਣ-ਯੋਗਤਾ ਉਤੇ ਸਿੱਧਾ ਪ੍ਰਭਾਵ ਪੈਂਦਾ ਹੈ।

ਅਸੀਂ ਆਮ ਕਹਿੰਦੇ ਹਾਂ 'ਡਰ ਨਾਲ ਉਸ ਦੇ ਮੂੰਹੋਂ ਬੋਲ ਨਹੀਂ ਸੀ ਨਿਕਲ ਰਿਹਾ।'

ਬੱਚੇ ਨੂੰ ਮਾਪਿਆਂ ਦਾ ਪਿਆਰ ਖੁੱਸ ਜਾਣ ਦਾ ਅਤੇ ਆਪਣੇ ਨਿਗੁਣੇ ਸਾਬਤ ਹੋਣ ਦਾ ਡਰ ਸਦਾ ਲੱਗਿਆ ਰਹਿੰਦਾ ਹੈ। ਡਰਾਵੇ ਵਿਚ ਪਲਣ ਵਾਲੇ ਬੱਚੇ ਆਪਣੀ ਸ਼ਖ਼ਸੀਅਤ ਵਿਚ ਸਾਵਾਂਪਣ ਨਹੀਂ ਲਿਆ ਸਕਦੇ। ਉਨ੍ਹਾਂ ਦੀ ਘੁਟੀ-ਘੁਟੀ ਤਬੀਅਤ, ਉਨ੍ਹਾਂ ਦੀਆਂ ਹਰਕਤਾਂ ਅਤੇ ਬੋਲਚਾਲ ਉਤੇ ਅਸਰ ਪਾਉਂਦੀ ਹੈ।

ਅਜਿਹਾ ਬੱਚਾ ਡਰ ਦੀ ਸਥਿਤੀ ਵਿਚ ਹੀ ਵਿਚਰਦਾ ਹੈ ਅਤੇ ਜਦੋਂ ਕੋਈ ਵੀ ਡਰ ਨਾ ਹੋਵੇ ਤਾਂ ਉਹ ਡਰ ਦੀ ਕਲਪਨਾ ਕਰਨ ਲੱਗ ਪੈਂਦਾ ਹੈ।

ਡਰਿਆ ਹੋਇਆ ਬੱਚਾ ਘੱਟ ਬੋਲਦਾ ਹੈ ਅਤੇ ਉਸ ਦੀ ਗੱਲ ਵਿਚ ਤਰਕ ਨਹੀਂ ਹੁੰਦਾ। ਉਹ ਇਸ ਗੱਲ ਤੋਂ ਡਰਦਾ ਰਹਿੰਦਾ ਹੈ ਕਿ ਉਸ ਤੋਂ ਕੋਈ ਚੀਜ਼ ਟੁੱਟ ਜਾਵੇਗੀ, ਠੀਕ ਗੱਲ ਨਹੀਂ ਹੋ ਸਕੇਗੀ ਜਾਂ ਉਹ ਗਲਤ ਗੱਲ ਕਹਿ ਕੇ ਸਜ਼ਾ ਦਾ ਭਾਗੀ ਬਣੇਗਾ।

ਬੱਚਪਨ ਵਿਚ ਬੇਲੋੜਾ ਸਮਝੇ ਜਾਣ ਦੀ ਭਾਵਨਾ ਵਿਅਕਤੀ ਦਾ ਸਾਰੀ ਉਮਰ ਖਹਿੜਾ ਨਹੀਂ ਛੱਡਦੀ। ਅਜਿਹਾ ਵਿਅਕਤੀ ਜੋਸ਼ ਜਾਂ ਗੁੱਸੇ ਜਾਂ ਉਤੇਜਨਾ ਦੀ ਅਵਸਥਾ ਵਿਚ ਜ਼ਰੂਰ ਥੱਥਲਾਉਂਦਾ ਹੈ।

ਥੱਥਲਾਉਣ ਵਾਲੇ ਬੱਚੇ ਨੂੰ ਮਾਪੇ ਕਈ ਡਰਾਵੇ ਦੇ ਕੇ ਠੀਕ ਬੋਲਣ ਲਈ ਜ਼ੋਰ ਪਾਉਂਦੇ ਹਨ। ਅਜਿਹੇ ਮਾਪੇ ਅਸਲ ਕਾਰਨਾਂ ਨੂੰ ਨਾ ਜਾਣਨ ਕਰਕੇ ਬੱਚੇ ਨੂੰ ਹੋਰ ਫਿਕਰਮੰਦ ਕਰ ਦਿੰਦੇ ਹਨ। ਅਜਿਹਾ ਬੱਚਾ ਮਾਪਿਆਂ ਦੇ ਪ੍ਰਸ਼ਨਾਂ ਦੇ ਉੱਤਰ ਬੜੇ ਸੰਖੇਪ ਵਿਚ ਦੇਣ ਲੱਗ ਪੈਂਦਾ ਹੈ। ਆਪਣੇ ਮਾਪਿਆਂ ਦੇ ਡਰਾਵੇ ਤੋਂ ਬੱਚਣ ਲਈ ਅਤੇ ਉਨ੍ਹਾਂ ਤੋਂ ਤਰਸ ਭਰਿਆ ਪਿਆਰ ਪ੍ਰਾਪਤ ਕਰਨ ਲਈ ਉਹ ਬੁਖਾਰ, ਸਿਰ-ਦਰਦ ਜਾਂ ਪੇਟ-ਦਰਦ ਆਦਿ ਦੇ ਬਹਾਨੇ ਲਾਉਂਦਾ ਹੈ। ਇਵੇਂ ਮਾਪਿਆਂ ਦੇ ਬੱਚੇ ਨਾਲ ਆਪਸੀ ਰਿਸ਼ਤੇ ਵਿਚ ਮਾੜੇ ਪ੍ਰਭਾਵਾਂ ਵਾਲੀ ਬੁਨਿਆਦੀ ਤਬਦੀਲੀ ਆਉਂਦੀ ਹੈ।

ਨਤੀਜਾ ਇਹ ਹੁੰਦਾ ਹੈ ਕਿ ਬੱਚਾ ਕਦੀ ਵੀ ਸਵੈ-ਵਿਸ਼ਵਾਸ ਦੀ ਸਥਿਤੀ ਵਿਚ ਵਿਚਰਣ ਤੋਂ ਅਸਮਰਥ ਹੋ ਜਾਂਦਾ ਹੈ ਅਤੇ ਉਸ ਦੀ ਹਰ ਕਿਸੇ ਅੱਗੇ ਥੱਥਲਾਉਣ ਦੀ ਆਦਤ ਪੱਕ ਜਾਂਦੀ ਹੈ।

ਕਿਸੇ ਥੱਥਲਾਉਂਦੇ ਵਿਅਕਤੀ ਨੂੰ ਬੋਲਦਿਆਂ ਵੇਖੀਏ ਤਾਂ ਇੰਝ ਲੱਗੇਗਾ ਜਿਵੇਂ ਇਕ ਪਾਸੇ ਤਾਂ ਉਹ ਬੋਲਣ ਦਾ ਯਤਨ ਕਰ ਰਿਹਾ ਹੈ ਅਤੇ ਦੂਜੇ ਪਾਸੇ ਉਸ ਵੇਲੇ ਕੋਈ ਅੰਦਰਲੀ ਇੱਛਾ ਉਸ ਨੂੰ ਬੋਲਣ ਤੋਂ ਰੋਕ ਰਹੀ ਹੈ।

ਇਹ ਦੋਵੇਂ ਸਵੈ-ਵਿਰੋਧੀ ਇੱਛਾਵਾਂ ਵਿਅਕਤੀ ਦੇ ਅੰਦਰੋਂ ਹੀ ਉਪਜਦੀਆਂ ਹਨ।

ਉਸ ਦਾ ਮਵੈਮਾਣ ਉਸ ਨੂੰ ਬੋਲਣ ਲਈ ਉਕਸਾਉਂਦਾ ਹੈ ਪਰ ਠੱਠੇ-ਮਖੌਲ ਦਾ ਡਰ ਉਸ ਨੂੰ ਚੁੱਪ ਰਹਿਣ ਲਈ ਪ੍ਰੇਰਦਾ ਹੈ।

ਇਹ ਦੁਚਿੱਤੀ ਵੀ ਥੱਥਲਾਉਣ ਦਾ ਕਾਰਨ ਬਣਦੀ ਹੈ।

ਸੁਣਨ ਵਾਲਿਆਂ ਨੂੰ ਚਾਹੀਦਾ ਹੈ ਕਿ ਥੱਥਲਾਉਂਦੇ ਵਿਅਕਤੀ ਨੂੰ ਧੀਰਜ ਨਾਲ ਸੁਣਨ। ਅਧਿਆਪਕ ਆਮ ਕਰਕੇ ਥੱਥਲਾਉਣ ਵਾਲੇ ਵਿਦਿਆਰਥੀ ਨੂੰ ਪ੍ਰਸ਼ਨ ਨਹੀਂ ਪੁੱਛਦੇ ਅਤੇ ਅਜਿਹਾ ਵਿਦਿਆਰਥੀ ਆਪਣੇ ਆਪ ਨੂੰ ਨਿਗੁਣਾ ਸਮਝਣ ਲੱਗ ਪੈਂਦਾ ਹੈ। ਥੱਥਲਾਉਣ ਵਾਲਾ ਇਸ ਘਾਟ ਨੂੰ ਆਪਣੀ ਸ਼ਖ਼ਸੀਅਤ ਦਾ ਭਾਗ ਸਵੀਕਾਰ ਕਰ ਲੈਂਦਾ ਹੈ ਅਤੇ ਉਸ ਦੇ ਹੋਰ ਲੋਕਾਂ ਪ੍ਰਤੀ ਦ੍ਰਿਸ਼ਟੀਕੋਣ ਵਿਚ ਸਦੀਵੀ ਤਬਦੀਲੀ ਆ ਜਾਂਦੀ ਹੈ।

ਅਜਿਹਾ ਵਿਅਕਤੀ 'ਮੇਰੇ ਤੋਂ ਬਹੁਤੀ ਆਸ ਨਾ ਰੱਖੋ' ਦਾ ਪ੍ਰਭਾਵ ਦਿੰਦਾ ਹੈ।

ਥੱਥਲਾਉਣ ਵਾਲਾ ਵਿਅਕਤੀ ਆਪਣੇ ਸ਼ਬਦਾਂ ਨੂੰ ਇੰਨੇ ਧਿਆਨ ਨਾਲ ਪਰਖਦਾ ਹੈ ਕਿ ਉਹ ਟਪਲਾ ਖਾ ਹੀ ਜਾਂਦਾ ਹੈ। ਉਹ ਲੋਕਾਂ ਦੀ ਭੀੜ ਤੋਂ ਬੱਚਦਾ ਹੈ। ਉਨ੍ਹਾਂ ਸਥਿਤੀਆਂ ਤੋਂ ਉਹ ਹਰ ਹੀਲੇ ਕਤਰਾਉਂਦਾ ਹੈ, ਜਿਥੇ ਬੋਲਣ ਦੀ ਲੋੜ ਹੋਵੇ।

ਕਿਸੇ ਕਮੇਟੀ ਦਾ ਉਸ ਨੂੰ ਮੈਂਬਰ ਨਹੀਂ ਬਣਾਇਆ ਜਾਂਦਾ, ਕਿਸੇ ਸਭਾ-ਸੁਸਾਇਟੀ ਜਾਂ ਸਮਾਗਮ ਵਿਚ ਉਸ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਘਰ ਵਿਚ ਕਿਸੇ ਮਿਲਣੀ ਸਮੇਂ ਵੀ ਉਸ ਨੂੰ ਚੁੱਪ ਰਹਿਣ ਦੀ ਨਸੀਹਤ ਹੀ ਦਿੱਤੀ ਜਾਂਦੀ ਹੈ ਜਾਂ ਉਸ ਨੂੰ ਕਿਧਰੇ ਭੇਜ ਦਿੱਤਾ ਜਾਂਦਾ ਹੈ।

ਪਹਿਲਾਂ ਤਾਂ ਥੱਥਲਾਉਣ ਵਾਲੇ ਬੱਚੇ ਨੂੰ ਕਿਸੇ ਜ਼ਿੰਮੇਵਾਰੀ ਦੇ ਯੋਗ ਨਾ ਸਮਝੇ ਜਾਣ ਕਰਕੇ ਕੋਈ ਜ਼ਿੰਮੇਵਾਰੀ ਨਹੀਂ ਦਿੱਤੀ ਜਾਂਦੀ ਅਤੇ ਮਗਰੋਂ ਉਹ ਕਿਸੇ ਜ਼ਿੰਮੇਵਾਰੀ ਨੂੰ ਲੈਣ ਲਈ ਤਿਆਰ ਨਹੀਂ ਹੁੰਦਾ, ਇਵੇਂ ਉਹ ਥੱਥਲਾਉਣ ਨੂੰ ਜ਼ਿੰਮੇਵਾਰੀਆਂ ਤੋਂ ਬੱਚਣ ਲਈ ਇਕ ਸਾਧਨ ਵਜੋਂ ਵਰਤਦਾ ਹੈ।

ਡਰ ਤੋਂ ਮੁੱਕਤ ਹੋਣਾ ਹੀ ਥੱਥਲਾਉਣ ਵਾਲੇ ਵਿਅਕਤੀ ਦੀ ਸਭ ਤੋਂ ਵੱਡੀ ਸਮੱਸਿਆ ਬਣ ਜਾਂਦੀ ਹੈ, ਕਿਉਂਕਿ ਹਮਦਰਦੀ ਅਤੇ ਹੱਲਾਸ਼ੇਰੀ ਦੀ ਥਾਂ ਉਸ ਨੂੰ ਠੱਠਾ-ਮਖੌਲ ਮਿਲਦਾ ਹੈ। ਅਜਿਹਾ ਬੱਚਾ ਬਾਹਰ ਜਾਣ ਤੋਂ ਕਤਰਾਉਂਦਾ ਹੈ ਅਤੇ ਬਹਾਨੇ ਲਾ-ਲਾ ਕੇ ਘਰ ਦੇ ਅੰਦਰ ਹੀ ਰਹਿੰਦਾ ਹੈ। ਘਰ ਰਹਿਣ ਲਈ ਉਹ ਬੀਮਾਰ ਹੋਣ ਜਾਂ ਥਕਾਵਟ ਹੋਣ ਜਾਂ ਪੜ੍ਹਾਈ ਵਿਚ ਰੁੱਝੇ ਰਹਿਣ ਦਾ ਬਹਾਨਾ ਵੀ ਲਾਉਂਦਾ ਹੈ।

ਹਰ ਹੀਲੇ ਉਹ ਬਾਹਰੀ ਜਗਤ ਤੋਂ ਕਤਰਾਉਂਦਾ ਹੈ ਅਤੇ ਉਹ ਉਨ੍ਹਾਂ ਸਾਰੀਆਂ ਸਥਿਤੀਆਂ ਤੋਂ ਬੱਚਣਾ ਚਾਹੁੰਦਾ ਹੈ ਜੋ ਸਾਵੇਂ ਵਰਤਾਰੇ ਦੀ ਮੰਗ ਕਰਦੀਆਂ ਹੋਣ।

ਥੱਥਲਾਉਣ ਵਾਲਾ ਬੱਚਾ ਵਧੇਰੇ ਆਗਿਆਕਾਰੀ ਹੋ ਜਾਂਦਾ ਹੈ, ਘਰ ਵਿਚ ਕੋਈ ਵੀ ਬੀਮਾਰ ਹੋਵੇ ਉਹ ਝੱਟ ਸੇਵਾ ਵਿਚ ਜੁਟ ਜਾਂਦਾ ਹੈ। ਅਸਲ ਵਿਚ ਇਹ ਸਾਰੇ ਉਸ ਵੱਲੋਂ ਘਰ ਅੰਦਰ ਰਹਿਣ ਦੇ ਬਹਾਨੇ ਹੀ ਹੁੰਦੇ ਹਨ। ਇਵੇਂ ਉਸ ਨੂੰ ਬਾਹਰੀ ਜਗਤ ਦੇ ਅਨੁਕੂਲ ਹੋਣ ਦੀ ਜਾਚ ਹੀ ਭੁੱਲ ਜਾਂਦੀ ਹੈ।

ਅਸੀਂ ਦੇਖਦੇ ਹਾਂ ਕਿ ਥੱਥਲਾਉਣ ਵਾਲੇ ਆਮ ਕਰਕੇ ਪੁਰਸ਼ ਹੀ ਹੁੰਦੇ ਹਨ। ਇਸਤਰੀਆਂ ਵਿਚ ਥੱਥਲਾਉਣ ਦੀ ਆਦਤ ਬੜੀ ਘੱਟ ਹੁੰਦੀ ਹੈ। ਇਸ ਦੇ ਕਈ ਕਾਰਨ ਹਨ, ਜਿਵੇਂ ਕੁੜੀਆਂ, ਮੁੰਡਿਆਂ ਦੇ ਮੁਕਾਬਲੇ ਛੇਤੀ ਬੋਲਣਾ ਆਰੰਭ ਕਰ ਦਿੰਦੀਆਂ ਹਨ ਅਤੇ ਉਨ੍ਹਾਂ ਦੀ ਬੋਲਣ-ਸ਼ਕਤੀ ਅਤੇ ਸਮਰੱਥਾ ਛੇਤੀ ਹੀ ਸਥਿਰ ਹੋ ਜਾਂਦੀ ਹੈ ਪਰ ਪੁਰਸ਼ਾਂ ਦਾ ਬਹੁਤਾ ਜੀਵਨ ਘਰੋਂ ਬਾਹਰ ਹੋਰ ਪੁਰਸ਼ਾਂ ਨਾਲ ਮੁਕਾਬਲੇ ਦੀ ਸਥਿਤੀ ਵਿਚ ਗੁਜ਼ਰਦਾ ਹੈ ਅਤੇ ਅਸਫਲਤਾ ਦਾ ਡਰ ਬਣਿਆ ਰਹਿੰਦਾ ਹੈ। ਔਰਤ ਦਾ ਮੁੱਖ ਫਰਜ਼ ਅਤੇ ਉਦੇਸ਼ ਘਰ ਸਾਂਭਣਾ, ਸਿਖਿਆ ਲੈਣੀ, ਬੱਚੇ ਪੈਦਾ ਕਰਨਾ ਅਤੇ ਟੱਬਰ ਪਾਲਣਾ ਹੈ, ਜਦੋਂ ਕਿ ਪੁਰਸ਼ ਆਰਥਿਕ ਸਫਲਤਾ ਪਰਾਪਤ ਕਰਨ ਦੀ ਦੌੜ ਵਿਚ ਤੱਤਪਰ ਰਹਿੰਦਾ ਹੈ।

ਔਰਤ ਵੱਲੋਂ ਆਪਣੇ ਉਦੇਸ਼ ਦੀ ਪੂਰਤੀ ਪ੍ਰਤੀ ਕਿਸੇ ਨਾਲ ਮੁਕਾਬਲਾ ਨਹੀਂ ਹੁੰਦਾ ਜਦੋਂ ਕਿ ਪੁਰਸ਼ ਦਾ ਜੀਵਨ ਸਦਾ ਹੀ ਮੁਕਾਬਲੇ ਦੀ ਸਥਿਤੀ ਵਿਚ ਗੁਜ਼ਰਦਾ ਹੈ।

ਔਰਤਾਂ ਵਿਚ ਕਿਸੇ ਤੋਂ ਅੱਗੇ ਲੰਘਣ ਦੀ ਇੱਛਾ ਵੀ ਪੁਰਸ਼ਾਂ ਦੇ ਮੁਕਾਬਲੇ ਘੱਟ ਹੁੰਦੀ ਹੈ, ਜਦੋਂ ਕਿ ਹਰ ਪੁਰਸ਼ ਸਦਾ ਹੀ ਪਿੱਛੇ ਰਹਿ ਜਾਣ ਦੇ ਡਰ ਅਤੇ ਅੱਗੇ ਨਿਕਲਣ ਦੀ ਇੱਛਾ ਵਿਚ ਕਸਿਆ ਰਹਿੰਦਾ ਹੈ।

ਔਰਤ ਆਮ ਕਰਕੇ ਮੁਕਾਬਲੇ ਦੀ ਸਥਿਤੀ ਤੋਂ ਮੁੱਕਤ ਹੁੰਦੀ ਹੈ, ਕਿਉਂਕਿ ਉਹ ਬਹੁਤਾ ਚਿਰ ਘਰ ਹੀ ਰਹਿੰਦੀ ਹੈ, ਜਿਥੇ ਉਸ ਦਾ ਪੂਰਾ ਅਧਿਕਾਰ ਹੁੰਦਾ ਹੈ, ਅਰਥਾਤ ਕੋਈ ਵਿਰੋਧਤਾ ਨਹੀਂ ਹੁੰਦੀ, ਸੋ ਉਸ ਵਿਚ ਥੱਥਲਾਉਣ ਦੀਆਂ ਅਲਾਮਤਾਂ ਘੱਟ ਹੁੰਦੀਆਂ ਹਨ।

ਜਿਹੜੀਆਂ ਔਰਤਾਂ ਥੱਥਲਾਉਂਦੀਆਂ ਹਨ, ਉਹ ਆਮ ਕਰਕੇ ਆਪਣੇ ਔਰਤਪੁਣੇ ਨਾਲ ਸੰਤੁਸ਼ਟ ਨਹੀਂ ਹੁੰਦੀਆਂ। ਉਨ੍ਹਾਂ ਦੇ ਉਦੇਸ਼ ਮਰਦਾਂ ਵਾਲੇ, ਰਾਜਸੀ ਜਾਂ ਆਰਥਿਕ ਤਾਕਤ, ਪ੍ਰਸਿੱਧੀ ਆਦਿ, ਹੀ ਹੁੰਦੇ ਹਨ ਅਰਥਾਤ ਉਹ ਔਰਤ ਦੇ ਜਾਮੇ ਵਿਚ ਪੁਰਸ਼ ਹੁੰਦੀਆਂ ਹਨ। ਕਿਉਂਕਿ ਉਨ੍ਹਾਂ ਦੀਆਂ ਸਮੱਸਿਆਵਾਂ ਪੁਰਸ਼ਾਂ ਵਾਲੀਆਂ ਹੁੰਦੀਆਂ ਹਨ, ਸੋ ਉਹ ਅਕਸਰ ਥੱਥਲਾਉਣ ਲੱਗ ਪੈਂਦੀਆਂ ਹਨ।

ਅਜੋਕੇ ਸਮੇਂ ਵਿਚ ਥੱਥਲਾਉਣ ਦੀ ਸਮੱਸਿਆ ਦੇ ਮਨੋਵਿਗਿਆਨਕ ਇਲਾਜ ਸੰਭਵ ਹਨ, ਜਿਨ੍ਹਾਂ ਨਾਲ ਇਹ ਸਮੱਸਿਆ ਸਹਿਜੇ ਹੀ ਹੱਲ ਕੀਤੀ ਜਾ ਸਕਦੀ ਹੈ।

+++

- ਮੱਕੀ ਦੇ ਆਟੇ ਦੇ ਕੇਕ ਨਹੀਂ ਬਣਾਏ ਜਾ ਸਕਦੇ।
- ਕਿਸੇ ਚਿਹਰੇ ਦਾ ਉਚੇਚ ਨਹੀਂ, ਉਸ ਦੀ ਸੁਭਾਵਿਕਤਾ ਪ੍ਰਭਾਵਿਤ ਕਰਦੀ ਹੈ।
- ਬਹੁਤ ਪ੍ਰਸੰਨ ਵਿਅਕਤੀ, ਖ਼ਤਰੇ ਨੂੰ ਖ਼ਤਰਾ ਨਹੀਂ ਸਮਝਦਾ।
- ਪਤਨੀ ਵੱਲੋਂ, ਪਤੀ ਨੂੰ ਦਿਤੀ ਧਮਕੀ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ।
- ਸਫ਼ਲ ਸ਼ਰਾਬੀ ਉਹ ਹੈ, ਜਿਸ ਨੂੰ ਹਰ ਰੋਜ਼ ਨਵੇਂ ਬੰਦੇ ਘਰ ਛੱਡਣ ਆਉਣ।
- ਗਾਲ੍ਹਾਂ ਕਢਣ ਵਾਲਾ ਆਪਣੇ ਤਾਕਤਵਰ ਹੋਣ ਦਾ ਭਰਮ ਪਾਲਦਾ ਹੈ।
- ਔਰਤ ਕਮਜ਼ੋਰ ਹੈ ਨਹੀਂ, ਕਮਜ਼ੋਰ ਬਣਾ ਦਿਤੀ ਗਈ ਹੈ।
- ਬੱਚੇ ਦੇ ਜਨਮ ਨਾਲ ਹੀ, ਉਸ ਨੂੰ ਪਾਲਣ ਵਾਲੀ ਮਾਂ ਦਾ ਵੀ ਜਨਮ ਹੁੰਦਾ ਹੈ।
- ਮਰਨ ਵੇਲੇ ਸਰੀਰ ਹੀ ਨਹੀਂ, ਸਾਰਾ ਸੰਸਾਰ ਵੀ ਛੱਡਣਾ ਪੈਂਦਾ ਹੈ।
- ਆਤਮਘਾਤ ਦਾ ਯਤਨ ਵਧੇਰੇ ਇਸਤਰੀਆਂ ਕਰਦੀਆਂ ਹਨ ਪਰ ਸਫ਼ਲ ਵਧੇਰੇ ਪੁਰਸ਼ ਹੁੰਦੇ ਹਨ।
- ਭੈੜੀ ਆਦਤ ਛੱਡਣੀ ਅਤੇ ਚੰਗੀ ਆਦਤ ਪਾਉਣੀ, ਇਕੋ-ਜਿਹੇ ਕਠਿਨ ਕਾਰਜ ਹੁੰਦੇ ਹਨ।
- ਜੇ ਮਿਹਦਾ ਠੀਕ ਨਾ ਹੋਵੇ ਤਾਂ ਕਿਸੇ ਚੀਜ਼ ਦਾ ਮਾਣ ਨਹੀਂ ਰਹਿੰਦਾ।
- ਰੰਗਾਂ ਬਾਰੇ ਸਾਡੇ ਸਾਰੇ ਨਿਰਣੇ, ਸਾਡੀ ਚਮੜੀ ਦੇ ਰੰਗ 'ਤੇ ਨਿਰਭਰ ਕਰਦੇ ਹਨ।
- ਸਮੱਸਿਆਵਾਂ ਸੁਲਝਾਉਣਾ, ਮਨੁੱਖੀ ਮਨ ਦਾ ਮਨੋਰੰਜਨ ਹੁੰਦਾ ਹੈ।
- ਸਕੂਲੋਂ ਦੌੜਨ ਵਾਲੇ ਬੱਚੇ, ਆਪਣੇ ਅਧਿਆਪਕਾਂ ਨੂੰ ਲੱਭਣ ਜਾਂਦੇ ਹਨ।
- ਸਮੇਂ ਦੀ ਪਾਬੰਦੀ ਦੀ ਘਾਟ ਆਪਣੇ ਅਤੇ ਦੂਜਿਆਂ ਲਈ ਬੇਆਰਾਮੀ ਉਪਜਾਉਂਦੀ ਹੈ।
- ਨਿਰਸੁਆਰਥ ਸਲਾਹ, ਘਰ ਦੇ ਜੀਆਂ ਤੋਂ ਹੀ ਮਿਲਦੀ ਹੈ।
- ਕਈ ਵਿਅਕਤੀ ਆਪਣਾ ਮਹੱਤਵ ਆਪਣੀ ਬਿਮਾਰੀ ਰਾਹੀਂ ਪ੍ਰਗਟਾਉਂਦੇ ਹਨ।
- ਈਮਾਨਦਾਰੀ ਨਾਲ ਸ਼ਿਕਾਰ ਨਹੀਂ ਕੀਤਾ ਜਾ ਸਕਦਾ।
- ਅਨਪੜ੍ਹਾਂ ਨੂੰ ਭੂਤ ਚਿਮੜਦੇ ਹਨ, ਪੜ੍ਹਿਆਂ-ਲਿਖਿਆਂ ਦਾ ਦਿਮਾਗ ਖਰਾਬ ਹੁੰਦਾ ਹੈ।
- ਹਰ ਵਿਅਕਤੀ ਨੂੰ ਕਿਸੇ ਨਾ ਕਿਸੇ ਨਾਲ ਚਿੜ੍ਹ ਹੁੰਦੀ ਹੈ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-925-4
9788171429257

Rs. 100/-